# ਸਿਰਜਣਾ

ਜਨਵਰੀ-ਮਾਰਚ 2011 (ਅੰਕ 159)

**January- March 2011**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜਨਵਰੀ-ਮਾਰਚ 2011 **159** 30 ਰੁਪਏ

ਸਿਰਜਣਾ

159

ਜਨਵਰੀ-ਮਾਰਚ 2011

ਸੰਪਾਦਕ : ਰਘਬੀਰ ਸਿੰਘ

Editor : Raghbir Singh

*



ਪਤਾ

1728, ਸੈਕਟਰ 43-ਬੀ,

ਚੰਡੀਗੜ੍ਹ - 160 022

ਫੋਨ : +91-172-2601693

*

SIRJANA

1728, Sector 43-B,

Chandigarh-160 022

INDIA

Phone : +91-172-2601693

E-mail :

raghbirssirjana@yahoo.com

*



SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


ਇਸ ਅੰਕ ਵਿਚ


ਰਘਬੀਰ ਸਿੰਘ/ ਸੰਪਾਦਕੀ / ਦਲਿਤ ਚੇਤਨਾ ਤੇ ਸਾਹਿਤ/ 1

ਗੁਰਭਜਨ ਗਿੱਲ / ਚਾਰ ਗਜ਼ਲਾਂ/ 3

ਸੁਰਿੰਦਰ ਗਿੱਲ/ਦੋ ਕਵਿਤਾਵਾਂ/5

ਅਜਾਇਬ ਸਿੰਘ ਹੁੰਦਲ/ ਕਵਿਤਾ/ਕਰੂੰਬਲਾਂ/7

ਕੁਲਵੰਤ ਔਜਲਾ/ਕਵਿਤਾ/ਜੀਊਂਦੀਆਂ ਰਹਿਣ ਹਮੇਸ਼ਾ ਕਿਤਾਬਾਂ/ 8

ਮਹਿੰਦਰ ਗਿੱਲ/ਦੋ ਕਵਿਤਾਵਾਂ/ 9

ਭੁਪਿੰਦਰ ਕੌਰ ਪ੍ਰੀਤ/...ਕਿ ਤੈਨੂੰ ਮਿਲਣਾ ਸੀ/ 10

ਜਸਵਿੰਦਰ/ਗ਼ਜ਼ਲ/ 11

ਰਵਿੰਦਰ /ਟੋਟਾ ਟੋਟਾ ਤੂੰ/12

ਵਰਿਆਮ ਸਿੰਘ ਸੰਧੂ/ਕਹਾਣੀ/ਜਮਰੌਦ /13

ਸੁਰਜੀਤ ਹਾਂਸ/ਨਿਬੰਧ/ਗਲੋਬਲਾਈਜ਼ੇਸ਼ਨ/59

ਸੁਰਜੀਤ ਮਾਨ /ਨਿਬੰਧ/ਮੜ੍ਹੀ ਦਾ ਦੀਵਾ:ਇਕ ਪ੍ਰੇਮ-ਕਥਾ/67

ਅਮਨਦੀਪ ਸਿੰਘ/ਨਿਬੰਧ/ਪਰਵਾਸੀ ਪੰਜਾਬੀ ਸਭਿਆਚਾਰ ਦਾ ਭਵਿੱਖ : ਭਾਸ਼ਾਈ ਪ੍ਰਸੰਗ/74

ਬਲਜੀਤ ਬਾਸੀ/ਨਿਬੰਧ/ਸ਼ਬਦਾਂ ਦਾ ਮੁਸਾਫਿਰ/81

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਬੁਝਾਰਤ/84

ਚੰਦਰ ਮੋਹਨ/ਰਿਵਿਊ/ਦਲਿਤ ਚੇਤਨਾ : ਸਰੋਤ ਤੇ ਸਰੂਪ/88,ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ/91

ਪੁਸ਼ਵਿੰਦਰ ਕੌਰ/ਰਿਵਿਊ/ਇਹ ਸ਼ਬਦ-ਮੇਰੇ ਹਮਦਰਦ/93

ਸੁਰਿੰਦਰ ਗਿੱਲ/ਰਿਵਿਊ/ਕੋਈ ਨਾਲ ਨਾਲ /95

ਪੱਤਰ/ਬਲਰਾਜ ਚੀਮਾ, ਅਵਤਾਰ ਸਿੰਘ ਬਿਲਿੰਗ, ਲਾਲ ਸਿੰਘ,ਜਗਜੀਤ ਬਰਾੜ, ਤੀਰਥ ਸਿੰਘ ਖੇਲਾ, ਰਘਬੀਰ ਸਿੰਘ ਭਰਤ, ਬਿੱਕਰ ਸਿੰਘ ਆਜ਼ਾਦ/101



ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ : ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ




# ਦਲਿਤ ਚੇਤਨਾ ਤੇ ਸਾਹਿਤ

ਸਾਹਿਤ ਵਿਚ ਦਲਿਤ ਚੇਤਨਾ ਦਾ ਉਭਾਰ ਇਕ ਹਕੀਕਤ ਹੈ ਜਿਸਨੂੰ ਮਾਨਵਵਾਦੀ ਪ੍ਰਤੀਵਾਦੀ ਦਿੱਖ ਵਾਲੇ ਕਿਸੇ ਵੀ ਵਿਅਕਤੀ ਵੱਲੋਂ ਪ੍ਰਵਾਨਗੀ ਦੀ ਨਜ਼ਰ ਨਾਲ ਵੇਖਿਆ ਜਾਣਾ ਬਣਦਾ ਹੈ। ਦਲਿਤ ਚੇਤਨਾ ਸਾਹਿਤ-ਸਿਰਜਣਾ ਤਕ ਸੀਮਤ ਨਹੀਂ। ਸੱਚ ਤਾਂ ਸਗੋਂ ਇਹ ਹੈ ਕਿ ਸਾਹਿਤ ਵਿਚ ਇਸ ਚੇਤਨਾ ਦਾ ਪ੍ਰਗਟਾਵਾ ਵਿਸ਼ਾਲ ਘੇਰੇ ਦੇ ਵਡੇਰੇ ਜੀਵਨ-ਯਥਾਰਥ ਦਾ ਹੀ ਪਰਤੌ ਹੈ।

ਜਮਾਤੀ ਵੰਡ ਤਾਂ ਸੰਸਾਰ ਦਾ ਇਕ ਵਿਆਪਕ ਇਤਿਹਾਸਕ ਵਰਤਾਰਾ ਹੈ ਪਰ ਜਮਾਤੀ ਵੰਡ ਦੇ ਨਾਲ ਨਾਲ ਜਾਂਤ-ਪਾਤੀ ਵਿਵਸਥਾ ਸਾਡੇ ਏਸ ਭੂ-ਖੰਡ ਦੀ ਹੀ ਵਿਸ਼ੇਸ਼ਤਾ ਹੈ, ਜੋ ਸਾਡੇ ਜਨ-ਜੀਵਨ ਵਿਚ ਇਕ ਵਿਆਪਕ ਕੋਹੜ ਵਜੋਂ ਸਦੀਆਂ ਤੋਂ ਮੌਜੂਦ ਰਹੀ ਹੈ। ਇਤਿਹਾਸਕ ਵਿਕਾਸ ਦੇ ਨੇਮਾਂ ਅਨੁਸਾਰ ਸਮੇਂ ਦੇ ਬੀਤਣ ਨਾਲ ਸਮਾਜੀ ਜੀਵਨ ਵਿਚ ਤਬਦੀਲੀਆਂ ਆਉਂਦੀਆਂ ਰਹੀਆਂ ਹਨ ਪਰ ਇਹਨਾਂ ਤਬਦੀਲੀਆਂ ਦੀ ਗਤੀ ਬੀਤੇ ਵਿਚ ਬਹੁਤ ਧੀਮੀ ਸੀ। ਇਹ ਸਾਡੇ ਸਮਿਆਂ ਵਿਚ ਹੀ ਸੰਭਵ ਹੋਇਆ ਹੈ ਕਿ ਜੋ ਤਬਦੀਲੀਆਂ ਪਹਿਲਾਂ ਦਹਿਸਦੀਆਂ ਵਿਚ ਹੁੰਦੀਆਂ ਸਨ, ਉਹ ਹੁਣ ਸਦੀਆਂ ਤੇ ਦਹਾਕਿਆਂ ਦੌਰਾਨ ਹੀ ਹੋਣ ਲੱਗੀਆਂ ਹਨ। ਤਬਦੀਲੀ ਦੀ ਇਸ ਤੇਜ਼ ਗਤੀ ਲਈ ਅਵੱਸ਼ ਵਿਗਿਆਨ ਤੇ ਤਕਨਾਲੋਜੀ ਵਿਚ ਹੋਏ ਵਿਕਾਸ ਦਾ ਵੀ ਵੱਡਾ ਯੋਗਦਾਨ ਹੈ, ਜਿਸਨੇ ਮਨੁੱਖਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਹੈ ਅਤੇ ਉਹਨਾਂ ਦੀ ਚੇਤਨਾ ਦੇ ਵਿਕਾਸ ਵਿਚ ਹਿੱਸਾ ਪਾਇਆ ਹੈ।

ਪਦਾਰਥਕ ਪੱਖ ਤੋਂ ਵਿਕਾਸ ਦੇ ਫਲ ਸਰੂਪ ਆਮ ਮਨੁੱਖ ਦੀ ਥੁੜਾਂ-ਮਾਰੀ ਜ਼ਿੰਦਗੀ ਦਾ ਖਾਤਮਾ ਤਾਂ ਭਾਵੇਂ ਅਜੇ ਵੀ ਬਹੁਤ ਦੂਰ ਦੀ ਗੱਲ ਹੈ ਪਰ ਇਸ ਵਿਕਾਸ ਨੇ ਥੁੜਾਂ ਨੂੰ ਘਟਾਉਣ ਵਿਚ ਵੱਡਾ ਅਸਰ ਜ਼ਰੂਰ ਪਾਇਆ ਹੈ। ਪਦਾਰਥਕ ਵਿਕਾਸ ਨੇ ਵਰਗ ਲੁੱਟ ਦੇ ਅਣਮਨੁੱਖੀ ਚਰਿੱਤਰ ਨੂੰ ਪਹਿਲਾਂ ਜਿੰਨਾ ਘਿਣਾਉਣਾ ਨਹੀਂ ਰਹਿਣ ਦਿੱਤਾ। ਵਿਗਿਅਨ ਤੇ ਤਕਨਾਲੋਜੀ ਦੇ ਵਿਕਾਸ ਸਦਕਾ ਸੰਸਾਰ ਦੇ ਇਕ ਕੋਨੇ ਵਿਚ ਵਾਪਰਦੀ ਗੱਲ ਹੁਣ ਸਥਾਨਕ ਘੇਰੇ ਤਕ ਸੀਮਤ ਨਹੀਂ ਰਹਿੰਦੀ,ਉਸ ਦੀਆਂ ਕਨਸੋਆਂ ਬਹੁਤ ਛੇਤੀ ਸੰਸਾਰ ਦੇ ਦੂਜੇ ਖਿੱਤਿਆਂ ਤਕ ਪਹੁੰਚ ਜਾਂਦੀਆਂ ਹਨ। ਇਸ ਸਦਕਾ ਸੰਸਾਰ ਸੁੰਗੜਕੇ ਇਕ ਗਲੋਬਲ ਪਿੰਡ ਬਣਦਾ ਜਾ ਰਿਹਾ ਅਤੇ ਇੰਝ ਅੱਜ ਵਿਸ਼ਵ ਵਿਚ ਦੂਰੀਆਂ ਹਰ ਤਰ੍ਹਾਂ ਨਾਲ ਗ਼ਾਇਬ ਹੋ ਰਹੀਆਂ ਹਨ। ਇਸ ਨਵੇਂ ਵਰਤਾਰੇ ਨੇ ਸੰਸਾਰ ਦੇ ਸਮਰੱਥਾਵਾਨ ਵਰਗਾਂ ਨੂੰ ਵੀ ਬਹੁਤ ਤਾਕਤ ਦਿੱਤੀ ਹੈ। ਉਹ ਵੀ ਆਪਣੀ ਲੁੱਟ ਨੂੰ ਪਹਿਲਾਂ ਦੇ ਟਾਕਰੇ ਕਈ ਗੁਣਾਂ ਵਧਾਉਣ ਦੇ ਸਮਰੱਥ ਹੋਏ ਹਨ, ਅਤੇ ਆਪਣੇ ਮੁਨਾਫੇ ਦੀ ਖਾਤਰ ਸੰਸਾਰ ਦੇ ਵਿਭਿੰਨ ਖਿੱਤਿਆਂ ਨੂੰ ਸਮੇਂ ਸਮੇਂ ਮਾਰੂ ਤਬਾਹੀ ਵਿਚ ਧਕੇਲਣ ਦੀ ਉਹਨਾਂ ਦੀ ਸਮਰੱਥਾ ਵਿਚ ਵੀ ਢੇਰਾਂ ਵਾਧਾ ਹੋਇਆ ਹੈ। ਪਰ ਸਮੁੱਚੇ ਤੌਰ 'ਤੇ ਪਿਛਲੀ ਸਦੀ ਤੇ ਪਿਛਲੇ ਦਹਾਕਿਆਂ ਦੇ ਵਰਤਾਰੇ ਨੇ ਲੋਕ ਚੇਤਨਾ ਨੂੰ ਅਤੇ ਲੋਕ ਸ਼ਕਤੀਆਂ ਨੂੰ ਪ੍ਰਚੰਡ ਕੀਤਾ ਹੈ।

ਵਰਗ ਸੰਘਰਸ਼ ਦਾ ਸਰੂਪ ਭਾਵੇਂ ਪਹਿਲਾਂ ਵਰਗਾ ਕਰੂਰ ਅਤੇ ਪ੍ਰਗਟ ਤੌਰ 'ਤੇ ਉਤਨਾ ਭਿਅੰਕਰ ਨਹੀਂ ਰਹਿ ਗਿਆ ਪਰ ਲੁਕਵੇਂ ਤੌਰ 'ਤੇ ਇਹ ਪਹਿਲੇ ਸਮਿਆਂ ਨਾਲੋਂ ਵੀ ਵਧੇਰੇ ਤੀਖਣ ਹੈ। ਇੰਝ ਜਿਵੇਂ ਜਿਵੇਂ ਲੋਕ-ਚੇਤਨਾ ਪ੍ਰਚੰਡ ਹੁੰਦੀ ਹੈ ਤਿਵੇਂ ਤਿਵੇਂ ਪੂੰਜੀਵਾਦੀ ਤੇ ਨਵ-ਬਸਤੀਵਾਦੀ ਵਿਵਸਥਾ ਇਸ ਦੇ ਵਿਕਾਸ ਨੂੰ ਰੋਕਣ ਤੇ ਇਸਦੀ ਧਾਰ ਨੂੰ ਖੁੰਢਾ ਕਰਨ ਲਈ ਅਨੇਕਾਂ ਜੁਗਤਾਂ ਦੀ ਵਰਤੋਂ ਕਰਦੀ ਹੈ। ਸਮਾਜਕ ਅਤੇ ਰਾਜਨੀਤਕ ਖੇਤਰ ਵਿਚਲੀ ਸਰਗਰਮੀ ਵਿਚ ਇਹਨਾਂ ਦੋਵੇਂ

ਦਿਸਦੇ ਪਰਸਪਰ ਵਿਰੋਧੀ ਰੁਝਾਨਾਂ ਦੀ ਨਿਸ਼ਾਨਦਹੀ ਮੁਕਾਬਲਤਨ ਸੌਖਿਆਂ ਕੀਤੀ ਜਾ ਸਕਦੀ ਹੈ। ਪਰ ਇਹਨਾਂ ਦਾ ਸਭਿਆਚਾਰਕ ਪ੍ਰਗਟਾਅ ਬਹੁਤ ਗੁੰਝਲਦਾਰ ਤੇ ਟੇਢਾ ਹੈ। ਸਾਡੇ ਦੇਸ਼ ਦੀ ਬਹੁ-ਮਜ਼ਹਬੀ ਹਕੀਕਤ ਅਤੇ ਜਾਤ-ਪਾਤੀ ਵਿਵਸਥਾ ਦੇ ਪ੍ਰਸੰਗ ਵਿਚ ਤਾਂ ਇਸ ਨੂੰ ਸਹੀ ਰੂਪ ਵਿਚ ਸਮਝ ਸਕਣਾ ਕਾਫੀ ਕਠਿਨ ਹੈ।

ਸਦੀਆਂ ਤੋਂ ਲਿਤਾੜੇ ਦਲਿਤ ਲੋਕ ਨਵੇਂ ਯੁਗ ਦੀ ਚੇਤਨਾ ਅਨੁਸਾਰ ਆਪਣੇ ਆਰਥਿਕ ਸ਼ੋਸ਼ਣ ਦੇ ਨਾਲ ਨਾਲ ਸਮਾਜ ਵਿਚਲੀ ਦਰਜੇਬੰਦੀ ਅਤੇ ਆਪਣੇ ਨਾਲ ਹੁੰਦੇ ਰਹੇ ਅਮਾਨਵੀ ਵਿਹਾਰ ਪ੍ਰਤੀ ਸੁਜੱਗ ਹੋ ਰਹੇ ਹਨ। ਪ੍ਰਤੱਖ ਤੌਰ 'ਤੇ ਇਹ ਬਹੁਤ ਚੰਗੀ ਗੱਲ ਹੈ। ਪਰ ਜਮਾਤੀ ਹਿਤਾਂ ਨੂੰ ਪਛਾਣਦਾ ਸੰਪੰਨ ਵਰਗ ਅਤੇ ਉਸਦੇ ਕਬਜ਼ੇ ਵਾਲੀ ਵਿਵਸਥਾ ਇਸ ਵਰਤਾਰੇ ਤੋਂ ਅਣਜਾਣ ਨਹੀਂ। ਇਸ ਦਾ ਟਾਕਰਾ ਕਰਨ ਲਈ ਉਹ ਇਸ ਚੇਤਨਾ ਦੇ ਭੁਲਾਵੇ ਵਾਲੇ ਰੂਪ ਦੀ ਵਰਤੋਂ ਕਰਦਾ ਹੈ। ਜਿਵੇਂ ਰਾਜਨੀਤੀ ਦੇ ਖੇਤਰ ਵਿਚ ਵੱਖ ਵੱਖ ਨਾਵਾਂ ਵਾਲੀਆਂ ਸਿਆਸੀ ਪਾਰਟੀਆਂ ਹਕੂਮਤੀ ਜਾਂ ਵਿਰੋਧੀ ਧਿਰ ਵਜੋਂ ਦਿਸਦੇ ਰੂਪ ਵਿਚ ਇਕ ਦੂਜੇ ਦੇ ਵਿਰੁੱਧ ਹੋਣ ਦਾ ਭਰਮ ਸਿਰਜਦੀਆਂ ਹਨ ਉਵੇਂ ਹੀ ਇਹ ਸੰਭਵ ਹੈ ਕਿ ਸਮਾਜਕ ਤੇ ਸਭਿਆਚਾਰਕ ਦਾਇਰੇ ਵਿਚ ਇਕ ਵਿਸ਼ੇਸ਼ ਧਿਰ ਦਾ ਹਿਤ ਪਾਲਣ ਦੇ ਨਾਂ ਉੱਤੇ ਹੋਣ ਵਾਲੀ ਸਰਗਰਮੀ ਵਾਸਤਵ ਵਿਚ ਜਨ-ਸਮੂਹ ਵਿਚ ਦੁਫੇੜ ਪਾਉਣ ਵਾਲੀ ਹੋਵੇ। ਪੰਜਾਬ ਸੰਤਾਪ ਦੇ ਵਰ੍ਹਿਆਂ ਵਿਚ ਤਥਾ-ਕਥਿਤ ਧਰਮੀਆਂ ਨੇ ਜੋ ਕੁਝ ਕੀਤਾ,ਉਹ ਇਸੇ ਤੱਥ ਦੀ ਹੀ ਪੁਸ਼ਟੀ ਕਰਦਾ ਹੈ। ਸਿੱਖੀ ਅਤੇ ਪੰਜਾਬੀਅਤ ਦੇ ਹਿਤਾਂ ਦੀ ਰਾਖੀ ਦੇ ਨਾਂ ਉੱਤੇ ਜਿਵੇਂ ਅਣਮਨੁੱਖੀ ਤਬਾਹੀ ਉਦੋਂ ਮਚਾਈ ਗਈ ਉਸਦੀ ਭਿਅੰਕਰਤਾ ਸਭ ਨੂੰ ਸਪਸ਼ਟ ਹੈ।

ਇੰਝ ਹੀ ਦਲਿਤ ਚੇਤਨਾ ਦੇ ਪ੍ਰਗਟ ਤੌਰ 'ਤੇ ਸ਼ੁਭ ਵਰਤਾਰੇ ਦਾ ਭੁਲਾਂਦਰੇ ਵਾਲਾ ਰੂਪ ਸਿਰਜਕੇ ਕਾਫੀ ਕੁਝ ਅਜਿਹਾ ਕੀਤਾ ਜਾ ਸਕਦਾ ਹੈ ਜੋ ਅੰਤਮ ਰੂਪ ਵਿਚ ਵਿਆਪਕ ਜਨ-ਸਮੂਹ ਦੇ ਹਿਤ ਵਿਚ ਨਾ ਹੋਵੇ। ਧਾਰਮਿਕ ਸ਼ੁੱਧਤਾ ਤੇ ਜਾਤ-ਪਾਤ ਦੇ ਨਾਂ ਉੱਤੇ ਕਾਫੀ ਕੁਝ ਜੋ ਇਸ ਸਮੇਂ ਪੰਜਾਬ ਦੀ ਮੂਲ ਧਰਤੀ ਅਤੇ ਦੇਸ਼ ਵਿਦੇਸ਼ ਵਿਚ ਖਿੰਡੇ ਪੰਜਾਬੀ ਸਮੂਹਾਂ ਵਿਚ ਹੋ ਰਿਹਾ ਹੈ ਉਹ ਆਪਣੇ ਸਾਰ-ਤੱਤ ਵਿਚ ਜਨ-ਵਿਰੋਧੀ ਹੈ, ਭਾਵੇਂ ਕਿ ਇਸ ਦੀ ਗੁੰਝਲਦਾਰ ਹਕੀਕਤ ਨੂੰ ਸਮਝ ਸਕਣਾ ਏਨਾ ਸਹਿਲ ਨਹੀਂ। ਐਨ ਉਵੇਂ ਜਿਵੇਂ ਸੰਸਾਰ ਪੱਧਰ 'ਤੇ ਇਸਲਾਮੀ ਧਾਰਮਿਕ ਦਹਿਸ਼ਤਗਰਦੀ ਅਤੇ ਇਸਦੇ ਵਿਰੁੱਧ ਸੰਘਰਸ਼ ਦੇ ਸਾਂਝੇ ਸ੍ਰੋਤ ਦੀ ਹਕੀਕਤ ਨੂੰ ਪਛਾਨਣਾ ਜ਼ਰੂਰੀ ਹੈ, ਉਵੇਂ ਹੀ ਸਾਡੇ ਪ੍ਰਸੰਗ ਵਿਚ ਧਾਰਮਿਕ ਸੰਕੀਰਨਤਾ ਜਾਂ ਜਾਤ-ਪਾਤ ਉੱਤੇ ਬਲ ਦੇ ਸਭ ਪ੍ਰਗਟਾਵਿਆਂ ਨੂੰ ਸਹੀ ਦਿਸ਼ਾ ਤੋਂ ਵੇਖਣ ਦੀ ਲੋੜ ਹੈ।

ਪੰਜਾਬੀਆਂ ਦੇ ਪ੍ਰਸੰਗ ਵਿਚ ਸਮਾਜਕ ਜਾਂ ਸਭਿਆਚਾਰਕ ਚੇਤਨਾ ਦੀ ਲੋੜ ਜਾਂ ਇਸਦੀ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਇਹਨਾਂ ਦੇ ਵਿਕਰਤ ਤੇ ਭੁਲਾਂਦਰੇ ਵਾਲੇ ਰੂਪਾਂ ਤੋਂ ਚੇਤੰਨ ਹੋਣ ਦੀ ਅਵੱਸ਼ ਲੋੜ ਹੈ। ਪ੍ਰਤੱਖ ਹੀ ਵਿਸ਼ਾਲ ਪੰਜਾਬੀ ਜਨ-ਸਮੂਹ ਦਾ ਭਲਾ ਸੰਕੀਰਣ ਸੋਚ ਤੇ ਅਮਲ ਰਾਹੀਂ ਲੋਕਾਂ ਦੀਆਂ ਵੰਡੀਆਂ ਪਾਉਣ ਵਿਚ ਨਹੀਂ ਸਗੋਂ ਇਹਨਾਂ ਨੂੰ ਇਕਮੁੱਠ ਕਰਨ ਵਿਚ ਹੈ। ਇਹ ਸੰਤੁਸ਼ਟੀ ਵਾਲੀ ਹੈ ਕਿ ਮਜ਼ਹਬੀ ਜਨੂੰਨ ਦੀ ਹਨੇਰੀ ਜਦੋਂ ਝੁੱਲ ਰਹੀ ਸੀ ਤਾਂ ਪ੍ਰਗਤੀਵਾਦੀ ਮਾਨਵਵਾਦੀ ਕਦਰਾਂ-ਕੀਮਤਾਂ ਨਾਲ ਜੁੜੇ ਸਾਡੇ ਸਾਹਿਤਕਾਰਾਂ ਨੇ ਆਪਣਾ ਸਾਹਿਤਕ ਕਰਤੱਵ ਨਿਭਾਇਆ ਸੀ। ਦਲਿਤ ਚੇਤਨਾ ਦੇ ਸੰਬੰਧ ਵਿਚ ਵੀ ਅਸੀਂ ਇਹ ਉਮੀਦ ਕਰਦੇ ਹਾਂ ਕਿ ਸਮਾਜਕ ਤੇ ਸਭਿਆਚਾਰਕ ਤੌਰ 'ਤੇ ਸਭ ਤੋਂ ਦਬੇ ਕੁਚਲੇ ਲੋਕਾਂ ਦੇ ਸਰੋਕਾਰਾਂ ਨਾਲ ਹਮਦਰਦੀ ਦੀ ਗੱਲ ਜਾਤ-ਪਾਤ ਦੀ ਵੰਡ ਵਿਚ ਤਬਦੀਲ ਨਹੀਂ ਹੋਵੇਗੀ। ਜਾਤ-ਪਾਤ ਦੇ ਕਰੂਰ ਅਨੁਭਵ ਨੂੰ ਸਾਰਥਕ ਪ੍ਰਗਤੀਵਾਦੀ ਮਾਨਵਵਾਦੀ ਪਹੁੰਚ ਨਾਲ ਕਲਾਤਮਕ ਪ੍ਰਗਟਾਅ ਦੇਣ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਰਾਜਨੀਤਕ ਪ੍ਰਗਟਾਵਿਆਂ ਵਾਂਗ ਸਾਹਿਤ-ਸਿਰਜਣਾ ਵਿਚ ਵੀ ਇਹ ਇਕ ਭੁਲਾਂਦਰੇਮਈ ਚੇਤਨਾ ਹੀ ਬਣਕੇ ਰਹਿ ਜਾਵੇ।

**– ਰਘਬੀਰ ਸਿੰਘ**



## ਚਾਰ ਗ਼ਜ਼ਲਾਂ/ ਗੁਰਭਜਨ ਗਿੱਲ

### ਇਕ

ਵੇਖ ਲਵੋ ਇਹ ਚੰਚਲ ਮਨ ਕੀ ਕਰਦਾ ਹੈ।
ਬਾਤਾਂ ਪਾ ਕੇ ਆਪ ਹੁੰਗਾਰੇ ਭਰਦਾ ਹੈ।
ਤੇਰੇ ਨਾਲ ਤੁਰਦਿਆਂ ਜਾਪੇ ਏਸ ਤਰ੍ਹਾਂ,
ਜੀਕੂੰ ਵਗਦੀ ਨੈਂ ਉੱਤੇ ਫੁੱਲ ਤਰਦਾ ਹੈ।
ਦੁਨੀਆਂਦਾਰੀ, ਜੱਗ ਝਮੇਲੇ ਤੋਂ ਹਟ ਕੇ,
ਆਪਣੇ ਵਿਚ ਗੁਆਚਣ ਨੂੰ ਜੀਅ ਕਰਦਾ ਹੈ।
ਪੱਤਿਆਂ ਵਿਚ ਵੀ ਵੇਖੀਂ ਰਾਤੀਂ ਚੰਦਰਮਾ,
ਕੀਕਣ ਧਰਤੀ ਉੱਤੇ ਚਾਨਣ ਕਰਦਾ ਹੈ।
ਆਪਣੇ ਜਾਲ 'ਚ ਆਪ ਸ਼ਿਕਾਰੀ ਫਸ ਜਾਵੇ,
ਕਿਸੇ ਮਾਰਿਆ ਬੰਦਾ ਕਿੱਥੇ ਮਰਦਾ ਹੈ।
ਪੂਜਣਯੋਗ ਬਣਾਉਂਦੇ ਲੋਕੀਂ ਓਹੀ ਥਾਂ,
ਪੈਰ ਸੂਰਮਾ ਜਿਸ ਧਰਤੀ 'ਤੇ ਧਰਦਾ ਹੈ।
ਹੇ ਸ਼ਬਦਾਂ ਦੀ ਦੇਵੀ ਗ਼ਜ਼ਲ ਲਿਖਾ ਐਸੀ,
ਜਿਉਂ ਹਿਰਨੋਟਾ ਜਾਂਦਾ ਚੁੰਗੀਆਂ ਭਰਦਾ ਹੈ।

### ਦੋ

ਅਕਲਾਂ ਦਾ ਇਹ ਭਰਮ ਜ਼ਖ਼ੀਰਾ ਆਪਣੇ ਪੱਲੇ ਰਹਿਣ ਦਿਉ।
ਪਾਗ਼ਲ ਨੂੰ ਵੀ ਬੋਲਣ ਦੇਵੋ, ਜੋ ਕਹਿੰਦਾ ਏ ਕਹਿਣ ਦਿਉ।
ਇਹ ਦੱਸੇਗਾ ਹੋਈ ਬੀਤੀ, ਜੋ ਜੋ ਇਸ ਦੇ ਨਾਲ ਪਿਛਾਂਹ,
ਫੇਰ ਤੁਰੇਗਾ ਨਾਲ ਤੁਹਾਡੇ ਕੁਝ ਪਲ ਲਾਗੇ ਬਹਿਣ ਦਿਉ।
ਇਸ ਜੰਗਲ ਦਾ ਨੇਰ੍ਹਾ ਮੇਟਣ ਤੋਂ ਨਾ ਮੈਨੂੰ ਰੋਕੋ ਹੁਣ,
ਬਾਂਸ ਲੁਕਾਈ ਬੈਠੇ ਅਗਨੀ, ਇਨ੍ਹਾਂ ਦੇ ਸੰਗ ਖਹਿਣ ਦਿਉ।
ਤਲਖ਼ ਗ਼ਮਾਂ ਦੀ ਤੇਜ਼ ਹਨੇਰੀ, ਵਗਦੀ ਵਗਦੀ ਰੁਕ ਜਾਣੀ,
ਹੰਝੂਆਂ ਦੀ ਬਰਸਾਤ ਪਈ ਹੈ, ਧੂੜਾਂ ਥੱਲੇ ਬਹਿਣ ਦਿਉ।
ਵਸਲਾਂ ਦੀ ਪਰਿਕਰਮਾ ਕਰਦੇ ਅੱਧੀ ਉਮਰ ਗੁਜ਼ਾਰ ਲਈ,
ਹਿਜਰਾਂ ਵੇਲੇ ਕੱਲਿਆਂ ਛੱਡੋ, ਇਹ ਤਲਖ਼ੀ ਖੁਦ ਸਹਿਣ ਦਿਉ।
ਇਸ ਦੇ ਵਾਂਗੂੰ ਸਫ਼ਰ ਨਿਰੰਤਰ, ਜੀਵਨ ਵਿਚ ਰਫ਼ਤਾਰ ਭਰੋ,
ਦਿਲ ਦਰਿਆ ਨੂੰ ਰੋਕੋ ਨਾ ਹੁਣ, ਜਿੱਧਰ ਵਹਿੰਦੈ ਵਹਿਣ ਦਿਉ।
ਦਿਲ-ਛਤਰੀ 'ਤੇ ਆਸ ਕਬੂਤਰ ਚਾਹੁੰਦੇ ਨੇ ਸੁਸਤਾਉਣਾ ਜੇ,
ਮਾਰ ਗੁਲੇਲ ਉਡਾਵੋ ਨਾ ਹੁਣ, ਬਹਿੰਦੇ ਨੇ ਤਾਂ ਬਹਿਣ ਦਿਉ।

## ਤਿੰਨ

ਐਵੇਂ ਕਰੀ ਜਾਵੇਂ ਕਾਹਨੂੰ ਮੇਰੇ ਆਉਣ ਦੀ ਉਡੀਕ।
ਕਦੋਂ ਧਰਤੀ ਨੇ ਚੁੰਮੀ, ਟੁੱਟੇ ਤਾਰਿਆਂ ਦੀ ਲੀਕ।
ਕਿਵੇਂ ਤੁਰਾਂ ਤੇਰੇ ਨਾਲ ਹੋਇਆ ਪਹੁੰਚਣਾ ਮੁਹਾਲ,
ਤੇਰੇ ਮੇਰੇ ਵਿਚਕਾਰ ਲਾਂਘਾ ਵਾਲ ਤੋਂ ਬਾਰੀਕ।
ਕਦੇ ਭੁੱਲ ਕੇ ਵੀ ਮੈਨੂੰ ਨਾ ਤੂੰ ਰਿਸ਼ਤੇ 'ਚ ਬੰਨ੍ਹੀਂ,
ਮੇਰੇ ਆਉਣ ਦਾ ਨਾ ਪਤਾ, ਨਾ ਹੀ ਜਾਣ ਦੀ ਤਰੀਕ।
ਮੇਰੀ ਬੇਬਸੀ ਨੂੰ ਜਾਣ, ਮੇਰੇ ਹਉਕੇ ਨੂੰ ਪਛਾਣ,
ਤੈਨੂੰ ਕਿਵੇਂ ਮੈਂ ਸੁਣਾਵਾਂ, ਫਸੀ ਗਲੇ ਵਿਚ ਚੀਕ।
ਕਾਲੀ ਰਾਤ ਦਾ ਹਨੇਰਾ ਪਿੱਛਾ ਕਰੀ ਜਾਵੇ ਮੇਰਾ,
ਅੱਖ ਬਦਲੀ ਚਿਰਾਗਾਂ ਕੌਣ ਆਵੇ ਨਜ਼ਦੀਕ।
ਚੱਲ ਛੱਡ ਤੂੰ ਮੁਹੱਬਤਾਂ ਦੇ ਕਿੱਸਿਆਂ ਨੂੰ ਛੱਡ,
ਸਮਾਂ ਕਰੇਗਾ ਨਿਤਾਰਾ, ਕਿਹੜਾ ਗ਼ਲਤ ਹੈ ਜਾਂ ਠੀਕ।
ਜਿਹੜਾ ਸੁਪਨਾ ਲਿਆ ਸੀ, 'ਕੱਠੇ ਬਹਿ ਕੇ ਆਪਾਂ ਦੋਹਾਂ,
ਦੱਸ ਮੇਰੇ ਤੋਂ ਬਗ਼ੈਰ, ਕਿਹੜਾ ਕਰੂ ਤਸਦੀਕ।
ਚਲੋ! ਜਿੰਨਾ ਚਿਰ ਤੁਰੇ, ਟੁੱਟੇ ਜੁੜੇ ਭਾਵੇਂ ਭੁਰੇ,
ਹੁਣ ਦਿਲ ਵਿਚੋਂ ਕੱਢ, ਮੈਨੂੰ ਹੋਰ ਨਾ ਧਰੀਕ।

## ਚਾਰ

(ਡਾ. ਅਮਰਜੀਤ ਸਿੰਘ ਬਸਰਾ ਦੇ ਨਾਂ)

ਮਰਤਬਾਨ ਵਿਚ ਬੰਦਾ ਕਿੱਦਾਂ ਬਹਿ ਸਕਦਾ ਹੈ।
ਦਿਲ ਦੀ ਦਰਦ ਕਹਾਣੀ ਕਿਸ ਨੂੰ ਕਹਿ ਸਕਦਾ ਹੈ।
ਕਿਸੇ ਪਹਾੜੀ ਟੀਸੀ ਤੋਂ ਬਰਫ਼ਾਨੀ ਤੋਦਾ,
ਤਪਸ਼ ਬਿਨਾਂ ਕਿੰਝ ਪਾਣੀ ਬਣ ਕੇ ਵਹਿ ਸਕਦਾ ਹੈ।
ਮੇਰੇ ਦਿਲ ਦਰਿਆ ਦੇ ਹੜ੍ਹ ਨੂੰ ਤੂੰ ਹੀ ਸਮਝੇਂ,
ਤੇਰੀ ਉਂਗਲੀ ਛੂਹ ਕੇ ਥੱਲੇ ਲਹਿ ਸਕਦਾ ਹੈ।
ਘਰਾਂ ਨੂੰ ਕਬਰਾਂ ਵਾਂਗ ਬਣਾ ਕੇ ਅੰਦਰ ਨਾ ਬਹਿ,
ਜੀਂਦਾ ਬੰਦਾ 'ਕੱਲਾ ਕਿੱਥੇ ਰਹਿ ਸਕਦਾ ਹੈ।
ਨਾਲ ਵਿਰੋਧੀ ਲੜਦੇ ਵੇਲੇ ਇਹ ਨਾ ਭੁੱਲੀਂ,
ਆਪਣੀ ਤਾਕਤ ਨਾਲ ਵੀ ਬੰਦਾ ਢਹਿ ਸਕਦਾ ਹੈ।
ਦਿਲ ਦੇ ਤੂੰ ਦਰਵਾਜ਼ੇ, ਖੁੱਲ੍ਹੇ ਛੱਡਿਆ ਨਾ ਕਰ,
ਇਹਨਾਂ ਵਿਚੋਂ ਲੰਘ ਕੇ ਦੁਸ਼ਮਣ ਸ਼ਹਿ ਸਕਦਾ ਹੈ।
ਦਿਲ 'ਤੇ ਜਿੰਨਾ ਭਾਰ ਤੂੰ ਜਿੰਦੇ ਪਾ ਦੇਂਦੀ ਏਂ,
ਇਹ ਮਾਸੂਮ ਪਰਿੰਦਾ ਕਿੱਦਾਂ ਸਹਿ ਸਕਦਾ ਹੈ।

[113-ਐਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ]



# ਦੋ ਕਵਿਤਾਵਾਂ/ਸੁਰਿੰਦਰ ਗਿੱਲ

## ਰੁੱਖ ਮਨੁੱਖ

ਸ਼ਹਿਰ ਸਵਾਰਥ ਦਾ ਮੇਲਾ ਹੈ
ਪਿੰਡ ਉਦਾਸ ਉਜਾੜ ਪਿਆ ਹੈ।
ਸੂਰਜ ਪੱਲੇ ਸੇਕ ਨਹੀਂ ਹੈ
ਗੀਤਾਂ ਪੱਲੇ ਹੇਕ ਨਹੀਂ ਹੈ

ਹੁਣ ਕੀ ਕਰੀਏ, ਕਿੱਥੇ ਜਾਈਏ?
ਕੌਣ ਦਿਸ਼ਾ ਅਪਣਾਈਏ?

ਘਰਾਂ ਤੋਂ ਦੂਰ-ਚਲੋ! ਹੁਣ ਮੋਕਲੇ ਰਾਹਾਂ 'ਤੇ ਤੁਰੀਏ
ਚਲੋ! ਰਾਹਾਂ ਨੂੰ ਆਪਣੇ ਘਰ ਬਣਾਈਏ
ਨਵਿਆਂ ਰਾਹਾਂ 'ਤੇ ਤੁਰਦੇ ਤੁਰਦੇ ਹੀ
ਮਨ ਅੰਤਰ ਦੀ ਵੇਦਨ ਗਾਈਏ
ਰਾਹ 'ਤੇ ਖੜ੍ਹੇ ਕਿਸੇ ਬਿਰਖ ਨੂੰ ਆਪਣਾ ਹਾਲ ਸੁਣਾਈਏ।

ਬਿਰਖ ਹੁੰਗਾਰਾ ਨਹੀਂ ਭਰਦੇ, ਬਿਰਖ ਹੁੰਗਾਰਾ ਨਹੀਂ ਭਰੇਗਾ।
ਬਿਰਖ ਬੋਲੇਗਾ ਨਹੀਂ, ਪਰ ਸੁਣੇਗਾ
ਉਹ ਕੋਈ ਮਨੁੱਖ ਨਹੀਂ ਕਿ ਦਰਦ ਭਰੀ ਆਵਾਜ਼ ਸੁਣੇ ਤੇ ਚੁੱਪ ਰਹੇ
ਦਰਦ ਭਰੀ ਆਵਾਜ਼ ਸੁਣੇ ਤੇ ਕੰਨ ਵਲ੍ਹੇਟ ਕੇ ਤੁਰ ਜਾਵੇ।

ਬਿਰਖ ਆਖ਼ਰ ਬਿਰਖ ਹੈ-ਆਪਣੀ ਥਾਂ ਟਿਕਿਆ ਰਹੇਗਾ
ਸੁਣੇਗਾ, ਸੋਚੇਗਾ, ਤੇ ਲਹਿਰਾਏਗਾ
ਮੁਸਕਰਾਏਗਾ, ਤੇ ਹੱਸੇਗਾ, ਫਿਰ ਦੱਸੇਗਾ
"ਏਸ ਵਗਦੇ ਰਾਹ 'ਤੇ ਵਰ੍ਹਿਆਂ ਤੋਂ ਮੈਂ ਏਥੇ ਖੜ੍ਹਾਂ
ਗਰਮੀ, ਸਰਦੀ, ਮੀਂਹ, ਹਨੇਰੀ, ਹੁੱਟ, ਹੁੰਮਸ, ਧੁੱਪ, ਛਾਂ
ਫੇਰ ਵੀ ਜਿਉਂਦਾ ਹਾਂ ਮੈਂ, ਲਹਿਰਾ ਰਿਹਾਂ।
ਲੰਘਦੇ ਕਰਦੇ ਲੋਕ ਆਉਂਦੇ, ਬੈਠਦੇ, ਛਾਂ ਮਾਣਦੇ
ਪਰ ਨਾ ਮੇਰੇ ਦਿਲ ਦੀ ਵੇਦਨ ਜਾਣਦੇ।
ਮੇਰਾ ਦੁੱਖ ਜਾਣਨ ਨਾ ਮੇਰੇ ਪਿਆਰ ਨੂੰ ਪਹਿਚਾਣਦੇ
ਲੈ ਕੁਹਾੜੀ ਮੇਰਾ ਅੰਗ ਅੰਗ ਟੁੱਕਦੇ
ਪੁੱਤਰਾਂ ਵਰਗੇ ਪੱਤਾਂ, ਧੀਆਂ ਟਾਹਣੀਆਂ ਨੂੰ ਨੋਚਦੇ

ਇਹ ਮੇਰੇ ਪੱਤੇ, ਇਹ ਧੀਆਂ ਟਾਹਣੀਆਂ
ਇਹ ਨੇ ਮੇਰੇ ਗੀਤ, ਮੇਰੇ ਸਾਜ਼ ਨੇ
ਤੇ ਜੋ ਪੰਛੀ ਚਹਿਕਦੇ ਤੇ ਗੁਟਕਦੇ ਤੇ ਗਾ ਰਹੇ
ਇਹ ਮੇਰੀ ਆਵਾਜ਼ ਨੇ
ਮੈਂ ਜਿਉਂਦਾ ਹਾਂ, ਜਿਉਂਦਾ ਰਹਾਂਗਾ
ਜ਼ਿੰਦਗੀ ਦਾ ਗੀਤ ਗਾਉਂਦਾ ਰਹਾਂਗਾ।"

## ਇਕ ਰੀਐਕਸ਼ਨਰੀ ਦੀ ਅਰਦਾਸ

ਅੱਜ ਵਿਸ਼ਵ ਅੰਬਰ ਦੇ ਉੱਤੇ
ਇੱਲਾਂ ਕਾਂ ਮੰਡਰਾਉਂਦੇ
ਠੱਗ ਵਣਜਾਰੇ ਤੇ ਬਹੁਰੂਪੀਏ
ਭਿੰਨ ਭਿੰਨ ਸਾਂਗ ਰਚਾਉਂਦੇ।

ਤਾਣਾ ਤਣਦੇ ਸ਼ਬਦ-ਜਾਲ ਦਾ
ਲੋਕਾਂ ਨੂੰ ਭਰਮਾਉਂਦੇ
ਊਚ ਨੀਚ ਦੀ ਸੂਝ ਭੁਲਾਉਂਦੇ
ਗੁੱਝਾ ਟੀਕਾ ਲਾਉਂਦੇ
ਇਹੋ ਜਿਹਾਂ ਤੋਂ ਖ਼ਬਰਦਾਰ, ਮੈਂ ਥਾਂ ਥਾਂ ਢੋਲ ਵਜਾਵਾਂ
ਬੇੜਾ ਗ਼ਰਕ ਨਾ ਜਾਵੇ ਕਿੱਧਰੇ, ਬਹੁਤ ਵਾਸਤੇ ਪਾਵਾਂ।

ਧਰਮ ਕਰਮ ਦਾ ਬੇੜਾ ਲੋਕੋ!
ਨਿੱਤ ਨਿੱਤ ਡੁੱਬਦਾ ਜਾਵੇ
ਕੋਈ ਤਾਂ ਉੱਠੇ ਹੰਭਲਾ ਮਾਰੇ
ਇਸਨੂੰ ਪਾਰ ਲਗਾਵੇ
ਦੀਨ-ਦੋਖੀਆਂ ਵਿਸ਼ਵ ਦੇ ਚੱਪੇ ਚੱਪੇ ਜਾਲ ਵਿਛਾਇਆ
ਬਚ ਨਹੀਂ ਸਕਦਾ ਉਹਨਾਂ ਦੇ, ਸੰਪਰਕ 'ਚ ਜੋ ਵੀ ਆਇਆ
ਇਹੋ ਜਿਹੇ ਬਹੁਰੂਪੀਆਂ ਦੀ ਪੰਜਾਬ 'ਚ ਗਿਣਤੀ ਭਾਰੀ
ਗੱਲ ਕਰਨ ਤਾਂ ਮੋਹਿਤ ਹੋਵੇ ਹਰ ਕੋਈ ਹਾਰੀ-ਸਾਰੀ
ਮੈਂ ਜਾਣਾਂ ਪਹਿਚਾਣਾਂ ਯਾਰੋ! ਐਸਾ ਇਕ ਮਦਾਰੀ
ਉਸਦਾ ਚਤੁਰ ਮਖੌਟਾ ਲਾਹੁਣਾ, ਮੇਰੀ ਜ਼ਿੰਮੇਵਾਰੀ, ਪਰਉਪਕਾਰੀ
ਅੱਜ ਨਾ ਜੇਕਰ ਸੰਭਲੇ ਤਾਂ ਇਹ ਬਿਪਤਾ ਬਣ ਜੂ ਭਾਰੀ।

ਇਕ ਕੋਈ ਗੁਰਸ਼ਰਨ ਸਿੰਘ ਹੈ, ਨਾਟਕਕਾਰ ਕਹਾਵੇ
ਦਿਲ ਦਾ ਸੂਹਾ ਲਾਲ, ਸੀਸ 'ਤੇ ਸਾਵੀ ਪੱਗ ਸਜਾਵੇ
ਨਗਰ ਨਗਰ, ਪਿੰਡ ਪਿੰਡ 'ਚ ਜਾਵੇ, ਅਦਭੁਤ ਸਾਂਗ ਰਚਾਵੇ
ਆਪ ਟਿਕੇ ਨਾ ਟਿਕਣ ਦੇਵੇ ਨਿੱਤ ਨਵੇਂ ਪੁਆੜੇ ਪਾਵੇ
ਜਦੋਂ ਬੋਲਦਾ ਕੁਫ਼ਰ ਤੋਲਦਾ, ਪੁੱਠੇ ਪਾਠ ਪੜ੍ਹਾਵੇ।

ਰੱਬ ਕਰੇ ਉਹਦੀ ਲਾਲ ਜੀਭ 'ਤੇ ਚੁੱਪ ਦਾ ਸੱਪ ਲੜ ਜਾਵੇ
ਧਰਮ ਧੌਲ ਦਾ ਦਰਦੀ ਕੋਈ, ਉਸਨੂੰ ਸਬਕ ਸਿਖਾਵੇ
ਜਾਂ ਜਾਗੇ ਸਰਕਾਰ ਉਸਨੂੰ ਕਾਲ ਕੋਠੜੀ ਪਾਵੇ
ਜਾਂ ਉੱਠੇ ਕੋਈ ਖਾੜਕੂ, ਉਸਨੂੰ ਚੰਗਾ ਸੋਧਾ ਲਾਵੇ
ਦੇਵੇ ਐਸੀ ਸੰਧਿਆ ਕਿ ਉਹ, ਫੇਰ ਨਾ ਜੂਨੀ ਆਵੇ-ਨਰਕ ਸਿਧਾਵੇ।

|1093, ਫੇਜ਼ 9, ਐੱਸ.ਏ.ਐੱਸ.ਨਗਰ (ਮੋਹਾਲੀ



## ਕਰੂੰਬਲਾਂ/ਅਜਾਇਬ ਸਿੰਘ ਹੁੰਦਲ

ਆਪਣੇ ਘਰ ਦੇ ਬਾਹਰ
ਮੈਂ ਜਦ ਵੀ ਕੋਈ ਪੌਦਾ ਲਾਵਾਂ
ਉਹ ਬਹੁਤੀ ਵਾਰ ਪੁੰਗਰਦਾ ਹੀ ਨਹੀਂ
ਜੇ ਪੁੰਗਰਦਾ ਵੀ ਹੈ
ਕਰੂੰਬਲਾਂ ਨਿਕਲਦੇ ਹੀ ਮੁਰਝਾ ਜਾਂਦੀਆਂ ਨੇ
ਪੌਦਾ ਸੁੱਕ ਜਾਂਦਾ ਹੈ।

ਮੈਂ ਕਈ ਕਈ ਦਿਨ ਉਦਾਸ ਰਹਿੰਦਾ ਹਾਂ
ਉਸ ਉਦਾਸੀ ਵਿਚੋਂ ਨਿਕਲੀ ਕਵਿਤਾ
ਮੈਨੂੰ ਮਾਯੂਸ ਤਾਂ ਨਹੀਂ ਹੋਣ ਦਿੰਦੀ
ਪਰ ਇਵੇਂ ਜ਼ਰੂਰ ਲਗਦਾ ਹੈ
ਜਿਵੇਂ ਮੈਂ ਕੋਈ ਕਵਿਤਾ ਨਹੀਂ
ਕਿਸੇ ਦਾ ਮਰਸੀਆ ਲਿਖ ਰਿਹਾ ਹੋਵਾਂ।

ਐਸੀਆਂ ਕਈ ਕਵਿਤਾਵਾਂ ਲਿਖਣ ਮਗਰੋਂ
ਮੈਂ ਮਨ ਬਣਾ ਲਿਆ
ਨਵੇਂ ਪੌਦੇ ਦੀ ਕਰੂੰਬਲ ਨਿਕਲਦੇ ਹੀ
ਉਸ ਬਾਰੇ ਕਵਿਤਾ ਲਿਖਾਂਗਾ।

ਨਵੇਂ ਲਾਏ ਪੌਦੇ ਨੂੰ ਮੈਂ ਸ਼ਾਮ ਸਵੇਰੇ ਵੇਖਦਾ
ਤੇ ਜਦ ਪਹਿਲੀ ਕਰੂੰਬਲ ਫੁੱਟੀ
ਮੈਂ ਕਵਿਤਾ ਲਿਖਣ ਲੱਗ ਪਿਆ
ਪੂਰੀ ਕਰੂੰਬਲ ਨਿਕਲ ਆਉਣ ਤਕ
ਕਵਿਤਾ ਵੀ ਮੁਕੰਮਲ ਹੋ ਗਈ।

ਕਰੂੰਬਲ ਨੂੰ ਪੱਤਾ ਬਣਦੇ ਵੇਖ ਮੈਂ ਖੁਸ਼ ਸਾਂ
ਪਰ ਦੂਸਰੀ ਕਰੂੰਬਲ ਨਿਕਲਦੇ ਹੀ ਮੁਰਝਾ ਗਈ
ਫਿਰ ਪੱਤਾ ਬਣਦੀ ਬਣਦੀ ਪਹਿਲੀ ਕਰੂੰਬਲ ਵੀ।

ਮੈਂ ਜ਼ਿਆਦਾ ਉਦਾਸ ਨਾ ਹੋਇਆ
ਬਲਕਿ ਇਹ ਧਾਰ ਲਿਆ ਕਿ ਅਗਲੇ ਪੌਦੇ ਦੀ
ਹਰ ਕਰੂੰਬਲ ਬਾਰੇ ਕਵਿਤਾ ਲਿਖਾਂਗਾ।

ਨਵੇਂ ਪੌਦੇ ਨੂੰ ਕਰੂੰਬਲਾਂ ਨਿਕਲਦੀਆਂ ਰਹੀਆਂ
ਮੈਂ ਕਵਿਤਾ ਲਿਖਦਾ ਰਿਹਾ
ਕਰੂੰਬਲਾਂ ਪੱਤੇ ਬਣਦੀਆਂ ਗਈਆਂ
ਪੌਦਾ ਰੁੱਖ ਬਣ ਗਿਆ।

ਉਸ ਪੌਦੇ ਨੂੰ ਫੁੱਲ ਪੈਣ ਵਾਲੇ ਨੇ

ਫਲ ਲੱਗਣ ਵਾਲਾ ਹੈ
ਮੈਂ ਪਹਿਲਾਂ ਹੀ ਸੋਚ ਲਿਆ ਹੈ
ਰੁੱਖ ਦੇ ਹਰ ਫੁੱਲ ਬਾਰੇ ਕਵਿਤਾ ਲਿਖਾਂਗਾ
ਫਲ ਬਾਰੇ ਕਵਿਤਾ ਲਿਖਾਂਗਾ
ਤੇ ਰੁੱਖ ਬਾਰੇ ਵੀ
ਇਕ ਕਵਿਤਾ ਜ਼ਰੂਰ ਲਿਖਾਂਗਾ।

[ਈ-596, ਰਣਜੀਤ ਐਵਿਨਿਊ, ਅੰਮ੍ਰਿਤਸਰ]

## ਜੀਊਂਦੀਆਂ ਰਹਿਣ ਹਮੇਸ਼ਾ ਕਿਤਾਬਾਂ/ ਕੁਲਵੰਤ ਔਜਲਾ

ਅਲਮਾਰੀਆਂ 'ਚ ਸਾਂਭ ਸਾਂਭ ਕੇ ਰੱਖੀਆਂ ਮੇਰੀਆਂ ਕਿਤਾਬਾਂ
ਬਿਰਧ ਸਰੂਪ ਹੋ ਗਈਆਂ ਹਨ
ਮੇਰੀ ਉਮਰ ਭਰ ਦੀ ਕਮਾਈ ਦਾ
ਕਿਰਸ ਕਰ ਕਰ ਕੇ ਜੋੜਿਆ ਇਤਿਹਾਸ ਨੇ ਇਹ ਕਿਤਾਬਾਂ
ਮੇਰੇ ਪਲ ਪਲ ਫੈਲਦੇ ਆਪੇ ਦੀ ਐਲਬਮ ਹਨ ਇਹ ਕਿਤਾਬਾਂ
ਮੇਰੀਆਂ ਉਦਾਸੀਆਂ ਦੀਆਂ
ਮੇਰੀਆਂ ਖਾਮੋਸ਼ੀਆਂ ਦੀਆਂ
ਮੇਰੀਆਂ ਉਡਾਰੀਆਂ ਦੀਆਂ

ਅਨੇਕ ਰਹੱਸ ਇਹਨਾਂ ਕਿਤਾਬਾਂ 'ਚ ਸਾਹ ਲੈਂਦੇ
ਕੁਝ ਕਿਤਾਬਾਂ 'ਚ
ਬਚਪਨ ਦੇ ਮਾਸੂਮ ਦਿਨਾਂ ਦਾ ਦੇਸੀ ਗੁੜ ਵਰਗਾ ਸੁਆਦ
ਕੁਝ ਕਿਤਾਬਾਂ ਜਵਾਨੀ ਦੀ ਮੁਹੱਬਤ ਦੇ ਜਨੂੰਨ 'ਚ ਲਿਖੀਆਂ ਇਬਾਰਤਾਂ
ਕੁਝ ਕਿਤਾਬਾਂ ਢਲਦੀ ਉਮਰੇ ਕਮਾਇਆ ਹੋਇਆ ਦਰਸ਼ਨ ਵਿਗਿਆਨ
ਕੁਝ ਕਿਤਾਬਾਂ 'ਚ
ਚਰਖਾ ਕੱਤਦੀ ਤੇ ਧਾਰਾਂ ਚੋਂਦੀ ਮੇਰੀ ਮਾਂ ਦਾ ਮੁਹਾਂਦਰਾ
ਕੁਝ ਕਿਤਾਬਾਂ 'ਚ
ਮੱਕੀ ਗੁੱਡਦੇ ਤੇ ਲੱਕੜ ਦਾ ਹਲ ਵਾਹੁੰਦੇ ਮੇਰੇ ਬਾਪ ਦਾ ਸਿਰੜ
ਇਹਨਾਂ ਕਿਤਾਬਾਂ 'ਚ ਦਰਜ
ਦਾਜ ਦਾ ਤੀਲਾ ਤੀਲਾ ਜੋੜਦੀਆਂ ਮੇਰੀਆਂ ਭੈਣਾਂ ਦੀਆਂ ਹਸਰਤਾਂ
ਇਹ ਕਿਤਾਬਾਂ ਮੇਰੇ ਅੰਦਰੋਂ ਸਾਹ ਲੈਂਦੀਆਂ ਨੇ
ਇਹ ਕਿਤਾਬਾਂ ਮੇਰੀ ਧੜਕਣ ਦਾ ਰਾਗ ਹਨ

ਮੇਰੀ ਮਾਂ ਨੇ ਵਟਾ ਲਈਆਂ ਨੇ
ਨਵਿਆਂ ਭਾਂਡਿਆਂ ਵੱਟੇ ਆਪਣੀਆਂ ਜਾਨ ਤੋਂ ਪਿਆਰੀਆਂ
ਗਾਗਰਾਂ, ਗੜਵੀਆਂ ਤੇ ਪਤੀਲੇ
ਪਰ ਕਿਵੇਂ ਵੇਚਾਂ, ਕਿਵੇਂ ਵਟਾਵਾਂ ਮੈਂ
ਸਾਹ ਲੈਂਦੀਆਂ ਇਹਨਾਂ ਕਿਤਾਬਾਂ ਨੂੰ
ਕੌਣ ਖਰੀਦੇਗਾ ਕਾਗ਼ਜ਼ਾਂ ਦੀਆਂ ਇਹਨਾਂ ਸਿਮਰਤੀਆਂ ਨੂੰ



ਮੈਨੂੰ ਸਿਵੇ ਤੀਕ ਲਿਜਾਣ ਵਾਲੀਆਂ ਚਾਰ ਕੰਨੀਆਂ ਹਨ ਇਹ ਕਿਤਾਬਾਂ
ਕਦੇ ਕਦੇ ਜਦੋਂ ਮੇਰਾ ਬੱਚਾ ਫਰੋਲਦਾ ਹੈ ਇਹਨਾਂ ਨੂੰ
ਤਾਂ ਮੇਰੇ ਅੰਦਰੋਂ ਅੰਕੁਰ ਫੁੱਟਦਾ
ਮੇਰੀ ਪਤਨੀ ਜਦੋਂ ਕਦੇ ਸਾਫ਼ ਕਰਕੇ ਰੱਖਦੀ ਇਹਨਾਂ ਨੂੰ ਤਰਤੀਬ ਨਾਲ
ਤਾਂ ਮੈਨੂੰ ਇਹ ਘਰ ਦੇ ਜੀਅ ਲਗਦੀਆਂ ਨੇ

ਕਿਤਾਬਾਂ 'ਚ ਪੀਰਾਂ ਫ਼ਕੀਰਾਂ ਦੀਆਂ ਰਮਜ਼ਾਂ ਨੇ
ਕਿਤਾਬਾਂ 'ਚ ਬਿਰਖਾਂ ਦੀ ਹਰਿਆਵਲ
ਤੇ ਨਦੀਆਂ ਦਾ ਵਹਾਉ ਹੈ
ਇਕ ਰਹਾਉ ਹੈ।

[97, ਮਾਡਲ ਟਾਊਨ, ਕਪੂਰਥਲਾ-144 601]

## ਦੋ ਕਵਿਤਾਵਾਂ/ ਮਹਿੰਦਰ ਗਿੱਲ

### ਪ੍ਰਗਤੀਸ਼ੀਲ

ਆਸ ਦੀ ਕੁੱਖ ਹੋਈ ਸੀ ਗਰਭਵਤੀ
ਸੂਰਜ ਦੀ ਲਾਲ ਟਿੱਕੀ, ਧਰਤੀ ਨੂੰ ਰੰਗ ਗਈ
ਏਸ਼ੀਆ ਦੇ ਸੀਨੇ 'ਚ, ਮਚਲ ਉਠੇ ਲੱਖਾਂ ਅਰਮਾਨ
ਕਲਮਾਂ ਦਾ ਹਜੂਮ, ਹੱਕ ਸੱਚ ਦਾ ਆਸ਼ਿਕ
ਆਵਾਜ਼ ਕੋਈ ਉੱਚੀ, ਕੋਈ ਧੀਮੀ
ਗਲੀ ਗਲੀ ਤੇ ਕੋਨੇ ਕੋਨੇ

ਸਦੀਆਂ ਦੀ ਜ਼ਿੱਲਤ, ਬਸ ਹੋਵੇਗੀ ਅੰਤ
ਬਹਿਸ਼ਤ ਜੋ ਹੈ ਸਿਰਫ, ਫੀਮ ਦੀ ਗੋਲੀ 'ਚ ਲਪੇਟੀ
ਇਨਸਾਨ ਦੇ ਕਦਮਾਂ 'ਚ ਚਲੀ ਆਵੇਗੀ

ਫਿਰ ਅੰਬਰ ਦੇ ਤਾਰੇ ਹੋਏ ਭਸਮ
ਸੂਰਜ ਬਸ ਨਜ਼ਰ ਦਾ ਧੋਖਾ!
ਅਸੀਂ ਚੁਰਸਤੇ 'ਚ ਹੋਏ ਅਲਫ ਨੰਗੇ!
ਸਾਡੀ ਦਿਸ਼ਾ ਕਿੱਧਰ ਨੂੰ?
ਸਾਡੇ ਚਾਨਣ ਮੁਨਾਰੇ
ਹੋਏ ਮਲਬਾ ਜਾਂ ਬਦਲ ਗਏ ਰੰਗ

ਹਿਸਾਬ ਕਰੀਏ ਤਾਂ ਝੁਲਸੇ ਪਲਾਂ ਦੀ ਕਹਾਣੀ
ਨਜ਼ਮਾਂ ਦੀਆਂ ਅੱਖਾਂ 'ਚੋਂ
ਨੀਰ ਬਣ ਵਹਿੰਦਾ ਹੈ
ਪਰ ਤਦ ਵੀ ਕੋਈ ਇਲਹਾਮੀ ਆਵਾਜ਼
ਸੋਚ ਦੇ ਗੁੰਮਟਾਂ 'ਚ ਗੂੰਜਦੀ:
ਇਨਸਾਨ ਦੇ ਸਫਰ ਦਾ
ਨਾ ਇਹ ਅੰਤਮ ਪੜਾ
ਅਜੇ ਕਈ ਹੋਰ ਸੂਰਜ ਉਗਣੇ ਨੇ

ਕਈ ਹੋਰ ਤਾਰੇ ਟਿਮਟਿਮਾਉਣੇ ਨੇ
ਸੁਪਨੇ ਚਾਹੇ ਪਕੜ 'ਚ ਨਹੀਂ ਆਉਂਦੇ
ਪਰ ਸੁਪਨੇ ਕਦੀ ਮਰਦੇ ਨਹੀਂ

## ਕਵੀ

ਮੈਗਜ਼ੀਨ ਆਉਂਦਾ ਹੈ
ਪੜ੍ਹਦਾ ਹਾਂ ਕਵੀਆਂ ਦੀਆਂ ਵੱਡੀਆਂ ਵੱਡੀਆ ਗੱਲਾਂ
ਸਾਹਿਤ ਦੀਆਂ, ਜ਼ਿੰਦਗੀ ਦੀਆਂ
ਲਗਦੀਆਂ ਜਿੱਦਾਂ ਕਿਸੇ ਹੋਰ ਸਮੇਂ ਦੀਆਂ
ਕਿਸੇ ਹੋਰ ਸਥਾਨ ਦੀਆਂ!

ਲਗਦਾ ਇਨ੍ਹਾਂ ਦੀ ਕਵਿਤਾ ਹੋਵੇਗੀ
ਨਵੇਂ ਅੰਦਾਜ਼ ਦੀ
ਨਵਾਂ ਪੋਜ਼ ਹੋਵੇਗਾ ਸ਼ਬਦਾਂ ਦਾ
ਨਵੀਂ ਉਡਾਨ ਹੋਵੇਗੀ ਤਖਈਅਲ ਦੀ
ਲਿਖਣਗੇ ਕਵਿਤਾ ਜੋ ਪਹਿਲਾਂ ਨਾ ਲਿਖੀ ਗਈ!

ਪਰ ਗੱਲਾਂ ਤੇ ਕਵਿਤਾ ਦਾ ਸੁਮੇਲ
ਸਦਾ ਮੁਮਕਿਨ ਨਹੀਂ
ਤੇ ਮਨ ਕਹਿੰਦਾ
ਐ ਕਵੀ! ਚੁੱਪ ਰਹਿ, ਬੋਲ ਨਾ
ਆਪਣੀ ਕਵਿਤਾ ਨੂੰ ਬੋਲਣ ਦੇ ਬਸ!

**[1, Hartwood Crescent, Penn, Wolverhamtpon, U.K. WV4 5QN]**

## ਕਿ ਤੈਨੂੰ ਮਿਲਣਾ ਸੀ/ਭੁਪਿੰਦਰ ਕੌਰ ਪ੍ਰੀਤ

ਮਿਲ ਨਾ ਸਕੀ
ਕਿ ਚਿਣ-ਚਿਣ ਰੱਖੇ ਸਨ ਦਿਨ
ਕਿ ਭਰ-ਭਰ ਆਈ ਅੱਖ।

ਭਰ-ਭਰ ਆਈ ਅੱਖ
ਕੋਰਾਂ ਦੇ ਆਰ ਹੀ ਠਹਿਰ ਗਿਆ ਪਾਣੀ
ਕਿ ਆਪਣਾ ਕੋਈ ਪਾਸ ਨਹੀਂ ਸੀ
ਗੱਚ ਤੋਂ ਹੇਠਾਂ ਪਰਤ
ਮੁੜ ਲਹੂ ਸੰਗ ਵਹਿਣ ਲੱਗਾ ਪਾਣੀ
ਦਿਨ-ਰਾਤ
ਸੌਂਦਿਆਂ-ਜਾਗਦਿਆਂ
ਕੁਝ ਨਾ ਕੁਝ ਕਹਿਣ ਲੱਗਾ ਪਾਣੀ

ਜਦ ਵੀ ਅਖ਼ਬਾਰ ਵਿਚ ਕੋਈ ਬੰਬ ਫਟਦੈ



ਘੋੜਿਆਂ ਦੀਆਂ ਟਾਪਾਂ ਸੁਣਨ ਲਗਦੀਆਂ ਕੰਨਾਂ ਪਾਸ
ਧੂੰਏਂ ਵਿਚ ਘਿਰ ਜਾਂਦਾ ਹੈਂ ਤੂੰ
ਭੁਲੇਖਾ ਜਿਹਾ ਪੈਂਦਾ ਜਿਵੇਂ ਕੋਈ
ਅੱਖੀਆਂ ਤੋਂ ਓਹਲੇ ਹੋ ਜਾਂਦਾ ਹੈਂ ਤੂੰ
ਢਹਿ ਕੇ ਢੇਰੀ ਹੋ ਜਾਂਦੇ ਦਿਨ
ਜੋ ਚਿਣ-ਚਿਣ ਰੱਖੇ ਸਨ
ਕਿ ਤੈਨੂੰ ਮਿਲਣਾ ਸੀ...

[ਗਲੀ, ਹਕੀਮਾਂ ਵਾਲੀ, ਮੁਕਤਸਰ]

## ਗ਼ਜ਼ਲ/ਜਸਵਿੰਦਰ

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂੰਮਣਾ ਸੀ ਨਾਲ ਤੇਰੇ

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਅਪਣਾ ਨਾਮ ਤੇਰੇ ਕਰ ਰਿਹਾ ਹੈ
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ
ਆਉਣਗੇ ਤੇ ਕਰਨਗੇ ਖਾਲੀ ਕਿਸੇ ਦਿਨ
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ
ਗੁੰਬਦਾਂ 'ਚੋਂ ਉੱਡ ਕੇ ਮਖਿਆਲ ਤੇਰੇ

ਜਲ ਵੀ ਓਹੀ ਪਉਣ ਓਹੀ ਰੇਤ ਓਹੀ
ਜ਼ਖਮ ਵੀ ਓਹੀ ਤੇ ਸਿੰਮਦੀ ਰੱਤ ਓਹੀ
ਤੇਰੀ ਸ਼ਹਿ 'ਤੇ ਜੋ ਕੁਰੂਖੇਤਰ 'ਚ ਚੱਲੇ
ਭਰ ਕੇ ਹੁਣ ਵੀ ਵਗਣ ਓਹੀ ਖਾਲ਼ ਤੇਰੇ

ਓਹੀ ਸੀਨੇ ਸੀਨਿਆਂ ਵਿਚ ਤੀਰ ਓਹੀ
ਦਰਦ ਓਹੀ ਦਰਦ ਦੀ ਤਸਵੀਰ ਓਹੀ
ਫਰਕ ਬਸ ਏਨਾ ਪਿਆ ਕਲਯੁਗ 'ਚ ਆ ਕੇ
ਹੋ ਗਏ ਕੌਰਵ ਵੀ ਭਾਈਵਾਲ ਤੇਰੇ

**[653, ਟਾਈਪ 3, ਨੂਰੋਂ ਕਾਲੋਨੀ, ਡਾ. ਘਨੌਲੀ, ਰੂਪਨਗਰ-140 113]**

# ਵੋਟਾ ਟੋਟਾ ਤੂੰ/ ਰਵਿੰਦਰ

ਮੈਂ ਤੈਨੂੰ ਐਵੇਂ
ਨਿੱਕੀਆਂ ਨਿੱਕੀਆਂ ਚੀਜ਼ਾਂ ਵਿਚੋਂ
ਨਿੱਕੀਆਂ ਨਿੱਕੀਆਂ ਗੱਲਾਂ ਵਿਚੋਂ
ਲੱਭਦਾ ਰਹਿੰਦਾਂ

ਸੜਕ 'ਤੇ ਤੁਰੀ ਜਾਂਦੀ
ਕਿਸੇ ਕੁੜੀ ਦੀਆਂ ਨੀਲੀਆਂ ਅੱਖਾਂ 'ਚੋਂ
ਬੱਸ 'ਚ ਬੈਠੀ ਕਿਸੇ ਉਦਾਸ ਬੇਬਸੀ 'ਚੋਂ
ਤੇਰੇ ਨਾਂ ਨਾਲ ਮਿਲਦੇ ਜੁਲਦੇ ਨਾਵਾਂ 'ਚੋਂ
ਤੇਰੇ ਸ਼ਹਿਰ 'ਚ ਵਾਪਰਦੀ
ਹਰ ਘਟਨਾ ਦੀ ਖ਼ਬਰ 'ਚੋਂ

ਉਂਝ ਸੀ ਤਾਂ ਤੂੰ ਵੀ
ਉਹਨਾਂ ਔਰਤਾਂ ਜਿਹੀ ਔਰਤ
ਜੋ ਆਪਣੀ ਸਾਧਾਰਨ ਸੋਚ
ਆਪਣੇ ਔਸਤਨ ਜਿਸਮ ਸਦਕਾ
ਕੋਈ ਆਮ ਜਿਹਾ ਸੁਪਨਾ ਲੈ ਕੇ
ਉਸੇ ਨਾਲ ਉਮਰ ਲੰਘਾ ਲੈਂਦੀਆਂ ਨੇ

ਮੈਂ ਕਿਉਂ ਤੈਨੂੰ ਹੀ
ਟੋਟਿਆਂ 'ਚ ਜੋੜ ਜੋੜ ਕੇ
ਪੂਰੀ ਔਰਤ ਬਣਾਉਂਦਾ ਰਿਹਾ
ਤੇਰੇ ਨੇੜੇ ਆ ਕੇ
ਹਮਲਾਵਰ ਕਹੇ ਜਾਣੋਂ ਡਰਦਾ
ਤੇਰੀਆਂ ਅੱਖਾਂ 'ਚੋਂ
ਤੇਰੀ ਲੋੜ, ਸਹਿਮਤੀ ਨਾ ਪੜ੍ਹ ਕੇ
ਅਧਾ ਅਧੂਰਾ ਮੁੜ ਆਉਂਦਾ ਰਿਹਾ
ਤੈਥੋਂ ਵਿਦਾ ਹੋ ਕੇ
ਸੁਪਨਿਆਂ 'ਚ ਤੇਰੇ ਅੰਗਾਂ ਨੂੰ ਜੋੜ ਜੋੜ
ਤੈਨੂੰ ਸਾਲਮ ਸਬੂਤੀ ਮਾਣਨ ਲਈ ਤਰਸਦਾ ਰਿਹਾ

ਉਂਝ ਤੇਰੇ ਬਿਨਾਂ ਵੀ ਬਹੁਤ ਕੁਝ ਹੈ
ਜੋ ਰੋਜ਼ ਮੇਰੇ ਨੇੜੇ ਨੇੜੇ ਵਾਪਰਦਾ
ਮੈਨੂੰ ਤੇਰਾ ਚੇਤਾ ਕਰਾਉਂਦਾ
ਤੇਰੇ ਕੋਲ ਕੋਲ ਰੱਖਦਾ
ਤੇਰੀ ਉਡੀਕ ਬਣਾਈ ਰੱਖਦਾ...

[ਸਰਕੂਲਰ ਰੋਡ, ਬਟਾਲਾ-143 515]



# ਜਮਰੌਦ

## ਵਰਿਆਮ ਸਿੰਘ ਸੰਧੂ

ਫ਼ੋਨ ਦੀ ਘੰਟੀ ਵੱਜੀ ਤਾਂ ਪ੍ਰੋਫ਼ੈਸਰ ਬਰਾਂਡੇ ਵਿਚ ਪਏ ਫ਼ੋਨ ਨੂੰ ਸੁਣਨ ਲਈ ਅਹੁਲਿਆ। ਹੱਥ ਵਿਚ ਫੜਿਆ ਹੋਇਆ ਚਾਹ ਦਾ ਕੱਪ ਉਹਨੇ ਛੋਟੇ ਮੇਜ਼ 'ਤੇ ਰੱਖ ਦਿੱਤਾ।

"ਹੈਲੋ!" ਕਹਿਣ ਤੋਂ ਬਾਅਦ ਉਹ 'ਜੀ, ਜੀ, ਜੀਅ!' ਕਰਦਾ ਅਗਲੇ ਦੀ ਗੱਲ ਸੁਣੀਂ ਗਿਆ। ਸੁਣਦਿਆਂ ਇਕਦਮ ਝਟਕਾ ਲੱਗਾ; ਉਹਦਾ ਜਿਸਮ ਥਰਥਰਾਇਆ ਤੇ ਸਦਮੇ ਨਾਲ ਜਿਵੇਂ ਸਾਹ ਸੂਤਿਆ ਗਿਆ ਹੋਵੇ, "ਹੱਛਾਅ ਜੀ! ਚੁਅ ਚ!! ਚੁਅ ਚ!!!"

ਥੋੜ੍ਹੀ ਦੂਰ ਮੰਜੇ 'ਤੇ ਬੈਠਾ ਗਲਾਸ ਵਿਚੋਂ ਚਾਹ ਦੀਆਂ ਘੁੱਟਾਂ ਭਰਦਾ ਉਹਦਾ ਬਜ਼ੁਰਗ ਬਾਪ ਫ਼ੋਨ ਸੁਣਦੇ ਪ੍ਰੋਫ਼ੈਸਰ ਨੂੰ ਬੜੇ ਗਹੁ ਨਾਲ ਵਾਚ ਰਿਹਾ ਸੀ।

ਫ਼ੋਨ ਕਰਨ ਵਾਲੇ ਦੀ ਆਵਾਜ਼ ਬੜੇ ਧਿਆਨ ਨਾਲ ਸੁਣਦਿਆਂ ਪ੍ਰੋਫ਼ੈਸਰ ਨੇ ਆਪਣੇ ਆਪ ਨੂੰ ਸੰਭਾਲਿਆ। ਚਿਹਰੇ ਦੇ ਸ਼ਿਕਨ ਸੂਤ ਕੀਤੇ। ਨਜ਼ਰਾਂ ਗੱਡੀ ਬੈਠੇ ਪਿਤਾ ਕੋਲੋਂ ਆਪਣੇ ਬੋਲਾਂ ਵਿਚਲੀ ਕੰਬਣੀ ਲੁਕਾ ਕੇ ਬੜੇ ਹੀ ਠਰ੍ਹੰਮੇਂ ਨਾਲ ਹੁੰਗਾਰਾ ਭਰਨ ਦੀ ਕੋਸ਼ਿਸ਼ ਕੀਤੀ।

ਉਧਰੋਂ ਆਵਾਜ਼ ਆ ਰਹੀ ਸੀ, "ਤੂੰ ਛੋਟੇ ਭਰਾਵਾਂ ਵਰਗਾ ਏਂ ਸਾਡਾ। ਉਹਨਾਂ ਦੇ ਏਥੇ ਅੱਪੜਣ ਤਕ ਇਹ ਗੱਲ ਤੇਰੇ ਕੋਲ ਈ ਰਹਿਣੀ ਚਾਹੀਦੀ ਏ। ਵੀ ਸਮਝਾ ਦਈਂ ਕਿ ਗੱਲ ਦੀ ਧੁੱਖ ਕਿਤੇ ਬਾਹਰ ਨਾ ਕੱਢੇ। ਆਪਣੇ ਟੱਬਰ 'ਚ ਵੀ ਨਹੀਂ। ਬੁਰਜ ਤਾਂ ਉਹਨਾਂ ਦਾ ਢਹਿ ਗਿਆ ਪਰ ਹੁਣ ਇਹ ਗੱਡ ਕਿਧਰੇ ਵਿਚਕਾਹੇ ਨਾ ਖੁਭੀ ਰਹਿ ਜਾਏ!"

"ਕੋਈ ਨਾ; ਫਿਕਰ ਨਾ ਕਰੋ ਭਾ ਜੀ! ਮੈਂ ਹੁਣੇ ਜਾ ਕੇ ਦੱਸ ਆਉਨਾਂ!"

ਭਾਵੇਂ ਉਸਨੇ ਆਪਣੇ ਆਪ ਨੂੰ ਸਹਿਜ ਰੱਖਣ ਦਾ ਬੜਾ ਯਤਨ ਕੀਤਾ ਪਰ ਫਿਰ ਵੀ ਉਹਦੇ ਸਮੁੱਚੇ ਵਤੀਰੇ ਵਿਚਲੀ ਅਸਹਿਜਤਾ ਭਾਂਪ ਕੇ ਟੋਂਹਦੀਆਂ ਨਜ਼ਰਾਂ ਨਾਲ ਨਿਹਾਰ ਰਹੇ ਉਸਦੇ ਬਾਪ ਨੇ ਪੁੱਛ ਹੀ ਲਿਆ, "ਕੀਹਦਾ ਫ਼ੋਨ ਸੀ ਸਵੇਰੇ ਸਵੇਰੇ?"

ਪਿੰਡ ਵਿਚ ਮਸਾਂ ਦਸ-ਪੰਦਰਾਂ ਘਰਾਂ ਵਿਚ ਹੀ ਅਜੇ ਟੈਲੀਫ਼ੋਨ ਲੱਗੇ ਸਨ। ਕਿਸੇ ਟੱਬਰ ਦੇ ਬਾਹਰਲੇ ਸ਼ਹਿਰ ਜਾਂ ਬਾਹਰਲੇ ਮੁਲਕ ਵਿਚ ਰਹਿੰਦੇ ਕਿਸੇ ਜੀਅ ਦਾ 'ਸੁਖ-ਸੁਨੇਹੇ' ਦਾ ਫ਼ੋਨ ਇਹਨਾਂ ਘਰਾਂ ਵਿਚੋਂ ਕਿਸੇ ਨ ਕਿਸੇ ਘਰ ਆਉਂਦਾ ਰਹਿੰਦਾ। ਘਰ ਵਾਲਾ ਅਗਲਿਆਂ ਨੂੰ ਸੱਦ ਲਿਆਉਂਦਾ ਜਾਂ ਉਹਨਾਂ ਤਕ ਸੁਨੇਹਾ ਅੱਪੜਦਾ ਕਰ ਦਿੰਦਾ।

"ਕੀਹਦਾ ਫ਼ੋਨ ਸੀ?" ਬਜ਼ੁਰਗ ਨੇ ਕਾਹਲੀ ਨਾਲ ਨੰਗੇ ਸਿਰ 'ਤੇ ਪਰਨਾ ਲਪੇਟਦੇ ਪ੍ਰੋਫ਼ੈਸਰ ਨੂੰ ਵੇਖ ਕੇ ਫੇਰ ਪੁੱਛਿਆ।

" 'ਚੜ੍ਹ ਕਿਆਂ' ਦੇ ਅਮਰ ਸੁੰਹ ਦਾ, ਕਨੇਡਾ ਤੋਂ।" ਸੁਚੇਤ ਹੋ ਕੇ ਮਸਾਂ ਏਨਾ ਹੀ ਕਹਿ ਸਕਿਆ।

"ਉਹਦੇ ਮੁੰਡੇ ਦਾ ਕਿ ਕਾਮਰੇਡ ਜਰਨੈਲ ਦਾ?"

"ਉਹਨਾਂ ਦੇ ਏਥੇ ਅੱਪੜਣ ਤਕ ਇਹ ਗੱਲ ਤੇਰੇ ਕੋਲ ਈ ਰਹਿਣੀ ਚਾਹੀਦੀ ਏ!" ਫ਼ੋਨ ਵਿਚਲੀ ਆਵਾਜ਼ ਦੀ ਚੇਤਾਵਨੀ ਨੇ ਘੁਰਕਿਆ। ਉਹ ਹੜਬੜਾ ਗਿਆ। "ਉਹਦੇ ਮੁੰਡੇ ਬਾਰੇ" ਸ਼ਬਦ ਉਹਦੇ ਸੰਘ ਵਿਚ ਹੀ ਅਟਕ ਗਏ। ਫਿਰ ਆਖਣ ਲੱਗਾ ਸੀ, "ਕਾਮਰੇਡ ਦਾ।"

ਪਰ ਬਹੁਤੇ ਨਿਨਵਿਆਂ ਦੇ ਡਰੋਂ ਚੁੱਪ ਹੀ ਰਿਹਾ। ਝੁੰਜਲਾ ਗਿਆ। ਕੀ ਆਖੇ, ਕੀ ਦੱਸੇ! ਸਮਝ ਨਾ ਆਈ।

"ਕਾਮਰੇਡ ਦਾ ਈ ਹੋਣਾ। ਤੇਰੇ 'ਜੀ! ਜੀ!' ਤੋਂ ਮੈਂ ਹਿਸਾਬ ਲਾ ਲਿਐ। ਕਾਮਰੇਡ ਦੀ ਵੀ ਮੈਨੂੰ ਸਮਝ ਨਹੀਂ ਆਈ। ਚੰਗਾ ਭਲਾ ਪ੍ਰੋਫ਼ੈਸਰੀ ਕਰਦਾ ਸੀ ਏਥੇ ਤੇਰੇ ਨਾਲ। ਛੱਡ ਕੇ ਕਨੇਡਾ ਜਾ ਵੜਿਆ। ਪਹਿਲਾਂ ਇੰਗਲੈਂਡ ਗਿਆ ਤਾਂ ਓਥੇ ਦੋ ਤਿੰਨ ਸਾਲ ਲਾ ਕੇ ਈ ਮੁੜ ਆਇਆ। ਉਦੋਂ ਇੰਗਲੈਂਡੋਂ ਮੁੜ ਕੇ ਆਖਿਆ ਕਰੇ, "ਪਹਿਲਾਂ ਗੋਰਿਆਂ ਦੀ ਏਥੇ ਗੁਲਾਮੀ ਕੀਤੀ, ਹੁਣ ਓਥੇ ਜਾ ਕੇ ਕਰਨੀ ਬੜੀ ਔਖੀ ਐ। ਬੜਾ ਜ਼ਲੀਲ ਹੋਣਾ ਪੈਂਦੈ। ਏਥੇ ਈ ਲੜਾਂਗੇ; ਸਮਾਜਵਾਦ ਲਿਆਵਾਂਗੇ।" ਲੈ ਆ ਗਿਆ ਉਹਦਾ ਤਾਂ ਸਮਾਜਵਾਦ! ਹੁਣ ਓਥੇ ਬੇਰੀਆਂ ਤੋੜਦਾ ਹੋਊ ਜਾਂ ਕਿਤੇ ਪਹਿਰੇਦਾਰੀ ਕਰਦਾ ਹੋਣਾਂ । ਹੋਰ ਇਹਨਾਂ ਲਈ ਗੋਰੇ ਓਥੇ ਖੰਡ ਪਰੀਹ

ਕੇ ਬੈਠੇ ਨੇ।"

ਪ੍ਰੋਫ਼ੈਸਰ ਜਾਣਦਾ ਸੀ ਕਿ ਉਹਦਾ ਬਾਪ ਕਿਹੜੇ ਸਟੇਸ਼ਨ ਤੋਂ ਬੋਲ ਰਿਹੈ। ਕਾਮਰੇਡ ਤਾਂ ਬਹਾਨਾ ਸੀ। ਸੁਣਾ ਤਾਂ ਉਹ ਉਸਨੂੰ ਰਿਹਾ ਸੀ ਜਿਸਨੇ ਪਿਛਲੇ ਕੁਝ ਚਿਰ ਤੋਂ ਨੰਬਰਾਂ ਦੇ ਆਧਾਰ 'ਤੇ ਕੇਸ ਤਿਆਰ ਕਰਕੇ ਸਹਿ-ਪਰਿਵਾਰ ਕਨੇਡਾ ਜਾਣ ਲਈ ਅਪਲਾਈ ਕੀਤਾ ਹੋਇਆ ਸੀ।

"ਬੰਦਾ ਮਰਦਾ ਹੋਇਆ ਅੱਕ ਚੱਬੇ ਤਾਂ ਸਮਝ ਆਉਂਦੀ ਐ। ਬੰਦੇ ਦੀ ਲੋੜ ਹੋਵੇ ਜਾਂ ਮਜਬੂਰੀ; ਫਿਰ ਉਹ ਬਾਹਰ ਜਾਵੇ ਤਾਂ ਗੱਲ ਸਮਝ ਵੀ ਆਉਂਦੀ ਏ। ਪਰ ਏਥੇ ਤਾਂ ਰੱਜੇ-ਪੁਜੇ ਵੀ ਕਨੇਡਾ ਨੂੰ ਭੱਜੇ ਜਾਂਦੇ ਨੇ। ਨਰੋਏ ਚਿੱਤੜੀਂ ਅੱਕ ਚੋਂਦੇ ਫਿਰਦੇ ਨੇ!"

ਉਹ ਬਥੇਰੀ ਵਾਰ ਕਹਿ ਚੁੱਕਾ ਸੀ, "ਮੈਂ ਨਿਰਾ ਆਪਣੇ ਲਈ ਨਹੀਂ, ਆਪਣੇ ਬੱਚਿਆਂ ਦੇ ਭਵਿੱਖ ਵਾਸਤੇ ਅਪਲਾਈ ਕੀਤੈ। ਏਸ ਮੁਲਕ ਦਾ ਜਿਹੜਾ ਹਾਲ ਏ; ਕੁਝ ਨਹੀਂ ਬਣਨਾਂ ਅਗਲੀਆਂ ਪੀੜ੍ਹੀਆਂ ਦਾ ਏਥੇ।"

ਪਰ ਪਿਉ ਦੀਆਂ ਆਪਣੀਆਂ ਦਲੀਲਾਂ ਸਨ।

"ਤੇ ਓਥੇ ਗਈਆਂ ਅਗਲੀਆਂ ਪੀੜ੍ਹੀਆਂ ਨੇ ਤੇਰੇ ਟਿੱਲੇ 'ਤੇ ਧਾਰ ਨਹੀਂ ਮਾਰਨੀ। ਵੇਖ ਲਈਂ! ਤੇਰੇ ਹੱਥ ਨਾ ਪੀੜ੍ਹੀਆਂ ਰਹਿਣੀਆਂ ਨੇ, ਨਾ ਪਿੱਛਾ। ਤੇਰੇ ਹੱਥ ਰਹਿ ਜੂ ਗਾ ਠੁਣਠੁਣ ਗੁਪਾਲ!"

ਉਹ ਦਲੀਲਬਾਜ਼ੀ ਦੇ ਰਉਂ ਵਿਚ ਨਹੀਂ ਸੀ। ਚੁੱਪ ਰਹਿਣਾ ਈ ਮੁਨਾਸਬ ਸਮਝਿਆ।

ਸਿਰ 'ਤੇ ਪਰਨਾ ਬੰਨ੍ਹ ਕੇ ਪ੍ਰੋਫ਼ੈਸਰ ਨੇ ਚੱਪਲਾਂ ਲਾਹੀਆਂ; ਪੈਰੀਂ ਜੁੱਤੀ ਅੜਾਈ ਤੇ ਸੁਨੇਹਾ ਦੇਣ ਲਈ ਬੂਹਿਉਂ ਬਾਹਰ ਨਿਕਲ ਗਿਆ। ਚਾਹ ਦਾ ਕੱਪ ਜਿਵੇਂ ਉਸਨੇ ਫ਼ੋਨ ਸੁਣਨ ਤੋਂ ਪਹਿਲਾਂ ਛੋਟੇ ਮੇਜ਼ 'ਤੇ ਰੱਖਿਆ ਸੀ, ਓਵੇਂ ਪਿਆ ਰਿਹਾ।

ਮਾਂ ਨੇ ਉਹਨੂੰ ਜਾਂਦਿਆਂ ਵੇਖਿਆ।

"ਪੁੱਤ! ਚਾਹ ਤਾਂ ਪੀ ਜਾਂਦਾ। ਤੱਤੀ ਕਰ ਦੇਂਦੀ ਆਂ!" ਪਰ ਫਿਰ ਜ਼ਿਦ ਨਹੀਂ ਕੀਤੀ। ਪੁੱਤਰ ਦੀ ਕਾਹਲੀ ਵੇਖ ਕੇ ਕੁਝ ਸੋਚ ਕੇ ਚੁੱਪ ਕਰ ਗਈ।

'ਕੀ ਪਤਾ ਅਗਲਿਆਂ ਦਾ ਕਿੰਨਾ ਕੁ ਜ਼ਰੂਰੀ ਫ਼ੋਨ ਏ!'

ਅਮਰ ਸਿੰਘ ਦਾ ਘਰ ਉਹਨਾਂ ਦੇ ਘਰ ਤੋਂ ਦਸ-ਪੰਦਰਾਂ ਘਰ ਛੱਡ ਕੇ ਬਾਹਰਵਾਰ ਪਿੰਡ ਦੀ ਫ਼ਿਰਨੀ 'ਤੇ ਸੀ। ਪ੍ਰੋਫ਼ੈਸਰ ਨੇ ਦੂਰੋਂ ਹੀ ਵੇਖਿਆ; ਹਵੇਲੀ ਦੀ ਚਾਰ ਕੁ ਫੁੱਟ ਉੱਚੀ ਵਲਗਣ ਦੇ ਅੰਦਰਵਾਰ ਅਮਰ ਸਿੰਘ ਖ਼ੁਰਲੀਆਂ 'ਚ ਹੱਥ ਮਾਰ ਰਿਹਾ ਤੜਕੇ ਲਏ ਸੁਪਨੇ ਦੇ ਅਰਥ ਤਲਾਸ਼ਦਾ ਖ਼ੁਸ਼ ਹੋ ਰਿਹਾ ਸੀ।

ਕਨੇਡਾ ਦਾ ਸ਼ਹਿਰ ਵੈਨਕੂਵਰ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਪਹਿਲੇ ਅੱਧ ਦਾ ਪਿਛਲੇਰਾ ਸਮਾਂ। ਉਸ ਨੂੰ ਵਾਪਸ ਇੰਡੀਆ ਵੱਲ ਮੋੜਨ ਲਈ ਅੱਠ-ਦਸ ਪੁਲਿਸ ਵਾਲੇ ਜੱਫਿਆਂ ਤੇ ਧੱਕਿਆਂ ਨਾਲ ਜ਼ਬਰਦਸਤੀ ਸਮੁੰਦਰੀ ਜਹਾਜ਼ 'ਤੇ ਚੜ੍ਹਾ ਰਹੇ ਹਨ। ਪੁਲਸੀਆਂ ਨੇ ਉਸਦੇ ਕੋਟ ਨੂੰ ਪਿੱਛੋਂ ਚੁੱਕ ਕੇ ਉਹਦਾ ਮੂੰਹ-ਸਿਰ ਢੱਕ ਦਿੱਤਾ ਹੈ। ਵਿਰੋਧ ਕਰਨ ਲਈ ਉਹ ਲੱਤਾਂ ਅਕੜਾਉਂਦਾ ਹੈ; ਪੈਰ ਅੜਾਉਂਦਾ ਹੈ। ਏਸੇ ਯਤਨ ਵਿਚ ਰੱਸਾ ਬੰਨ੍ਹਣ ਵਾਲੀ ਲੋਹੇ ਦੀ ਕਿੱਲੀ ਨਾਲ ਉਸਦੀ ਲੱਤ ਵੱਜਦੀ ਹੈ। ਪਤਲੂਣ ਪਾਟ ਜਾਂਦੀ ਹੈ। ਪੀੜ ਦੀ ਕੰਬਣੀ ਜਿਸਮ ਵਿਚ ਫ਼ੈਲਦੀ ਹੈ। ਲਹੂ ਦੀਆਂ ਘਰਾਲਾਂ ਵਗਣ ਲੱਗਦੀਆਂ ਹਨ। ਉਹਨੂੰ ਵਾਪਸ ਮੁੜਨੋਂ ਰੋਕ ਸਕਣ ਤੋਂ ਅਸਮਰੱਥ, ਸਮੁੰਦਰੀ ਕੰਢੇ 'ਤੇ ਖਲੋਤੇ ਉਸਦੇ ਹਿੰਦੁਸਤਾਨੀ ਭਰਾਵਾਂ ਦੇ 'ਬੰਦੇ ਮਾਤਰਮ!' ਅਤੇ 'ਬੋਲੇ ਸੋ ਨਿਹਾਲ!' ਦੇ ਜੈਕਾਰੇ ਉਹਨੂੰ ਸੁਣਾਈ ਦੇ ਰਹੇ ਹਨ। ਜਹਾਜ਼ ਦੇ ਇਕ ਕਮਰੇ ਵਿਚ ਉਹਨੂੰ ਬੰਦ ਕੀਤਾ ਜਾ ਰਿਹਾ ਹੈ। ਆਵਾਜ਼ਾਂ ਸੁਣ ਕੇ ਉਹ ਜੋਸ਼ ਵਿਚ ਆਉਂਦਾ ਹੈ ਤੇ ਪੁਲਸੀਏ ਦੀ ਜੱਫ਼ੀ ਵਿਚੋਂ ਆਪਣੀ ਬਾਂਹ ਛੁਡਾ ਕੇ ਇਕ ਝਟਕੇ ਨਾਲ ਸਿਰ 'ਤੇ ਦਿੱਤਾ ਕੋਟ ਉਤਾਰ ਦਿੰਦਾ ਹੈ। 'ਉਹਨੂੰ ਜਹਾਜ਼ 'ਤੇ 'ਚੜ੍ਹਾਉਣ' ਦੀ ਮੁਹਿਮ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਣ ਉਪਰੰਤ' ਵਾਪਸ ਮੁੜਦੇ ਇਮੀਗ੍ਰੇਸ਼ਨ ਅਫ਼ਸਰ ਵੱਲ ਉਹ ਬਲ਼ਦੀਆਂ ਅੱਖਾਂ ਨਾਲ ਵੇਖਦਾ ਹੈ ਤੇ ਉਸ ਦਾ ਨਾਂ ਲੈ ਕੇ, ਦੋਵੇਂ ਬਾਹਵਾਂ ਉੱਚੀਆਂ ਕਰਕੇ ਲਲਕਾਰਾ ਮਾਰਦਾ ਹੈ, "ਯਾਦ ਰੱਖੀਂ ਮਿਸਟਰ ਰੀਡ! ਮੈਂ ਪਰਤਾਂਗਾ ਕਨੇਡਾ, ਕਿਸੇ ਨਾ ਕਿਸੇ ਦਿਨ। ਆਜ਼ਾਦ ਮੁਲਕ ਦੇ ਆਪਣੇ ਜਹਾਜ਼ 'ਤੇ। ਰੋਟੀ ਲਈ ਲਿਲ੍ਹਕੜੀਆਂ ਲੈਣ ਨਹੀਂ; ਤੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਤੇਰੇ ਬਰਾਬਰ ਦੀ ਧਿਰ ਬਣ ਕੇ।"

ਇਹ ਕੋਈ ਸੁਪਨਾ ਨਹੀਂ ਸੀ। ਉਸਦੇ ਦਾਦੇ ਨਾਲ ਵਾਪਰੀ ਹੋਈ ਹਕੀਕੀ ਕਹਾਣੀ ਸੀ। ਕਈ ਵਾਰ



ਆਪਣੇ ਬਚਪਨ ਵਿਚ ਆਪਣੇ ਦਾਦੇ ਤੋਂ ਤੇ ਪਿੱਛੋਂ ਆਪਣੇ ਪਿਉ ਅਤੇ ਹੋਰ ਵਡੇਰਿਆਂ ਤੋਂ ਵਾਰ ਵਾਰ ਸੁਣੀ ਹੋਈ। ਸੁਪਨੇ ਵਿਚ ਸਿਰਫ਼ ਇਹ ਫ਼ਰਕ ਪੈ ਗਿਆ ਸੀ ਕਿ ਦਾਦੇ ਦੀ ਥਾਂ ਪੁਲਿਸ ਵਾਲੇ ਅੱਜ ਉਹਨੂੰ ਧੂਹ ਕੇ ਸਮੁੰਦਰੀ ਜਹਾਜ਼ 'ਤੇ ਚੜ੍ਹਾ ਰਹੇ ਸਨ। ਤੇ ਉਹ ਖ਼ੁਦ ਇਮੀਗ੍ਰੇਸ਼ਨ ਅਫ਼ਸਰ ਨੂੰ ਲਲਕਾਰ ਰਿਹਾ ਸੀ। ਅਜੀਬ ਗੱਲ ਸੀ; ਸੁਪਨੇ ਵਿਚ ਵਾਪਰੀ ਇਸ ਕਹਾਣੀ ਦਾ ਉਹ ਪਾਤਰ ਵੀ ਸੀ ਤੇ ਦਰਸ਼ਕ ਵੀ। ਉਹ ਭੋਗੀ ਵਜੋਂ ਵਿਚਰ ਵੀ ਰਿਹਾ ਸੀ ਤੇ ਸਾਰੇ ਦ੍ਰਿਸ਼ ਨੂੰ ਖ਼ੁਦ ਆਪਣੀਆਂ ਅੱਖਾਂ ਨਾਲ ਨਿਹਾਰ ਵੀ ਰਿਹਾ ਸੀ। ਲੱਤ 'ਤੇ ਵੱਜੀ ਲੋਹੇ ਦੀ ਕਿੱਲੀ ਵਾਲਾ ਥਾਂ ਅਜੇ ਵੀ ਦਰਦ ਕਰ ਰਿਹਾ ਸੀ। ਉਸਨੇ ਲੱਤ ਨੂੰ ਟੋਹ ਕੇ ਵੇਖਿਆ। ਸਭ ਕੁਝ ਠੀਕ ਠਾਕ ਸੀ। ਉਹ ਯਾਦ ਕਰਕੇ ਹੱਸਿਆ। ਪਾਤਰ ਤਾਂ ਉਹ ਖ਼ੁਦ ਸੀ ਪਰ ਉਸਦੇ ਧੜ ਉੱਤੇ ਚਿਹਰਾ ਉਸਦੇ ਦਾਦੇ ਦਾ ਲੱਗਾ ਹੋਇਆ ਸੀ। ਤੇਜੱਸਵੀ ਮੱਥਾ, ਬਰੀਕ ਪਰ ਸਵੈ ਭਰੋਸੇ ਨਾਲ ਲਿਸ਼ਕਦੀਆਂ ਉਹੋ ਅੱਖਾਂ।

ਉਹ ਹੈਰਾਨ ਹੋਇਆ; ਇਕਦਮ ਸੁਪਨੇ ਦਾ ਦ੍ਰਿਸ਼ ਕਿਵੇਂ ਬਦਲ ਗਿਆ ਸੀ! ਜਮਰੌਦ ਨੂੰ ਫ਼ਤਹਿ ਕਰਨ ਤੋਂ ਬਾਅਦ ਉਸ ਜੰਗ ਵਿਚ ਅੱਗੇ ਹੋ ਕੇ ਲੜਨ ਵਾਲਾ ਉਹਨਾਂ ਦੇ ਆਪਣੇ ਪਿੰਡ ਦਾ ਸ਼ਹੀਦ ਬਾਬਾ ਬਲਕਾਰ ਸਿੰਘ ਜਮਰੌਦ ਦੇ ਕਿਲ੍ਹੇ ਦੀ ਫ਼ਸੀਲ 'ਤੇ ਖਲੋ ਕੇ ਉਂਝ ਹੀ ਬਾਹਵਾਂ ਉਲਾਰ ਕੇ ਦੁਸ਼ਮਣ ਨੂੰ ਵੰਗਾਰ ਰਿਹਾ ਸੀ, "ਆ ਉਏ! ਅਹਿਮਦ ਸ਼ਾਹ ਅਬਦਾਲੀ! ਤੂੰ ਵੀ ਆ ਨਾਦਰਸ਼ਾਹ! ਮੈਂ ਆਇਆ ਹਾਂ ਤੁਹਾਡੇ ਨਾਲ ਬਰਾਬਰ ਦੀ ਧਿਰ ਬਣ ਕੇ ਜੂਝਣ ਲਈ। ਤੁਹਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਆਜ਼ਾਦ ਦੇਸ਼ ਦਾ ਆਜ਼ਾਦ ਬਾਸ਼ਿੰਦਾ।" ਤੇ ਹੈਰਾਨੀ ਏਸ ਗੱਲ ਦੀ ਵੀ ਸੀ ਕਿ ਬਲਕਾਰ ਸਿੰਘ ਦੀ ਸ਼ਕਲ ਵੀ ਉਸਦੇ ਬਾਬੇ ਨਾਲ ਮਿਲਦੀ ਸੀ। ਸੁਪਨੇ ਵਿਚ ਬੰਦਿਆਂ ਤੇ ਬੋਲਾਂ ਦੀ ਤਰਤੀਬ ਬਦਲ ਗਈ ਸੀ।

ਉਹਦਾ ਕਾਮਾ ਸ਼ੀਰਾ ਨਲਕੇ ਤੋਂ ਡੰਗਰਾਂ ਨੂੰ ਪਾਣੀ ਵਿਖਾ ਰਿਹਾ ਸੀ। ਸੁਰਜੀਤ ਕੌਰ ਆਪਣੇ ਧਿਆਨ ਮੱਝ ਦੀ ਧਾਰ ਕੱਢ ਰਹੀ ਸੀ। ਅਮਰ ਸਿੰਘ ਨੇ ਖੁਰਲੀ ਤੋਂ ਨਜ਼ਰ ਉੱਚੀ ਕਰਕੇ ਬਾਹਰ ਵੱਲ ਵੇਖਿਆ ਤਾਂ ਕੰਧੋਂ ਪਾਰ ਕਿਸੇ ਦਾ ਪੀਲੇ ਪਟਕੇ ਵਾਲਾ ਸਿਰ ਨਜ਼ਰ ਆਇਆ।

ਉਸਨੇ ਉਤਸ਼ਾਹ ਨਾਲ ਸੋਚਿਆ, 'ਸ਼ਾਇਦ ਮੰਨ੍ਹੀ ਸਾਂਹਸੀ ਹੋਵੇ; ਜੰਞ ਦਾ ਸੱਦਾ ਦੇਣ ਆਇਆ। ਮੈਂ ਵੀ ਆਖਾਂ; ਮੈਨੂੰ ਸੱਦਾ ਕਿਉਂ ਨਹੀਂ ਆਇਆ? ਪਰ ਹੁਣ ਸੱਦਾ ਭੇਜਣ ਦੀ ਭਲਾ ਕੀ ਤੁਕ ਹੋਈ! ਓਧਰੋਂ ਜੰਞ ਜਾਣ ਲਈ ਤਿਆਰ ਤੇ ਓਧਰੋਂ ਜੰਞ ਜਾਣ ਦਾ ਸੱਦਾ! ਇਹ ਤਾਂ ਛਾਪਿਆਂ ਤੋਂ ਧੂਣ ਵਾਲੀ ਗੱਲ ਐ।'"

ਪਰ 'ਮੰਨ੍ਹੀ ਸਾਂਹਸੀ' ਨਹੀਂ; ਇਹ ਤਾਂ ਪ੍ਰੋਫ਼ੈਸਰ ਸੀ।

ਖ਼ੁਸ਼ ਹੋਇਆ। ਅਮਰੀਕ ਦਾ ਫ਼ੋਨ ਆਇਆ ਹੋਣੈਂ।

ਪ੍ਰੋਫ਼ੈਸਰ ਨੇ ਉਹਨੂੰ ਹਵੇਲੀ ਤੋਂ ਬਾਹਰ ਆਉਣ ਦਾ ਇਸ਼ਾਰਾ ਕੀਤਾ। ਉਹ ਉਹਦੀ ਘਰਵਾਲੀ ਤੇ ਕਾਮੇ ਦੇ ਸਾਹਮਣੇ ਗੱਲ ਨਹੀਂ ਸੀ ਖੋਲ੍ਹਣਾ ਚਾਹੁੰਦਾ। ਅਮਰ ਸਿੰਘ ਹਵੇਲੀ ਦਾ ਦਰਵਾਜ਼ਾ ਉਲੰਘ ਕੇ ਅੱਗਲਵਾਂਢੀ ਬਾਹਰ ਆ ਨਿਕਲਿਆ।

"ਫ਼ੋਨ ਆਇਐ?"

"ਆਹੋ"

"ਕੀ ਕਹਿੰਦੈ?"

"ਦੱਸਦਾਂ"

ਸੁਰਜੀਤ ਕੌਰ ਨੇ ਮੱਝ ਚੋ ਕੇ ਉੱਠਦਿਆਂ ਏਧਰ ਝਾਤ ਮਾਰੀ। ਦੁੱਧ ਲੈ ਕੇ ਅੰਦਰ ਜਾਂਦੀ ਹੋਈ ਉਹ ਅਜੇ ਵੀ ਮੁੜ ਮੁੜ ਕੇ ਜਗਿਆਸੂ ਨਜ਼ਰਾਂ ਨਾ਼ਲ ਪਿੱਛੇ ਵੇਖ ਰਹੀ ਸੀ। ਜਦੋਂ ਉਹ ਹਵੇਲੀ ਦੇ ਪਿਛਲੇ ਵਸੋਂ ਵਾਲੇ ਹਿੱਸੇ ਦੇ ਦਰਵਾਜ਼ੇ ਵਿਚੋਂ ਅੰਦਰ ਲੰਘ ਗਈ ਤਾਂ ਪ੍ਰੋਫ਼ੈਸਰ ਨੇ ਅਮਰ ਸਿੰਘ ਦੇ ਦੋਵਾਂ ਮੋਢਿਆਂ ਨੂੰ ਦੋਵਾਂ ਹੱਥਾਂ ਨਾਲ ਘੁੱਟ ਲਿਆ, "ਸਮੁੰਦਰ ਜੇਡਾ ਜਿਗਰਾ ਕੱਠਾ ਕਰਕੇ ਗੱਲ ਸੁਣੀਂ ਭਾ ਅਮਰ ਸਿਆਂ!"

ਇਕ ਇਕ ਸ਼ਬਦ ਹਜ਼ਾਰਾਂ ਵੱਡੇ ਪਹਾੜੀ ਪੱਥਰ ਬਣ ਕੇ ਟੁੱਟਣ ਤੇ ਡਿੱਗਣ ਲੱਗਾ। ਮਨ ਮਸਤਕ ਵਿਚ ਗੂੰਜਦੀ ਗੜਗੜਾਹਟ ਤੇ ਉੱਡਦੇ ਧੂੜ-ਧੂੰਏ ਨੇ ਸਭ ਕੁਝ ਦਿਸਣਾ-ਸੁਣਨਾ ਬੰਦ ਕਰ ਦਿੱਤਾ। ਧੁੰਦੂਕਾਰ ਹੀ ਧੁੰਦੂਕਾਰ। ਜਿਸਮ ਵੀ ਢਹਿਣ ਲੱਗਾ ਤਾਂ ਉਸਨੇ ਕੰਧ ਨੂੰ ਹੱਥ ਪਾ ਲਿਆ।

ਮੋਟੇ ਮੋਟੇ ਅੱਥਰੂ ਉਹਦੀਆਂ ਅੱਖਾਂ ਵਿਚੋਂ ਪਰਲ ਪਰਲ ਕਿਰਨ ਲੱਗੇ।

"ਪ੍ਰੋਫ਼ੈਸਰ! ਕਰਮ ਹਾਰ ਦੇ ਗਏ ਸਾਡੇ! ਨਸੀਬਾਂ ਦੇ ਫ਼ਤਹਿ ਕੀਤੇ ਸਭ ਕਿਲ੍ਹੇ ਢਹਿ ਗਏ!" ਵੱਜਦੀ

ਧਾਹ ਉਸ ਦੰਦਾਂ ਵਿਚ ਬੁੱਲ੍ਹ ਟੁੱਕ ਕੇ ਘੁੱਟ ਲਈ।

"ਬੱਅਸ! ਭਾਊ ਜੀ! ਉਸ ਡਾਢੇ ਰੱਬ ਅੱਗੇ ਕੋਈ ਜ਼ੋਰ ਨਹੀਂ; ਭਾਣਾ ਮੰਨਣ ਬਿਨਾਂ ਹੁਣ ਕੋਈ ਚਾਰਾ ਨਹੀਂ। ਪੀੜ ਦਾ ਇਹ ਸਮੁੰਦਰ ਤੁਹਾਨੂੰ ਇਕੱਲਿਆਂ ਨੂੰ ਈ ਚੁੱਪ-ਚਾਪ ਪੀਣਾ ਪੈਣੈਂ।" ਪ੍ਰੋਫ਼ੈਸਰ ਨੇ ਕਾਮਰੇਡ ਜਰਨੈਲ ਦੀ ਫ਼ੋਨ 'ਤੇ ਦਿੱਤੀ 'ਚੇਤਾਵਨੀ' ਦੁਹਰਾ ਦਿੱਤੀ।

ਅੱਥਰੂ ਗਹਿਰਾਈਆਂ ਅੱਖਾਂ ਨਾਲ ਅਮਰ ਸਿੰਘ ਨੇ ਹਵੇਲੀ ਵੱਲ ਝਾਤ ਮਾਰੀ। ਸ਼ੀਰਾ ਅਜੇ ਵੀ ਡੰਗਰਾਂ ਨੂੰ ਨਲਕੇ ਤੋਂ ਪਾਣੀ ਡਾਹ ਰਿਹਾ ਸੀ।

ਚੋਰੀ ਫੜੀ ਜਾਣ ਦੇ ਡਰੋਂ ਉਸ ਨੇ ਘਰ ਵੱਲ ਪਿੱਠ ਕਰ ਲਈ ਤੇ ਕਾਹਲੀ ਨਾਲ ਅੱਖਾਂ 'ਤੇ ਤਲ਼ੀਆਂ ਮਲ ਕੇ ਵਗਦੇ ਅੱਥਰੂ ਪੂੰਝ ਦਿੱਤੇ।

ਬੇਹਿਸਾਬੇ ਦੁੱਖ ਵਿਚ ਵੀ ਮਨ ਨੇ ਆਪਣਾ 'ਹਿਸਾਬ-ਕਿਤਾਬ' ਕੀਤਾ। ਉਹਨੇ ਹਉਕੇ ਸਾਂਭੇ ਤੇ ਪ੍ਰੋਫ਼ੈਸਰ ਦਾ ਤਰਲਾ ਲਿਆ, "ਬੀਬਾ ਵੀਰ! ਇਹ ਮਾੜੀ ਖ਼ਬਰ ਕਿਸੇ ਨਾਲ ਵੀ ਸਾਂਝੀ ਨਹੀਂ ਕਰਨੀਂ ਆਪਾਂ। ਹਮਾਤੜਾਂ ਦੇ ਕਰਮਾਂ ਵਿਚ ਫ਼ਤਹਿ ਨਹੀਂ ਹਾਰ ਲਿਖੀ ਹੋਈ ਸੀ।" ਉਸਨੇ ਮੱਥਾ ਘੁੱਟ ਲਿਆ।

"ਫ਼ਿਕਰ ਨਾ ਕਰੋ। ਇਹੋ ਗੱਲ ਤਾਂ ਸਗੋਂ ਮੈਂ ਤੁਹਾਨੂੰ ਆਖ ਰਿਹਾਂ। ਕਾਮਰੇਡ ਜਰਨੈਲ ਦੀ ਵੀ ਤਾਂ ਏਹੋ ਤਾਕੀਦ ਏ। ਉਹਨੇ ਦਸ ਕੁ ਮਿੰਟਾਂ ਤਕ ਤੁਹਾਨੂੰ ਸਾਡੇ ਵੱਲ ਫ਼ੋਨ ਸੁਣਨ ਲਈ ਸੱਦਿਐ। ਆ ਜੋ।"

ਉਹ ਪ੍ਰੋਫ਼ੈਸਰ ਦੇ ਨਾਲ ਹੀ ਉਹਨਾਂ ਦੇ ਘਰ ਨੂੰ ਤੁਰ ਪਿਆ।

"ਤਿਆਰੀਆਂ ਨੇ ਫਿਰ ਤਿਆਰੀਆਂ? ਹੋ ਗਿਐ ਜਮਰੌਦ ਦਾ ਕਿਲ੍ਹਾ 'ਫ਼ਤਹਿ'? ਕਿੱਦਣ ਲੈਣੇ ਨੇ ਵ੍ਹਾਈ ਜਹਾਜ ਦੇ ਹੂਟੇ? ਮੌਜਾਂ ਬਣ ਗੀਆਂ ਕਿ ਮੌਜਾਂ!" ਸਾਹਮਣਿਉਂ 'ਮੋਟੜਾਂ' ਦਾ ਜੈਲਾ ਸਾਈਕਲ 'ਤੇ ਹੱਥ ਹਿਲਾਉਂਦਾ ਕੋਲੋਂ ਦੀ ਲੰਘ ਗਿਆ, ਉਸਨੇ ਜਵਾਬ ਉਡੀਕਣ ਦੀ ਲੋੜ ਨਹੀਂ ਸਮਝੀ।

ਸਾਰੇ ਪਿੰਡ ਵਾਲੇ ਜਾਣਦੇ ਸਨ ਕਿ ਅਮਰ ਸਿੰਘ ਹੁਰਾਂ ਦਾ ਟੱਬਰ ਹੁਣ ਛੇਤੀ ਹੀ ਕਨੇਡਾ ਜਾਣ ਵਾਲਾ ਸੀ। ਕਈ ਦਿਨਾਂ ਤੋਂ ਉਹਨਾਂ ਦੀਆਂ ਹੋ ਰਹੀਆਂ ਜਾਣ ਦੀਆਂ ਤਿਆਰੀਆਂ ਦਾ ਪਿੰਡ ਵਾਲਿਆਂ ਨੂੰ ਇਲਮ ਸੀ। ਅਮਰੀਕ ਨੇ ਸਾਰੇ ਟੱਬਰ ਦੇ ਕਾਗ਼ਜ਼ ਭਰ ਦਿੱਤੇ ਸਨ। ਕੇਸ ਪਾਸ ਹੋ ਕੇ ਸਭ ਦਾ ਮੈਡੀਕਲ ਵੀ ਹੋ ਗਿਆ ਸੀ। ਉਹਨਾਂ ਦੋਵਾਂ ਜੀਆਂ ਦੇ ਅਤੇ ਪੜ੍ਹ ਰਹੇ ਛੋਟੇ ਮੁੰਡੇ ਤੇ ਕੁੜੀ ਦੇ ਵੀਜ਼ੇ ਵੀ ਲੱਗ ਕੇ ਆ ਗਏ ਸਨ। ਵੱਡੀ ਕੁੜੀ ਵਿਆਹੀ ਹੋਈ ਸੀ। ਉਹ ਤਾਂ ਨਾਲ ਨਹੀਂ ਸੀ ਜਾ ਸਕਦੀ ਪਰ ਜਾਣ ਦੀਆਂ ਤਿਆਰੀਆਂ ਵਿਚ ਮਾਂ ਦਾ ਹੱਥ ਵਟਾਉਣ ਤੇ ਖ਼ਰੀਦੋ-ਫ਼ਰੋਖ਼ਤ ਕਰਨ ਲਈ ਪਰਸੋਂ ਦੀ ਪੇਕੇ ਆਈ ਹੋਈ ਸੀ। ਬੱਸ; ਦਸ-ਪੰਦਰਾਂ ਦਿਨਾਂ ਤਕ ਪੱਕੀ ਕਣਕ ਨੂੰ ਸਾਂਭਣ ਦੀ ਹੀ ਦੇਰ ਸੀ; ਉਹਨਾਂ ਨੇ ਧੀ-ਜਵਾਈ ਨੂੰ ਘਰ ਤੇ ਜ਼ਮੀਨ ਦੀ ਸਾਂਭ-ਸੰਭਾਲ ਕਰ ਕੇ ਤੁਰ ਜਾਣਾ ਸੀ।

ਮਿਲਣ-ਗਿਲਣ ਵਾਲਾ ਕੋਈ ਜਣਾ ਹਾਲ-ਚਾਲ ਪੁੱਛਦਾ ਤਾਂ ਅਮਰ ਸਿੰਘ ਆਖਦਾ, "ਮਿਹਰਾਂ ਨੇ ਸੱਚੇ ਪਾਤਸ਼ਾਹ ਦੀਆਂ। ਬੱਸ ਸਭ ਪਾਸੇ ਹੁਣ ਤਾਂ ਫ਼ਤਹਿ ਈ ਫ਼ਤਹਿ ਹੈ। ਚਹੁੰ-ਚੱਕੀਂ ਝੰਡੇ ਝੁੱਲਦੇ ਨੇ। ਹੁਣ ਤੇ ਮੁੰਡਾ ਆਖਦੈ: ਬਈ ਛੇਤੀ ਤੋਂ ਛੇਤੀ ਕਨੇਡਾ ਪਹੁੰਚੋ। ਮੈਂ ਕਹਿੰਦੈਂ; 'ਸਹੁਰਿਆ! ਹੁਣ ਤਾਂ ਏਥੇ ਵੀ ਮੌਜਾਂ ਈ ਨੇ। ਹਰ ਮਦਾਨ ਫ਼ਤਹਿ ਆ ਹੁਣ ਤਾਂ। ਰਹਿਣ ਦੇ ਸਾਨੂੰ ਆਪਣੀਆਂ ਜੜਾਂ ਤੇ ਜ਼ਮੀਨ ਨਾਲ ਜੁੜਿਆ। ਪਿਛਲੀ ਉਮਰੇ ਸਾਡੇ ਹੱਡ ਰੋਲੇਂਗਾ ਪਰਾਈਆਂ ਧਰਤੀਆਂ 'ਤੇ!' ਕਹਿੰਦੈ; 'ਤੁਸੀਂ ਫ਼ਿਕਰ ਨਾ ਕਰੋ। ਏਥੇ ਵੀ ਫ਼ਤਹਿ ਈ ਫ਼ਤਹਿ ਐ। ਚਿੱਟੇ ਕੱਪੜੇ ਪਾ ਕੇ ਹਾਣੀਆਂ ਨਾਲ ਪਾਰਕਾਂ 'ਚ ਤਾਸ਼ ਕੁੱਟਿਆ ਕਰਿਓ। ਗੋਰੀਆਂ ਮੇਮਾਂ ਵੇਖਿਆ ਕਰਿਓ।' ਲੈ ਦੱਸ! ਹੁਣ ਆਹ ਉਮਰ ਕੋਈ ਮੇਮਾਂ ਵੇਖਣ ਦੀ ਐ! ਇਹ ਤਾਂ ਹਾਸੇ ਠੱਠੇ ਦੀਆਂ ਗੱਲਾਂ ਹੋਈਆਂ ਭਲਾ! ਅਸਲੀ ਗੱਲ ਤਾਂ ਉਹਦੇ ਮਨ 'ਚ ਇਹ ਵੇ, ਪਈ ਸਾਡੇ ਕਰ ਕੇ ਛੋਟੇ ਨਿਆਣੇ ਲੰਘ ਜਾਣਗੇ ਕਨੇਡਾ। ਉਹਨਾਂ ਦੀ ਜਿੰਦ ਸੌਰ ਜੂ। ਉਂਝ ਵੀ ਉਹ ਬੜਾ ਤੇਹ ਕਰਦੈ ਆਪਣੇ ਭੈਣ-ਭਰਾਵਾਂ ਦਾ। ਅਸੀਂ ਕਹਿੰਦੇ ਆਂ; ਚੰਗਾ ਭਰਾਵਾ, ਜਿਵੇਂ ਤੇਰੀ ਮਰਜੀ! ਏਥੇ ਵੀ ਕਿਹੜਾ ਹਾਲ ਚੰਗਾ ਏ। ਸੱਚੀ ਗੱਲ ਤਾਂ ਇਹ ਵੀ ਆ; ਏਥੇ ਵੀ ਕਾਹਦੀ ਜ਼ਿੰਦਗੀ ਆ। ਨਿਰੇ ਭੁੱਖ ਨੂੰ ਢੇਕੇ! ਮੁੰਡੇ ਜੇ ਦੋ ਅੱਖਰ ਪੜ੍ਹ ਜਾਂਦੇ ਨੇ ਤਾਂ ਬਾਬੂ ਬਣ ਕੇ ਟੂਟ ਕੱਢੀ ਰੱਖਦੇ ਨੇ। ਕੰਮ ਦਾ ਡੱਕਾ ਭੰਨ ਕੇ ਦੂਹਰਾ ਨਹੀਂ ਕਰਦੇ। ਨੌਕਰੀ ਮਿਲਦੀ ਕੋਈ ਨਹੀਂ। ਜ਼ਮੀਨਾਂ ਵੇਚ ਕੇ ਫਿਰ ਬਾਹਰ ਨੂੰ ਈ ਭੱਜਦੇ ਨੇ; ਜਿਹੜੇ ਪਿੱਛੇ ਰਹਿ ਜਾਂਦੇ ਨੇ ਉਹ ਨਸ਼ਿਆਂ ਨੇ ਡੋਬ ਲਏ। ਵੱਡਿਆਂ ਦੇ ਨਿਆਣੇ ਵੱਡੇ ਨਸ਼ੇ ਕਰਦੇ ਨੇ ਤੇ ਛੋਟਿਆਂ ਦੇ ਛੋਟੇ। ਕੋਈ ਹੱਜ ਨਹੀਂ ਰਹਿ ਗਿਆ ਏਥੇ ਵੀ ਜਿਊਣ ਦਾ! ਹੱਸਦਾ ਸੀ,



ਅਖ਼ੇ; ਸਾਰੀ ਦੁਨੀਆਂ 'ਹਾਇ ਕਨੇਡਾ! ਹਾਇ ਕਨੇਡਾ!' ਕਰਨ ਡਹੀ ਏ ਤੇ ਤੁਸੀਂ ਮੂੰਹ ਨਹੀਂ ਕਰਦੇ ਏਧਰ ਨੂੰ! ਮੈਂ ਕਿਹਾ ਚੰਗਾ ਪੁੱਤਰਾ! ਤੂੰ ਕਰ ਲੈ ਮੋਰਚਾ ਫ਼ਤਹਿ। ਸਾਡਾ ਕੋਈ ਨਹੀਂ। ਅਸੀਂ ਔਖੇ ਹੋ ਲਾਂ ਗੇ।"

ਜਦੋਂ ਉਹ ਇਹ ਗੱਲਾਂ ਕਰ ਰਿਹਾ ਹੁੰਦਾ ਤਾਂ ਉਹਦੇ ਅੰਦਰਲੇ ਗਹਿਰੇ ਤਲ 'ਤੇ ਬਚਪਨ ਤੋਂ ਸੁਣਿਆਂ ਤੇ ਸਿਰਜਿਆ ਦ੍ਰਿਸ਼ ਵੰਗਾਰਦਾ ਹੋਇਆ ਕਲਵਲ ਕਰਨ ਲੱਗਦਾ। ਉਹਦਾ ਦਾਦਾ ਇਮੀਗ੍ਰੇਸ਼ਨ ਅਫ਼ਸਰ ਨੂੰ ਲਲਕਾਰ ਰਿਹਾ ਹੁੰਦਾ, "ਯਾਦ ਰੱਖੀਂ ਮਿਸਟਰ ਰੀਡ! ਮੈਂ ਪਰਤਾਂਗਾ ਕਨੇਡਾ, ਕਿਸੇ ਨਾ ਕਿਸੇ ਦਿਨ। ਆਜ਼ਾਦ ਮੁਲਕ ਦੇ ਆਪਣੇ ਜਹਾਜ਼ 'ਤੇ। ਰੋਟੀ ਲਈ ਲਿਲ੍ਹਕੜੀਆਂ ਲੈਣ ਨਹੀਂ; ਤੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਤੇਰੇ ਬਰਾਬਰ ਦੀ ਧਿਰ ਬਣ ਕੇ।"

ਇਸਦੇ ਨਾਲ ਹੀ ਬਾਲ ਉਮਰੇ ਮਨ ਦੇ ਚਿਤਰਪਟ 'ਤੇ ਛਪੀਆਂ ਦੋ ਝਾਕੀਆਂ ਸਦਾ ਸੱਜਰੀਆਂ ਹੋ ਜਾਂਦੀਆਂ।

ਪਹਿਲੀ ਝਾਕੀ ਸੀ ਫ਼ੌਜੀ ਸਾਧਾ ਸਿੰਘ ਦੀ। ਉਹ ਜਦੋਂ ਛੁੱਟੀ ਆਇਆ ਹੁੰਦਾ ਤਾਂ ਸਵੇਰੇ-ਸ਼ਾਮ ਖੂਹੀ ਉੱਤੇ ਨਹਾਉਣ ਆਉਂਦਾ। ਕਾਰ ਦੀ ਸ਼ਕਲ ਵਰਗੀ ਸਾਬਣਦਾਨੀ ਵਿਚ ਅੰਗਰੇਜ਼ੀ ਸਾਬਣ ਦੀ ਚਾਕੀ ਤੇ ਖ਼ੁਸ਼ਬੋ ਵਾਲੇ ਤੇਲ ਦੀ ਸ਼ੀਸ਼ੀ ਉਹਦੇ ਹੱਥ ਵਿਚ ਹੁੰਦੀਆਂ। ਮੋਢੇ ਉੱਤੇ ਚਿੱਟਾ ਬੁਰਦਾਰ ਤੌਲੀਆ। ਇਹ ਤਿੰਨੇ ਚੀਜ਼ਾਂ ਪਿੰਡ ਵਾਲਿਆਂ ਲਈ ਦੁਰਲੱਭ ਝਾਕੀ ਸਨ। ਪਿੰਡ ਦੇ ਨਿਆਣੇ-ਸਿਆਣੇ ਬੜੀ ਉਤਸੁਕਤਾ ਨਾਲ ਉਹਨੂੰ ਸਵੇਰੇ-ਸ਼ਾਮ ਖੂਹੀ ਉੱਤੇ ਨਹਾਉਂਦਿਆਂ ਵੇਖਦੇ। ਵਾਤਾਵਰਣ ਵਿਚ ਖਿਲਰੀ ਸਾਬਣ ਦੀ ਖ਼ੁਸ਼ਬੋ ਲੰਮਾ ਸਾਹ ਲੈ ਕੇ ਫੇਫੜਿਆਂ ਵਿਚ ਭਰਦੇ। ਕੋਈ ਸਿਆਣਾ ਬੰਦਾ ਹੱਸਦਿਆਂ ਆਖਦਾ, "ਫੌਜੀਆ! ਨ੍ਹਾ ਨ੍ਹਾ ਕੇ ਤੇ ਖ਼ੁਸ਼ਬੋ ਵਾਲਾ ਸਾਬਣ ਮਲ਼ ਮਲ਼ ਕੇ, ਵੇਖੀਂ ਕਿਧਰੇ, ਆਪਣਾ ਪਿੰਡਾ ਨਾ ਛਿੱਲ ਲੈਂਦਾ ਹੋਵੀਂ। ਹੋਇਆ ਬੰਦਾ ਕਿਤੇ ਚਹੁੰ-ਪੰਜੀਂ ਦਿਨੀਂ ਨ੍ਹਾ ਲਵੇ।"

ਅਮਰ ਨੂੰ ਵੀ ਇਹ ਗੱਲ ਠੀਕ ਲੱਗਦੀ ਸੀ। ਦਸਾਂ ਵਰ੍ਹਿਆਂ ਦਾ ਹੋ ਚੱਲਿਆ ਸੀ ਉਹ। ਉਹਦੀ ਮਾਂ ਮੁਤਾਬਕ 'ਬੁੱਧ-ਬਲ੍ਹੇਟ!" ਅਜੇ ਵੀ ਉਹਦੀ ਮਾਂ ਫੜ ਕੇ ਤੇ ਬਦੋ-ਬਦੀ ਜੂੜ ਕੇ ਐਤਵਾਰ ਦੇ ਐਤਵਾਰ ਸਿਰ ਨਹਾਉਂਦੀ ਸੀ। ਉਹ ਤਾਂ ਐਤਵਾਰ ਵਾਲੇ ਦਿਨ ਵੀ ਨਹਾਉਣੋਂ ਬਚਣ ਲਈ ਆਲਾ-ਟਾਲਾ ਵੱਟਦਾ ਰਹਿੰਦਾ ਸੀ।

"ਹਮਾਰੇ ਓਥੇ ਫ਼ੌਜ ਵਿਚ ਪੀਸ ਟੈਮ 'ਤੇ ਰੋਜ ਨਹਾਉਣ ਦਾ ਆਡਰ ਹੈ। ਕਮਲਿਓ! ਏਸ ਸਾਬਣ ਸੇ ਪਿੰਡਾ ਨਹੀਂ ਛਿੱਲਿਆ ਜਾਂਦਾ, ਸਗੋਂ ਮੁਲਾਇਮ ਹੁੰਦਾ ਹੈ। 'ਨਾਗਿਨ' ਫ਼ਿਲਮ ਵਿਚਲੀ 'ਮਨ ਡੋਲੇ, ਮੇਰਾ ਤਨ ਡੋਲੇ' ਵਾਲੀ ਵਜੰਤੀ ਮਾਲਾ ਬਿਲਾ-ਨਾਗਾ ਏਸੇ ਸਾਬਣ ਕੇ ਸਾਥ ਨਹਾਤੀ ਹੈ।"

ਜਦੋਂ ਫੌਜੀ ਸਾਧਾ ਸਿੰਘ ਚਿੱਟੇ ਫਲੀਟ, ਚਿੱਟੀ ਬੁਨੈਣ, ਚਿੱਟੀ ਪੈਂਟ ਪਾ ਕੇ ਤੇ ਸਿਰ 'ਤੇ ਚਿੱਟਾ ਰੁਮਾਲ ਬੰਨ੍ਹ ਕੇ ਫਿਕਸੋ ਲਾ ਕੇ ਬੱਧੀ ਦਾੜ੍ਹੀ ਤੇ ਕੁੰਢੀਆਂ ਮੁੱਛਾਂ ਨਾਲ ਗਲ਼ੀ ਵਿਚੋਂ ਲੰਘਦਾ ਤਾਂ ਅਮਰ ਦਾ ਵੀ ਜੀ ਮਚਲਣ ਲੱਗਦਾ ਕਿ ਵੱਡਾ ਹੋ ਕੇ ਉਹ ਵੀ ਫੌਜ ਵਿਚ ਭਰਤੀ ਹੋਵੇਗਾ।

ਉਸਨੇ ਆਪਣੇ ਤੋਂ ਪੰਜ ਕੁ ਸਾਲ ਵੱਡੇ; ਤਾਏ ਦੇ ਪੁੱਤ, ਜਰਨੈਲ ਨੂੰ ਕਿਹਾ, "ਆਪਾਂ ਵੀ ਵੱਡੇ ਹੋ ਕੇ ਫੌਜੀ ਬਣਾਂਗੇ।"

"ਨਾ ਭਾਊ ਓਏ! ਆਪਾਂ ਤਾਂ ਨ੍ਹੀਂ ਜਾਂਦੇ ਫੌਜ 'ਚ, ਖਾਹ-ਮਖ਼ਾਹ ਮਰਨ ਵਾਸਤੇ!" ਉਹਨੇ ਭੇਤ ਦੀ ਗੱਲ ਦੱਸੀ ਸੀ।

ਫੌਜੀ ਬਣਨ ਦੀ ਗੱਲ ਜਦੋਂ ਉਸਨੇ ਘਰ ਆ ਕੇ ਕੀਤੀ ਤਾਂ ਉਹਦੀ ਮਾਂ ਨੇ ਉਸ ਵੱਲ ਵੇਖ ਕੇ ਘੂਰੀ ਵੱਟੀ ਸੀ। ਬਾਬੇ ਨੇ ਕਿਹਾ ਸੀ, "ਨਹੀਂ ਪੁੱਤ ਆਪਾਂ ਨਹੀਂ ਫੌਜ ਵਿਚ ਜਾਣਾ। ਪਹਿਲਾਂ ਈ ਬੜੀ ਮਹਿੰਗੀ ਪਈ ਏ ਫੌਜ ਆਪਾਂ ਨੂੰ।"

ਚੌਂਤਰੇ ਵਿਚ ਬੈਠੀ ਉਹਦੀ ਤਾਈ ਇਹ ਗੱਲ ਸੁਣ ਕੇ ਚਿੱਟੀ ਚੁੰਨੀ ਨਾਲ ਅੱਖਾਂ ਪੂੰਝਣ ਲੱਗ ਪਈ ਸੀ।

ਉਸਨੇ ਜਦੋਂ ਵੱਖਰਿਆਂ ਹੋ ਕੇ ਮਾਂ ਦੀ ਘੂਰੀ, ਬਾਬੇ ਦੇ ਬੋਲਾਂ ਤੇ ਤਾਈ ਦੇ ਅੱਥਰੂਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਉਹਦਾ ਅੰਦਰ ਕੰਬ ਗਿਆ। ਉਹਦਾ ਤਾਇਆ ਕਰਮ ਸਿੰਘ ਫੌਜ ਵਿਚ ਹਵਾਲਦਾਰ ਸੀ ਜਿਹੜਾ ਦੂਜੀ ਵੱਡੀ ਸੰਸਾਰ ਜੰਗ ਵਿਚ ਬਰ੍ਹਮਾਂ ਦੇ ਫਰੰਟ 'ਤੇ ਜਪਾਨੀਆਂ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ। ਜਰਨੈਲ ਨੂੰ ਤਾਂ ਇਸ ਗੱਲ ਦਾ ਇਲਮ ਸੀ। ਆਪਣੇ ਬਾਪ ਦੀ ਮੌਤ ਵੇਲੇ ਉਹ ਦੋ-ਢਾਈ ਸਾਲ ਦੀ ਉਮਰ ਦਾ ਸੀ। ਉਸਦੀ ਮਾਂ ਰਾਤ ਨੂੰ ਬਿਸਤਰੇ 'ਤੇ ਵੱਖਰਿਆਂ ਪੈ ਕੇ ਉਹਨੂੰ ਗਲ਼ ਨਾਲ ਘੁੱਟ ਲੈਂਦੀ। ਨਾਲੇ ਰੋਂਦੀ ਤੇ ਨਾਲੇ ਉਹਦੇ ਬਾਪ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ। ਗੱਲਾਂ ਕਰਦੀ ਕਰਦੀ ਉਹ ਫਿੱਸ ਪੈਂਦੀ। ਉਹਦੀ

ਹੇਕ ਹਉਕਾ ਬਣਕੇ ਹਨੇਰੇ ਵਿਚ ਘੁਲ਼ ਜਾਂਦੀ, "ਤੇਰਾ ਕੁੜਤਾ ਤਾਂ ਫੁੱਟੀਆਂ ਫੁੱਟੀਆਂ ਵੇ! ਤੈਨੂੰ ਸਾਹਬ ਨਾ ਦੇਂਦਾ ਛੁੱਟੀਆਂ ਵੇ! ਤੇਰਾ ਕੁੜਤਾ ਤਾਂ ਦਾਣਾ ਦਾਣਾ ਵੇ! ਤਾਹੀਓਂ ਲੜਦਾਂ, ਸਵੇਰੇ ਉੱਠ ਜਾਣਾਂ ਵੇ!"

ਉਮਰਾਂ ਜੇਡਾ ਲੰਮਾ ਹਉਕਾ ਭਰ ਕੇ ਆਖਦੀ, "ਤੇਰਾ ਪਿਉ ਐਸਾ ਲੜ ਕੇ ਗਿਆ ਸਾਡੇ ਨਾਲ, ਫੇਰ ਵੱਡੇ ਸਾਹਬ ਨੇ ਕਦੀ ਛੁੱਟੀ ਨਾ ਦਿੱਤੀ!"

ਇਹੋ ਕਾਰਨ ਸੀ ਕਿ ਜਰਨੈਲ ਨੂੰ ਫੌਜ ਵਿਚ ਜਾਣਾ ਚੰਗਾ ਨਹੀਂ ਸੀ ਲੱਗਾ। ਉਹ ਤਾਂ ਸਾਧਾ ਸਿੰਘ ਫੌਜੀ ਨੂੰ ਖੂਹੀ 'ਤੇ ਨਹਾਉਂਦਿਆਂ ਇਸ ਕਰਕੇ ਵੇਖਣ ਜਾਂਦਾ ਸੀ ਕਿਉਂਕਿ ਉਹਦੇ ਵਿਚੋਂ ਆਪਣੇ ਪਿਉ ਦਾ ਝੌਲ਼ਾ ਪੈਂਦਾ ਸੀ। ਬਾਬੇ ਨੇ ਇਕ ਦਿਨ ਦੱਸਿਆ ਵੀ ਸੀ, "ਜਦੋਂ ਤੇਰਾ ਪਿਉ ਛੁੱਟੀ ਆਉਂਦਾ ਸੀ ਤਾਂ ਇੰਝ ਹੀ ਖੂਹੀ 'ਤੇ ਸਾਬਣ-ਤੇਲ ਲੈ ਜਾ ਕੇ ਨਹਾਉਂਦਾ ਸੀ। ਉਸ ਨਾਲ ਵੀ ਕਦੀ ਲੋਕੀਂ ਉੱਡ ਉੱਡ ਕੇ ਬੜੀ ਚਾਹ ਨਾਲ ਗੱਲਾਂ ਕਰਨਾ ਲੋਚਦੇ ਸਨ। ਬੜੀ ਬੱਲੇ ਬੱਲੇ ਹੁੰਦੀ ਸੀ ਉਹਦੀ।"

ਦੂਜੀ ਝਾਕੀ ਸੀ ਪਿੰਡ ਵਿਚ ਪਹਿਲੀ ਵਾਰ ਆਈ ਕਾਲੇ ਰੰਗ ਦੀ ਲਿਸ਼ਕਦੀ ਕਾਰ ਦੀ। ਬੱਚੇ ਧੂੜ ਉਡਾਉਂਦੀ ਕਾਰ ਦੇ ਪਿੱਛੇ ਪਿੱਛੇ ਦੌੜ ਰਹੇ ਸਨ। ਕਾਰ ਵਿਚੋਂ ਇਕ ਮੇਮਾਂ ਵਰਗੀ ਗੋਰੀ-ਚਿੱਟੀ ਜ਼ਨਾਨੀ ਬਾਹਰ ਨਿਕਲੀ। ਬੜੇ ਫੈਸ਼ਨਦਾਰ ਕੱਪੜਿਆਂ ਤੇ ਵਾਲ਼ਾਂ ਵਾਲੀ। ਇਹੋ ਜਿਹੀ ਸੋਹਣੀ ਤੇ ਫੱਬਦੇ ਕੱਪੜਿਆਂ ਵਾਲੀ ਜ਼ਨਾਨੀ ਉਹਨਾਂ ਪਹਿਲਾਂ ਕਦੀ ਨਹੀਂ ਸੀ ਵੇਖੀ। ਕਹਿੰਦੇ ਸਨ; ਇਹ ਕਨੇਡਾ ਵਾਲੇ ਬਿਸ਼ਨ ਸਿੰਘ ਦੀ ਛੋਟੀ ਧੀ ਸੀ। ਪਹਿਲੀਆਂ ਵਿਚ ਉਹਨਾਂ ਦੇ ਪਿੰਡ ਦੇ ਪੰਜ ਬੰਦੇ ਮਲਾਇਆ-ਹਾਂਗਕਾਂਗ-ਚੀਨ ਵੱਲ ਗਏ ਸਨ। ਫੇਰ ਓਥੋਂ ਕਨੇਡਾ-ਅਮਰੀਕਾ ਵੱਲ ਚਲੇ ਗਏ। ਉਹਨਾਂ ਦੇ ਬਾਬੇ ਸਮੇਤ ਤਿੰਨ ਜਣੇ ਤਾਂ ਸਭ ਕੁਝ ਛੱਡ-ਛੁਡਾ ਕੇ ਵਾਪਸ ਪਰਤ ਆਏ ਸਨ। ਬਾਕੀ ਦੋ ਜਣੇ ਉਹਨਾਂ ਮੁਲਕਾਂ ਵਿਚ ਪੱਕੇ ਤੌਰ 'ਤੇ ਵਸ ਗਏ ਸਨ। ਉਹ ਤੇ ਉਹਨਾਂ ਦੇ ਧੀਆਂ-ਪੁੱਤ ਓਧਰ ਦੇ ਹੋ ਕੇ ਈ ਰਹਿ ਗਏ ਸਨ। ਬੜੇ ਸਾਲਾਂ ਬਾਅਦ ਹੁਣ ਬਿਸ਼ਨ ਸਿੰਘ ਦੀ ਧੀ ਆਪਣੇ ਵਡੇਰਿਆਂ ਦਾ ਘਰ ਤੇ ਆਪਣੇ ਬਾਪ ਦੀ ਜਨਮ-ਭੋਇੰ ਵੇਖਣ ਆਈ ਸੀ। ਉਸ ਦਿਨ ਉਹ ਚਾਰ-ਪੰਜ ਘੰਟੇ ਹੀ ਪਿੰਡ ਵਿਚ ਠਹਿਰੀ ਸੀ। ਆਪਣੇ ਸਕੇ-ਸੋਦਰਿਆਂ ਨੂੰ ਮਿਲੀ ਸੀ। ਉਂਝ ਵੇਖਣ ਤੇ ਮਿਲਣ ਲਈ ਤਾਂ ਸਾਰਾ ਪਿੰਡ ਹੀ ਇਕੱਠਾ ਹੋ ਗਿਆ ਸੀ। ਸ਼ਾਮ ਹੁੰਦਿਆਂ ਹੀ, ਸ਼ਹਿਰੋਂ ਨਾਲ ਆਏ ਕਿਸੇ ਰਿਸ਼ਤੇਦਾਰ ਨਾਲ ਉਹ ਕਾਰ ਵਿਚ ਬੈਠ ਕੇ ਚਲੀ ਗਈ ਸੀ।

ਅਗਲੇ ਦਿਨਾਂ ਵਿਚ ਵੀ ਉਹ ਦੋ-ਚਾਰ ਵਾਰ ਫੇਰ ਪਿੰਡ ਆਈ ਸੀ। ਉਹਦੇ ਚਾਚੇ ਦੇ ਪੁੱਤ ਤਾਰੇ ਨੇ ਕਿਹਾ ਸੀ ਕਿ ਉਹਨੂੰ ਵੀ 'ਬਾਹਰ' ਸੱਦ ਲਵੇ। ਸਾਰੇ 'ਤਾਰਾ ਨਲੀ-ਚੋਚ' ਸੱਦਦੇ ਸਨ। ਕੁਝ ਸਾਲਾਂ ਬਾਅਦ ਤਾਰੇ ਨਲੀ-ਚੋਚ ਨੂੰ ਉਹਦੀ ਤਾਏ ਦੀ ਧੀ ਨੇ ਬਾਹਰ ਬੁਲਾ ਲਿਆ ਸੀ ਤੇ ਕੁਝ ਹੀ ਸਾਲਾਂ ਵਿਚ 'ਤਾਰਾ ਨਲੀ-ਚੋਚ' 'ਸਰਦਾਰ ਕਰਤਾਰ ਸਿੰਘ' ਬਣ ਗਿਆ ਸੀ। ਦਸ-ਬਾਰਾਂ ਸਾਲ ਬਾਅਦ ਜਦੋਂ ਉਸਨੇ ਪਿੰਡ ਗੇੜਾ ਮਾਰਿਆ ਸੀ ਤਾਂ ਉਹਦੀ ਸਰਦਾਰੀ ਸ਼ਾਨ ਨੇ ਪਿੰਡ ਦੇ ਕਈ ਲੋਕਾਂ ਦੇ ਮਨਾਂ ਵਿਚ ਬਾਹਰ ਜਾਣ ਦੀ ਰੀਝ ਜਗਾ ਦਿੱਤੀ ਸੀ।

ਇਹੋ ਬੀਜ ਅਮਰ ਦੇ ਮਨ ਵਿਚ ਵੀ ਕਿਧਰੇ ਡੂੰਘੇ ਥਾਂ ਡਿੱਗ ਪਿਆ ਸੀ। ਕਲਪਨਾ ਵਿਚ ਹੀ ਇਹ ਬੀਜ ਕਦੀ ਕਦੀ ਫੁੱਟ ਕੇ ਆਪਣੇ ਬਾਬੇ ਵੱਲੋਂ 'ਮਿਸਟਰ ਰੀਡ' ਨੂੰ ਮਾਰੇ ਲਲਕਾਰੇ ਲਈ ਉੱਠੀਆਂ ਬਾਹਵਾਂ ਜਿੱਡਾ ਉੱਚਾ ਰੁੱਖ ਬਣ ਜਾਂਦਾ।

"ਆਪਾਂ ਤਾਂ ਮਰੀਕਾ-ਕਨੇਡਾ ਜਾਵਾਂਗੇ।" ਜਰਨੈਲ ਵੀ ਆਖਦਾ।

ਓਧਰ ਉਹਨਾਂ ਦਾ ਬਾਬਾ ਸ਼ਾਇਦ ਇਮੀਗ੍ਰੇਸ਼ਨ ਅਫ਼ਸਰ ਨੂੰ ਆਖੀ ਆਪਣੀ ਗੱਲ ਵਿਆਹੁਣ ਲਈ ਜੀਵਨ ਭਰ ਲਗਾਤਾਰ ਯੋਧੇ ਵਾਂਗ ਜੁਟਿਆ ਰਿਹਾ ਸੀ। ਆਜ਼ਾਦੀ ਤੋਂ ਪਹਿਲਾਂ ਵੀ ਤੇ ਪਿੱਛੋਂ ਵੀ।

ਕਰਜ਼ੇ ਅਤੇ ਗਰੀਬੀ ਦਾ ਮਾਰਿਆ, ਪਹਿਲਾਂ ਰੋਜ਼ੀ ਰੋਟੀ ਲਈ ਹਾਂਗਕਾਂਗ ਗਿਆ। ਓਥੋਂ ਕੋਈ ਜੁਗਾੜ ਕਰ ਕੇ ਕਨੇਡਾ ਪਹੁੰਚ ਗਿਆ। ਪਰ ਓਥੇ ਜਾ ਕੇ ਟੱਬਰ ਦੀ ਗ਼ਰੀਬੀ ਭੁੱਲ ਕੇ ਦੇਸ਼ ਦੀ ਗ਼ਰੀਬੀ ਤੇ ਗ਼ੁਲਾਮੀ ਦੀ ਜ਼ਲਾਲਤ ਧੋਣ ਦੀ ਅਜਿਹੀ ਲਗਨ ਲੱਗੀ ਕਿ ਉਹਦੇ ਕਰਮਾਂ ਤੇ ਬਚਨਾਂ ਦਾ ਸੇਕ ਹਕੂਮਤ ਤਕ ਵੀ ਪਹੁੰਚਣਾ ਤੇ ਲੱਗਣਾ ਸ਼ੁਰੂ ਹੋ ਗਿਆ। ਫਲਸਰੂਪ ਜਬਰੀ ਡੀਪੋਰਟ ਕਰ ਦਿੱਤਾ ਗਿਆ। ਪਿੰਡ ਪੁੱਜਾ ਤਾਂ ਉਹਦੇ ਦੋ ਹੋਰ ਸਾਥੀ ਹਰਨਾਮ ਸਿੰਘ ਤੇ ਆਤਮਾ ਸਿੰਘ ਵੀ ਅਮਰੀਕਾ ਵਿਚ ਵਿੱਢੀ ਗ਼ਦਰ ਦੀ ਜੰਗ ਲੜਨ ਲਈ ਪਿੰਡ ਪਹੁੰਚ ਗਏ ਸਨ ਤੇ ਗ਼ਦਰ ਵਿਚ ਹੋਈ ਪਹਿਲੀ ਹਾਰ ਤੋਂ ਬਾਅਦ ਸਰਕਾਰ ਨੇ ਉਹਨਾਂ ਨੂੰ ਉਹਦੇ ਸਮੇਤ ਪਿੰਡ ਦੀ ਜੂਹ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਪਰ ਉਹ ਹਾਰ ਕੇ ਵੀ ਹਾਰੇ ਨਹੀਂ ਸਨ। ਨਵੀਂ



ਲੜਾਈ ਦੀ ਤਿਆਰੀ ਲਈ ਜਿਸ ਦਿਨ ਉਹ ਵੱਲੇ ਪਿੰਡ ਲਾਗੇ ਅੰਮ੍ਰਿਤਸਰ ਵਾਲੀ ਨਹਿਰ ਦੇ ਰੇਲ ਦੇ ਪੁਲ ਉੱਤੇ ਫੌਜੀਆਂ ਕੋਲੋਂ ਹਥਿਆਰ ਖੋਹਣ ਲਈ ਗਏ ਸਨ ਤਾਂ ਉਹ ਵੀ ਉਹਨਾਂ ਦੇ ਨਾਲ ਸੀ। ਪਰ ਗਾਰਦ ਚੌਕੰਨੀ ਵੇਖ ਕੇ ਉਸ ਰਾਤ ਉਹਨਾਂ ਨੂੰ ਮੁੜਨਾ ਪੈ ਗਿਆ ਸੀ। ਇਕ ਦਿਨ ਛੱਡ ਕੇ ਜਦੋਂ ਉਹਨਾਂ ਦਾ ਟੋਲਾ ਵੱਲੇ ਨੂੰ ਚੱਲਿਆ ਤਾਂ ਉਹਦੀ ਪਤਨੀ ਨੂੰ ਪੀੜਾਂ ਸ਼ੁਰੂ ਹੋ ਗਈਆਂ। ਉਹਦੇ ਸਾਥੀਆਂ ਨੇ ਜ਼ੋਰ ਦੇ ਕੇ ਤੇ ਸਹੁੰਆਂ ਪਾ ਕੇ ਘਰੇ ਰੁਕਣ ਲਈ ਕਿਹਾ। ਉਦੋਂ ਹੋਇਆ ਸੀ ਕਰਮ ਸਿੰਘ ਪੈਦਾ, ਜਰਨੈਲ ਦਾ ਬਾਪ। ਪਰ ਏਸੇ ਡਾਕੇ ਦੇ ਕੇਸ ਵਿਚ ਫੜੇ ਜਾਣ ਕਰਕੇ ਉਹਦੇ ਗਿਰਾਈਂ ਹਰਨਾਮ ਸਿੰਘ ਤੇ ਆਤਮਾ ਸਿੰਘ ਆਪਣੇ ਤਿੰਨ ਹੋਰ ਸਾਥੀਆਂ ਨਾਲ ਫ਼ਾਂਸੀ ਲਾ ਦਿੱਤੇ ਗਏ।

ਪਰ ਸਭ ਕੁਝ ਬੰਦੇ ਦੇ ਆਪਣੇ ਵੱਸ ਵਿਚ ਤਾਂ ਨਹੀਂ ਹੁੰਦਾ। ਕਰਮ ਸਿੰਘ ਘਰ ਦੀ ਆਰਥਿਕ ਹਾਲਤ ਦਿਨ-ਬ-ਦਿਨ ਨਿਘਰਦੀ ਜਾਂਦੀ ਵੇਖ ਕੇ, ਪਿਉ ਤੋਂ ਬਵਾਹਰਾ ਹੋ ਕੇ, ਓਸੇ ਅੰਗਰੇਜ਼ ਦੀ ਫੌਜ ਵਿਚ ਜਾ ਭਰਤੀ ਹੋਇਆ ਸੀ, ਜਿਸ ਨੂੰ ਦੇਸ਼ੋਂ ਬਾਹਰ ਕੱਢਣ ਲਈ ਉਹਦੇ ਪਿਉ ਨੇ ਕਮਰ ਕੱਸੀ ਹੋਈ ਸੀ। ਉਸਨੇ ਮਨ ਹੀ ਮਨ ਕਿਹਾ ਸੀ, "ਬਾਪੂ! ਤੇਰੀ ਲੜਾਈ ਤਾਂ ਪਤਾ ਨਹੀਂ ਕਦੋਂ ਮੁੱਕੇ; ਪਰ ਘਰ ਦੀ ਭੁੱਖ ਵੀ ਤਾਂ ਮੁੱਕਣੀ ਚਾਹੀਦੀ ਏ।"

ਘਰ ਦੀ ਭੁੱਖ ਮੁਕਾਉਂਦਾ ਉਹ ਮੁੱਕ ਗਿਆ ਸੀ।

ਦੇਸ਼ ਆਜ਼ਾਦ ਹੋ ਗਿਆ ਸੀ ਪਰ ਬਾਬੇ ਵੱਲੋਂ ਵਿੱਢੀ ਲੜਾਈ ਤਾਂ ਅਜੇ ਵੀ ਜਾਰੀ ਸੀ। ਅਜੇ ਉਹ ਮਿਸਟਰ ਰੀਡ ਸਾਹਮਣੇ ਬਾਹਵਾਂ ਖੜ੍ਹੀਆਂ ਕਰ ਕੇ ਲਲਕਾਰਾ ਮਾਰਨ ਜੋਗਾ ਨਹੀਂ ਸੀ ਹੋਇਆ। ਪਰ ਬਾਬਾ ਖ਼ੁਸ਼ ਸੀ ਕਿ ਉਹਦਾ ਇਕ ਪੋਤਰਾ, ਜਰਨੈਲ, ਉਸ ਲੜਾਈ ਨੂੰ ਅਜੇ ਵੀ ਜ਼ਿੰਦਾ ਤੇ ਜਾਰੀ ਰੱਖ ਰਿਹਾ ਸੀ। ਜਰਨੈਲ ਪੜ੍ਹ ਵੀ ਗਿਆ ਸੀ ਤੇ ਅਗਾਂਹਵਧੂ ਵਿਚਾਰਾਂ ਦੇ ਲੜ ਲੱਗ ਕੇ ਆਪਣੇ ਅੰਦਾਜ਼ ਵਿਚ ਬਾਬੇ ਦੀ ਵਿੱਢੀ ਲੜਾਈ ਵੀ ਲੜ ਰਿਹਾ ਸੀ।

ਪਰ ਘਰ ਦੀ ਭੁੱਖ ਤਾਂ ਅਜੇ ਵੀ ਨਹੀਂ ਸ਼ੀ ਮੁੱਕੀ। ਆਪਣੇ ਪਿਉ ਕਰਮ ਸਿੰਘ ਵਾਂਗ ਹੀ ਬਵਾਹਰਾ ਹੋ ਕੇ ਫੌਜ ਵਿਚ ਭਰਤੀ ਹੋਣ ਵਾਂਗ ਜਰਨੈਲ ਵੀ ਇਕ ਦਿਨ ਚੰਗੀ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਇੰਗਲੈਂਡ ਨੂੰ ਤੁਰ ਗਿਆ ਸੀ।

ਅਮਰ ਸਿੰਘ ਭਾਵੇਂ ਦਸਵੀਂ ਤੋਂ ਪਾਰ ਨਹੀਂ ਸੀ ਲੱਗ ਸਕਿਆ ਪਰ ਘਰ ਤੇ ਖੇਤੀ ਦੇ ਕੰਮ-ਕਾਜ ਦਾ ਭਾਰ ਉਸਨੇ ਸਿਰ 'ਤੇ ਚੁੱਕ ਲਿਆ ਸੀ। ਪਿਉ ਤੇ ਦਾਦਾ ਵੀ ਅਜੇ ਜਿਊਂਦੇ ਸਨ। ਇਸ ਕਰਕੇ ਇਹ ਭਾਰ ਉਹਨੂੰ ਬਹੁਤਾ ਮਹਿਸੂਸ ਨਹੀਂ ਸੀ ਹੁੰਦਾ। ਨਵੀਆਂ ਖਾਦਾਂ ਤੇ ਨਵੇਂ ਬੀਆਂ ਨਾਲ ਕੀਤੀ ਜਾਣ ਵਾਲੀ ਖੇਤੀ ਦੇ ਹੁਲਾਰੇ ਨੇ ਬਾਹਰਲੇ ਮੁਲਕ ਜਾਣ ਦਾ ਸੁਪਨਾ ਕੁਝ ਚਿਰ ਲਈ ਥਾਪੜ ਕੇ ਸੁਆ ਦਿੱਤਾ।

ਤਿੰਨ ਕੁ ਸਾਲ ਇੰਗਲੈਂਡ ਵਿਚ ਲਾ ਕੇ ਜਰਨੈਲ ਵਾਪਸ ਪਰਤ ਆਇਆ ਸੀ। ਵਾਪਸ ਮੁੜਨ ਦੇ ਕਾਰਨ ਤਾਂ ਉਹ ਕਈ ਗਿਣਦਾ ਸੀ ਪਰ ਉਹਦਾ ਬਿਆਨ ਕੀਤਾ ਇੱਕ ਦ੍ਰਿਸ਼ ਅਜੇ ਵੀ ਅਮਰ ਸਿੰਘ ਨੂੰ ਨਹੀਂ ਸੀ ਭੁੱਲਾ।

ਇਕ ਦਿਨ ਇਕ ਬੁੱਢੇ ਅੰਗਰੇਜ਼ ਨੇ, ਜੋ ਕਦੀ ਗੁਲਾਮ ਹਿੰਦੁਸਤਾਨ ਵਿਚ ਪੰਜਾਬ ਦੀ ਪੁਲਿਸ ਦਾ ਅਫ਼ਸਰ ਰਹਿ ਚੁੱਕਾ ਸੀ, ਬੜੀ ਹਿਕਾਰਤ ਨਾਲ ਜਰਨੈਲ ਨੂੰ ਕਿਹਾ ਸੀ, "ਉਦੋਂ ਤੁਸੀਂ ਚੀਕਦੇ ਸੀ; 'ਅੰਗਰੇਜ਼ੋ! ਤੁਸੀਂ ਜ਼ਾਲਮ ਓ, ਲੁਟੇਰੇ ਓ, ਸਾਨੂੰ ਲੁੱਟ ਕੇ ਖਾ ਗਏ ਓ; ਆਜ਼ਾਦ ਕਰੋ ਸਾਨੂੰ।' ਹੁਣ ਅਸੀਂ ਤਾਂ ਤੁਹਾਨੂੰ ਛੱਡ ਆਏ ਆਂ ਪਰ ਤੁਸੀਂ ਮਾਂ ਪਿੱਛੇ ਦੁੱਧ ਚੁੰਘਣ ਲਈ 'ਰੀਂ ਰੀਂ' ਕਰਦੇ 'ਨਲੀ-ਚੋਚ' ਬੱਚੇ ਵਾਂਗ ਸਾਡੇ ਪਿੱਛੇ ਪਿੱਛੇ ਕਿਉਂ ਭੱਜੇ ਆਉਂਦੇ ਓ? ਕੀ ਤੁਹਾਡੀ ਭਾਰਤ ਮਾਂ ਦੇ ਥਣਾਂ 'ਚੋਂ, ਤੁਹਾਨੂੰ ਚੁੰਘਾਉਣ ਲਈ ਦੁੱਧ ਮੁੱਕ ਗਿਐ ਜਾਂ ਇਹ ਦੁੱਧ ਕੋਈ ਹੋਰ ਪੀ ਜਾਂਦੈ! ਕਦੀ ਤੁਸੀਂ ਸਾਨੂੰ ਆਖਦੇ ਹੁੰਦੇ ਸੀ, ਪਰ ਹੁਣ ਮੈਂ ਤੁਹਾਨੂੰ ਆਖਦਾਂ ਕਿ ਕਿਰਪਾ ਕਰ ਕੇ ਸਾਡਾ ਮੁਲਕ ਛੱਡ ਦਿਉ।"

ਇਹ ਗੱਲ ਉਹਨੂੰ ਲੜ ਗਈ ਸੀ। ਹਰ ਵੇਲੇ ਉਹ ਬੁੱਢਾ ਅੰਗਰੇਜ਼ ਉਸਤੇ ਹਿਕਾਰਤ ਨਾਲ ਚੀਕਦਾ ਰਹਿੰਦਾ।

ਕਿਸੇ ਹੋਰ ਦਿਨ ਉਹ ਤੇ ਉਹਦਾ ਸਾਥੀ ਰਣਧੀਰ ਭਲਵਾਨ ਲੰਡਨ ਸ਼ਹਿਰ ਵਿਚ ਫੁੱਟਪਾਥ 'ਤੇ ਤੁਰੇ ਜਾ ਰਹੇ ਸਨ ਕਿ ਇਕ ਬਾਰਾਂ ਚੌਦਾਂ ਸਾਲ ਦਾ ਗੋਰਾ ਮੁੰਡਾ ਸਾਈਕਲ 'ਤੇ ਪਿੱਛੋਂ ਆ ਕੇ ਐਨ ਉਹਨਾਂ ਦੇ ਕੋਲੋਂ ਦੀ ਲੰਘਦਾ ਹੋਇਆ ਰਣਧੀਰ ਭਲਵਾਨ ਦੀ ਢੂਈ ਉੱਤੇ ਲੱਤ ਮਾਰ ਕੇ ਕਹਿਣ ਲੱਗਾ, "ਬਲੱਡੀ, ਬਾਸਟਰਡ ਪਾਕੀਜ਼!" ਤੇ ਉਹ ਸਾਈਕਲ ਭਜਾ ਕੇ ਲੈ ਗਿਆ। ਵੱਡੀਆਂ ਕੁਸ਼ਤੀਆਂ ਦਾ ਜੇਤੂ ਰਿਹਾ ਬਲੀ ਭਲਵਾਨ

ਡੌਰ-ਭੌਰ ਹੋਇਆ ਕਦੀ ਉਸ ਛੋਕਰੇ ਵੱਲ ਵੇਖੇ ਤੇ ਕਦੀ ਜਰਨੈਲ ਦੇ ਮੂੰਹ ਵੱਲ। ਜਰਨੈਲ ਨੇ ਪਹਿਲਾਂ ਤਾਂ ਉਸ ਛੋਕਰੇ ਨੂੰ ਫੜਨ ਲਈ ਦੌੜਨ ਦੀ ਮੁਦਰਾ ਵਿਚ ਦੋ ਕੁ ਕਦਮ ਪੁੱਟੇ; ਪਰ ਅਚਨਚੇਤ ਉਹਨੂੰ ਖ਼ਿਆਲ ਆਇਆ ਕਿ ਇਹ ਮੁਲਕ ਉਹਦਾ ਨਹੀਂ, ਬੇਗ਼ਾਨਾ ਹੈ; ਓਸ ਮੁੰਡੇ ਦਾ ਹੈ; ਓਸ ਬੁੱਢੇ ਅੰਗਰੇਜ਼ ਦਾ ਹੈ। ਉਹ ਤਾਂ ਏਥੇ ਦੂਜੇ ਦਰਜੇ ਦਾ ਸ਼ਹਿਰੀ ਹੈ। ਉਸਨੇ ਮਨ ਹੀ ਮਨ ਦੇਸ਼ ਵਾਪਸ ਪਰਤਣ ਦਾ ਫ਼ੈਸਲਾ ਕਰ ਲਿਆ। ਉਸਦੇ ਸਾਥੀ ਤੇ ਸਹਿਯੋਗੀ ਕਹਿੰਦੇ ਸਨ ਕਿ ਇਹੋ ਜਿਹੀ ਜ਼ਲਾਲਤ ਤਾਂ ਉਹਨਾਂ ਸਾਰਿਆ ਨੂੰ ਉਸ ਵਾਂਗ ਹੀ ਹਰ ਰੋਜ਼ ਸਹਿਣੀ ਪੈਂਦੀ ਸੀ, ਉਸ ਨਾਲ ਕੋਈ ਅਲੋਕਾਰ ਗੱਲ ਤਾਂ ਹੋਈ ਨਹੀਂ ਸੀ! ਜ਼ਿੰਦਗੀ ਸਵਾਰਨ ਦੇ ਹੱਥੀਂ ਆਏ ਇਸ ਸੁਨਹਿਰੀ ਮੌਕੇ ਨੂੰ ਉਹ ਕਿਉਂ ਗਵਾਉਣ ਲੱਗਾ ਹੈ!

ਪਰ ਉਸਨੇ ਇਹ ਮੌਕਾ ਭੁਆਂ ਕੇ ਉਸ ਬੁੱਢੇ ਅੰਗਰੇਜ਼ ਦੇ ਮੱਥੇ ਮਾਰਿਆ ਸੀ, "ਨਹੀਂ; ਮੈਂ ਇਹ ਜ਼ਲਾਲਤ ਹੋਰ ਨਹੀਂ ਸਹਿ ਸਕਦਾ! ਆਪਣੇ ਮੁਲਕ ਵਿਚ ਘੱਟ ਖਾ ਲਵਾਂਗਾ, ਪਰ ਰਹਾਂਗਾ ਤਾਂ ਸਵੈਮਾਣ ਨਾਲ ਸਿਰ ਉੱਚਾ ਚੁੱਕ ਕੇ।"

ਪਰ ਜਦੋਂ ਇੰਗਲੈਂਡ ਵਾਪਸੀ ਤੋਂ ਕੋਈ ਦੋ ਦਹਾਕੇ ਬਾਅਦ ਜਰਨੈਲ 'ਆਪਣੇ' ਭਾਰਤ ਵਿਚੋਂ ਜ਼ਲੀਲ ਹੋ ਕੇ ਕਨੇਡਾ ਜਾ ਵਸਿਆ ਸੀ ਤਾਂ ਅਮਰ ਸਿੰਘ ਦੇ ਵਿਦੇਸ਼ ਜਾਣ ਦੇ ਸੁਪਨੇ ਨੂੰ ਵੀ ਅੱਚਵੀ ਹੋਣ ਲੱਗ ਪਈ ਸੀ।

ਇਹਨਾਂ ਦਿਨਾਂ ਤਕ ਉਹਦਾ ਬਾਬਾ ਤੇ ਪਿਉ ਇਸ ਸੰਸਾਰ ਤੋਂ ਕੂਚ ਕਰ ਚੁੱਕੇ ਸਨ। ਜਰਨੈਲ ਤੇ ਅਮਰ ਨੇ ਘਰ ਤੇ ਜ਼ਮੀਨ ਦੀ ਵੰਡ-ਵੰਡਾਈ ਕਰ ਲਈ ਸੀ। ਅੰਦਰਲਾ ਘਰ ਜਰਨੈਲ ਨੇ ਆਪਣੇ ਪੇਟੇ ਪਾ ਲਿਆ ਸੀ ਤੇ ਹਵੇਲੀ ਦਾ ਥਾਂ ਅਮਰ ਸਿੰਘ ਨੂੰ ਮਿਲ ਗਿਆ ਸੀ। ਜ਼ਮੀਨ ਵੰਡੀ ਜਾਣ ਕਰਕੇ ਤੇ ਵਾਹੀ ਦੇ ਵਧਦੇ ਖ਼ਰਚਿਆਂ ਨਾਲ ਸਾਵਾਂ ਨਾ ਤੁਲ ਸਕਣ ਕਾਰਨ ਖੇਤੀ ਦੀਆਂ ਪਹਿਲਾਂ ਵਾਲੀਆਂ ਬਰਕਤਾਂ ਗਵਾਚ ਗਈਆਂ ਸਨ। ਕਰਜ਼ੇ ਦੀਆਂ ਪੰਡਾਂ ਸਿਰ 'ਤੇ ਚੜ੍ਹਦੀਆਂ ਜਾ ਰਹੀਆਂ ਸਨ। ਇਸ ਹਾਲਤ ਵਿਚ ਉਸਨੇ ਵਿਦੇਸ਼ ਜਾਣ ਦੇ ਸੁਪਨੇ ਤੋਂ ਧੂੜ ਪੂੰਝੀ। ਉਹਨੂੰ ਮੁੜ ਤੋਂ ਲਿਸ਼ਕਾ ਲਿਆ। ਇਹ ਤਾਂ ਉਸ ਅੰਦਰ ਸਾਲਾਂ ਤੋਂ ਉੱਸਲਵੱਟੇ ਭੰਨ ਰਿਹਾ ਸੀ।

ਕਈ ਸਾਲ ਪਹਿਲਾਂ ਉਹ ਲੰਮਾਂ ਪੈ ਕੇ ਸਾਢੇ ਕੁ ਪੰਜ ਸਾਲ ਦੇ ਅਮਰੀਕ ਨੂੰ ਲੱਤਾਂ 'ਤੇ ਬਿਠਾ ਕੇ 'ਹੂਟੇ-ਮਾਈਆਂ' ਦੇ ਰਿਹਾ ਸੀ।

"ਹੂਟੇ, ਮਾਟੇ, ਸੋਨੇ ਦੀ ਗੱਡ ਘਰਾਟੇ,
ਮਾਈਓ, ਬੁੱਢੀਓ, ਭਾਂਡੇ-ਟੀਂਡੇ ਸਾਂਭ ਲੌ,
ਅਮਰੀਕ ਸੁੰਹ ਦੀ ਰੇਲ ਗੱਡੀ ਆਈ ਜੇਅ ਅਅ।"

ਉਹ ਲੱਤਾਂ ਉੱਚੀਆ ਕਰਕੇ ਉਹਨੂੰ ਸਿਰ ਵੱਲ ਲੈ ਆਉਂਦਾ। ਸਾਢੇ ਕੁ ਪੰਜ ਸਾਲ ਦਾ ਅਮਰੀਕ ਖਿੜ ਖਿੜ ਹੱਸਦਾ।

"ਭਾ ਜੀ ਰੇਲ ਗੱਡੀ ਕੀ ਹੁੰਦੀ ਆ?"

"ਤੂੰ ਬੱਸ ਵੇਖੀ ਐ ਨਾ!"

"ਹਾਹੋ"

"ਕਿੰਨੀਆਂ ਸਾਰੀਆਂ ਬੱਸਾਂ ਜੋੜ ਦਈਏ ਤਾਂ ਰੇਲ ਗੱਡੀ ਬਣ ਜਾਂਦੀ ਐ। ਵੇਖੀ ਤਾਂ ਸੀ ਤੂੰ; ਜਦੋਂ ਆਪਾਂ ਤਰਨਤਾਰਨ ਮੱਸਿਆ ਗਏ ਸਾਂ।"

"ਆਪਾਂ ਰੇਲ ਗੱਡੀ 'ਤੇ ਕਦੋਂ ਚੜ੍ਹਾਂਗੇ?"

"ਜਦੋਂ ਤੂੰ ਪੱਕੇ ਕੋਠੇ ਪਾਉਣ ਲਈ ਜਹਾਜ਼ 'ਤੇ ਚੜ੍ਹ ਕੇ ਦੂਅਅਅਰ ਗਿਉਂ ਕਮਾਈਆਂ ਕਰਨ ਤਾਂ ਆਪਾਂ ਰੇਲ ਗੱਡੀ 'ਤੇ ਚੜ੍ਹ ਕੇ ਤੈਨੂੰ ਜਹਾਜ਼ੇ ਚੜ੍ਹਾਉਣ ਜਾਵਾਂਗੇ।"

ਅਮਰੀਕ ਬਾਹਰ ਗਿਆ ਤਾਂ ਉਸਦੀਆਂ ਆਸਾਂ ਨੂੰ ਬੂਰ ਪੈਂਦਾ ਲੱਗਾ। ਪਹਿਲੇ ਦੋ ਸਾਲ ਅਮਰੀਕ ਨੇ ਬੜੇ ਔਖੇ ਕੱਟੇ। ਕਦੀ ਏਸ ਮੁਲਕ 'ਚੋਂ ਜਾਨ ਬਚਾ ਕੇ ਓਸ ਮੁਲਕ ਵਿਚ। ਕਦੀ ਓਸ ਮੁਲਕ ਵਿਚੋਂ ਓਸ ਮੁਲਕ ਵਿਚ। ਹਰ ਵੇਲੇ ਫੜੇ ਜਾਣ ਜਾਂ ਮਾਰੇ ਜਾਣ ਦਾ ਖ਼ਤਰਾ। ਇਕ ਦੋ ਵਾਰ ਤਾਂ ਉਸਨੇ ਢੇਰੀ ਹੀ ਢਾਹ ਦਿੱਤੀ। ਕਹਿੰਦਾ, 'ਮੈਂ ਵਾਪਸ ਮੁੜ ਆਉਣੈਂ!' ਇਹ ਸੁਣ ਕੇ ਅਮਰ ਸਿੰਘ ਦੇ ਔਸਾਣ ਮਾਰੇ ਗਏ। ਉਹਦਾ ਤਾਂ ਬਣਿਆਂ-ਬਣਾਇਆ ਸੁਪਨ-ਮਹੱਲ ਢਹਿ-ਢੇਰੀ ਹੋ ਚੱਲਿਆ ਸੀ। ਕਹਿੰਦਾ, "ਵੇਖੀਂ ਕਮਲਿਆ! ਕਿਤੇ ਲੋਹੜਾ ਨਾ ਮਾਰੀਂ। ਫ਼ਤਹਿ ਕੀਤਾ ਮੋਰਚਾ ਛੱਡਣ ਨੂੰ ਫਿਰਦੈਂ! ਪਿੱਛੇ ਕੀ ਆ ਏਥੇ ਭੁੱਖ-ਨੰਗ ਤੋਂ ਸਿਵਾ। ਏਥੇ



ਕਿਹੜੇ ਅੰਬ ਲੱਗੇ ਹੋਏ ਨੇ! ਹੈਥੇ ਤਾਂ ਫ਼ਤਹਿ ਈ ਫ਼ਤਹਿ ਐ। ਅੜਿਆ ਰਹਿ ਹੈਥੇ, ਅੜਿਆ ਰਹਿ। ਆਪੇ ਮਹਾਰਾਜ ਕਿਸੇ ਨਾ ਕਿਸੇ ਦਿਨ ਫ਼ਤਹਿ ਬਖ਼ਸ਼ੂਗਾ।"

ਅਮਰ ਸਿੰਘ ਦੀ ਬੁੱਢੀ ਮਾਂ ਨੇ ਜ਼ਰੂਰ ਕਿਹਾ ਸੀ ਉਹਨੂੰ, "ਵੇ ਜਦੋਂ ਮੁੰਡੇ ਦਾ ਜੀਅ ਜੂ ਨਹੀਂ ਲੱਗਦਾ ਬਾਹਰ; ਆਉਣ ਕਿਉਂ ਨਹੀਂ ਦੇਂਦਾ ਤੂੰ। ਉਹ ਚਿੱਠੀਆਂ ਤੇ ਫ਼ੋਨਾਂ 'ਚ ਰੋਂਦੈ ਕਿ ਮੈਨੂੰ ਮੁੜ ਆਉਣ ਦਿਉ। ਸੁਰਜੀਤ ਕੁਰ ਦੱਸਦੀ ਏ ਕਿ ਕਿਸੇ ਮੁਲਕ 'ਚੋਂ ਜੰਗਲ ਵਿਚ ਰਾਤ ਨੂੰ ਬਾਡਰ ਪਾਰ ਕਰਨ ਲੱਗੇ ਨੂੰ ਗੋਲੀ ਵੱਜ ਚੱਲੀ ਸੀ, ਮੇਰੀਆਂ ਤਾਂ ਸੁਣ ਕੇ ਆਂਦਰਾਂ ਕੱਠੀਆਂ ਹੋ ਗਈਆਂ। ਕਾਹਦਾ ਪਿਉ ਐਂ ਤੂੰ। ਜਰਨੈਲ ਨੂੰ ਵੀ 'ਕਨੇਡਾ! ਕਨੇਡਾ!' ਲੱਗੀ ਹੋਈ ਸੀ। ਚੰਗੀ-ਭਲੀ ਸਰਦਾਰੀ ਨੌਕਰੀ ਕਰਦਾ ਸੀ ਪਰ ਕਨੇਡਾ ਜਾ ਕੇ ਈ ਠੰਢ ਪਈ ਸੂ। ਉਹੋ ਹਾਲ ਤੇਰਾ ਏ। ਕਨੇਡਾ 'ਮਰੀਕਾ ਜਾਣ ਲਈ ਤਾਂ ਹੀਰ ਕਮਲੀ ਹੋਈ ਪਈ ਆ। ਅਸੀਂ ਵੀ ਤਾਂ ਏਥੇ ਕੱਟੀ ਏ ਸਾਰੀ ਉਮਰ। ਬਾਹਰ ਦੀ ਪੂਰੀ ਨਾਲੋਂ ਘਰ ਦੀ ਅੱਧੀ ਚੰਗੀ।"

"ਬੀਬੀ! ਏਥੇ ਅੱਧੀ ਵੀ ਕਿੱਥੇ ਮਿਲਦੀ ਏ! ਮਸਾਂ ਚੱਪੇ-ਖੰਨੀ ਨਾਲ ਡੰਗ ਸਾਰਨਾ ਪੈਂਦੈ। ਉਹ ਪਿਛਲੀਆਂ ਗੱਲਾਂ ਗਈਆਂ। ਹੁਣ ਅੱਧੀ ਨਹੀਂ ਪੂਰੀ ਈ ਖਾਣੀ ਏਂ। ਨਾਲੇ ਉਦੋਂ ਕਿਹੜਾ ਨਹੀਂ ਸੀ ਲੋਕ ਬਾਹਰ ਜਾਂਦੇ। ਤਾਰਾ ਨਲੀ-ਚੋਚ ਕਦੋਂ ਦਾ ਗਿਐ। ਬਾਪੂ ਦੱਸਦਾ ਸੀ, ਨੰਗ ਹੁੰਦੇ ਸਨ ਉਹ। ਹੁਣ ਸਰਦਾਰੀਆਂ ਵੇਖ। ਮੁਰੱਬਿਆਂ ਦੇ ਮਾਲਕ। ਕਾਰਾਂ ਕੋਠੀਆਂ ਵਾਲੇ। ਪਿਛਲਿਆਂ ਦੀ ਜੂਨ ਵੀ ਸਵਾਰ 'ਤੀ। ਉਹਦਾ ਭਤੀਜਾ ਪਿੰਡ ਦਾ ਸਰਪੰਚ! ਗਿਆ ਤਾਂ ਸਾਡਾ ਬਾਬਾ ਵੀ ਰੋਟੀ ਕਮਾਉਣ ਈ ਸੀ ਨਾ! ਇਹ ਵੱਖਰੀ ਗੱਲ ਏ ਕਿ ਉਹ ਰੋਟੀ ਦੀ ਥਾਂ 'ਅਣਖ਼ ਤੇ ਆਜ਼ਾਦੀ' ਦਾ ਨਾਅਰਾ ਚੁੱਕ ਲਿਆਇਆ। ਪਰ ਹੁਣ ਨਾ ਤਾਂ ਏਥੇ ਕੋਈ ਆਜ਼ਾਦੀ ਏ ਤੇ ਨਾ ਹੀ ਅਣਖ਼ ਨਾਲ ਜਿਊਣਾ ਬਚਿਐ। ਜੇ ਏਦਾਂ ਈ ਜਿਊਣਾ ਏਂ ਤਾਂ ਨਿਰੀ ਰੋਟੀ ਲਈ ਕਿਉਂ ਨਾ ਜੀਵੀਏ!"

"ਚੰਗਾ; ਤੂੰ ਖਾ ਲਈਂ ਪੂਰੀ। ਮੁੰਡੇ ਨੂੰ ਭਾਵੇਂ ਡਬੁੱਕੇ ਨਾਲ ਕੁਹ ਹੋ ਜੇ।"

ਬਰੂਹਾਂ ਵਿਚ ਖਲੋਤੀ ਪ੍ਰੋਫ਼ੈਸਰ ਦੀ ਮਾਂ ਨੇ ਦਰਵਾਜ਼ਾ ਖੋਲ੍ਹਿਆ। ਅਮਰ ਸਿੰਘ ਨੂੰ ਫ਼ੋਨ ਸੁਣਨ ਆਇਆ ਵੇਖ ਕੇ ਪੁੱਛਣ ਲੱਗੀ, "ਵੀਰ ਅਮਰ ਸਿਆਂ! ਕਾਕੇ ਦਾ ਸੁਖ ਸੁਨੇਹਾ ਤਾਂ ਆ ਜਾਂਦਾ ਹੋਊ? ਜਿਊਂਦਾ ਵਸਦਾ ਰਹੇ! ਧੀਆਂ ਪੁੱਤਾਂ ਵੱਲੋਂ ਸਦਾ ਠੰਢੀਆਂ ਵਾਵਾਂ ਆਉਂਦੀਆਂ ਰਹਿਣ! ਚਲੋ; ਹੁਣ ਤਾਂ ਸੁੱਖ ਨਾਲ ਕੋਲ ਹੀ ਚਲੇ ਜਾਣੈ ਤੁਸੀਂ। ਬਹੁਤ ਚੰਗੈ। ਸਾਰਾ ਪਰਿਵਾਰ ਇਕ ਥਾਂ ਮਿਲ ਬੈਠੋਗੇ! ਵਾਹਗੁਰੂ ਰਾਖਾ!"

ਪ੍ਰੋਫ਼ੈਸਰ ਨੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਮਾਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਕਿਵੇਂ ਆਉਣੇ ਹੋਏ ਅਮਰ ਸਿਹਾਂ! ਹਲਾ; ਕਾਕੇ ਦਾ ਫ਼ੋਨ ਆਉਣਾ ਹੋਣੈਂ!" ਕੋਲ ਗਏ ਤਾਂ ਵਰਾਂਡੇ 'ਚ ਬੈਠੇ ਪ੍ਰੋਫ਼ੈਸਰ ਦੇ ਪਿਤਾ ਨੇ ਰਸਮੀ ਤੌਰ 'ਤੇ ਪੁੱਛਿਆ।

ਅਮਰ ਸਿੰਘ ਦਾ ਤਾਂ ਗਲਾ ਸੂਤਿਆ ਪਿਆ ਸੀ। ਕੀ ਜਵਾਬ ਦੇਵੇ!

ਪ੍ਰੋਫ਼ੈਸਰ ਉਸਦੇ ਬੈਠਣ ਲਈ ਕੁਰਸੀ ਅੱਗੇ ਕਰਨ ਲੱਗਾ ਤਾਂ ਫ਼ੋਨ ਦੀ ਘੰਟੀ ਖੜਕ ਪਈ। ਹੱਥ ਦੇ ਇਸ਼ਾਰੇ ਨਾਲ ਆਪਣੇ ਪਿੱਛੇ ਆਉਣ ਲਈ ਆਖ ਕੇ ਉਹ ਵਰਾਂਡੇ ਵਿਚਲੇ ਫ਼ੋਨ ਦੀ ਥਾਂ, ਫ਼ੋਨ ਸੁਣਨ ਲਈ, ਉਹਨੂੰ ਅੰਦਰਲੇ ਕਮਰੇ ਵਿਚ ਪਏ ਫ਼ੋਨ-ਸੈੱਟ ਕੋਲ ਲੈ ਗਿਆ। ਉਸਦੇ ਮਨ ਵਿਚ ਸੀ ਕਿ ਉਹ ਘਰ ਦੇ ਦੂਜੇ ਜੀਆਂ ਤੋਂ ਵੱਖਰਾ ਹੋ ਕੇ ਪਰਦੇ ਨਾਲ ਸਾਰੀ ਗੱਲ-ਬਾਤ ਕਰ-ਸੁਣ ਲਵੇ।

ਫ਼ੋਨ ਸੁਣ ਕੇ ਅਤੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਾਂਭ ਕੇ ਅਮਰ ਸਿੰਘ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਪ੍ਰੋਫ਼ੈਸਰ ਦੇ ਪਿਉ ਨੇ ਪੁੱਛਿਆ, "ਠੀਕ ਠਾਕ ਤਾਂ ਹੈ ਨਾ ਕਾਕਾ ਆਪਣਾ?"

ਉਸਨੇ ਦੋਵੇਂ ਹੱਥ ਹਿੱਕ ਤਕ ਉੱਚੇ ਕਰਕੇ 'ਠੀਕ ਠਾਕ ਹੋਣ ਦਾ' ਪ੍ਰਭਾਵ ਦਿੱਤਾ। ਫਿਰ ਅਸਮਾਨ ਵੱਲ ਹੱਥ ਕੀਤੇ, "ਉਹਦੀਆਂ ਓਹੋ ਜਾਣੇ!"

"ਕਾਮਰੇਡ ਜਰਨੈਲ ਨਾਲ ਗੱਲ ਨਹੀਂ ਹੋਈ? ਲੈ ਐਥੇ ਮੇਰੇ ਮੁੰਡੇ ਨੂੰ ਵੀ ਕਦੀ ਚੈਨ ਨਾਲ ਬਹਿਣ ਨਹੀਂ ਸੀ ਦਿੰਦਾ। ਕਦੀ ਯੂਨੀਅਨ ਦੇ ਕੰਮ ਚੱਲ ਜਲੰਧਰ, ਕਦੀ ਚੱਲ ਚੰਡੀਗੜ੍ਹ। ਹੁਣ ਇਹਨੂੰ ਕਹਿੰਦੈ, ਤੂੰ ਵੀ ਬਾਹਰ ਆ ਜਾ ਕਨੇਡਾ। ਅਖ਼ੇ; ਇਹਨਾਂ ਮੁਲਕਾਂ ਦੀਆਂ ਬੜੀਆਂ ਮੌਜਾਂ। ਅਖ਼ੇ: ਏਥੇ ਬੜਾ ਕਾਨੂੰਨ, ਬੜਾ ਨਿਆਂ, ਬੜੀਆਂ ਸਹੂਲਤਾਂ ਨੇ, ਨਿਰਾ ਸੁਰਗ ਈ ਆ!"

"ਚੁੱਪ ਵੀ ਕਰੋ ਤੁਸੀਂ। ਵੇਲਾ-ਕੁਵੇਲਾ ਵੇਖ ਲਿਆ ਕਰੋ।" ਪ੍ਰੋਫ਼ੈਸਰ ਨੇ ਕੁਝ ਸਖ਼ਤੀ ਨਾਲ ਕਿਹਾ। ਪਰ ਉਹਨੂੰ 'ਵੇਲੇ-ਕੁਵੇਲੇ' ਦਾ ਕੀ ਪਤਾ ਸੀ। ਬਾਹਰਲਾ ਦਰਵਾਜ਼ਾ ਲੰਘਦੇ ਅਮਰ ਸਿੰਘ ਦੇ ਕੰਨਾਂ ਵਿਚ

ਅਜੇ ਵੀ ਪ੍ਰੋਫ਼ੈਸਰ ਦੇ ਪਿ^ ਦੀ ਆਵਾਜ਼ ਗੂੰਜ ਰਹੀ ਸੀ।

"ਕਨੇਡਾ ਜਾ ਕੇ ਉਹ ਤਾਂ ਆ ਗਿਐ ਇਨਕਲਾਬ! ਲੈ ਬਈ ਬੰਦਾ ਪੁੱਛੇ ਤੁਹਾਨੂੰ ਦੋਵਾਂ ਨੂੰ, ਹੁਣ ਏਥੇ ਪਿੱਛੇ ਕੀ ਬਣੂ ਤੁਹਾਡੇ ਬਿਨਾਂ ਤੁਹਾਡੇ ਇਨਕਲਾਬ ਦਾ! ਸਿੱਧ ਛੁਪ ਬੈਠੇ ਪਰਬਤੀਂ, ਕੌਣ ਜਗਤ ਕੋ ਪਾਰ ਉਤਾਰਾ!"

ਘਰ ਨੂੰ ਮੁੜਦਿਆਂ ਜਰਨੈਲ ਦੇ ਬੋਲ ਉਹਦੇ ਕੰਨਾਂ ਵਿਚ ਗੜਗੜਾਹਟ ਪਾ ਰਹੇ ਸਨ। ਅਮਰੀਕ ਦਾ ਟਰੱਕ ਤਿਲਕ ਕੇ ਡੂੰਘੀ ਖੱਡ ਵਿਚ ਜਾ ਡਿੱਗਾ ਸੀ ਤੇ ਪਲਾਂ-ਛਿਣਾਂ ਵਿਚ ਸਾਰੀ ਕਹਾਣੀ ਮੁੱਕ ਗਈ ਸੀ। ਜਰਨੈਲ ਨੇ ਆਪਣੇ ਟੱਬਰ ਨਾਲ ਤੇ ਇਕ ਦੋ ਜਿਗਰੀ ਮਿੱਤਰਾਂ ਨਾਲ ਸਲਾਹ ਕੀਤੀ ਸੀ; ਉਹੋ ਸਲਾਹ ਹੁਣ ਉਸਨੇ ਅਮਰ ਨੂੰ ਹਦਾਇਤ ਵਜੋਂ ਸੁਣਾਈ ਸੀ।

ਜੇ ਉਹ ਆਪਣੇ ਟੱਬਰ ਨੂੰ ਕਨੇਡਾ ਲੰਘਾਉਣਾ ਚਾਹੁੰਦਾ ਹੈ ਤਾਂ ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਅੰਦਰੇ-ਅੰਦਰ ਜੀਰ ਜਾਵੇ ਅਤੇ ਅਮਰੀਕ ਦੀ ਮੌਤ ਦੀ ਖ਼ਬਰ ਦਾ ਕਿਧਰੇ ਧੂੰ ਤਕ ਵੀ ਨਾ ਨਿਕਲਣ ਦੇਵੇ। ਹੋ ਸਕੇ ਤਾਂ ਆਪਣੇ ਟੱਬਰ ਕੋਲੋਂ ਵੀ ਗੱਲ ਲੁਕਾ ਕੇ ਰੱਖੇ। ਜੇ ਘਰ ਵਿਚ ਪਤਾ ਲੱਗ ਗਿਆ ਤਾਂ ਰੋਣ-ਕੁਰਲਾਉਣ ਸ਼ੁਰੂ ਹੋ ਜਾਣਾ ਤੇ ਚੀਕ-ਚਿਹਾੜਾ ਮੱਚ ਜਾਣਾ। ਗੱਲ ਪਿੰਡ ਤੇ ਇਲਾਕੇ ਵਿਚ ਖਿਲਰ ਜਾਣੀ ਐਂ। ਅੱਗੇ ਸੌ ਸੱਜਣ, ਸੌ ਦੁਸ਼ਮਣ! ਕੋਈ ਅੰਬੈਸੀ ਨੂੰ ਸ਼ਿਕਾਇਤ ਕਰ ਸਕਦੈ ਕਿ ਜਿਹੜੇ ਮੁੰਡੇ ਨੇ ਮਾਪਿਆਂ ਨੂੰ ਸਾਂਭਣ ਲਈ ਕਾਗ਼ਜ਼ ਭਰੇ ਸਨ, ਜਦੋਂ ਉਹੋ ਈ ਨਹੀਂ ਰਿਹਾ ਤਾਂ ਉਹਦੇ ਮਾਪੇ ਤੇ ਭੈਣ-ਭਰਾ ਕਨੇਡਾ ਕਿਵੇਂ ਜਾ ਸਕਦੇ ਨੇ! ਪੱਕੇ ਕਾਨੂੰਨ ਦਾ ਤਾਂ ਉਹਨੂੰ ਵੀ ਨਹੀਂ ਸੀ ਪਤਾ। ਪਰ ਜਰਨੈਲ ਸਿੰਘ ਤੇ ਉਸਦੇ ਨੇੜਲੇ ਸਲਾਹਕਾਰਾਂ ਦੀ ਸਾਂਝੀ ਸਮਝ ਇਹੋ ਹੀ ਬਣੀ ਸੀ ਕਿ ਇਸ ਗੱਲ ਦਾ ਬਾਹਰ ਨਿਕਲਣਾ 'ਘਾਟੇਵੰਦਾ ਸੌਦਾ' ਹੋ ਸਕਦੈ।

"ਘਾਟੇਵੰਦਾ ਸੌਦਾ!" ਉਸ ਆਪਣੇ ਆਪ ਨੂੰ ਜਰਨੈਲ ਦੇ ਬੋਲ ਆਖੇ।

ਉਹਦੇ ਅੰਦਰ ਝੱਖੜ ਤੇ ਹਨੇਰ ਝੁੱਲ ਰਹੇ ਸਨ। ਸ਼ੂਕਦੇ, ਚੀਕਦੇ, ਫਰਾਟੇ ਮਾਰਦੇ। ਟਾਹਣ ਟੁੱਟ ਰਹੇ ਸਨ, ਜੜਾਂ ਹਿੱਲ ਰਹੀਆਂ ਸਨ। ਹੜ੍ਹਿਆਇਆ ਪਾਣੀ ਸਿਰੋਂ ਉੱਚਾ ਹੋ ਗਿਆ ਸੀ। ਉਹ ਉੱਡ ਚੱਲਿਆ ਸੀ, ਡੁੱਬ ਚੱਲਿਆ ਸੀ। ਤਰਕ, ਦਲੀਲ, ਸਬਰ, ਸੰਤੋਖ ਦੀਆਂ ਕੰਨੀਆਂ ਹੱਥੋਂ ਛੁੱਟਦੀਆਂ ਜਾਂਦੀਆਂ ਸਨ। ਇਸਤੋਂ ਪਹਿਲਾਂ ਕਿ ਉਹ ਰੁੜ੍ਹ ਜਾਂਦਾ, ਡੁੱਬ ਜਾਂਦਾ ਉਸਨੇ ਇਕ ਕੰਨੀ ਫਿਰ ਵੀ ਘੁੱਟ ਕੇ ਫੜ ਲਈ।

ਉਹ ਪੁੱਤ ਦੀ ਮੌਤ 'ਤੇ ਉੱਚੀ ਧਾਹਾਂ ਮਾਰ ਕੇ ਕਨੇਡਾ ਨਾ ਜਾਣ ਦਾ ਖ਼ਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦਾ।

"ਜੇ ਕਨੇਡਾ ਜਾਣਾ ਸੌਦੇਬਾਜ਼ੀ ਹੀ ਹੈ ਤਾਂ ਫਿਰ ਪੁੱਤ ਦੀ ਮੌਤ ਦਾ ਸਦਮਾ ਚੁੱਪ-ਚਾਪ ਇਕੱਲਿਆਂ ਸਹਿ ਕੇ ਕਨੇਡਾ ਪਹੁੰਚਣ ਦਾ ਸੌਦਾ ਵੀ ਕਰਨਾ ਈ ਪੈਣੈਂ!'

ਜਰਨੈਲ ਨੇ ਦੱਸਿਆ ਸੀ ਕਿ ਉਸ ਨੇ ਖ਼ੁਦ ਉਹਨਾਂ ਦੇ ਸਾਰੇ ਟੱਬਰ ਦੀਆਂ ਟਿਕਟਾਂ ਅੱਜ ਹੀ ਖ਼ਰੀਦਣ ਦਾ ਪ੍ਰਬੰਧ ਕਰਨ ਲਈ ਕਿਸੇ ਏਅਰਲਾਈਨ ਨਾਲ ਗੱਲ ਮੁਕਾ ਲਈ ਹੈ। ਉਹ ਸ਼ਾਮ ਤਕ ਉਹਨੂੰ ਫ਼ੋਨ 'ਤੇ ਦੱਸ ਦੇਵੇਗਾ ਕਿ ਟਿਕਟਾਂ ਕਿੱਥੋਂ ਚੁੱਕਣੀਆਂ ਹਨ! ਉਹ ਸਾਰਾ ਟੱਬਰ, ਬੱਸ, ਇਕ ਅੱਧੇ ਦਿਨ ਵਿਚ ਹੀ ਜਾਣ ਲਈ ਤਿਆਰ ਹੋ ਛੱਡਣ। ਜ਼ਿਆਦਾ ਦਿਨਾਂ ਦੀ ਵਿੱਥ ਪਾਉਣੀ ਠੀਕ ਨਹੀਂ। ਗੱਲ ਬਾਹਰ ਨਿਕਲ ਸਕਦੀ ਹੈ। ਉਂਝ ਵੀ ਅਗਲੇ ਹਫ਼ਤੇ ਮੁੰਡੇ ਦੇ ਅੰਤਮ-ਸੰਸਕਾਰ ਦਾ ਦਿਨ ਨਿਯਤ ਸੀ। ਅੰਤਮ-ਸੰਸਕਾਰ ਤੋਂ ਪਹਿਲਾਂ ਉਹਨਾਂ ਦਾ ਓਥੇ ਪੁੱਜਣਾ ਜ਼ਰੂਰੀ ਸੀ।

ਤੁਰੇ ਜਾਂਦੇ ਨੂੰ ਝਟਕਾ ਵੱਜਾ। ਬੈਂਡ ਵਾਜਿਆਂ ਦੇ ਵੱਜਣ ਤੇ ਸ਼ਹਿਨਾਈ ਦੇ ਗੂੰਜਣ ਦੀ ਆਵਾਜ਼ ਆਈ। ਸਾਹਮਣੇ ਗਲੀ ਵਿਚੋਂ ਬੈਂਡ ਦੇ ਪਿੱਛੇ-ਪਿੱਛੇ ਰੰਗ-ਬ-ਰੰਗੇ ਕੱਪੜਿਆਂ ਵਿਚ ਸਜੇ ਮਰਦ-ਔਰਤਾਂ ਤੇ ਬੱਚਿਆਂ ਦੀ ਭੀੜ ਨਿਕਲ ਰਹੀ ਸੀ। ਅੱਗੇ ਸਿਹਰੇ ਤੇ ਕਲਗੀ ਨਾਲ ਸਜਿਆ ਉਹਦੇ ਸਕਿਆਂ 'ਚੋਂ ਲੱਗਦੇ ਤਾਏ ਦੇ ਪੁੱਤ ਭਰਾ ਦਲੀਪ ਸਿੰਘ ਦਾ ਮੁੰਡਾ ਪਰਗਟ ਸੀ। ਉਹਦੇ ਅਮਰੀਕ ਦਾ ਹਮ-ਉਮਰ ਤੇ ਹਮ-ਜਮਾਤੀ।

ਪਿਛਲੇ ਡੇਢ ਕੁ ਸਾਲ ਤੋਂ ਦੋਵਾਂ ਟੱਬਰਾਂ ਦਾ ਸਾਂਝੇ ਖਾਲ਼ ਦਾ ਝਗੜਾ ਅਦਾਲਤ ਵਿਚ ਚੱਲ ਰਿਹਾ ਸੀ। ਜਦੋਂ ਅਮਰੀਕ ਨੂੰ 'ਬਾਹਰ' ਭੇਜਣਾ ਸੀ ਤਾਂ ਅਮਰ ਸਿੰਘ ਨੇ ਘਰ ਦੀ ਹਿੱਸੇ ਆਉਂਦੀ ਸੱਤ ਏਕੜ ਜ਼ਮੀਨ ਵਿਚੋਂ ਤਿੰਨ ਏਕੜ ਦਲੀਪ ਸਿੰਘ ਕੋਲ ਗਹਿਣੇ ਧਰ ਦਿੱਤੀ ਸੀ। ਉਹਨਾਂ ਦੇ ਖ਼ੇਤ ਟੇਲ 'ਤੇ ਹੋਣ ਕਰ ਕੇ ਨਹਿਰੀ ਪਾਣੀ ਤਾਂ ਕਈ ਸਾਲਾਂ ਤੋਂ ਓਥੋਂ ਤਕ ਪਹੁੰਚਦਾ ਹੀ ਨਹੀਂ ਸੀ। ਦੋਵਾਂ ਪਰਿਵਾਰਾਂ ਦੇ ਖ਼ੇਤਾਂ ਦੀ ਵੱਟ ਸਾਂਝੀ ਸੀ। ਖਾਲ਼ ਵਿਚੋਂ ਦੀ ਲੰਘਦਾ ਸੀ। ਪੈਲ਼ੀ ਗਹਿਣੇ ਹੋਣ ਕਰਕੇ ਕਬਜ਼ਾ ਉਹਨੀਂ ਦਿਨੀਂ ਸਾਰੇ ਖ਼ੇਤ 'ਤੇ ਦਲੀਪ ਸਿੰਘ ਦਾ ਸੀ।



"ਖਾਲ਼ ਢਾਹ ਨਾ ਦਈਏ। ਐਵੇਂ ਵਾਧੂ ਦੀ ਜ਼ਮੀਨ ਰੋਕੀ ਬੈਠਾ।" ਦਲੀਪ ਸਿੰਘ ਨੇ ਪੁੱਛਿਆ ਤਾਂ ਖਾਲ਼ ਦੀ 'ਲੋੜ' ਨਾ ਸਮਝਦੇ ਹੋਏ ਅਮਰ ਸਿੰਘ ਨੇ ਵੀ ਹਾਮੀ ਭਰ ਦਿੱਤੀ। ਜਦੋਂ ਜ਼ਮੀਨ ਛੁਡਾਈ ਤਾਂ ਦਲੀਪ ਸਿੰਘ ਖਾਲ਼ ਢਾਹ ਕੇ ਵਾਹੀ ਜ਼ਮੀਨ 'ਤੇ ਕਬਜ਼ਾ ਕਰ ਬੈਠਾ। ਅਮਰ ਸਿੰਘ ਦੀ ਦਲੀਲ ਸੀ ਕਿ ਕਿੱਲੇ ਦੀ ਬੁਰਜੀ ਦੀ ਸੇਧ ਨੂੰ ਵੇਖਿਆਂ ਖਾਲ਼ ਤਾਂ ਉਸਦੀ ਜ਼ਮੀਨ ਵਿਚ ਪੈਂਦਾ ਸੀ। ਜਾਂ ਤਾਂ ਖਾਲ਼ ਪਹਿਲਾਂ ਵਾਂਗ ਪਿਆ ਰਹੇ ਪਰ ਜੇ ਢਾਹੁਣਾ ਹੀ ਹੈ ਤਾਂ ਉਹ ਉਸਦੀ ਜ਼ਮੀਨ ਦਾ ਹਿੱਸਾ ਹੈ।

ਪਟਵਾਰੀ ਨੂੰ ਨਿਸ਼ਾਨਦੇਹੀ ਲਈ ਆਖਿਆ ਤਾਂ ਉਹ ਅੱਗੋਂ 'ਹੂੰ ਹਾਂ; ਅੱਜ-ਭਲਕ' ਕਰ ਛੱਡਦਾ। ਦਲੀਪ ਸਿੰਘ ਦੀ ਧੌਂਸ ਸੀ ਪਿੰਡ ਵਿਚ। ਅਫ਼ਸਰਾਂ ਤੇ ਕਰਮਚਾਰੀਆਂ ਨਾਲ ਸਾਂਝਾਂ ਸਨ। ਦਹਿਸ਼ਤ ਦੇ ਦੌਰ ਵਿਚ 'ਲੈਫਟੀਨੈਂਟ ਜਨਰਲ' ਬਣੇ ਪੁੱਤ ਦੇ 'ਬਲ-ਬੂਤੇ' ਉਹ ਪਿੰਡ ਦੇ ਗੁਰਦਵਾਰੇ ਦਾ ਪ੍ਰਧਾਨ ਬਣ ਕੇ ਗੁਰਦਵਾਰੇ ਦੀ ਵੀਹ ਏਕੜ ਜ਼ਮੀਨ ਤੇ ਚੜ੍ਹਾਵੇ ਦਾ ਮਾਲਕ ਬਣ ਬੈਠਾ ਸੀ। ਕਮੇਟੀ ਵਿਚ ਖਾਊ-ਯਾਰਾਂ ਦੀ ਜੁੰਡਲੀ ਨਾਲ ਰਲ਼ਾ ਲਈ ਹੋਈ ਸੀ। ਹੁਣ ਮੌਕੇ ਦੀ ਸਿਆਸਤ ਨਾਲ ਤਾਲ-ਮੇਲ ਰੱਖਣ ਕਰ ਕੇ ਵੀ ਉਸਦੀ ਪਿੰਡ ਤੇ ਇਲਾਕੇ ਵਿਚ 'ਬੱਲੇ! ਬੱਲੇ!' ਸੀ! ਮੁੰਡਾ ਲੋਕਾਂ ਨੂੰ ਲੁੱਟ ਕੇ ਘਰ ਭਰਨ ਤੋਂ ਬਾਅਦ ਕਨੇਡਾ ਜਾ ਬੈਠਾ ਸੀ ਤੇ ਓਥੋਂ ਦੇ ਗੁਰਦਵਾਰੇ 'ਤੇ ਕਬਜ਼ੇ ਦੀ ਲੜਾਈ ਲੜ ਰਿਹਾ ਸੀ।।

ਲੋਕ ਆਖਦੇ, "ਤੂੰ ਕਹਿੰਦੈਂ; ਜੱਥੇਦਾਰ ਸਾਂਝਾ ਖਾਲ਼ ਖਾ ਗਿਐ! ਭਲਿਆ ਲੋਕਾ! ਉਹ ਤਾਂ ਸਾਂਝਾ ਗੁਰੂ-ਘਰ, ਸਾਂਝੀ ਗੋਲਕ ਤੇ ਗੁਰਦਵਾਰੇ ਦੀ ਜ਼ਮੀਨ ਵੀ ਖਾ ਗਿਐ। ਤੈਨੂੰ ਉਹ ਕੀ ਦੇਹ-ਦਵਾਲ ਆ! ਤੂੰ ਝੋਟਿਆਂ ਵਾਲੇ ਘਰੋਂ ਕੀ ਲੱਸੀ ਭਾਲਦੈਂ!"

ਪਰ ਹਾਰ ਮੰਨਣੀ ਉਹਦੇ ਸੁਭਾਅ ਦਾ ਹਿੱਸਾ ਨਹੀਂ ਸੀ। ਉਹ ਅਦਾਲਤੇ ਜਾ ਚੜ੍ਹਿਆ ਸੀ।

"ਬਿਨਾਂ ਲੜਿਆਂ ਈ ਮੋਰਚਾ ਛੱਡ ਜਾਣਾ ਸੂਰਮਗਤੀ ਨਹੀਂ ਹੁੰਦੀ। ਅਦਾਲਤਾਂ ਦੀ 'ਫ਼ਤਹਿ' ਆਪਣੇ ਵੱਸ ਦੀ ਗੱਲ ਤਾਂ ਭਾਵੇਂ ਨਹੀਂ ਪਰ ਲੜਾਈ ਤਾਂ ਪੂਰੀ ਲੜੂੰ ਮੈਂ!"

ਅਦਾਲਤ ਵਿਚ ਮੁਕੱਦਮਾ ਲੜਨ ਦੇ ਬਾਵਜੂਦ ਦੋਵਾਂ ਧਿਰਾਂ ਦਾ ਬੋਲ-ਚਾਲ ਤੇ ਮਿਲਵਰਤਣ ਬੰਦ ਨਹੀਂ ਸੀ ਹੋਇਆ। ਤਰੀਕ ਭੁਗਤਣ ਜਾਂਦਿਆਂ ਵੀ ਦੋਵੇਂ ਧਿਰਾਂ ਆਪਸ ਵਿਚ ਬੋਲਦੇ-ਚਾਲਦੇ। ਹਾਸਾ-ਠੱਠਾ ਵੀ ਕਰ ਲੈਂਦੇ। ਤਾਰੇ ਦੇ ਢਾਬੇ ਤੋਂ ਰੋਟੀ ਖਾਂਦਿਆਂ ਇਕ ਦੂਜੇ ਨੂੰ ਸੁਲ੍ਹਾ ਵੀ ਮਾਰ ਲੈਂਦੇ।

ਇਕ ਦਿਨ ਸ਼ੀਰੇ ਨੇ ਅਮਰੀਕ ਤੋਂ ਛੋਟੇ ਗੁਰਮੇਲ ਨੂੰ ਡੰਗਰਾਂ ਵਾਲੇ ਅੰਦਰ ਲੁਕ ਕੇ ਸਮੈਕ ਪੀਂਦਿਆਂ ਫੜ ਲਿਆ। ਅਮਰ ਸਿੰਘ ਨੇ ਖੜਕਾਈਆਂ ਤਾਂ ਬਕ ਪਿਆ, "ਪਰਗਟ ਨੇ ਮੈਨੂੰ ਦਿੱਤੀ ਸੀ, ਕਹਿੰਦਾ ਸੀ, ਪੀ ਕੇ ਵੇਖੀਂ, ਸੁਰਗਾਂ ਦੇ ਨਜ਼ਾਰੇ ਆ ਜਾਣਗੇ।"

ਉਸਨੇ ਦਲੀਪ ਸਿੰਘ ਨੂੰ ਉਲ੍ਹਾਮਾਂ ਦਿੱਤਾ, "ਭਾਊ! ਚਾਰ ਘਰ ਤਾਂ ਡੈਣ ਵੀ ਛੱਡ ਦਿੰਦੀ ਏ। ਸਮੈਕ 'ਤੇ ਲਾਉਣ ਲਈ ਪਰਗਟ ਨੂੰ ਮੇਰਾ ਮੁੰਡਾ ਈ ਲੱਭਾ ਸੀ।"

ਦਲੀਪ ਸਿੰਘ ਨੇ ਉਸਦੇ ਮੋਢੇ 'ਤੇ ਹੱਥ ਰੱਖਦਿਆਂ ਦਿਲਾਸਾ ਦਿੱਤਾ, "ਛੋਟੇ ਵੀਰ! ਮੈਂ ਉਹਦੇ ਛਿੱਤਰ ਮਾਰੂੰ ਸਿਰ 'ਚ! ਤੂੰ ਫ਼ਿਕਰ ਨਾ ਕਰ। ਪੈਸੇ ਦੱਸ ਕਿੰਨੇ ਲਏ ਨੇ?" ਉਸਨੇ ਸਮੈਕ ਦਾ ਮੁੱਲ ਮੋੜਨ ਲਈ ਜੇਬ ਵਿਚ ਹੱਥ ਪਾਇਆ।

ਅਮਰ ਸਿੰਘ ਨੇ ਤਾਂ ਗੁੱਸੇ ਨਾਲ ਮੂੰਹ ਮੋੜ ਲਿਆ ਪਰ ਘਰ ਜਾ ਕੇ ਦਲੀਪ ਸਿੰਘ ਨੇ ਪਰਗਟ ਨੂੰ ਹੱਸ ਕੇ ਆਖਿਆ, "ਕੰਜਰਾ! ਤੇਰਾ ਇਕ ਗਾਹਕ ਤਾਂ ਬਣਦਾ ਬਣਦਾ ਤੇਰੇ ਹੱਥੋਂ ਖਿਸਕ ਗਿਆ।"

ਭੁੱਲੀ ਤਾਂ ਅਮਰ ਸਿੰਘ ਨੂੰ ਪਰਗਟ ਤੋਂ ਵੱਡੇ 'ਲੈਫਟੀਨੈਂਟ ਜਨਰਲ' ਸਰਤਾਜ ਦੀ ਚੜ੍ਹੋਖ਼ਤੀ ਵੀ ਨਹੀਂ ਸੀ ਪਰ ਉਹ ਅੰਦਰੇ-ਅੰਦਰ ਹੀ ਸਾਰਾ ਜ਼ਹਿਰ ਪੀ ਗਿਆ ਸੀ। ਪਰ ਪਿਛਲੇ ਦਿਨੀਂ ਪਰ੍ਹੇ ਵਿਚ ਬੈਠਿਆਂ ਗੱਲ ਕੁਝ ਜ਼ਿਆਦਾ ਹੀ ਵਧ ਗਈ।

ਤਖ਼ਤਪੋਸ਼ 'ਤੇ ਵਿਹਲੇ ਵੇਲੇ ਪੰਜ-ਸੱਤ ਬੰਦੇ ਤਾਸ਼ ਕੁੱਟ ਰਹੇ ਸਨ ਤੇ ਪੰਜ-ਚਾਰ ਆਪਣੇ ਗੱਪ-ਗਿਆਨ ਵਿਚ ਮਸਤ। ਦਲੀਪ ਸਿੰਘ ਤੇ ਅਮਰ ਸਿੰਘ ਵੀ ਓਥੇ ਸਨ। ਕਿਸੇ ਨੇ ਸਹਿਵਨ ਹੀ ਪੁੱਛ ਲਿਆ, "ਅਮਰ ਸਿਹਾਂ! ਯਾਰ ਬਾਬੇ ਤੁਹਾਡੇ ਦਾ ਨਾਂ ਤਾਂ ਚੜ੍ਹਤ ਸੁੰਹ ਸੁਣੀਂਦਾ ਸੀ ਪਰ 'ਚੜ੍ਹ ਸਿਹੁੰ' ਕਿਉਂ ਆਖਦੇ ਸਨ?"

"ਉਂਝ ਈ, ਐਵੇਂ। ਜਿਵੇਂ ਬੇਸੁਰਿਆਂ ਦੇ ਭਗਤ ਸੁੰਹ ਨੂੰ 'ਭਗ ਸੁੰਹ' ਆਖ ਦੇਂਦੇ ਨੇ। ਏਦਾਂ ਈ ਹੋਣੈਂ।" ਅਮਰ ਸਿੰਘ ਆਪਣਾ ਅਨੁਮਾਨ ਦੱਸ ਹੀ ਰਿਹਾ ਸੀ ਕਿ ਦਲੀਪ ਸਿੰਘ ਨੇ ਉਸਦੇ ਮੂੰਹੋਂ ਗੱਲ ਖੋਹ ਲਈ।

"ਤੂੰ ਮੈਨੂੰ ਪੁੱਛ! ਮੇਰਾ ਵੀ ਤਾਂ ਬਾਬਾ ਸੀ ਉਹ।"

ਉਹਦੀ ਗੱਲ ਠੀਕ ਸੀ। ਅਮਰ ਸਿਘ ਦਾ ਦਾਦਾ ਚੜ੍ਹਤ ਸਿੰਘ ਉਰਫ਼ ਮੋਹਣ ਸਿੰਘ ਅਤੇ ਦਲੀਪ ਸਿੰਘ ਦਾ ਦਾਦਾ ਸੋਹਣ ਸਿੰਘ ਸਕੇ ਭਰਾ ਸਨ। ਦਲੀਪ ਸਿੰਘ ਚੜ੍ਹਤ ਸਿੰਘ ਦੇ ਵੱਡੇ ਭਰਾ ਸੋਹਣ ਸਿੰਘ ਦੇ ਪੁੱਤ ਸ਼ਰਮ ਸਿੰਘ ਦੀ ਔਲਾਦ ਸੀ। ਅਮਰ ਸਿੰਘ ਦੇ ਪਿਉ ਧਰਮ ਸਿੰਘ ਤੇ ਦਲੀਪ ਸਿੰਘ ਦੇ ਪਿਉ ਸ਼ਰਮ ਸਿੰਘ ਵਿਚ ਤਾਂ ਭਰਾਵਾਂ ਵਰਗਾ ਹੀ ਪੀਚਵਾਂ ਰਿਸ਼ਤਾ ਰਿਹਾ ਸੀ। ਆਖ਼ਰ ਉਹ ਚਾਚੇ-ਤਾਏ ਦੇ ਪੁੱਤ ਭਰਾ ਸਨ। ਸ਼ਰਮ ਸਿੰਘ ਅਜੇ ਜਿਊਂਦਾ ਸੀ ਤੇ ਉਹ ਤਾਂ ਅਜੇ ਵੀ ਅਮਰ ਸਿੰਘ ਨੂੰ ਆਪਣੇ ਪੁੱਤਾਂ ਦੀ ਥਾਂ ਸਮਝਦਾ ਸੀ। ਭਰਾ ਤਾਂ ਅਮਰ ਸਿੰਘ ਤੇ ਦਲੀਪ ਸਿੰਘ ਵੀ ਲੱਗਦੇ ਹੀ ਸਨ। ਅਕਸਰ ਉਹਨਾਂ ਦੇ ਦਾਦੇ ਸਕੇ ਭਰਾ ਸਨ ਤੇ ਪੜਦਾਦਾ ਤਾਂ ਇਕੋ ਸੀ ਪਰ ਇਸ 'ਇਕ' ਹੋਣ ਦੀ ਸਾਂਝ ਦਲੀਪ ਸਿੰਘ ਤੇ ਅਮਰ ਸਿੰਘ ਤਕ ਪਹੁੰਚਦਿਆਂ ਤਿੜਕ ਗਈ ਸੀ।

"ਗੱਲ ਉਂਝ ਹੈ ਥੋੜ੍ਹੀ ਕੁ ਹਾਸੇ ਵਾਲੀ ਪਰ ਮੇਰੇ ਸੁਣਨ ਵਿਚ ਤਾਂ ਇੰਝ ਈ ਆਈ ਐ।" ਗੱਲ ਅੱਗੇ ਤੋਰਦਿਆਂ ਦਲੀਪ ਸਿੰਘ ਨੇ ਗਾਤਰੇ ਪਾਈ ਕਿਰਪਾਨ ਸੂਤ ਕੀਤੀ, ਦਾਹੜੀ 'ਤੇ ਹੱਥ ਫੇਰਿਆ ਤੇ ਆਸੇ-ਪਾਸੇ ਸੂਹ ਲੈਣ ਵਾਂਗ ਝਾਤ ਮਾਰੀ।

"ਇਹ ਗੱਲ ਛੋਟੇ ਭਾ ਨੇ ਤੁਹਾਨੂੰ ਦੱਸਣੀ ਨਹੀਂ।" ਉਸਨੇ ਇਕ ਵਾਰ ਫਿਰ ਪੁਸ਼ਟੀ ਕਰਨ ਲਈ ਆਸੇ ਪਾਸੇ ਵੇਖ ਕੇ ਦੱਬਵੀਂ ਜ਼ਬਾਨ ਵਿਚ ਕਿਹਾ, "ਦਫ਼ੇਦਾਰਾਂ ਦੀ ਪੜਦਾਦੀ ਨਾਲ ਉਹਦਾ ਟਾਂਕਾ ਫਿੱਟ ਸੀ। ਗਰਮੀਆਂ 'ਚ ਰਾਤ-ਬਰਾਤੇ ਉਹਨਾਂ ਦੇ ਚੁਬਾਰੇ 'ਚ ਵੇਲਾ ਤਕਾ ਕੇ ਪਿਛਲੇ ਕੋਠੇ 'ਤੋਂ ਪੌੜਿਆਂ 'ਚ ਪੈਰ ਅੜਾ ਕੇ ਉੱਤੇ ਜਾ ਚੜ੍ਹਦਾ ਸੀ। ਘਰਵਾਲਾ ਤਾਂ ਉਹਦਾ ਫ਼ੌਜ 'ਚ ਹੁੰਦਾ ਸੀ। ਇਕ ਵਾਰ ਉਹਦੇ ਘਰ ਵਾਲੇ ਦੇ ਛੁੱਟੀ ਆਏ ਤੋਂ ਵੀ ਜਾ ਚੜ੍ਹਿਆ। ਉਸ ਮਾਈ ਨੇ...।"

ਉਹ ਹੱਸਿਆ, "ਯਾਰ! ਸਾਡੀ ਤਾਂ ਮਾਈ ਹੀ ਲੱਗਦੀ ਹੋਈ ਨਾ! ਉਹਨੇ ਬਾਬੇ ਨੂੰ ਵਰਜਿਆ ਵੀ ਸੀ ਕਿ ਰਾਤ ਨੂੰ ਨਾ ਆਵੇ। ਪਰ ਉਸਤੋਂ ਰਿਹਾ ਨਾ ਗਿਆ। ਆਪਣੀ ਇੱਜ਼ਤ-ਪਤ ਦਾ ਖ਼ਿਆਲ ਕਰਦਿਆਂ ਮਾਈ ਨੇ ਉੱਪਰ ਆਉਂਦਿਆਂ ਵੇਖ ਕੇ 'ਚੋਰ! ਚੋਰ!' ਆਖ ਕੇ ਸਿਰੇ 'ਤੇ ਅੱਪੜੇ ਨੂੰ ਉੱਤੋਂ ਧੱਕਾ ਦੇ ਕੇ ਥੱਲੇ ਸੁੱਟ ਦਿੱਤਾ। ਬਾਬਾ ਪਿੱਠ ਪਰਨੇ 'ਧੜੰਮ' ਥੱਲੇ ਡਿੱਗਾ ਤਾਂ ਲੱਕ 'ਤੇ ਸੱਟ ਲੱਗ ਗਈ। ਕਈ ਮਹੀਨੇ ਲੰਗਾ ਕੇ ਤੁਰਦਾ ਰਿਹਾ। ਦੱਸਣ ਵਾਲੇ ਦੱਸਦੇ ਨੇ; ਕਹਿੰਦਾ ਹੁੰਦਾ ਸੀ, "ਉਹ ਈ ਸਹੁਰੀ ਦਗਾ ਦੇ ਗੀ'। ਉਤਲੇ ਸਿਰੇ ਤੋਂ ਧੱਕਾ ਦੇ ਦਿੱਤਾ! ਨਹੀਂ; ਮੈਂ ਤਾਂ ਕੋਠੇ 'ਤੇ ਚੜ੍ਹ ਈ ਗਿਆ ਸਾਂ!" ਬੱਸ; ਉਦੋਂ ਤੋਂ ਲੋਕਾਂ ਉਹਦਾ ਨਾਂ 'ਚੜ੍ਹ ਸੁੰਹ' ਧਰ ਦਿੱਤਾ ਤੇ ਇਹ 'ਚੜ੍ਹ ਸੁੰਹ ਕੇ' ਵੱਜਣ ਲੱਗ ਪਏ। ਏਸੇ ਕਰ ਕੇ ਉਹਦਾ ਨਾਂ 'ਚੜ੍ਹ ਸੁੰਹ' ਪਿਆ। ਉਂਝ ਉਹਦਾ ਨਾਂ ਚੜ੍ਹਤ ਸੁੰਹ ਥੋੜ੍ਹਾ ਸੀ। ਅਸਲੀ ਨਾਂ ਤਾਂ ਉਹਦਾ ਮੋਹਣ ਸੁੰਹ ਸੀ। ਮੇਰਾ ਦਾਦਾ ਸੋਹਣ ਸੁੰਹ ਤੇ ਉਹ ਮੋਹਣ ਸੁੰਹ। ਸਕੇ ਭਰਾ।"

ਹਾਸਾ ਮਖ਼ੌਲ ਤਾਂ ਉਹਨਾਂ ਦਾ ਆਪਸ ਵਿਚ ਚੱਲਦਾ ਰਹਿੰਦਾ ਸੀ ਪਰ ਅੱਜ ਦੀ ਗੱਲ ਕੁਝ ਹੋਰ ਸੀ। ਆਪਣੇ ਬਾਬੇ ਨੂੰ ਅਮਰ ਸਿੰਘ ਬੜੀ ਉੱਚੀ ਥਾਂ 'ਤੇ ਰੱਖਦਾ ਸੀ। ਬੜੀ ਕਦਰ ਸੀ ਉਹਦੇ ਮਨ ਵਿਚ ਉਸ ਬਜ਼ੁਰਗ ਦੀ। ਉਹਦੇ ਮਨ ਵਿਚ ਹੀ ਨਹੀਂ, ਪਿੰਡ ਤੇ ਇਲਾਕੇ ਵਿਚ ਵੀ ਬੜੀ ਕਦਰ ਸੀ ਉਹਦੀ। ਬਾਬੇ ਦੀ ਅਜਿਹੀ ਬੇਇਜ਼ਤੀ ਉਸ ਤੋਂ ਬਰਦਾਸ਼ਤ ਨਾ ਹੋਈ।

"ਸ਼ਰਮ ਕਰ ਕੁਝ ਜਥੇਦਾਰਾ! ਤੇਰਾ ਵੀ ਬਾਪੂ ਲੱਗਦਾ ਸੀ ਉਹ। ਲੱਖ-ਲਾਹਨਤ ਤੇਰੇ ਇਹੋ ਜਿਹੇ 'ਸਿੰਘ' ਹੋਣ ਦੇ! ਬਾਬਾ ਵੀ ਆਂਹਦੈਂ ਤੇ ਉਹਦੀ ਦਾੜ੍ਹੀ ਵੀ ਪੁੱਟਦੈਂ। ਉਸ ਸੂਰਮੇ ਬਾਪੂ ਦੀਆਂ ਕਹਾਣੀਆਂ ਤਾਂ ਇਤਿਹਾਸ ਦਾ ਹਿੱਸਾ ਬਣ ਗਈਆਂ ਨੇ।"

ਉਹ ਠੀਕ ਸੀ। ਗ਼ਦਰ ਪਾਰਟੀ ਬਣਨ ਸਮੇਂ ਕਨੇਡਾ ਤੋਂ ਉਹਦੀ ਵਾਪਸੀ ਤੇ ਏਥੇ ਲੜੀ ਆਜ਼ਾਦੀ ਦੀ ਲੜਾਈ ਦੇ ਕਈ ਵੇਰਵੇ ਤੇ ਵਿਸਥਾਰ ਲੋਕਾਂ ਦੇ ਚੇਤੇ ਵਿਚ ਅਜੇ ਵੀ ਜਿਊਂਦੇ ਸਨ।

"ਮੈਨੂੰ ਅਜੇ ਵੀ ਤੇਰੀ 'ਆਪਣਾ ਖ਼ੂਨ' ਹੋਣ ਦੀ ਸ਼ਰਮ ਮਾਰਦੀ ਐ। ਨਹੀਂ ਤਾਂ, ਸੱਚ ਜਾਣੀਂ ਮੈਂ ਹੁਣ ਤਕ ਤੇਰਾ ਖ਼ੂਨ ਪੀ ਗਿਆ ਹੁੰਦਾ ਤੇ ਤੇਰੇ ਵਾਲਾ ਕੰਮ ਹੁਣ ਤਕ ਤਮਾਮ ਕਰ ਕੇ ਮੋਰਚਾ ਫ਼ਤਹਿ ਕੀਤਾ ਹੁੰਦਾ!" ਅਮਰ ਸਿੰਘ ਨੇ ਆਪਣੀ ਗਾਤਰੇ ਪਈ ਕਿਰਪਾਨ ਨੂੰ ਹੱਥ ਪਾਇਆ ਹੋਇਆ ਸੀ।

"ਕਮਲੇ ਹੋ ਗਏ ਜੇ! ਇਕੋ ਟੱਬਰ, ਇਕੋ ਲਹੂ। ਸ਼ਰਮ ਕਰੋ ਕੁਝ।" ਸਭ ਤੋਂ ਵੱਡੀ ਉਮਰ ਦੇ ਬਜ਼ੁਰਗ ਨੱਥਾ ਸਿੰਘ ਨੇ ਦੋਵਾਂ ਨੂੰ ਉੱਚੀ ਆਵਾਜ਼ ਵਿਚ ਝਿੜਕਿਆ।



"ਕਲਜੁਗ ਵਿਚ ਠੱਗਾਂ ਤੇ ਚੋਰਾਂ ਦੀ ਈ ਸਦਾ ਫ਼ਤਹਿ ਨਹੀਂ ਹੁੰਦੀ ਦਲੀਪ ਸਿਆਂ! ਕਦੀ ਕਦੀ ਸਾਧਾਂ ਦੀ ਫ਼ਤਹਿ ਵੀ ਹੋ ਜਾਂਦੀ ਐ। ਖ਼ਾਲ਼ ਦੀ ਲੜਾਈ ਦਾ ਚਿੱਕੜ ਮੇਰੇ ਉੱਜਲੇ ਬਾਬੇ 'ਤੇ ਨਾ ਸੁੱਟ।"

ਉਸਨੇ ਮੋਢੇ 'ਤੇ ਪਰਨਾ ਸੁੱਟਿਆ ਤੇ ਤਖ਼ਤਪੋਸ਼ ਤੋਂ ਹੇਠਾਂ ਉੱਤਰ ਆਇਆ।

ਉਹਦੇ ਤੁਰ ਜਾਣ ਤੋਂ ਬਾਅਦ ਬਾਬੇ ਨੱਥਾ ਸਿੰਘ ਨੇ ਦਲੀਪ ਸਿੰਘ ਨੂੰ ਡਾਂਟਿਆ, "ਦਲੀਪ ਸਿਹਾਂ! ਗੁਰਸਿੱਖ ਹੋ ਕੇ ਤੈਨੂੰ ਅਜਿਹੀਆਂ ਗੱਲਾਂ ਕਰਨੀਆਂ ਸੋਂਹਦੀਆਂ ਨਹੀਂ। ਫੇਰ ਉਸ ਗੁਰਮੁਖ ਆਦਮੀ ਬਾਰੇ!"

ਦਲੀਪ ਸਿੰਘ ਨੇ ਵੀ ਜੁੱਤੀ ਪੈਰੀਂ ਅੜਾਈ ਤੇ ਛਿੱਥਾ ਜਿਹਾ ਹੋ ਕੇ ਤਖ਼ਤਪੋਸ਼ ਤੋਂ ਉੱਤਰ ਕੇ ਘਰ ਵੱਲ ਤੁਰ ਪਿਆ।

ਦੋਵਾਂ ਦੇ ਤੁਰ ਜਾਣ ਤੋਂ ਬਾਅਦ ਬਾਬਾ ਨੱਥਾ ਸਿੰਘ ਦੱਸਣ ਲੱਗਾ, "ਇਹ ਤਾਂ ਐਵੇਂ ਮੁਸ਼ਟੰਡਿਆਂ ਸ਼ਰੀਕਾਂ ਦੀਆਂ ਘੜੀਆਂ ਕਹਾਣੀਆਂ ਨੇ। ਉਹ ਤਾਂ ਬੜਾ ਦਨਾਅ ਤੇ ਸੂਰਮਾ ਆਦਮੀ ਸੀ। ਨਾਂ ਤਾਂ ਉਹਦਾ ਪਹਿਲਾਂ ਵਾਕਿਆ ਈ ਮੋਹਣ ਸੁੰਹ ਹੁੰਦਾ ਸੀ। ਚੜ੍ਹਤ ਸੁੰਹ ਵਾਲੀ ਘਾਣੀ ਤਾਂ ਕੁਝ ਇੰਝ ਸੀ।"

ਬਾਬਾ ਨੱਥਾ ਸਿੰਘ ਖੂੰਡੇ ਨੂੰ ਸੰਵਾਰ ਕੇ ਵੱਖੀ ਨਾਲ ਟਿਕਾਉਂਦਾ ਹੋਇਆ ਨਿੱਠ ਕੇ ਬਹਿ ਗਿਆ।

"ਮੋਹਣ ਸੁੰਹ ਉਦੋਂ ਹਾਂਗਕਾਂਗ ਸੀ ਜਦੋਂ ਉਹਦੀ ਪਛਾਣ ਬੇਲਾ ਸੁੰਹ ਦੁਆਬੀਏ ਨਾਲ ਹੋ ਗਈ। ਬੇਲਾ ਸਿੰਘ ਨੇ ਆਪਣੇ ਕਨੇਡਾ ਵਿਚ ਰਹਿੰਦੇ ਰਿਸ਼ਤੇਦਾਰ 'ਚੜ੍ਹਤ ਸਿੰਘ' ਦੇ ਨਾਂ 'ਤੇ ਉਸਦੇ ਕਾਗ਼ਜ਼ ਕਨੇਡਾ ਲਈ ਭਰਾ ਦਿੱਤੇ। ਮਤਲਬ ਕਨੇਡਾ ਦੇ ਅਫ਼ਸਰਾਂ ਨੂੰ ਇਹ ਦੱਸਣਾ ਸੀ ਕਿ ਉਹ ਪਹਿਲਾਂ ਵੀ ਕਨੇਡਾ ਜਾ ਚੁੱਕਾ ਹੈ ਤੇ ਹੁਣ ਵੀ ਉਹਨੂੰ ਕਨੇਡਾ ਜਾਣ ਦਾ ਹੱਕ ਏ। ਉਦੋਂ ਇਹ ਹੱਕ ਕਿਸੇ ਨਵੇਂ ਬੰਦੇ ਨੂੰ ਨਹੀਂ ਸੀ ਮਿਲ ਸਕਦਾ। ਬੇਲਾ ਸਿੰਘ ਕਨੇਡਾ ਵਿਚ ਸਰਕਾਰ ਦਾ ਝੋਲੀ-ਚੁੱਕ ਸੀ ਤੇ ਉਸ ਲਈ ਕੰਮ ਕਰਦਾ ਸੀ। ਬੇਲਾ ਸਿੰਘ ਉਹਨੂੰ ਵੀ ਨਾਲ ਲਿਜਾ ਕੇ ਕਨੇਡਾ ਵਿਚ ਸਰਕਾਰੀ ਪੱਖ ਦੀ ਧਿਰ ਬਣਾ ਕੇ ਭੁਗਤਾਉਣਾ ਚਾਹੁੰਦਾ ਸੀ। ਪਰ ਮੋਹਣ ਸਿੰਘ ਨੂੰ ਤਾਂ ਏਥੇ ਹਾਂਗਕਾਂਗ ਵਿਚ ਈ ਦੇਸ਼-ਭਗਤੀ ਦੀ ਲਗਨ ਲੱਗ ਗਈ ਸੀ। ਕਨੇਡਾ ਜਾ ਕੇ ਵੀ ਦੇਸ਼-ਭਗਤਾਂ ਨਾਲ ਰਲ ਗਿਆ। ਛੇਤੀ ਈ ਉਹ ਤਾਂ ਲੀਡਰਾਂ ਵਿਚ ਗਿਣਿਆਂ ਜਾਣ ਲੱਗਾ। ਦੁਖੀ ਹੋ ਕੇ ਕਨੇਡਾ ਸਰਕਾਰ ਨੇ ਉਹਨੂੰ ਵਾਪਸ ਭੇਜਣ ਦਾ ਫ਼ੈਸਲਾ ਕਰ ਲਿਆ। ਸੁਪਰੀਮ ਕੋਰਟ ਵੱਲੋਂ ਉਹਦੀ ਰਿੱਟ ਪਾਸ ਹੋਣ ਦਾ ਹੁਕਮ ਮਿਲ ਜਾਣ ਤੋਂ ਬਾਅਦ ਵੀ ਅਫ਼ਸਰਾਂ ਨੇ ਉਹਨੂੰ ਜ਼ਬਰਦਸਤੀ ਜਹਾਜ਼ 'ਤੇ ਚੜ੍ਹਾ ਕੇ ਮੁਲਕ ਬਦਰ ਕਰ ਦਿੱਤਾ। ਓਥੇ ਕਨੇਡਾ ਵਿਚ ਕਿਉਂਕਿ ਉਹਦਾ ਨਾਂ 'ਚੜ੍ਹਤ ਸਿੰਘ' ਈ ਵੱਜਦਾ ਸੀ, ਇਸ ਲਈ ਉਸਨੇ ਗੁਰਦਵਾਰੇ ਵਿਚ ਅੰਮ੍ਰਿਤ ਛਕ ਕੇ ਆਪਣਾ ਨਾਂ 'ਮੋਹਣ ਸਿੰਘ' ਤੋਂ 'ਚੜ੍ਹਤ ਸਿੰਘ' ਈ ਰੱਖ ਲਿਆ।"

"ਜੇ ਇਹ ਨਾਂ ਅੰਗਰੇਜ਼ਾਂ ਨਾਲ ਮੇਰੀ ਲੜਾਈ ਤੇ ਚੜ੍ਹਾਈ ਵਿਚ ਮੇਰੇ ਨਾਲ ਖਲੋਤੈ, ਇਕ ਦੇਸ਼-ਭਗਤ ਵਜੋਂ ਮੇਰੀ ਪਛਾਣ ਬਣ ਗਿਐ ਤੇ ਅੰਗਰੇਜ਼ਾਂ ਲਈ ਭੈਅ ਦਾ ਨਿਸ਼ਾਨ ਤਾਂ ਹੁਣ ਮੈਨੂੰ ਵੀ ਇਸ ਨਾਂ ਨਾਲ ਖਲੋਣਾ ਚਾਹੀਦੈ। ਸਰਕਾਰੀ ਕਾਗ਼ਜ਼ਾਂ ਵਿਚ ਬਾਗ਼ੀ ਬਣ ਚੁੱਕੇ ਏਸ ਨਾਂ ਦੀ ਕਦਰ ਕਰਨੀ ਚਾਹੀਦੀ ਏ।"

'ਮੋਹਣ ਸਿੰਘ' ਤੋਂ 'ਚੜ੍ਹਤ ਸਿੰਘ' ਬਣ ਜਾਣ ਦਾ ਤਰਕ ਉਹਨਾਂ ਦੇ ਬਾਬੇ ਕੋਲ ਇਹੋ ਹੀ ਸੀ।

"ਉਹ ਤਾਂ ਆਪਣੇ ਨਾਂ ਨਾਲ ਖਲੋਣ ਵਾਲਾ ਤੇ ਸ਼ਾਨ ਨਾਲ ਜਿਊਣ ਵਾਲਾ ਬੰਦਾ ਸੀ।" ਬਾਬੇ ਨੱਥਾ ਸਿੰਘ ਨੇ ਤੋੜਾ ਝਾੜਿਆ।

"ਚੜ੍ਹਤ ਸੁੰਹ ਤੋਂ 'ਚੜ੍ਹ ਸੁੰਹ' ਬਣਨ ਵਾਲਾ ਟੋਟਕਾ ਵੀ ਸੁਣ ਲੌ। ਮੈਂ ਆਪ ਸਾਰੀ ਹੋਈ ਬੀਤੀ ਦਾ ਚਸ਼ਮਦੀਦ ਗਵਾਹ ਆਂ। ਪੰਜਾਬੀ ਸੂਬੇ ਦੇ ਮੋਰਚੇ ਵੇਲੇ ਉਹ ਅਜੇ ਕਾਇਮ-ਦਾਇਮ ਸੀ। ਪਿਛਲੀ ਉਮਰ ਸੀ ਪਰ ਜੋਸ਼ ਅਜੇ ਵੀ ਪੂਰਾ ਸੂਰਾ। ਜਥੇ ਵਿਚ ਸਭ ਤੋਂ ਅੱਗੇ। ਮੈਂ ਵੀ ਉਸ ਜੱਥੇ ਵਿਚ ਸਾਂ। ਜੇਲ੍ਹ ਵਿਚ ਇਕ ਦਿਨ ਕੀ ਹੋਇਆ, ਇਖ਼ਲਾਕੀ ਕੈਦੀਆਂ ਵਿਚ ਸੋਲਾਂ ਸਤਾਰਾਂ ਸਾਲਾਂ ਦਾ ਨਾਬਾਲਗ਼ ਮੁੰਡਾ ਸੀ ਨਾਲ ਦੀ ਬੈਰਕ ਵਿਚ; ਉਹਨੇ, ਸਵੇਰੇ ਜਦੋਂ ਬੰਦੀ ਖੁੱਲ੍ਹੀ ਤਾਂ, ਜੇਲ੍ਹ ਵਿਚ ਬੀਜੀਆਂ ਮੂਲੀਆਂ ਵਿਚੋਂ ਰੋਟੀ ਨਾਲ ਖਾਣ ਲਈ ਇਕ ਮੂਲੀ ਪੁੱਟ ਲਈ। ਵਾਰਡਰ ਨੇ ਮੂਲੀ ਖੋਹ ਲਈ ਤੇ ਏਨਾ ਝੰਬਿਆ ਸੋਟੀਆਂ ਨਾਲ ਕਿ ਮੁੰਡੇ ਦਾ ਪਿੰਡਾ ਨੀਲੋ-ਨੀਲ ਹੋ ਗਿਆ। ਮੁੰਡਾ ਅੱਗੇ ਵੀ ਸਾਡੇ ਕੋਲ ਆ ਕੇ ਬਹਿ ਜਾਂਦਾ ਹੁੰਦਾ ਸੀ। ਫਸਾਇਆ ਵੀ ਪੁਲਿਸ ਵਾਲਿਆਂ ਨੇ ਨਜਾਇਜ਼ ਕੇਸ ਵਿਚ ਈ ਸੀ। ਸਾਡੀ ਉਹਦੇ ਨਾਲ ਪਹਿਲਾਂ ਈ ਹਮਦਰਦੀ ਸੀ। ਅੱਜ ਵੀ ਉਹ ਰੋਂਦਾ ਰੋਂਦਾ ਸਾਡੇ ਕੋਲ ਆਇਆ। ਨਾਲੇ ਭੁੱਬਾਂ ਮਾਰੀ ਜਾਏ ਨਾਲੇ ਪਿੰਡੇ ਤੇ ਲੱਤਾਂ 'ਤੇ ਪਈਆਂ ਲਾਸਾਂ ਵਿਖਾਏ। ਏਨੇ ਚਿਰ ਨੂੰ ਰੋਟੀ ਵਰਤਾਉਣ ਵਾਲੇ ਆ ਗਏ। ਸਾਰੇ ਆਪੋ ਆਪਣੀਆਂ ਬਾਟੀਆਂ ਤੇ ਮੱਘ ਲੈਣ

ਲਈ ਭੱਜੇ ਤੇ ਰੋਟੀ ਲੈਣ ਲਈ ਲਾਈਨ ਵਿਚ ਖਲੋ ਗਏ। ਚੜ੍ਹਤ ਸੁੰਹ ਨੇ ਮੁੰਡੇ ਨੂੰ ਗੁਲ ਨਾਲ ਲਾਇਆ ਤੇ ਉਹਦੇ ਅੱਥਰੂ ਪੂੰਝੇ। ਉਹਨੂੰ ਪਿਆਰਿਆ, ਪੁਚਕਾਰਿਆ ਤੇ ਹੌਸਲਾ ਦਿੱਤਾ ਪਰ ਮੁੰਡਾ ਬੁਸਕਣੋਂ ਨਾ ਹਟੇ। ਏਨੇ ਚਿਰ ਵਿਚ ਰੋਟੀ ਵਰਤ ਗਈ। ਰੋਟੀ ਵਰਤਾਉਣ ਵਾਲੇ ਵਿੰਹਦੇ ਪਏ ਸਨ ਕਿ ਬਾਬੇ ਨੇ ਅਜੇ ਰੋਟੀ ਪਵਾਉਣੀ ਏਂ। ਇਕ ਜਣੇ ਨੇ ਕਿਹਾ, "ਬਾਬਾ! ਲਿਆ ਦਾਲ ਪਵਾ ਲਾ। ਤੇ ਛੱਡ ਇਹਨੂੰ ਮਾਂ ਦੇ ਖ਼ਸਮ ਨੂੰ, ਜਾਵੇ ਆਪਣੀ ਬੈਰਕ 'ਚ। ਚੱਲ ਉਏ ਹਰਾਮ ਦਿਆ! ਨਾਲੇ ਚੋਰੀਆਂ ਕਰਨੀਆਂ, ਨਾਲੇ ਰੋ ਰੋ ਵਿਖਾਉਣਾ।" ਬਾਬਾ ਉਹਨੂੰ ਅੱਗੋਂ ਪੈ ਨਿਕਲਿਆ। ਕਹਿੰਦਾ, "ਆਪਣੀ ਜ਼ਬਾਨ ਨੂੰ ਲਗਾਮ ਦੇ ਉਏ ਵੱਡੇ ਚੌਧਰੀਆ! ਜਾਹ ਮੈਂ ਨਹੀਂ ਰੋਟੀ ਖਾਣੀ। ਮੇਰੀ ਓਨਾ ਚਿਰ ਭੁੱਖ ਹੜਤਾਲ ਰਹੂ ਜਿੰਨਾ ਚਿਰ ਵਾਰਡਰ ਆ ਕੇ ਮਾਫ਼ੀ ਨਹੀਂ ਮੰਗਦਾ।" ਗੱਲ ਡਿਓੜ੍ਹੀ 'ਚ ਪੁੱਜੀ ਤਾਂ ਡਿਪਟੀ ਆਇਆ ਭੱਜਾ ਭੱਜਾ। ਬਾਬੇ ਨੂੰ ਕਹਿੰਦਾ, "ਰੋਟੀ ਖਾਣੀ ਐਂ ਕਿ ਕੁੱਟ ਕੇ ਖਵਾਵਾਂ? ਉਹ ਦਿਨ ਭੁੱਲ ਗਏ ਤੈਨੂੰ?"

" ਬਾਬਾ ਕਹਿੰਦਾ, 'ਜੇ ਏਡਾ ਈ ਸੂਰਮਾ ਐਂ ਤਾਂ ਤੂੰ ਹੁਣ ਕੁੱਟ ਕੇ ਈ ਰੋਟੀ ਖਵਾ ਵੇਖ।' ਤਣਾ-ਤਣੀ ਵਧੀ ਵੇਖ, ਰੋਟੀ ਖਾਂਦਿਆਂ ਦੀਆਂ ਸਾਡੀਆਂ ਤਾਂ ਬੁਰਕੀਆਂ ਹੱਥਾਂ ਵਿਚ ਫੜੀਆਂ ਰਹਿ ਗਈਆਂ। ਬਾਬਾ ਸਾਰਿਆਂ ਵੱਲ ਮੂੰਹ ਕਰਕੇ ਕਹਿੰਦਾ, "ਲਓ ਜਿਨ੍ਹਾਂ ਦਿਨਾਂ ਦੀ ਇਹ ਗੱਲ ਚੇਤੇ ਕਰਾਉਂਦੈ, ਮੈਂ ਆਪ ਈ ਦੱਸ ਦੇਨਾਂ। ਵੰਡ ਤੋਂ ਪਹਿਲਾਂ ਦੀ ਗੱਲ ਐ, ਇਹ ਛੋਟਾ ਠਾਣੇਦਾਰ ਹੁੰਦਾ ਸੀ ਉਦੋਂ। ਮੈਨੂੰ ਗ੍ਰਿਫ਼ਤਾਰ ਕਰਨ ਆਇਆ ਤਾਂ ਮੈਂ ਨਾਅ੍ਹਰੇ ਲਾਉਂਦਾ ਨਾਲ ਤੁਰ ਪਿਆ। ਅਗਲੇ ਦਿਨ ਕਚਹਿਰੀ ਪੇਸ਼ ਕਰਨਾ ਸੀ। ਕਚਹਿਰੀ ਵੱਲ ਤੁਰਦਿਆਂ ਮੈਨੂੰ ਕਹਿੰਦਾ, "ਜੇ ਅੱਜ ਨਾਅ੍ਹਰੇ ਲਾਏ ਤਾਂ ਮੈਂ ਬੁਰਾ ਹਾਲ ਕਰੂੰ ਤੇਰਾ।" ਮੈਂ ਆਖਿਆ, "ਕੀ ਕਰ ਲੇਂਗਾ ਵੱਧ ਤੋਂ ਵੱਧ? ਮੈਂ ਤਾਂ ਲਾਊਂ ਨਾਅ੍ਹਰੇ।" ਇਹ ਅੱਗੋਂ ਕਹਿੰਦਾ, " ਚੱਲ ਵੇਖ ਲੈ ਸਵਾਦ! ਜੇ ਤੂੰ ਨਾਅ੍ਹਰੇ ਲਾ ਗਿਆ ਤਾਂ ਮੇਰੀ ਦਾੜ੍ਹੀ ਮੂਤ ਨਾਲ ਮੁੰਨ ਛੱਡੀਂ।" ਮੈਂ ਆਖਿਆ, "ਭਾਈ ਸਿੱਖਾ! ਦਾੜ੍ਹੀ ਕੇਸ ਤਾਂ ਗੁਰੂ ਦੀ ਦੇਣ ਨੇ। ਇਹਨਾਂ ਨੂੰ ਆਪਣੇ ਵਿਚ ਨਾ ਲਿਆ। ਉਂਝ ਦਾੜ੍ਹੀ ਰੱਖਣੀ ਜਾਂ ਮਨਾਉਣੀ ਤੇਰੀ ਮਰਜ਼ੀ; ਪਰ ਮੈਂ ਲੱਗਾ ਈ ਨਾਅ੍ਹਰੇ ਲਾਉਣ।" ਇਹ ਮੈਨੂੰ ਕੁੱਟਦਾ ਗਿਆ, ਮੈਂ ਨਾਅ੍ਹਰੇ ਲਾਉਂਦਾ ਰਿਹਾ। ਹਾਰ ਕੇ ਕਚਹਿਰੀ ਨੇੜੇ ਆ ਗਈ ਵੇਖ ਕੇ ਆਪ ਈ ਡਰਦਾ ਹਟ ਗਿਆ ਕਿ ਜੱਜ ਨਾ ਪੁੱਛ-ਗਿੱਛ ਕਰਨ ਲੱਗ ਪਏ। ਸੰਗਤੇ! ਤੁਸੀਂ ਆਪ ਈ ਵੇਖ ਲੌ! ਇਹ ਕਮੀਣਾ! ਅਜੇ ਵੀ ਕਿਹੜੇ ਮੂੰਹ ਨਾਲ ਆਪਣੇ ਮੂੰਹ 'ਤੇ ਦਾੜ੍ਹੀ ਰੱਖੀ ਫਿਰਦੈ? ਤੇ ਲੈ; ਮੈਂ ਹੁਣ ਵੀ ਨਾਅ੍ਹਰੇ ਲਾਉਣ ਲੱਗਾ ਈ, "ਪੁਲਿਸ ਤਸ਼ੱਦਦ, ਮੁਰਦਾਬਾਦ!" ਬਾਬੇ ਚੜ੍ਹਤ ਸੁੰਹ ਨੇ ਬਾਂਹ ਉੱਚੀ ਕੀਤੀ ਤਾਂ ਸੰਗਤ ਵੀ ਬਾਹਵਾਂ ਖੜ੍ਹੀਆਂ ਕਰਕੇ 'ਮੁਰਦਾਬਾਦ' ਕਹਿੰਦੀ ਉੱਠ ਖਲੋਤੀ। 'ਭੁੱਖ ਹੜਤਾਲ' ਦਾ ਐਲਾਨ ਹੋ ਗਿਆ। "ਮੁਰਦਾਬਾਦ! ਮੁਰਦਾਬਾਦ!" ਨਾਲ ਜੇਲ੍ਹ ਦੀਆਂ ਕੰਧਾਂ ਗੂੰਜਣ ਲੱਗੀਆਂ। ਅਜੇ ਕੁਝ ਦਿਨ ਹੋਏ ਬਠਿੰਡਾ ਜੇਲ੍ਹ ਵਿਚ ਗੋਲੀ ਚੱਲਣ ਕਰ ਕੇ ਸਿੰਘ ਸ਼ਹੀਦ ਹੋ ਗਏ ਸਨ। ਸਰਕਾਰ ਦੀ ਬੜੀ ਬਦਨਾਮੀ ਹੋ ਰਹੀ ਸੀ। ਡਿਪਟੀ ਡਰ ਗਿਆ ਕਿ ਏਥੇ ਵੀ ਗੱਲ ਵਧ ਗਈ ਤਾਂ ਲੈਣੇ ਦੇ ਦੇਣੇ ਨਾ ਪੈ ਜਾਣ। ਮਾਫ਼ੀ ਮੰਗ ਕੇ ਛੁੱਟਿਆ। ਬੈਰਕ ਵਿਚ ਲੱਗਦੇ ਰਾਤ ਦੇ ਦੀਵਾਨ ਵਿਚ ਬਲੀ ਸੁੰਹ ਕਵੀਸ਼ਰ ਨੇ ਬਾਬੇ ਚੜ੍ਹਤ ਸੁੰਹ ਬਾਰੇ ਕਵਿਤਾ ਜੋੜ ਕੇ ਸੁਣਾ ਦਿੱਤੀ। ਮੈਂ ਸੁਣਾਉਂਦਾਂ ਤੁਹਾਨੂੰ, ਜੇ ਵਿਚੋਂ ਵਿਚੋਂ ਚੇਤੇ ਆ ਗਈ ਤਾਂ..."

ਨੱਥਾ ਸਿੰਘ ਨੇ ਮੱਥਾ ਸਿਕੋੜਿਆ ਤੇ ਰੁਕ ਰੁਕ ਕੇ ਚੇਤੇ ਵਿਚੋਂ ਕੁਝ ਸਤਰਾਂ ਕੱਢ ਲਈਆਂ:

"ਉਦੋਂ 'ਚੜ੍ਹ ਸੂੰਹ! ਚੜ੍ਹ ਸੂੰਹ!' ਹੋ ਗੀ ਵਿਚ ਕਨੇਡਾ ਦੇ,
ਬਾਬੇ ਝੰਡਾ ਜਦੋਂ ਆਜ਼ਾਦੀ ਦਾ ਝੁਲਾਇਆ।
ਗੋਰਾ ਡਰਦਾ ਆਖੇ, ਇਸਤੋਂ ਡਾਢਾ ਖ਼ਤਰਾ ਏ,
ਧੱਕੇ ਨਾਲ ਸੀ ਜਹਾਜ਼ 'ਤੇ ਚੜ੍ਹਾਇਆ।
ਬਾਬਾ ਘਰ ਨ੍ਹੀਂ ਬੈਠਾ ਲਾ 'ਤੀ ਜ਼ਿੰਦਗੀ ਜੂਝਦਿਆਂ,
ਆਖ਼ਰ ਗੋਰਾ ਘਰ ਨੂੰ ਦੁੜਕੀ-ਚਾਲ ਭਜਾਇਆ।
ਹੁਣ ਵੀ ਲੜਦਾ ਯੋਧਾ ਨਾਲ 'ਕਾਲੇ ਅੰਗਰੇਜ਼ਾਂ ਦੇ,
ਸਾਰਾ ਜੀਵਨ ਉਹਨੇ ਲੋਕਾਂ ਲੇਖੇ ਲਾਇਆ।
ਡਿਪਟੀ ਰੇਤ ਦੀ ਢੇਰੀ, ਢਹਿ ਗਿਆ ਭਰੇ ਅਖਾੜੇ 'ਚ,
ਮੱਥਾ ਆਣ ਕੇ ਜਦੋਂ ਨਾਲ ਪਹਾੜ ਦੇ ਲਾਇਆ।



ਉਹਦਾ ਨਾਂ ਲੈ ਲੈ ਕੇ ਹੋਣ ਸਲਾਮਾਂ ਬਾਪੂ ਨੂੰ,
'ਚੜ੍ਹ ਸੂੰਹ! ਚੜ੍ਹ ਸੂੰਹ!' ਹੋ ਗੀ, ਗੀਤ ਕਵੀ ਨੇ ਗਾਇਆ।"

ਸਾਹ ਲੈ ਕੇ ਨੱਥਾ ਸਿੰਘ ਨੇ ਤੋੜਾ ਝਾੜਿਆ, "ਬੱਸ ਉਸ ਦਿਨ ਤੋਂ ਜੇਲ੍ਹ ਵਿਚ 'ਚੜ੍ਹ ਸੂੰਹ' 'ਚੜ੍ਹ ਸੂੰਹ' ਹੋਣ ਲੱਗੀ ਤੇ ਉਹਦਾ ਨਾਂ ਈ ਪੱਕ ਗਿਆ 'ਚੜ੍ਹ ਸੂੰਹ'..."

ਦਲੀਪ ਸਿੰਘ ਮੁੰਡੇ ਦੇ ਸਿਰ ਤੋਂ ਸੋਟ ਕਰ ਰਿਹਾ ਸੀ। ਚਿੱਟੇ ਦੁੱਧ ਕੱਪੜੇ। ਕਾਲੀ ਦਸਤਾਰ। ਗਲ਼ ਵਿਚ ਗਾਤਰੇ ਕਿਰਪਾਨ। ਅੱਗੇ ਪੈਸੇ ਲੁੱਟਦੀ ਮੁੰਡ੍ਹੀਰ, ਪਿੱਛੇ ਭਾਈਚਾਰੇ ਦੇ ਲੋਕ। ਅਮਰ ਸਿੰਘ ਦਾ ਵੀ ਤਾਂ ਇਹੋ ਭਾਈਚਾਰਾ ਸੀ। ਉਹਦੇ ਆਪਣੇ ਸਕੇ-ਸੋਦਰੇ! ਸਾਰੇ ਸਾਂਝੀ ਖ਼ੁਸ਼ੀ ਵਿਚ ਸ਼ਾਮਲ ਸਨ। ਫਿਰਨੀ 'ਤੇ ਪਰੇ ਕਰਕੇ ਧੂੜ ਉਡਾਉਂਦੀਆਂ ਕਾਰਾਂ ਦੀ ਭੀੜ। ਉਸ ਸਾਰੀ ਭੀੜ ਵਿਚ ਉਹ ਕਿਧਰੇ ਵੀ ਨਹੀਂ ਸੀ। ਉੱਡਦੀ ਧੂੜ ਦਾ ਹਿੱਸਾ ਬਣ ਗਿਆ ਸੀ ਉਹ।

ਜੰਞ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਫਿਰਨੀਓਂ ਪਾਰ ਸ਼ਹੀਦਾਂ ਦੇ ਗੁਰਦਵਾਰੇ ਮੱਥਾ ਟਿਕਾਉਣ ਲਿਜਾਇਆ ਜਾ ਰਿਹਾ ਸੀ।

ਅੱਜ ਉਹਦਾ ਪੁੱਤ ਉਹਦਾ ਸਾਥ ਛੱਡ ਗਿਆ ਸੀ ਤਾਂ ਹੋਰ ਵੀ ਸਾਰੇ ਆਪਣਿਆਂ ਨੇ ਉਸਤੋਂ ਮੂੰਹ ਫੇਰ ਲਿਆ ਸੀ! ਕਿੰਨਾ ਇਕੱਲਾ ਰਹਿ ਗਿਆ ਸੀ ਉਹ! ਉਹ ਤਾਂ ਰਾਤ ਤਕ ਵਿਆਹ ਵਾਲੇ ਘਰੋਂ ਸੱਦਾ ਉਡੀਕਦਾ ਰਿਹਾ ਸੀ। ਪੱਗ ਨੂੰ ਮਾਇਆ ਲਵਾ ਕੇ, ਕੱਪੜੇ ਪ੍ਰੈੱਸ ਕਰਵਾ ਕੇ ਰੱਖੇ ਹੋਏ ਸਨ। ਜੁੱਤੀ ਪਾਲਸ਼ ਕਰਕੇ ਲਿਸ਼ਕਾਈ ਹੋਈ ਸੀ। ਪਿਛਲੇ ਦਿਨੀਂ ਦੋ-ਚਾਰ ਵਾਰ ਮੂੰਨੀ ਸਾਂਹਸੀ ਉਹਨਾਂ ਦੇ ਘਰ ਅੱਗੋਂ ਲੰਘਿਆ ਤਾਂ ਭਰਮ ਜਿਹਾ ਵੀ ਹੋਇਆ ਸੀ ਕਿ ਉਹ ਹੁਣ ਵੀ ਵਿਆਹ ਦਾ ਸੱਦਾ ਦੇਣ ਲਈ ਉਹਨਾਂ ਦੀਆਂ ਬਰੂਹਾਂ ਲੰਘਿਆ ਕਿ ਲੰਘਿਆ! ਸਕਿਆਂ ਦੇ ਘਰਾਂ ਵਿਚ ਆਪਸੀ ਮਨ-ਮੁਟਾਓ ਵੀ ਹੁੰਦੇ ਰਹੇ ਸਨ, ਲੜਾਈ-ਝਗੜਾ ਵੀ ਹੁੰਦਾ ਰਹਿੰਦਾ ਸੀ। ਪਰ ਇਹ ਤਾਂ ਕੋਈ ਗੱਲ ਨਾ ਹੋਈ ਕਿ ਕੋਈ ਆਪਣਿਆਂ ਨੂੰ ਵਿਆਹ-ਸ਼ਾਦੀ 'ਤੇ ਵੀ ਨਾ ਬੁਲਾਵੇ! ਦਿਨ-ਸੁਧ 'ਤੇ ਤਾਂ ਰੁੱਸੇ ਹੋਇਆਂ ਵਿਚ ਵੀ ਮੰਨ-ਮਨੌਤੀ ਹੋ ਜਾਂਦੀ ਸੀ!

ਜਿੰਨਾਂ ਚਿਰ ਜੰਞ ਗੁਰਦਵਾਰੇ ਵੱਲ ਜਾਂਦਾ ਮੋੜ ਮੁੜ ਨਾ ਗਈ, ਉਹ ਪਿੱਛੇ ਜਿਹੇ ਗਲੀ ਦੀ ਕੰਧ ਨਾਲ ਲੱਗ ਕੇ ਖਲੋਤਾ ਰਿਹਾ। ਲੱਗਦਾ ਸੀ ਕਿਤੇ ਅਮਰੀਕ ਦੀ ਮੌਤ ਦੀ ਖ਼ਬਰ ਉਹਦੇ ਮੂੰਹ ਤੋਂ ਫੜ ਕੇ ਦਲੀਪ ਸਿੰਘ ਮੁੰਡੇ ਦਾ ਵਿਆਹ ਵਿਚੇ ਛੱਡ ਕੇ ਅੰਬੈਸੀ ਨੂੰ ਫ਼ੋਨ ਕਰਨ ਨਾ ਤੁਰ ਜਾਂਦਾ ਜਾਵੇ! ਇਹ ਵੀ ਹੋ ਸਕਦਾ ਸੀ ਕਿ ਉਹ ਕਨੇਡਾ ਰਹਿੰਦੇ ਸਰਤਾਜ ਨੂੰ ਫ਼ੋਨ ਕਰਕੇ ਸਾਰੀ ਗੱਲ ਦੱਸ ਦੇਵੇ। ਅਗਲਾ ਕੰਮ ਤਾਂ ਸਰਤਾਜ ਨੇ ਆਪੇ 'ਸਾਂਭ ਲੈਣਾ' ਸੀ! ਸ਼ਰੀਕ ਕਦੋਂ ਕਿਸੇ ਦੀ ਭਲੀ ਚਾਹੁੰਦਾ ਏ! ਉਂਝ ਵੀ ਉਹਨਾਂ ਨੂੰ ਤਕਲੀਫ਼ ਸੀ ਕਿ ਸਰਤਾਜ ਤਾਂ ਪੁਲਿਸ ਤੋਂ ਡਰਦਾ ਜਦੋਂ ਦਾ ਗਿਆ ਸੀ, ਅਜੇ ਤਕ ਪਿੰਡ ਫੇਰਾ ਨਹੀਂ ਸੀ ਪਾ ਸਕਿਆ ਤੇ ਅਮਰੀਕ ਤਾਂ ਪੱਕਾ ਹੋਣ ਬਾਅਦ ਕੁਝ ਮਹੀਨੇ ਪਹਿਲਾਂ ਗੇੜਾ ਵੀ ਮਾਰ ਗਿਆ ਸੀ। ਤੇ ਹੁਣ 'ਉਹਨੇ ਸਾਰੇ ਟੱਬਰ ਨੂੰ ਕਨੇਡਾ ਵੀ ਬੁਲਾ ਲਿਆ ਸੀ!'

ਉਹ ਗਲੀ ਦੇ ਮੋੜ 'ਤੇ ਓਥੇ ਹੀ ਖਲੋਤਾ ਪੈਰ ਮਲੀ ਜਾ ਰਿਹਾ ਸੀ। ਕਦਮ ਅੱਗੇ ਨਹੀਂ ਸੀ ਉੱਠ ਰਹੇ। ਪੈਰਾਂ ਨਾਲ ਪਹਾੜ ਬੱਝਾ ਹੋਇਆ ਸੀ। ਕੀ ਦੱਸੇਗਾ ਘਰਦਿਆਂ ਨੂੰ ਜਾ ਕੇ!

ਸਵੇਰੇ ਪ੍ਰੋਫ਼ੈਸਰ ਨਾਲ ਗੱਲਾਂ ਕਰਦਿਆਂ ਤਾਂ ਉਹਨੂੰ ਸੁਰਜੀਤ ਕੌਰ ਨੇ ਵੇਖ ਲਿਆ ਸੀ। ਹੁਣ ਉਹ ਗਏ ਨੂੰ ਪੁੱਛੇਗੀ ਕਿ ਫ਼ੋਨ 'ਤੇ ਕੀ ਸੁਣ ਕੇ ਆਇਆ ਹੈ; ਤਾਂ ਕੀ ਜਵਾਬ ਦੇਵੇਗਾ ਉਹ ਉਹਨੂੰ! ਜਦੋਂ ਦਾ ਅਮਰੀਕ ਵਿਦੇਸ਼ ਗਿਆ ਸੀ, ਉਹ ਤਾਂ ਉਸਦੇ ਨਾਂ ਦਾ ਜ਼ਿਕਰ ਹੋਣ 'ਤੇ ਈ ਫਿੱਸ ਪੈਂਦੀ ਸੀ। ਆਨੇ ਬਹਾਨੇ ਉਹਨੂੰ ਯਾਦ ਕਰਦੀ ਅੱਖਾਂ ਭਰ ਲੈਂਦੀ ਸੀ, "ਹਾਇ ਰੱਬਾ! ਮੇਰਾ ਪੁੱਤ ਪਰਦੇਸ ਵਿਚ ਕਿਹੜੇ ਹਾਲੀਂ ਹੋਊਗਾ!"

ਕਈ ਵਾਰ ਛੋਟੀ ਕੁੜੀ ਹਰਿੰਦਰ ਉਸਦੇ ਰੋਣ ਦਾ ਮਜ਼ਾਕ ਉਡਾਉਂਦੀ ਆਖਦੀ, "ਆਲੂਆਂ ਵਾਲੇ ਪਰੌਂਠੇ ਪੱਕਣ ਤਾਂ ਮੰਮੀ ਰੋ ਕੇ ਆਖੂ, 'ਮੇਰਾ ਪੁੱਤ ਏਥੇ ਹੁੰਦਾ ਸੀ ਤਾਂ ਕਿੰਨੇ ਸਵਾਦ ਨਾਲ ਖਾਂਦਾ ਹੁੰਦਾ ਸੀ।' ਚੁੰਨੀ ਸੁਕਾਉਂਦੇ ਹੋਈਏ ਤਾਂ ਚੁੰਨੀ ਦੇ ਰੰਗ ਵੱਲ ਵੇਖ ਕੇ ਰੋਂਦੀ ਹੋਈ ਆਖੂ, "ਨੀਂ ਤੇਰੇ ਵੀਰ ਦੇ ਸਿਰ 'ਤੇ ਬੜੀ ਉਨਾਭੀ ਪੱਗ ਕਿਵੇਂ ਫੱਬ ਫੱਬ ਪੈਂਦੀ ਹੁੰਦੀ ਆ।' ਗੁਰਮੇਲ ਵੱਲ ਵੇਖ ਕੇ ਆਖੂ, "ਵੇ ਝਾਂਵਿਆਂ ਜਿਹਾ! ਤੂੰ ਤਾਂ ਲੱਗਦੈ ਘਸਿਆ ਜਿਹਾ ਈ ਰਹਿ ਜਾਣੈਂ। ਮੇਰਾ ਅਮਰੀਕ ਤਾਂ ਏਡਾ ਗੱਭਰੂ ਜਵਾਨ ਨਿਕਲਿਐ ਕਿ ਮੈਨੂੰ ਤਾਂ ਉਹਦਾ ਮੱਥਾ ਚੁੰਮਣ ਲਈ ਵੀ ਅੱਡੀਆਂ ਚੁੱਕਣੀਆਂ ਪੈਂਦੀਆਂ ਨੇ।" ਤੇ ਫੇਰ ਓਂ ਈ ਹਵਾ ਵਿਚ ਫਲਾਈਂਗ

ਕਿੱਸ ਮਾਰ ਕੇ ਮੋਟੇ ਮੋਟੇ ਗਲੇਡੂ ਸੁੱਟਣ ਲੱਗ ਜੂ। ਮੰਮੀ ਨੂੰ ਰੁਆਉਣਾ ਹੋਏ ਤਾਂ ਵੀਰ ਦਾ ਨਾਂ ਲੈ ਕੇ ਆਖ ਦਿਓ, "ਮੰਮੀ, ਜੇ ਇਸ ਵੇਲੇ ਏਥੇ ਕਿਤੇ ਵੀਰ ਹੁੰਦਾ!' ਤਾਂ ਓਸੇ ਵੇਲੇ ਅੱਖਾਂ 'ਚੋਂ ਪਰਨਾਲੇ ਛੁੱਟ ਪੈਣਗੇ। ਬੰਦਾ ਪੁੱਛੇ, ਪਈ ਮਾਤਾ ਜੀ ਕੀ ਤੁਹ ਼ਾ ਾਲ ਈ ਇਕੱਲਾ ਪਰਦੇਸ ਬੈਠਾ ਏ! ਹੋਰ ਕਿਸੇ ਦੇ ਪੁੱਤ ਭਲਾ ਕਾਹਨੂੰ ਪਰਦੇਸ ਗਏ ਨੇ!"

"ਨੀ ਕੁੜੀਏ! ਕਿਉਂ ਮਖ਼ੌਲਾਂ ਕਰਦੀ ਏਂ। ਆਂਦਰਾਂ ਨੇ ਮੇਰੀਆਂ। ਮੇਰੇ ਅੰਦਰ ਦਾ ਟੋਟਾ ਮੈਥੋਂ ਟੁੱਟ ਕੇ ਸੱਤ ਸਮੁੰਦਰੋਂ ਪਾਰ ਬੈਠਾ। ਪੁੱਤਾਂ ਦੇ ਵਿਛੋੜੇ ਦਾ ਦੁੱਖ ਮਾਵਾਂ ਤੋਂ ਵੱਧ ਕੌਣ ਜਾਣ ਸਕਦੈ! ਉਹਦੇ ਓਥੇ ਸਿਰ ਪੀੜ ਹੁੰਦੀ ਹੋਵੇ, ਮੇਰੀਆਂ ਆਂਦਰਾਂ ਨੂੰ ਐਥੇ ਪਤਾ ਲੱਗ ਜਾਂਦੈ।" ਕਲੇਜੇ 'ਤੇ ਹੱਥ ਰੱਖ ਕੇ ਉਹ ਚੁੰਨੀ ਨਾਲ ਅੱਖਾਂ ਪੂੰਝਣ ਲੱਗਦੀ।

ਅਮਰ ਸਿੰਘ ਪੁੱਤ ਦੇ ਸਦੀਵੀ ਵਿਛੋੜੇ ਦੀ ਇਸ ਮਹਾਂ-ਪੀੜ ਨੂੰ ਸੁਰਜੀਤ ਕੌਰ ਤੋਂ ਕਿਵੇਂ ਲੁਕਾਵੇ! ਉਹ ਉਹਦਾ ਸਾਹਮਣਾ ਕਰ ਸਕਣ ਦੀ ਹਾਲਤ ਵਿਚ ਨਹੀਂ ਸੀ। ਉਹ ਤਾਂ ਕਿਸੇ ਦਾ ਵੀ ਸਾਹਮਣਾ ਨਹੀਂ ਸੀ ਕਰਨ ਜੋਗਾ। ਉਸ ਕੋਲੋਂ ਤਾਂ ਆਪਣੇ ਆਪ ਦਾ ਸਾਹਮਣਾ ਕਰਨਾ ਮੁਸ਼ਕਲ ਸੀ। ਲੱਗਦਾ ਸੀ; ਹੁਣੇ ਕੋਈ ਉਸਦੇ ਸਾਹਮਣੇ ਹੋਇਆ ਤਾਂ ਉਹ ਉਹਦੇ ਗਲ਼ ਲੱਗ ਕੇ ਭੁੱਬਾਂ ਮਾਰਨ ਲੱਗ ਜਾਵੇਗਾ!

ਅਮਰੀਕ ਨੇ ਬੜਾ ਆਖਿਆ ਸੀ ਕਿ ਘਰ ਵਿਚ ਆਪਣਾ ਫ਼ੋਨ ਲਵਾ ਲਓ। ਪਰ ਬਾਹਰ ਜਾਣ ਦਾ ਕੇਸ ਅਪਲਾਈ ਹੋ ਜਾਣ 'ਤੇ ਅਮਰ ਸਿੰਘ ਨੇ ਸੋਚਿਆ ਸੀ ਕਿ ਐਵੇਂ ਕਾਹਨੂੰ ਵਾਧੂ ਦਾ ਖ਼ਰਚਾ ਕਰਨਾ ਹੋਇਆ! ਉਹ ਘੌਲ਼ ਕਰ ਗਿਆ ਸੀ। ਪਰ ਹੁਣ ਘਰ ਦੀ ਗੱਲ ਘਰ 'ਚ ਨਹੀਂ ਸੀ ਰਹਿ ਗਈ। ਪ੍ਰੋਫ਼ੈਸਰ ਤਕ ਪਹੁੰਚ ਗਈ ਸੀ। ਉਸਤੋਂ ਕਿਤੇ ਅੱਗੇ ਵੀ ਗੱਲ ਹੋ ਸਕਦੀ ਸੀ। ਖੁੜਕ ਤਾਂ ਪ੍ਰੋਫ਼ੈਸਰ ਦਾ ਪਿਉ ਵੀ ਰੱਖ ਰਿਹਾ ਸੀ। ਡਰ ਸੀ ਕਿ ਕਿਤੇ ਗੱਲ ਖਿੱਲਰ ਨਾ ਜਾਏ!

ਉਸ ਨੇ ਏਧਰ ਓਧਰ ਵੇਖਿਆ। ਉੱਡਦੀ ਜਿਹੀ ਤਸੱਲੀ ਹੋਈ, 'ਸ਼ੁਕਰ ਏ ਕਿ ਨਿੱਕੇ ਜਿਹੇ ਪਿੰਡ 'ਚੋਂ ਬਹੁਤੇ ਬੰਦੇ ਵਿਆਹ 'ਚ ਰੁੱਝੇ ਹੋਏ ਨੇ। ਇਸ ਵੇਲੇ ਉਹਦੇ ਵੱਲ ਵੇਖਣ ਵਾਲਾ ਤੇ ਉਹਦੇ ਚਿਹਰੇ ਤੋਂ ਦਰਦ ਨੂੰ ਪੜ੍ਹਨ ਵਾਲਾ ਕੋਈ ਨੇੜੇ ਤੇੜੇ ਨਹੀਂ। ਨਹੀਂ ਤਾਂ ਖ਼ਬਰੇ ਹੁਣੇ ਈ 'ਭੇਤ' ਖੁੱਲ੍ਹ ਜਾਂਦਾ!'

ਘਰ ਨੂੰ ਜਾਣ ਦੀ ਥਾਂ ਉਹ ਸਿੱਧਾ ਡਾਂਡੇ-ਮੀਂਡੇ ਆਪਣੇ ਖੇਤਾਂ ਨੂੰ ਤੁਰ ਪਿਆ। ਪਿੰਡੋਂ ਪੰਦਰਾਂ ਵੀਹ ਕਿੱਲੇ ਹੀ ਦੂਰ ਸੀ ਉਸਦੀ ਜ਼ਮੀਨ। ਉਹ ਮੋਟਰ ਵਾਲੇ ਕੋਠੇ ਕੋਲ ਜਾ ਕੇ ਬੰਬੀ ਦੇ ਚੁਬੱਚੇ ਦੀ ਬੰਨੀਂ 'ਤੇ ਬਹਿ ਗਿਆ। ਅੰਬ ਦੇ ਬੂਟੇ ਦੀ ਵਿਰਲ ਵਿਚੋਂ ਧੁੱਪ ਛਣ ਕੇ ਉਹਦੇ ਚਿਹਰੇ 'ਤੇ ਪੈ ਰਹੀ ਸੀ।

ਉਹਦਾ ਤਾਂ ਸੂਰਜ ਡੁੱਬ ਗਿਆ ਸੀ! ਚਾਰ-ਚੁਫ਼ੇਰੇ ਜੱਗ 'ਚ ਹਨੇਰ ਪੈ ਗਿਆ!

"ਕਿੱਥੋਂ ਲੱਭਾਂ ਉਏ ਤੈਨੂੰ ਮੇਰਿਆ ਹੀਰਿਆ ਪੁੱਤਾ!" ਉਸ ਧਾਹ ਮਾਰੀ ਤੇ ਸਿਸਕ ਸਿਸਕ ਕੇ ਰੋਣ ਲੱਗਾ। ਅੱਥਰੂ ਘਰਾਲਾਂ ਬਣ ਕੇ ਚਿਹਰੇ ਤੋਂ ਵਹਿ ਕੇ ਦਾੜ੍ਹੀ ਵਿਚ ਡੁੱਲ੍ਹਣ ਲੱਗੇ। ਪਤਾ ਨਹੀਂ ਕਿੰਨਾ ਚਿਰ ਬੈਠਾ ਉਹ ਰੋਂਦਾ ਰਿਹਾ। ਰੋਣਾ ਰੁਕਿਆ ਤਾਂ ਦਿਲ ਕਰੇ ਛਾਤੀ ਵਿਚਕਾਰੋਂ ਚੀਰਾ ਦੇ ਕੇ ਦੋਵਾਂ ਪਾਸਿਆਂ ਤੋਂ ਮਾਸ ਖਿੱਚ ਕੇ ਆਪਣਾ ਅੰਦਰ ਪਾੜ ਕੇ ਬਾਹਰ ਕੱਢ ਸੁੱਟੇ। ਸਿਰ ਵਿਚ ਵਦਾਨਾਂ ਦੀਆਂ ਸੱਟਾਂ ਵੱਜ ਰਹੀਆਂ ਸਨ। ਹਾਇ! ਕਿਸੇ ਆਪਣੇ ਦਾ ਮੋਢਾ ਹੋਵੇ ਤੇ ਉਹਦੇ 'ਤੇ ਸਿਰ ਰੱਖ ਕੇ ਰੋਵੇ ਉਹ! ਕੋਈ ਤਾਂ ਆਪਣਾ ਕੋਲ ਹੋਵੇ ਜਿਹੜਾ ਗਲ਼ ਨਾਲ ਲਾ ਕੇ ਉਹਦੀ ਪੀੜ ਚੂਸ ਲਵੇ!

ਉਹ ਸਾਹਮਣੇ ਅੰਬ ਦੇ ਬੂਟੇ ਵੱਲ ਵੇਖਣ ਲੱਗਾ। ਬੂਟੇ ਨੂੰ ਬੂਰ ਤਾਂ ਪਿਛਲੇ ਸਾਲ ਵੀ ਪਿਆ ਸੀ ਪਰ ਅੰਬ ਕੋਈ ਨਹੀਂ ਸੀ ਲੱਗਾ। ਬੂਰ ਸੁੱਕ ਕੇ ਝੜ ਗਿਆ ਸੀ। ਪਰ ਇਸ ਵਾਰ ਤਾਂ ਨਿੱਕੀਆਂ-ਨਿੱਕੀਆਂ ਹਰੀਆਂ ਅੰਬੀਆਂ ਵੀ ਮਹਿਕਦੇ ਬੂਰ ਵਿਚੋਂ ਲਿਸ਼ਕ ਉੱਠੀਆਂ ਸਨ।

ਉਸ ਦੀਆਂ ਅੱਖਾਂ ਅੱਗੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਛੋਟਾ ਜਿਹਾ ਅਮਰੀਕ ਫਿਰਨ ਲੱਗਾ।

ਉਹਨਾਂ ਨੂੰ ਉਸ ਦਿਨ ਬਿਜਲੀ ਦੀ ਮੋਟਰ ਦਾ ਕੁਨੈਕਸ਼ਨ ਮਿਲਿਆ ਸੀ। ਅਮਰੀਕ ਪਿੰਡੋਂ ਰੂੜੀਆਂ ਤੋਂ ਉੱਗਿਆ ਅੰਬ ਦਾ ਕੂਲਾ ਜਿਹਾ ਬੂਟਾ ਖੱਗ ਕੇ ਨਾਲ ਲਿਆਇਆ ਸੀ। ਕਹਿੰਦਾ ਸੀ, "ਆਪਾਂ ਆਪਣੀ ਮੋਟਰ 'ਤੇ ਲਾਵਾਂਗੇ।"

ਬਿਜਲੀ ਮਹਿਕਮੇ ਦੇ ਬੰਦੇ ਤਾਰਾਂ ਜੋੜਨ ਲਈ ਖੰਭੇ 'ਤੇ ਚੜ੍ਹੇ। ਅਮਰੀਕ ਰੰਬਾ ਲੈ ਕੇ ਖੱਗ ਕੇ ਲਿਆਂਦੇ ਅੰਬ ਦੇ ਕੂਲੇ ਭੂਰੀ-ਲਾਲ ਭਾਹ ਮਾਰਦੇ ਬੂਟੇ ਨੂੰ ਟੋਆ ਪੁੱਟ ਕੇ ਜ਼ਮੀਨ ਵਿਚ ਗੱਡਣ ਲੱਗਾ।



ਬਿਜਲੀ ਦੇ ਖੰਭੇ ਤੋਂ ਮੋਟਰ ਨਾਲ ਤਾਰਾਂ ਜੋੜਨ ਤੋਂ ਬਾਅਦ ਅਰਦਾਸ ਕੀਤੀ ਗਈ। ਲੱਡੂ ਵੰਡ ਕੇ ਮੋਟਰ ਦਾ ਸੁੱਚ ਨੱਪਿਆ ਤਾਂ ਪਾਣੀ ਦੀ ਚਾਂਦੀ ਰੰਗੀ ਧਾਰ ਉੱਛਲ ਕੇ ਚੁਬੱਚੇ ਵਿਚ ਡਿੱਗੀ। ਅਮਰੀਕ ਨੇ ਝੱਟ ਨਾਲ ਡੋਲੂ ਵਿਚ ਪਾਣੀ ਭਰਿਆ ਤੇ ਜ਼ਮੀਨ ਵਿਚ ਗੱਡੇ ਅੰਬ ਦੇ ਬੂਟੇ ਨੂੰ ਪਾਣੀ ਦੇ ਕੇ ਲਲਕਾਰਿਆ, "ਲੈ ਓ ਭਾ ਜੀ! ਆਪਾਂ ਆਪਣੇ ਅੰਬ ਦੀ ਛਾਵੇਂ ਬਿਹਾ ਕਰਾਂਗੇ। ਇਹਦੇ ਮਿੱਠੇ-ਮਿੱਠੇ ਅੰਬ ਚੂਪਿਆ ਕਰਾਂਗੇ।"

ਪਤਾ ਨਹੀਂ ਕੀ ਵਲੇਲ ਉੱਠਿਆ ਉਹਦੇ ਮਨ ਵਿਚ! ਉੱਠਿਆ ਤੇ ਜਾ ਕੇ ਅੰਬ ਦੇ ਤਣੇ ਨੂੰ ਗਲਵੱਕੜੀ ਵਿਚ ਘੁੱਟ ਲਿਆ। ਉੱਚੀ ਸਾਰੀ ਧਾਹ ਮਾਰੀ ਤੇ ਵਿਲਕ ਵਿਲਕ ਕੇ ਰੋਣ ਲੱਗਾ, "ਆ, ਲੱਗ ਜਾ ਮੇਰੇ ਗਲ ਨਾਲ ਮੇਰਿਆ ਛਿੰਦਿਆ ਪੁੱਤਾ! ਕਿੱਥੇ ਲੈ ਗਿਆਂ ਉਏ ਆਪਣੀਆਂ ਠੰਢੀਆਂ ਛਾਵਾਂ! ਛੱਡ ਗਿਆ ਸਾਨੂੰ ਧੁੱਪਾਂ ਵਿਚ ਸੜਨ ਲਈ। ਅਜੇ ਤੇ ਤੈਨੂੰ ਬੂਰ ਪਿਆ ਈ ਸੀ ਮੇਰਿਆ ਹੀਰਿਆ ਹਰਨਾ! "

ਤਣੇ ਨੂੰ ਕਦੀ ਜੱਫੀ ਵਿਚ ਘੁੱਟ ਲਵੇ, ਕਦੀ ਛੱਡ ਲਵੇ। ਵਿਰੜ੍ਹੇ ਕਰੀ ਜਾਵੇ। ਹਟ ਹਟ ਕੇ ਅਮਰੀਕ ਨੂੰ ਜੱਫੀ ਵਿਚ ਘੁੱਟੇ!

ਤਣੇ ਨੂੰ ਜੱਫ਼ੀ ਵਿਚ ਘੁੱਟੀ ਆਪਣੀਆਂ ਬਾਹਵਾਂ 'ਤੇ ਸਿਰ ਸੁੱਟੀ ਉਹ ਕਿੰਨਾ ਚਿਰ ਵਿਲਕਦਾ ਰਿਹਾ। ਫਿਰ ਹੌਲੀ ਹੌਲੀ ਉਹਦਾ ਵਿਲਕਦਾ ਜਿਸਮ ਖਿਸਕ-ਖਿਸਕ ਕੇ ਅੰਬ ਦੇ ਮੁੱਢ ਕੋਲ ਢਹਿ ਪਿਆ। ਕੋਈ ਸੁਰਤ ਨਹੀਂ ਸੀ ਆਪਣੇ ਆਪ ਦੀ। ਆਸੇ ਪਾਸੇ ਖਲੋਤੀਆਂ ਪੱਕੀਆਂ ਕਣਕਾਂ ਬੁੱਕਲ ਵਿਚ ਲੁਕੋਈ ਬੈਠੀਆਂ ਸਨ।

ਅੰਬ ਦੇ ਮੁੱਢ ਵਿਚ ਪਿਆਂ ਉਸਦੀ ਵੱਖੀ ਵਿਚ ਕੁਝ ਲਗਾਤਾਰ ਚੁਭ ਰਿਹਾ ਸੀ। ਸੁਰਤ ਪਰਤਣ 'ਤੇ ਪੀੜ ਵਧੀ ਤਾਂ ਉਸਨੇ ਪਏ-ਪਏ ਉਸ ਥਾਂ ਨੂੰ ਟੋਹ ਕੇ ਵੇਖਿਆ। ਉਹਦੀ ਗਾਤਰੇ ਪਾਈ ਕਿਰਪਾਨ ਦੇ ਮਿਆਨ ਦੀ ਨੁੱਕਰ ਉਹਦੀ ਵੱਖੀ ਵਿਚ ਖੁਭੀ ਪਈ ਸੀ।

ਅਚਨਚੇਤ ਕੁਝ ਭੁੱਲਾ ਹੋਇਆ ਚੇਤਾ ਆਇਆ।

"ਸੱਚੇ ਪਾਤਸ਼ਾਹ! ਜੇ ਅੰਮ੍ਰਿਤ ਦੀ ਦਾਤ ਦਿੱਤੀ ਸੀ ਤਾਂ ਆਪਣੇ ਵਾਂਗ ਪੁੱਤ ਦੀ ਮੌਤ ਦਾ ਦੁੱਖ ਸਹਿਣ ਦੀ ਤਾਕਤ ਵੀ ਬਖ਼ਸ਼ਣੀ ਸੀ।"

ਫਿਰ ਖ਼ਿਆਲ ਆਇਆ; ਅੰਮ੍ਰਿਤ ਕਿਹੜਾ ਉਸਨੇ ਰੂਹ ਦੀ ਕਿਸੇ ਪਿਆਸ ਵਿਚੋਂ ਆਪਣੀ ਮਰਜ਼ੀ ਨਾਲ ਛਕਿਆ ਸੀ, ਅੰਮ੍ਰਿਤ ਛਕਣਾ ਤਾਂ ਉਹਦੀ ਮਜਬੂਰੀ ਬਣਾ ਦਿੱਤਾ ਗਿਆ ਸੀ।

ਤੇ ਫਿਰ ਉਹਦੇ ਜ਼ਿਹਨ ਵਿਚ 'ਦਗੜ! ਦਗੜ!' ਹੋਈ। ਉਹ ਡੰਗਰਾਂ ਅੱਗੇ ਸੁੱਤਾ ਹੋਇਆ ਸੀ ਜਦੋਂ ਸੱਤ-ਅੱਠ ਜਣੇ ਉਹਨਾਂ ਦੀ ਹਵੇਲੀ ਦੀ ਕੰਧ ਟੱਪ ਕੇ ਉਹਦੇ ਸਿਰਹਾਣੇ ਆਣ ਖਲੋਤੇ ਤੇ ਹਥਿਆਰਾਂ ਦੀਆਂ ਹੁੱਝਾਂ ਮਾਰ ਕੇ ਮੰਜੇ ਤੋਂ ਉਠਾ ਲਿਆ।

"ਤੂੰ ਸੁਣਿਐਂ ਸ਼ਰਾਬ ਕੱਢ ਕੇ ਵੇਚਦੈਂ? ਤੈਨੂੰ ਪਤਾ ਨਹੀਂ ਸਿੰਘਾਂ ਨੇ ਸ਼ਰਾਬ ਕੱਢਣੀ-ਪੀਣੀ ਬੰਦ ਕਰਨ ਦੇ ਹੁਕਮ ਦਿੱਤੇ ਹੋਏ ਨੇ। ਕੱਢ ਕੇ ਲਿਆ ਖਾਂ ਸਾਰੇ ਜੀਆਂ ਨੂੰ ਬਾਹਰ। ਤੈਨੂੰ ਦਈਏ ਦਾਖ਼ੂਦਾਣਾ!"

ਪਲਾਂ ਵਿਚ ਸਾਰਾ ਟੱਬਰ ਲਾਈਨ ਵਿਚ ਖਲੋਤਾ ਜਾਨ-ਬਖ਼ਸ਼ੀ ਲਈ ਲਿਲ੍ਹਕੜੀਆਂ ਕੱਢ ਰਿਹਾ ਸੀ।

"ਜਥੇਦਾਰੋ! ਗਰੀਬੀ ਐ ਘਰੇ। ਇਹਦੇ 'ਤੇ ਫ਼ਤਹਿ ਨਹੀਂ ਪੈਂਦੀ, ਇਸ ਕਰਕੇ ਗਰਜ ਸਾਰਨ ਲਈ ਕਦੀ ਕਦੀ ਕੱਢ ਕੇ ਵੇਚ ਲੈਨਾਂ। ਮੁੱਕਰਦਾ ਨਹੀਂ ਮੈਂ। ਇਸ ਵਾਰ ਬਖ਼ਸ਼ ਦਿਓ। ਅੱਗੇ ਤੋਂ ਸਾਰੀ ਉਮਰ ਮੂੰਹ ਨਹੀਂ ਕਰਦਾ ਏਧਰ!"

"ਗਰੀਬੀ ਆ ਤਾਂ ਏਹਨੂੰ ਤੋਰ ਸਾਡੇ ਨਾਲ। ਆਪਣਾ ਰਾਜ ਆਇਆ ਤਾਂ ਸਭ ਧੋਣੇ ਧੋਤੇ ਜਾਣਗੇ!" ਉਹਨਾਂ ਵਿਚੋਂ ਇਕ ਨੇ ਜਵਾਨ-ਜਹਾਨ ਅਮਰੀਕ ਦੀ ਵੱਖੀ ਵਿਚ ਸਟੇਨ ਦੀ ਨਾਲੀ ਦੀ ਹੁੱਝ ਮਾਰੀ।

"ਰੌਲਾ ਨਾ ਪਾਇਓ; ਨਹੀਂ ਤਾਂ ਇਹ ਬਚ ਕੇ ਨਹੀਂ ਆਉਣ ਲੱਗੇ।" ਉਹਨਾਂ ਪਿਉ ਪੁੱਤਾਂ ਨੂੰ ਅੱਗੇ ਲਾ ਕੇ ਉਹਨਾਂ ਨੇ ਅੰਦਰਲੇ ਘਰੋਂ ਜਰਨੈਲ ਨੂੰ ਉਠਾ ਲਿਆ, "ਕਾਮਰੇਡ! ਤੂੰ ਸਾਡੇ ਖ਼ਿਲਾਫ਼ ਪਰਚਾਰ ਕਰਦੈਂ। ਦੱਸ ਜਾਨ ਲੋੜੀਂਦੀ ਐ ਕਿ ਨਹੀਂ?"

ਜਾਨ ਭਲਾ ਕਿਸਨੂੰ ਨਹੀਂ ਲੋੜੀਂਦੀ ਹੁੰਦੀ!

ਕੁਝ ਚਿਰ ਦੀਆਂ ਧਮਕੀਆਂ ਤੋਂ ਬਾਅਦ ਉਹਨਾਂ ਦੇ ਆਗੂ ਨੇ ਆਖ਼ਰਕਾਰ ਫ਼ੈਸਲਾ ਸੁਣਾ ਦਿੱਤਾ।

"ਜਾਨ ਚਾਹੀਦੀ ਏ ਤਾਂ ਤੂੰ ਸਾਡੇ ਖ਼ਿਲਾਫ਼ ਪਰਚਾਰ ਕਰਨਾ ਛੱਡ ਦੇ ਤੇ ਤੂੰ ਸ਼ਰਾਬ ਕੱਢਣੀ। ਤੁਹਾਡੇ ਦੋਵਾਂ ਭਰਾਵਾਂ ਲਈ ਇਹ ਪਹਿਲੀ ਤੇ ਆਖ਼ਰੀ ਵਾਰਨਿੰਗ ਐ। ਇਹ ਰਿਆਇਤ ਵੀ ਇਸ ਕਰਕੇ ਐ ਕਿ ਤੁਸੀਂ

ਜੱਥੇਦਾਰ ਦਲੀਪ ਸਿੰਘ ਦੇ ਭਰਾ ਤੇ ਲੈਫ਼ਟੀਨੈਂਟ ਜਨਰਲ ਸਰਤਾਜ ਸਿੰਘ ਦੇ ਚਾਚੇ ਲੱਗਦੇ ਜੇ। ਦੋ ਦਿਨ ਦੇ ਵਿਚ-ਵਿਚ ਅੰਬਰਸਰ ਆ ਕੇ ਪਰਿਕਰਮਾ ਦੇ ਪੰਜਤਾਲੀ ਨੰਬਰ ਕਮਰੇ 'ਚ ਸਾਨੂੰ ਮਿਲੋ ਤੇ ਸਾਰਾ ਟੱਬਰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜਾਓ। ਨਹੀਂ ਤਾਂ ਤੀਜੇ ਦਿਨ ਨੂੰ ਅਗਲੇ ਜਹਾਨ ਦੀ ਤਿਆਰੀ ਰੱਖਿਓ।"

ਉਹ ਸਵੇਰੇ ਹੀ ਦਲੀਪ ਸਿੰਘ ਵੱਲ ਭੱਜੇ ਗਏ ਸਨ ਤੇ ਛੇਤੀ ਤੋਂ ਛੇਤੀ ਸਰਤਾਜ ਨੂੰ ਲੱਭ ਕੇ ਸੁਨੇਹਾ ਪਹੁੰਚਾਉਣ ਲਈ ਆਖਿਆ ਸੀ। ਉਹਨਾਂ ਦੇ ਟੱਬਰਾਂ ਦਾ 'ਕਾਹਲੀ ਵਿਚ' ਕਿਧਰੇ ਕੋਈ ਨੁਕਸਾਨ ਨਾ ਹੋ ਜਾਵੇ!

ਦਲੀਪ ਸਿੰਘ ਨੇ ਤਸੱਲੀ ਦਿੱਤੀ, "ਓ ਕੁਝ ਨਹੀਂ ਹੁੰਦਾ। ਤੁਸੀਂ ਚਾਹ ਦਾ ਘੁੱਟ ਪੀਓ 'ਰਾਮ ਨਾਲ। ਮੈਂ ਆਪ ਜਾਊਂ ਤੁਹਾਡੇ ਨਾਲ ਅੰਬਰਸਰ। ਕਿਤੇ ਕੋਈ ਪੈਸਾ-ਧੇਲਾ ਤਾਂ ਨਹੀਂ ਨਾ ਮੰਗਿਆ?"

ਅਮਰ ਸਿੰਘ ਨੂੰ ਖ਼ਿਆਲ ਆਇਆ; ਉਹ ਤਾਂ ਸੌਖਾ ਹੀ ਛੁੱਟ ਗਿਆ ਸੀ! ਜੇ ਸੱਚਮੁਚ ਉਸਤੋਂ ਪੈਸੇ ਮੰਗ ਲੈਂਦੇ ਤਾਂ ਉਸਨੇ ਕਿੱਥੋਂ ਦੇ ਲੈਣੇ ਸਨ! ਉਸ ਕੋਲੋਂ ਤਾਂ ਲੋੜ ਵੇਲੇ ਜੇਬ 'ਚੋਂ ਸੌ ਰੁਪੈ ਕੱਢਣੇ ਮੁਸ਼ਕਲ ਸਨ ਤੇ ਉਹ ਤਾਂ ਲੱਖਾਂ ਤੋਂ ਉਰ੍ਹਾਂ ਗੱਲ ਨਹੀਂ ਸਨ ਕਰਦੇ।

"ਨਹੀਂ; ਪੈਸਾ ਕੋਈ ਨਹੀਂ ਮੰਗਿਆ। ਉਹਨਾਂ ਨੂੰ ਪਤਾ ਈ ਹੋਣੈ ਕਿ ਏਸ ਨੰਗ ਜੱਟ ਕੋਲ ਕੀ ਏ ਦੇਣ-ਦਿਵਾਣ ਜੋਗਾ।"

"ਚੱਲ ਸ਼ੁਕਰ ਆ ਫੇਰ ਵੀ! ਪ੍ਰੋਫ਼ੈਸਰ ਸਾਹਿਬ! ਮੈਨੂੰ ਤਾਂ ਐਂ ਲੱਗਦੈ, ਉਹ ਅਸਲ ਵਿਚ ਤੈਨੂੰ ਦਬਕਾਉਣ ਆਏ ਸਨ। ਤੂੰ ਹਾਲ ਦੀ ਘੜੀ ਆਪਣੀ ਕਾਮਰੇਡੀ ਨੂੰ ਅੰਮ੍ਰਿਤ ਦਾ ਓਹਲਾ ਕਰ ਲਾ। ਪਿੱਛੋਂ ਜੋ ਹੋਊ, ਵੇਖੀ ਜਾਊ।"

ਦਲੀਪ ਸਿੰਘ ਉਹਨਾਂ ਨੂੰ ਲੈ ਕੇ ਅੰਮ੍ਰਿਤਸਰ ਗਿਆ ਤੇ ਸ਼ਾਮ ਤਕ ਸਭ ਨੂੰ ਮਿਲ-ਮਿਲਵਾ ਕੇ, ਅੰਮ੍ਰਿਤ ਛਕਣ ਦਾ ਦਿਨ ਮਿਥ ਕੇ ਸੁਰਖ਼ਰੂ ਕਰਵਾ ਲਿਆਇਆ। ਜਿਸ ਦਿਨ ਅਕਾਲ ਤਖ਼ਤ 'ਤੇ ਉਹਨਾਂ ਨੂੰ ਜਬਰੀ ਅੰਮ੍ਰਿਤ ਛਕਾਇਆ ਗਿਆ ਉਸ ਦਿਨ ਅਮਰ ਸਿੰਘ ਨੇ ਵੇਖਿਆ ਸਰਤਾਜ 'ਨਿਸ਼ਾਨ ਸਾਹਿਬਾਂ' ਕੋਲ ਉਹਨਾਂ ਘਰ ਚੜ੍ਹ ਕੇ ਆਏ ਆਗੂ ਮੁੰਡੇ ਨਾਲ ਹੱਸ ਹੱਸ ਗੱਲਾਂ ਕਰ ਰਿਹਾ ਸੀ। ਅਮਰ ਸਿੰਘ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ, "ਸਾਲਾ! ਖ਼ਰੈਤੀ ਭੈਂਗਾ!" ਸਰਤਾਜ ਦੀਆਂ ਅੱਖਾਂ ਕਿਸੇ ਹੋਰ ਪਾਸੇ ਵੇਖਦੀਆਂ ਤੇ ਡੇਲੇ ਕਿਸੇ ਹੋਰ ਪਾਸੇ ਹੁੰਦੇ।

ਉਸ ਦਿਨ ਸਰਤਾਜ ਉਹਨਾਂ ਨੂੰ ਮਿਲੇ ਬਿਨਾਂ ਅੱਖ ਚੁਰਾ ਕੇ ਖਿਸਕ ਗਿਆ ਸੀ।

"ਕੰਜਰ ਦੇ ਮਨ 'ਚ ਚੋਰ ਆ; ਤਾਂ ਈ ਨਹੀਂ ਮਿਲਿਆ ਸਾਨੂੰ।" ਅਮਰ ਸਿੰਘ ਨੇ ਤੁਰੇ ਜਾਂਦੇ ਸਰਤਾਜ ਵੱਲ ਇਸ਼ਾਰਾ ਕਰ ਕੇ ਜਰਨੈਲ ਨੂੰ ਹੌਲੀ ਜਿਹੀ ਕਿਹਾ।

ਅਮਰ ਸਿੰਘ ਨੇ ਜਬਰੀ ਅੰਮ੍ਰਿਤ ਛਕਾਏ ਜਾਣ ਦਾ ਮਨ 'ਤੇ ਏਨਾ ਬਹੁਤਾ ਭਾਰ ਨਹੀਂ ਸੀ ਪਾਇਆ ਜਿੰਨਾ ਭਾਰ ਸਰਤਾਜ ਦੇ ਹਾਸੇ ਨੇ ਉਹਦੀ ਆਤਮਾ 'ਤੇ ਪਾ ਦਿੱਤਾ ਸੀ। ਪਰ ਜਰਨੈਲ ਤਾਂ ਨਮੋਸ਼ੀ ਨਾਲ ਅਸਲੋਂ ਗਰਕਦਾ ਜਾ ਰਿਹਾ ਸੀ। ਗਾਤਰੇ ਪਈ ਕਿਰਪਾਨ ਵੇਖੀ ਤਾਂ ਉਹਦਾ ਜੀਅ ਕੀਤਾ ਉਹਨੂੰ ਆਪਣੇ ਢਿੱਡ ਵਿਚ ਖੋਭ ਲਵੇ।

"ਇਹ ਸਭ ਸਾਡੇ ਸ਼ਰੀਕ ਭਰਾ ਦਲੀਪ ਸੁੰਹ ਦੀ ਕਰਤੂਤ ਆ। ਇਹਨੇ ਟੇਢੀ ਨਜ਼ਰ ਵਾਲੇ ਖ਼ਾਲਸਤਾਨੀ ਪੁੱਤ 'ਖ਼ਰੈਤੀ ਭੈਂਗੇ' ਨੂੰ ਸਾਡੀ ਜ਼ਮੀਰ ਮਾਰਨ ਲਈ ਹਥਿਆਰ ਬਣਾ ਕੇ ਵਰਤਿਆ ਏ।"

ਉਹ ਦੰਦ ਕਰੀਚਦਾ, "ਇਹ ਤਾਂ ਨਵੇਂ ਔਰੰਗਜ਼ੇਬ ਹੋ ਗਏ। ਜਬਰੀ ਧਰਮ ਪਰਿਵਰਤਨ! ਮੈਂ ਤਾਂ ਆਪਣੀਆਂ ਨਜ਼ਰਾਂ 'ਚ ਆਪ ਈ ਮਰ ਗਿਆਂ ਅਮਰ ਸਿਹਾਂ! ਨਿਕਲ ਜਾਈਏ ਏਸ ਮੁਲਕ 'ਚੋਂ। ਕੋਈ ਹੱਜ ਨਹੀਂ ਜਿਉਣ ਦਾ ਏਥੇ!"

ਆਪਣਾ 'ਧਰਮ' ਛੱਡਣਾ ਉਹਨੂੰ ਗਵਾਰਾ ਨਹੀਂ ਸੀ। ਉਹਨੂੰ ਲੱਗਾ, ਇਹ ਮੇਰਾ ਮੁਲਕ, ਜਿਸ ਵਿਚ ਖ਼ੁਦਦਾਰੀ ਨਾਲ ਜਿਉਣ ਦੀ ਭਾਵਨਾ ਹੀ ਉਹਨੂੰ ਇੰਗਲੈਂਡ ਤੋਂ ਵਾਪਸ ਮੋੜ ਲਿਆਈ ਸੀ; ਹੁਣ ਉਹਦਾ ਨਹੀਂ ਸੀ ਰਹਿ ਗਿਆ। ਇਹ ਤਾਂ ਬੇਗਾਨਾ ਹੋ ਗਿਆ ਸੀ। ਉਹ ਤਾਂ ਏਥੇ ਵੀ ਦੂਜੇ ਦਰਜੇ ਦਾ ਸ਼ਹਿਰੀ ਬਣ ਗਿਆ ਸੀ। ਜੇ ਦੂਜੇ ਦਰਜੇ ਦਾ ਸ਼ਹਿਰੀ ਬਣ ਕੇ ਹੀ ਜਿਉਣਾ ਏਂ ਤਾਂ ਫੇਰ ਉਹ ਭਾਵੇਂ ਕਿਸੇ ਵੀ ਮੁਲਕ ਵਿਚ ਕਿਉਂ ਨਾ ਜਾ ਰਵ੍ਹੇ!

ਉਹ ਵਾਰ ਵਾਰ ਸੋਚਦਾ; ਇਸਤਰ੍ਹਾਂ ਜ਼ਲੀਲ ਹੋਣ ਨਾਲੋਂ ਤਾਂ ਉਹ ਮਰ ਜਾਵੇ ਜਾਂ ਏਥੋਂ ਭੱਜ ਜਾਵੇ। 'ਭੱਜ ਜਾਣ' ਲਈ ਉਸਨੇ ਕੁਝ ਹੀ ਦਿਨਾਂ ਵਿਚ ਲੋੜੀਂਦੇ ਦਸਤਾਵੇਜ਼ ਬਣਵਾਏ ਤੇ ਕਨੇਡੀਅਨ ਅੰਬੈਸੀ



ਵਿਚ ਵੀਜ਼ਾ ਲਵਾਉਣ ਲਈ ਜਾ ਪੁੱਜਾ। ਪਹਿਲਾਂ ਕੁਝ ਸਾਲ ਇੰਗਲੈਂਡ ਲਾ ਕੇ ਵਾਪਸ ਮੁੜ ਆਇਆ ਹੋਣ ਕਰਕੇ ਤੇ ਏਥੇ ਵੀ ਜ਼ਮੀਨ-ਜਾਇਦਾਦ ਤੇ ਨੌਕਰੀ ਕਰਦਾ ਹੋਣ ਕਰ ਕੇ ਉਹਦਾ ਵੀਜ਼ਾ ਲੱਗ ਗਿਆ। ਗਾਤਰੇ ਵਾਲੀ ਕਿਰਪਾਨ ਟਰੰਕ ਵਿਚ ਸੁੱਟ ਕੇ ਉਹ ਦੋ ਹਫ਼ਤਿਆਂ ਦੇ ਵਿਚ ਵਿਚ ਕਨੇਡਾ ਜਾ ਪੁੱਜਾ।

ਅਮਰ ਸਿੰਘ ਨੇ 'ਮੁੰਡਿਆਂ' ਵੱਲੋਂ ਪੈਸੇ ਨਾ ਮੰਗੇ ਜਾਣ ਦਾ ਆਪਣੇ 'ਨੰਗ ਜੱਟ' ਹੋਣ ਦਾ ਜਿਹੜਾ ਤਰਕ ਸਿਰਜਿਆ ਸੀ, ਉਸ ਪਲ਼ ਤਾਂ ਇਹ ਉਹਨੂੰ ਬੜਾ ਢੁਕਵਾਂ ਲੱਗਾ ਸੀ ਪਰ ਉਸ ਦਿਨ?

ਉਹ ਕਿਵੇਂ ਰਿੱਝਿਆ ਤੇ ਉੱਬਲਿਆ ਸੀ ਉਸ ਦਿਨ!

ਗੁਰਦਵਾਰੇ ਦੇ ਤਖ਼ਤਪੋਸ਼ 'ਤੇ ਇਕ ਦਿਨ ਉਸ ਨੇ ਖ਼ਿਆਲ-ਉਡਾਰੀ ਭਰੀ ਸੀ, "ਆਪਣੇ ਅਮਰੀਕ ਸੁੰਹ ਨੂੰ ਕਨੇਡਾ 'ਚੋਂ ਰਿਸ਼ਤਾ ਆਉਂਦੈ। ਕੁੜੀ ਬੜੀ ਜਵਾਨ ਤੇ ਪੜ੍ਹੀ ਲਿਖੀ ਐ। ਔਧਰ ਮਾਲਵੇ 'ਚੋਂ ਬੜਾ ਸਰਦਾਰੀ ਟੱਬਰ ਐ। ਐਧਰ ਵੀ ਸੌ ਕਿੱਲੇ ਜ਼ਮੀਨ ਏ ਜੱਟ ਦੀ, ਮੁੰਡਾ ਪੜ੍ਹ ਲਿਖ ਕੇ ਕਨੇਡਾ ਚਲਾ ਗਿਆ। ਟੱਬਰ ਵੀ ਨਾਲ ਈ। ਪਰ ਅਮਰੀਕ ਸੁੰਹ ਆਪਣਾ ਲੱਤ ਈ ਨਹੀਂ ਲਾਉਂਦਾ। ਕਹਿੰਦੈ, ਮੈਂ ਤਾਂ ਅਜੇ ਹੋਰ ਪੜ੍ਹਨੈ। ਮੈਂ ਆਖਿਆ, ਕਰ ਲਾ ਮੋਰਚਾ ਫ਼ਤਹਿ। ਮੰਨਦਾ ਈ ਨਹੀਂ। ਪੜ੍ਹ ਕੇ ਪਤਾ ਨਹੀਂ ਕਿੱਡਾ ਕੁ ਅਫ਼ਸਰ ਬਣ ਜਾਣਾ ਸੂ ਏਥੇ। ਪਤਾ ਨਹੀਂ ਕਿਹੜਾ ਜਮਰੌਦ ਦਾ ਕਿਲ੍ਹਾ ਫ਼ਤਹਿ ਕਰਨਾ ਸੂ।"

ਤਖ਼ਤਪੋਸ਼ ਤੋਂ ਉੱਤਰ ਕੇ ਘਰ ਨੂੰ ਤੁਰਿਆ ਤਾਂ ਪਿੱਛੋਂ ਕਿਸੇ ਦੀ ਟਾਂਚ ਸੁਣੀ, "ਨੰਗ ਜੱਟ ਗੱਲਾਂ ਕਿਹੋ ਜਿਹੀਆਂ ਕਰਦੈ! ਮੁੰਡਾ ਜਿਵੇਂ ਇਹਦਾ ਕੱਲ੍ਹੇ ਦਾ ਈ ਕਾਲਜ ਵਿਚ ਪੜ੍ਹਦੈ। ਤੇ ਅਫ਼ਸਰੀਆਂ ਤਾਂ ਜਿਵੇਂ ਰੁੱਖਾਂ ਨੂੰ ਲੱਗੀਆਂ ਹੋਈਆਂ ਨੇ ਏਥੇ। ਹੇ ਖਾਂ! ਕਰਜ਼ੇ ਨਾਲ ਵਾਲ ਵਾਲ ਪਰੁੱਚਾ ਹੋਇਆ ਸੂ ਤੇ ਗੱਲਾਂ ਐਂ ਕਰਦੈ ਜਿਵੇਂ ਰਾਜਾ ਰਸਾਲੂ ਹੋਵੇ।"

ਗੱਲਾਂ ਸੁਣ ਕੇ ਉਹਦਾ ਕਲੇਜਾ ਮੱਚ ਉੱਠਿਆ ਪਰ ਜਿਸਮ ਠੰਢਾ ਪੈ ਗਿਆ। ਬੋਲੀ ਮਾਰਨ ਵਾਲੇ ਨਾਲ ਪਿੱਛੇ ਮੁੜ ਕੇ ਲੜਨ ਦੀ ਉਹਦੀ ਹਿੰਮਤ ਨਹੀਂ ਸੀ। ਉਹਦੀ ਆਖੀ ਕਿਹੜੀ ਗੱਲ ਨੂੰ ਉਹ ਝੂਠੀ ਸਾਬਤ ਕਰਦਾ! ਬੋਲੀ ਮਾਰਨ ਵਾਲੇ ਦੀ ਗੱਲ ਨੂੰ ਤਾਂ ਅਮਰੀਕ ਹੀ ਵਿਆਹ ਸਕਦਾ ਸੀ। ਉਹੋ ਹੀ ਇਸ ਮਿਹਣੇ ਦਾ ਦਾਗ਼ ਧੋ ਸਕਦਾ ਸੀ।

"ਪੁਤ ਅਮਰੀਕ! ਇਹ ਮਿਹਣਾ ਹੁਣ ਤੂੰ ਈ ਧੋਵੇਂਗਾ। ਸਾਰੇ ਟੱਬਰ ਦੀਆਂ ਅੱਖਾਂ ਹੁਣ ਤੇਰੇ 'ਤੇ ਈ ਨੇ ਸੋਹਣਿਆਂ! ਆਹ ਸਾਲ ਲਾ ਕੇ ਨਿਕਲ ਜਾ ਕਿਧਰੇ ਬਾਹਰਲੇ ਮੁਲਕ ਵੱਲ। ਜਹਾਜ਼ 'ਤੇ ਸੂੰਅ ਕਰ ਕੇ ਉੱਡ ਜਾ ਅਸਮਾਨਾਂ 'ਚ। ਪਾ ਲੈ ਅੰਬਰਾਂ 'ਤੇ ਫ਼ਤਹਿ। ਬਿਠਾ ਦੇ ਸਾਨੂੰ ਵੀ ਉਡਣ ਖਟੋਲਿਆਂ 'ਚ।"

ਉਡਣ ਖਟੋਲਿਆਂ ਵਿਚ ਉੱਡਣ ਦੀ ਰੀਝ ਤਾਂ ਅਮਰੀਕ ਦੇ ਮਨ ਵਿਚ ਵੀ ਬੜੀ ਸੀ। ਪਰ ਆਪਣੇ ਤੋਂ ਦੋ ਸਾਲ ਪਿੱਛੇ ਪੜ੍ਹਦੀ ਰਣਜੀਤ ਦੀ ਮੁਹੱਬਤ ਤੇ ਉਸ ਨਾਲ ਕੱਚੀ ਉਮਰੇ ਕੀਤੇ ਪੱਕੇ ਵਾਅਦਿਆਂ ਦੀ ਖਿੱਚ ਬੜੀ ਡਾਢੀ ਸੀ। ਰਣਜੀਤ ਦੀਆਂ ਲੰਮੀਆਂ ਬਾਹਵਾਂ ਉਹਨੂੰ ਉੱਡਦੇ ਜਹਾਜ਼ ਤੋਂ ਫੜ ਕੇ ਸਦਾ ਹੇਠਾਂ ਲਾਹ ਲੈਂਦੀਆਂ। ਉਹ ਇਕ ਦੂਜੇ ਦੀ ਗੱਲਵੱਕੜੀ ਵਿਚ ਘੁੱਟੇ ਜਾਂਦੇ।

"ਕੋਈ ਨਹੀਂ ਭਾ ਜੀ, ਦੋ ਸਾਲ ਹੋਰ ਲਾ ਲੈਣ ਦਿਓ ਕਾਲਜ ਵਿਚ। ਫੇਰ ਕੋਈ ਨੌਕਰੀ ਲੱਭਣ ਦਾ ਹੀਲਾ-ਵਸੀਲਾ ਕਰ ਲੈਨੇਂ ਆਂ।"

ਮਨ ਉਹਦਾ ਇਹ ਵੀ ਆਖਦਾ, "ਨਾਲੇ ਉਦੋਂ ਤਕ ਰਣਜੀਤ ਵੀ ਬੀ. ਏ. ਕਰ ਲਏਗੀ।"

ਪਰ 'ਸਿੰਘਾਂ' ਨਾਲ ਹੋਈ ਉਸ ਰਾਤ ਦੀ ਡਰਾਉਣੀ ਮੁਲਾਕਾਤ ਤੋਂ ਬਾਅਦ ਉਹਨਾਂ ਦੇ 'ਲਾਲਚ' ਨਾਲ ਹੁਣ 'ਭੈਅ' ਵੀ ਸ਼ਾਮਲ ਹੋ ਗਿਆ ਸੀ। ਸਗੋਂ ਭੈਅ ਦੀ ਸ਼ਿੱਦਤ ਬੜੀ ਗੂੜ੍ਹੀ ਹੋ ਗਈ ਸੀ। ਮਨ ਪਾਰੇ ਵਾਂਗ ਡੋਲਦਾ ਰਹਿੰਦਾ। ਦੁਸ਼ਮਣ ਤਾਂ ਘਰ ਵਿਚ ਬੈਠਾ ਹੋਇਆ ਸੀ। ਕਿਸੇ ਵੇਲੇ ਵੀ ਖ਼ਰੈਤੀ ਦੀ ਅੱਖ ਦਾ ਭੈਂਗ ਉਹਨਾਂ ਦੇ ਘਰ ਦੀ ਸੁੱਖ-ਸਾਂਦ ਦਾ ਚਿਹਰਾ ਮੁਹਰਾ ਵਿਗਾੜ ਸਕਦਾ ਸੀ। ਲੱਗਦਾ; ਹੁਣ ਵੀ 'ਉਹ' ਕੰਧ ਟੱਪ ਕੇ ਆਏ ਤੇ ਸਟੇਨ ਦੀ ਨਾਲੀ ਨਾਲ ਧੱਕਦੇ ਹੋਏ ਅਮਰੀਕ ਨੂੰ ਆਪਣੇ ਨਾਲ ਅੱਗੇ ਲਾ ਕੇ ਲੈ ਗਏ!

ਉਸ ਦਿਨ ਤੋਂ ਹੀ ਅਮਰ ਸਿੰਘ ਨੇ ਅਮਰੀਕ ਨੂੰ ਬਾਹਰ ਭੇਜਣ ਦਾ ਪੱਕਾ ਨਿਰਣਾ ਕਰ ਲਿਆ। ਜਰਨੈਲ ਨੇ ਕਨੇਡਾ ਜਾ ਕੇ ਰਾਹ ਵੀ ਵਿਖਾ ਦਿੱਤਾ ਸੀ। ਅਮਰੀਕ ਨੂੰ ਵੀ ਲੱਗਣ ਲੱਗਾ, ਉਹ ਘਰ ਰਿਹਾਂ ਵੀ ਮਰਦਾ ਸੀ ਤੇ ਉਹਨਾਂ ਨਾਲ ਤੁਰਿਆਂ ਵੀ। ਪਰ ਰਣਜੀਤ ਨੂੰ ਛੱਡ ਕੇ ਤੁਰ ਜਾਣਾ ਉਹਦੇ ਜਿਸਮ ਨੂੰ ਝੂਠਾ ਪਾ ਦਿੰਦਾ। ਉਹਦੇ ਮਨ ਵਿਚ ਹਨੇਰੇ ਵਾ-ਵਰੋਲੇ ਉੱਠਣ ਲੱਗਦੇ। ਉਂਝ ਤਾਂ ਅਮਰ ਸਿੰਘ ਦਾ ਮਨ ਵੀ ਕਰਦਾ ਸੀ

ਕਿ ਅਮਰੀਕ ਨੂੰ ਕਲੇਜੇ ਨਾਲੋਂ ਵੱਖ ਨਾ ਕਰੇ। ਏਥੇ ਹੀ ਸ਼ਾਇਦ ਕਿਧਰੇ ਉਹਦਾ ਤੇ ਅਮਰੀਕ ਦਾ ਸੁਪਨਾ ਪੂਰਾ ਹੋ ਜਾਏ! ਉਹ ਹੋਰ ਪੜ੍ਹ ਜਾਵੇ ਤਾਂ ਖ਼ਬਰੇ ਏਥੇ ਹੀ ਕੋਈ ਚੰਗੀ ਨੌਕਰੀ ਵੀ ਮਿਲ ਜਾਵੇ!

ਪਰ ਨੌਕਰੀਆਂ ਵੀ ਕਿੱਥੇ ਰੱਖੀਆਂ ਪਈਆਂ ਸਨ! ਪੰਜਾਬ ਤਾਂ ਜੰਗ ਦਾ ਅਖਾੜਾ ਬਣਿਆਂ ਪਿਆ ਸੀ। ਇਸ ਅੱਗ 'ਚੋਂ ਜਿੰਨੀ ਛੇਤੀ ਹੋ ਸਕੇ, ਅਮਰੀਕ ਨੂੰ ਬਚ ਕੇ ਬਾਹਰ ਨਿਕਲ ਜਾਣਾ ਚਾਹੀਦਾ ਸੀ।

ਉਹਨਾਂ ਦਲੀਪ ਸਿੰਘ ਕੋਲ ਤਿੰਨ ਕਿੱਲੇ ਗਹਿਣੇ ਧਰ ਕੇ ਪੈਸੇ ਚੁੱਕ ਲਏ। ਪੈਸੇ ਦੇਣ ਸਰਤਾਜ ਆਪ ਆਇਆ ਸੀ। ਏਜੰਟ ਨਾਲ ਗੱਲ ਗਿਣ-ਮਿਥ ਕੇ ਦੋ ਕੁ ਮਹੀਨੇ ਦੇ ਵਿਚ-ਵਿਚ ਅਮਰੀਕ ਨੂੰ ਬਾਹਰ ਭੇਜ ਦਿੱਤਾ ਗਿਆ। ਮਾਸਕੋ ਰਾਹੀਂ ਹੁੰਦਾ ਹੋਇਆ, ਮਰਦਾ-ਜਿਊਂਦਾ, ਕਈ ਚਿਰ ਬਾਅਦ ਉਹ ਇਟਲੀ ਪੁੱਜਾ ਤੇ ਫਿਰ ਇਸਤਰ੍ਹਾਂ ਹੀ ਲੁਕਦਾ-ਲੁਕਾਉਂਦਾ, ਏਧਰ-ਓਧਰ ਤੁਰਦਾ-ਫਿਰਦਾ, ਜਾਨ ਬਚਾਉਂਦਾ, ਇਕ ਮੁਲਕ ਤੋਂ ਦੂਜੇ ਮੁਲਕ ਜਾਂਦਾ ਆਖ਼ਰਕਾਰ ਕਨੇਡਾ ਵਿਚ ਗ਼ੈਰਕਾਨੂੰਨੀ ਦਾਖ਼ਲਾ ਲੈਣ ਵਿਚ ਕਾਮਯਾਬ ਹੋ ਗਿਆ ਸੀ।

ਅਮਰ ਸਿੰਘ ਨੇ ਆਪਣੇ ਆਪ ਨੂੰ ਆਖਿਆ, "ਮਰਜ਼ੀ ਦੀ ਥਾਂ ਮਜਬੂਰੀ ਨਾਲ ਛਕਿਆ ਅੰਮ੍ਰਿਤ ਦੁੱਖ ਸਹਿਣ ਦੀ ਤਾਕਤ ਕਿੱਥੋਂ ਦੇਵੇ!"

ਉਂਝ ਵੀ ਸਾਰੇ ਟੱਬਰ ਵਿਚੋਂ ਹੁਣ ਉਹਦੀ ਵੱਡੀ ਵਿਆਹੀ ਧੀ ਛਿੰਦਰ ਤੇ ਉਹ ਆਪ ਹੀ ਅੰਮ੍ਰਿਤਧਾਰੀ ਰਹਿ ਗਏ ਸਨ। ਬਾਕੀ ਸਾਰਿਆਂ ਨੇ ਕਿਰਪਾਨਾਂ ਲਾਹ ਕੇ ਪੇਟੀ ਵਿਚ ਰੱਖ ਦਿੱਤੀਆਂ ਸਨ। ਅੰਮ੍ਰਿਤ ਛਕਾਉਣ ਤੇ ਮਰਜ਼ੀ ਪੁਗਾਉਣ ਵਾਲੇ ਸਰਕਾਰ ਦਾ ਜ਼ੋਰ ਪੈਣ 'ਤੇ ਤਿੱਤਰ-ਬਿੱਤਰ ਹੋ ਗਏ ਸਨ।

ਆਪਣੇ ਆਪ ਨੂੰ ਜ਼ਮੀਨ 'ਤੇ ਬੈਠਾ ਵੇਖ ਕੇ ਉਸਨੇ ਸੋਚਿਆ, 'ਜੇ ਕੋਈ ਏਧਰ ਆ ਨਿਕਲਿਆ ਤਾਂ!'

ਉਸ ਉੱਠਣ ਲਈ ਹੰਭਲਾ ਮਾਰਿਆ। ਇਕ ਹੱਥ ਅੰਬ ਦੇ ਬੂਟੇ ਨੂੰ ਪਾ ਕੇ ਉੱਠਣ ਦਾ ਯਤਨ ਕੀਤਾ ਪਰ ਉਸਤੋਂ ਉੱਠਿਆ ਨਾ ਜਾ ਸਕਿਆ। ਉਹ ਤਾਂ ਜਿਵੇਂ ਧਰਤੀ ਵਿਚ ਹੀ ਕਿਧਰੇ ਗ਼ਰਕਦਾ ਜਾ ਰਿਹਾ ਸੀ।

ਜਿਸ ਦਿਨ ਬੰਬੀ ਦਾ ਬੋਰ ਮੁਕੰਮਲ ਹੋਇਆ ਸੀ ਤਾਂ ਅਮਰ ਸਿੰਘ ਨੇ ਪਾਈਪ ਵਿਚ ਸਿਰ ਨਿਵਾ ਕੇ ਪਾਣੀ ਦਾ ਤਲ਼ ਵੇਖਣ ਦੀ ਕੋਸ਼ਿਸ਼ ਕੀਤੀ। ਪਿੱਛੇ ਹਟਿਆ ਤਾਂ ਛੋਟੇ ਜਿਹੇ ਅਮਰੀਕ ਨੇ ਭੱਜ ਕੇ ਆਪਣਾ ਮੂੰਹ ਪਾਈਪ ਵਿਚ ਪਾ ਦਿੱਤਾ। ਵੀਰੂ ਮਿਸਤਰੀ ਨੇ ਉਹਨੂੰ ਝਿੜਕਦਿਆਂ ਕਿਹਾ, "ਅਮਰ ਸਿਆਂ! ਕਾਕੇ ਨੂੰ ਕਰ ਪਿੱਛੇ। ਕਿਤੇ ਬੋਰ ਵਿਚ ਨਾ ਡਿਗ ਪੈਂਦਾ ਹੋਵੇ!" ਵੀਰੂ ਨੇ ਬੋਰ ਕਰਨ ਸਮੇਂ ਵਰਤੋਂ ਵਿਚ ਲਿਆਂਦੀ ਖ਼ਾਲੀ ਗਿੱਲੀ ਬੋਰੀ ਫੜੀ ਤੇ ਉਹਨੂੰ ਪਾਈਪ ਦੇ ਮੂੰਹ ਉੱਤੇ ਘੁੱਟ ਕੇ ਬੰਨ੍ਹ ਦਿੱਤਾ।

ਅਮਰ ਸਿੰਘ ਹੱਸਦਿਆਂ ਹੱਸਦਿਆਂ ਆਪਣੇ ਕਿਸੇ ਵੇਲੇ ਸਕੂਲ ਵਿਚ ਜਮਾਤੀ ਰਹਿ ਚੁੱਕੇ ਵੀਰੂ ਨੂੰ ਕਹਿਣ ਲੱਗਾ, "ਯਾਦ ਈ ਵੀਰੂ! ਜਦੋਂ ਸਕੂਲੇ ਪੜ੍ਹਦੇ ਹੁੰਦੇ ਸਾਂ ਤਾਂ ਮਾਸਟਰ ਤੇਲੂ ਰਾਮ ਤਾਰੀਖ਼-ਜੁਗ਼ਰਾਫ਼ੀਆ ਪੜ੍ਹਾਉਂਦਿਆਂ ਗਲੋਬ ਜਾਂ ਨਕਸ਼ੇ 'ਤੇ ਅਮਰੀਕਾ-ਕਨੇਡਾ ਦੀ ਨਿਸ਼ਾਨ-ਦੇਹੀ ਵੀ ਕਰਦਾ ਤੇ ਫਿਰ ਹੱਥ ਵਿਚ ਫੜੇ ਰੂਲ ਦਾ ਸਿਰਾ ਜ਼ਮੀਨ 'ਤੇ ਟਿਕਾ ਕੇ ਹਥੇਲੀ ਨਾਲ ਉਪਰਲੇ ਸਿਰੇ ਨੂੰ ਦੱਬ ਦੇ ਕੇ ਆਖਦਾ, 'ਜੇ ਇਸ ਡੰਡੇ ਨੂੰ ਵਰਮੇਂ ਵਾਂਗ ਜ਼ਮੀਨ 'ਚ ਖੋਭੀ ਜਾਈਏ, ਖੋਭੀ ਈ ਜਾਈਏ ਤਾਂ ਇਸਦਾ ਦੂਜਾ ਸਿਰਾ ਧਰਤੀ ਦੇ ਹੇਠਾਂ ਜਾ ਕੇ ਅਮਰੀਕਾ-ਕਨੇਡਾ 'ਚ ਨਿਕਲ ਆਉਂਦੈ।' ਜਦੋਂ ਹੁਣ ਰੋਜ਼ ਬੋਰ ਕਰਨ ਲਈ ਪਾਈਪਾਂ ਵਿਚ ਬੋਕੀਆਂ ਵਹਾਉਂਦੈਂ ਤਾਂ ਸੋਚਦਾ ਤਾਂ ਹੋਵੇਂਗਾ ਕਿ ਕਿਤੇ ਜੇ ਬੋਰ ਕਰੀ ਜਾਈਏ, ਬੋਰ ਕਰੀ ਜਾਈਏ ਤਾਂ ਹੇਠਾਂ ਕਨੇਡਾ-ਮਰੀਕਾ 'ਚ ਜਾ ਨਿਕਲੀਏ ਕਰਤਾਰੇ ਨਲੀ-ਚੋਚ ਵਾਂਗੂੰ।"

ਏਨੇ ਚਿਰ ਵਿਚ ਅਮਰੀਕ ਮੁੜ ਤੋਂ ਬੋਰ ਵੱਲ ਵਧਿਆ। ਅਮਰ ਸਿੰਘ ਨੇ ਉਹਨੂੰ ਫੇਰ ਜ਼ੋਰ ਨਾਲ ਦਬਕਾਇਆ। ਉਹ ਭੈਅ ਨਾਲ ਕੰਬ ਗਿਆ। ਜੇ ਸੱਚਮੱਚ ਅਮਰੀਕ ਕਿਧਰੇ ਬੋਰ ਵਿਚ ਡਿੱਗ ਪਵੇ!

'ਸਰਰਅ! ਘਰਰਅ!'

ਇਕ ਪਲ ਲਈ ਉਹਨੂੰ ਖ਼ੁਦ ਨੂੰ ਹੇਠਾਂ ਬੋਰ-ਪਾਈਪ ਵਿਚ ਖਿਸਕਦੇ ਜਾਣ ਦਾ ਅਹਿਸਾਸ ਹੋਇਆ। ਉਸਨੇ ਬੋਰ-ਪਾਈਪ ਦੇ ਸਿਰੇ ਨੂੰ ਘੁੱਟ ਕੇ ਫੜ ਲਿਆ। ਪਰ ਉਸਦੇ ਤਾਂ ਹੱਥ ਛੁੱਟ ਛੁੱਟ ਪੈ ਰਹੇ ਸਨ। ਹੇਠਾਂ ਗੂੜ੍ਹੇ ਕਾਲੇ ਹਨੇਰੇ ਵਿਚ ਪਾਣੀ ਦੀ ਨਿੱਕੀ ਜਿਹੀ ਟਿੱਕੀ ਲਿਸ਼ਕਦੀ ਦਿਸ ਰਹੀ ਸੀ।

ਵੀਰੂ ਦੇ ਬੋਲਾਂ ਨੇ ਗਰਕਦੇ ਜਾਂਦੇ ਨੂੰ ਬਾਹੋਂ ਫੜ ਕੇ ਬਾਹਰ ਕੱਢ ਲਿਆ, "ਜੱਟਾ! ਤੇਰੀ ਬੰਬੀ ਲੱਗ ਗਈ। ਫ਼ਸਲਾਂ ਨੂੰ ਪਾਣੀ ਮਿਲਿਆ; ਤੂੰ ਜਾਣ ਤੇਰਾ ਮਰੀਕਾ-ਕਨੇਡਾ ਏਥੇ ਈ ਆ ਗਿਆ।"

ਪਰ ਆਉਣ ਵਾਲੇ ਵਰ੍ਹਿਆਂ ਵਿਚ ਫ਼ਸਲਾਂ ਨੇ ਸਾਥ ਨਹੀਂ ਸੀ ਦਿੱਤਾ। ਲੋੜਾਂ ਤੇ ਇੱਛਾਵਾਂ ਵੱਡੀਆਂ ਸਨ



ਤੇ ਫ਼ਸਲਾਂ ਛੋਟੀਆਂ। ਬੜਾ ਫ਼ਰਕ ਸੀ ਦੋਵਾਂ ਵਿਚ। ਉਹਦੇ ਸੁਪਨੇ ਟੁੱਟਣ-ਖਿੰਡਣ ਲੱਗੇ। ਪਰ ਇਕ ਸੁਪਨਾ ਅਕਸਰ ਆਉਣ ਲੱਗਾ। ਉਹ ਬੋਰ ਵਿਚ ਡਿਗ ਪਿਆ ਹੈ। 'ਸਰਰਅ! ਘਰਰਅ!' ਦੀ ਆਵਾਜ਼ ਨਾਲ ਉਹ ਹੇਠਾਂ ਖਿਸਕਦਾ ਜਾ ਰਿਹਾ ਹੈ। ਪਾਈਪ ਦੇ ਸਿਰਿਆਂ ਨਾਲ ਲੱਤਾਂ ਬਾਹਵਾਂ ਅੜਾ ਕੇ ਰੁਕਣ ਦਾ ਅਸਫਲ ਯਤਨ ਕਰਦਿਆਂ ਉਹਦੀ ਡਰ ਕੇ ਅੱਖ ਖੁੱਲ੍ਹ ਜਾਂਦੀ।

ਹੁਣ ਵੀ ਬੋਰ-ਪਾਈਪ ਵਿਚ ਹੇਠਾਂ ਹੀ ਹੇਠਾਂ ਗ਼ਰਕਣ ਤੋਂ ਬਚਣ ਲਈ ਅਮਰ ਸਿੰਘ ਨੇ ਅੰਬ ਦੇ ਤਣੇ ਨੂੰ ਘੁੱਟ ਕੇ ਹੱਥ ਪਾਇਆ ਤੇ ਉੱਠਣ ਦੀ ਕੋਸ਼ਿਸ਼ ਕਰਦਿਆਂ ਹਉਕਾ ਲਿਆ, "ਹਾਇ ਮਾਂ!"

ਅੰਬ ਦੇ ਮੁੱਢ ਨਾਲੋਂ ਉੱਠ ਕੇ ਉਸ ਕੱਪੜੇ ਝਾੜੇ ਤੇ ਮਾਂ ਨੂੰ ਜੱਫੀ ਪਾ ਲਈ। ਉਹ ਰੋਈ ਜਾ ਰਿਹਾ ਸੀ। ਰੋਈ ਜਾ ਰਿਹਾ ਸੀ। ਮਾਂ ਆਪਣੇ ਗਲ਼ ਨਾਲ ਲਾਈ ਖਲੋਤੀ ਸੀ। ਅੰਬ ਦਾ ਤਣਾ ਉਸਨੇ ਅਜੇ ਵੀ ਬਾਹਵਾਂ ਵਿਚ ਘੁੱਟਿਆ ਹੋਇਆ ਸੀ।

"ਕੂਅ ਕੂ! ਕੂਅ ਕੂ!!" ਅੰਬ ਦੇ ਬੂਟੇ ਤੋਂ ਕੋਇਲ ਦੀ ਦਰਦ-ਰੰਝਾਣੀ ਮਿੱਠੀ ਸੁਰ ਗੂੰਜੀ।

ਉਹਨੂੰ ਪਿੰਡ ਵਿਚੋਂ ਭੰਗੜੇ ਦੀ ਤਾਲ 'ਤੇ ਢੋਲ ਵੱਜਦਾ ਸੁਣਿਆਂ। ਸ਼ਹਿਨਾਈ ਗੂੰਜ ਰਹੀ ਸੀ।

ਢੋਲ ਦੀ ਤਾਲ 'ਤੇ ਭੰਗੜਾ ਪੈ ਰਿਹਾ ਸੀ। ਅਮਰੀਕ ਦੇ ਦੋਸਤ ਵੈਨ ਵਿਚ ਬੈਠੇ ਭੰਗੜੇ ਦੀ ਮੁਦਰਾ ਵਿਚ ਬਾਹਵਾਂ ਹਿਲਾ ਕੇ ਗਾ ਰਹੇ ਸਨ। ਉਹ ਅਮਰੀਕ ਨੂੰ ਏਅਰਪੋਰਟ 'ਤੇ ਛੱਡਣ ਜਾ ਰਹੇ ਸਨ। ਸਟੀਰੀਓ 'ਤੇ ਉੱਚੀ ਆਵਾਜ਼ ਵਿਚ ਟੇਪ ਚੱਲ ਰਹੀ ਸੀ। ਪਤਾ ਨਹੀਂ ਇਹ ਗੀਤ ਟੈਕਸੀ ਵਾਲੇ ਦੀ ਚੋਣ ਸੀ ਜਾਂ ਅਮਰੀਕ ਦੇ ਕਿਸੇ ਦੋਸਤ ਦੀ। ਪਰਵੇਜ਼ ਮਹਿਦੀ ਗਾ ਰਿਹਾ ਸੀ।

"ਗੋਰੀਏ! ਮੈਂ ਜਾਣਾ ਪਰਦੇਸ।"

ਜਵਾਬ ਵਿਚ ਰੇਸ਼ਮਾ ਨੇ ਆਵਾਜ਼ ਚੁੱਕੀ ਤਾਂ ਅਮਰੀਕ ਦੇ ਕਿਸੇ ਯਾਰ ਨੇ ਸ਼ਰਾਰਤ ਨਾਲ ਉਸਦੀਆਂ ਵੱਖੀਆਂ ਕੁਤਕੁਤਾਈਆਂ।

"ਮੈਂ ਜਾਣਾ ਤੇਰੇ ਨਾਲ
ਮਾਹੀ ਵੇ!
ਨਾ ਜਾਵੀਂ ਪਰਦੇਸ"

ਅਮਰੀਕ ਨੇ ਉਦਾਸ ਮੁਸਕਾਨ ਨਾਲ ਉਹਦਾ ਹੱਥ ਪਾਸੇ ਧੱਕਿਆ।

ਅਮਰ ਸਿੰਘ ਆਪ ਡਰਾਈਵਰ ਨਾਲ ਬੈਠਾ ਹੋਇਆ ਸੀ। ਮੁੰਡੇ ਪਿਛਲੀਆਂ ਸੀਟਾਂ 'ਤੇ ਸਨ। ਖ਼ੁਸ਼ੀ ਵਿਚ ਨੱਚਦੇ, ਚੜਗਿੱਲ੍ਹੀਆਂ ਪਾਉਂਦੇ। ਫੇਰ ਸਟੀਰੀਓ ਬੰਦ ਕਰਵਾ ਕੇ ਜ਼ਿਦ-ਜ਼ਿਦ ਕੇ ਬੋਲੀਆਂ ਪਾਉਣ ਲੱਗੇ। ਕਦੀ ਇਕ ਜਣਾ ਬੋਲੀ ਚੁੱਕਦਾ, ਕਦੀ ਦੂਜਾ।

"ਅਮਰੀਕ! ਬੋਲਦਾ ਕਿਉਂ ਨਹੀਂ ਤੂੰ? ਪਾ ਬੋਲੀ।"

ਅਮਰੀਕ ਚੁੱਪ ਸੀ। ਕੀ ਕੀ ਹਸਰਤਾਂ ਮਨ ਵਿਚ ਦੱਬੀਆਂ ਹੋਈਆਂ ਰਹਿ ਗਈਆਂ ਸਨ ਉਸਦੇ! ਲੋਕ ਤਾਂ ਬਾਹਰਲੇ ਮੁਲਕਾਂ ਵੱਲ ਖ਼ੁਸ਼ੀ ਖ਼ੁਸ਼ੀ ਭੱਜਦੇ ਸਨ ਪਰ ਉਹਨੂੰ ਤਾਂ ਲੱਗਦਾ ਸੀ ਜਿਵੇਂ ਧੱਕੇ ਨਾਲ ਦੇਸ਼-ਨਿਕਾਲਾ ਦਿੱਤਾ ਜਾ ਰਿਹਾ ਹੋਵੇ! ਕੌਣ ਧੱਕਾ ਦੇ ਰਹੇ ਸਨ ਉਹਨੂੰ!

ਸਾਹਮਣੇ ਤਾਂ ਸਟੇਨਾਂ ਵਾਲੇ ਹੀ ਦਿਸਦੇ ਸਨ ਪਰ ਉਹਨਾਂ ਦੇ ਪਿੱਛੇ ਤਾਂ ਉਸਦੇ ਆਪਣੇ ਘਰ ਦੇ ਜੀਅ ਵੀ ਖਲੋਤੇ ਹੋਏ ਸਨ; ਉਹਨੂੰ ਦੋਵਾਂ-ਦੋਵਾਂ ਹੱਥਾਂ ਨਾਲ ਬਾਹਰ ਨੂੰ ਧੱਕਦੇ ਹੋਏ! ਆਪਣੇ ਹੀ ਘਰ ਦੀਆਂ ਕੱਚੀਆਂ ਕੰਧਾਂ ਉਸਤੇ ਉੱਲਰ ਉੱਲਰ ਕੇ ਉਹਨੂੰ ਧੱਕ ਰਹੀਆਂ ਸਨ। ਉਹਦੀਆਂ ਤੇ ਭੈਣਾਂ-ਭਰਾਵਾਂ ਦੀਆਂ ਸਮੇਂ ਸਿਰ ਨਾ ਤਰਦੀਆਂ ਰਹੀਆਂ ਫ਼ੀਸਾਂ ਖ਼ਾਤਰ ਵੱਜੀਆਂ ਝਿੜਕਾਂ ਉਹਨੂੰ ਖਿੱਚ ਕੇ ਘਰੋਂ ਬਾਹਰ ਕੱਢ ਰਹੀਆਂ ਸਨ! ਕਾਲਜ ਜਾਂਦਿਆਂ ਵਾਰ ਵਾਰ ਧੋ ਕੇ ਗਲ਼ ਪਾਉਣ ਵਾਲੀ ਕਾਲਰਾਂ ਤੋਂ ਉੱਡੀ ਇਕੋ ਇਕ ਕਮੀਜ਼ ਫੜਫੜਾਉਂਦੀ ਝੰਡੀ ਬਣ ਕੇ ਉਹਦੀ ਗੱਡੀ ਨੂੰ ਪਲੇਟਫ਼ਾਰਮ ਤੋਂ ਤੁਰਨ ਦਾ ਇਸ਼ਾਰਾ ਕਰ ਰਹੀ ਸੀ। ਹਰ ਛੇ ਮਹੀਨੇ ਬਾਅਦ ਕਰਜ਼ਾ ਉਗਰਾਹੁਣ ਆਏ ਸੋਸਾਇਟੀ ਦੇ ਇੰਸਪੈਕਟਰ ਦੀ ਉਹਦੇ ਪਿਉ ਨੂੰ ਦਿੱਤੀ ਧਮਕੀ ਤੇ ਗਹਿਣੇ ਪਈ ਜ਼ਮੀਨ ਦਾ ਭਾਰ ਉਹਦੀ ਪਿੱਠ 'ਤੇ ਸੀ। ਭਰਾ ਤੇ ਭੈਣਾਂ ਦੀਆਂ, ਉਹਦੇ ਬਹਾਨੇ ਬਦੇਸ਼ਾਂ ਵਿਚ ਜਾਣ ਦੀ ਤਾਂਘ ਨਾਲ ਲਬਰੇਜ਼ ਲਿਸ਼ਕਦੀਆਂ ਅੱਖਾਂ ਬਾਹਰ ਜਾਣ ਦਾ ਰਾਹ ਵਿਖਾ ਰਹੀਆਂ ਸਨ!

ਉਹਦਾ ਅਧਿਆਪਕ 'ਬਾਹਰ' ਜਾਣ ਦੇ ਕਾਰਨਾਂ ਨੂੰ ਗਿਣਦਾ ਹੋਇਆ ਤੋੜਾ ਝਾੜ ਰਿਹਾ ਸੀ, "ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ, ਤਾਂ ਮੈਂ ਕਿਉਂ ਜਾਂਦਾ ਪਰਦੇਸ!"

ਉਹਦੇ ਪਿਉ ਦੇ ਬੋਲ ਉਹਦੇ ਪੈਰਾਂ ਨੂੰ ਪਹੀਏ ਲਾ ਕੇ ਦਿੱਲੀ ਵੱਲ ਧੱਕ ਰਹੇ ਸਨ , "ਅਮਰੀਕ ਸਿਆਂ ਪੁੱਤ! ਏਹ ਤਾਂ ਬਹਾਨਾ ਵੀ ਬਣ ਗਿਆ ਪਰ ਮੇਰੀ ਤਾਂ ਬੜੀ ਚਿਰੋਕਣੀ ਰੀਝ ਸੀ ਕਿ ਸਾਡੇ 'ਚੋਂ ਵੀ ਕੋਈ ਬਾਹਰਲੇ ਮੁਲਕ ਨੂੰ ਫ਼ਤਹਿ ਕਰਦਾ। ਜਿਨ੍ਹਾਂ ਜਿਨ੍ਹਾਂ ਦੇ ਜੀਅ ਬਾਹਰ ਗਏ ਨੇ ਉਹਨਾਂ ਦੇ ਉਸਰਦੇ ਮਹਿਲ ਤੇ ਵਧਦੇ ਸਿਆੜ ਵੇਖ ਕੇ ਮੈਂ ਦਿਨ-ਰਾਤ ਆਪਣੀ ਕੋਠੀ ਉਸਰਦੀ ਵੇਂਹਦਾਂ। ਜ਼ਮੀਨ ਦੀਆਂ ਰਜਿਸਟਰੀਆਂ ਕਰਵਾਉਂਦਾ ਹਰ ਮੈਦਾਨ ਫ਼ਤਹਿ ਦੇ ਝੰਡੇ ਲਹਿਰਾਉਂਦਾ ਫਿਰਦਾਂ। ਮੇਰਾ ਟੁੱਟਾ ਸਾਈਕਲ ਕਈ ਵਾਰ ਮੇਰੇ ਜਾਗਦੇ ਸੁਪਨੇ ਵਿਚ ਮੇਰੇ ਹੇਠਾਂ ਜੀਪ ਤੇ ਕਾਰ ਬਣ ਕੇ ਘੂਕਣ ਲੱਗਦਾ ਏ। ਬਾਹਰ ਜਾਹ ਤੇ ਸਾਨੂੰ ਵੀ ਸੱਦ ਸਾਰੇ ਟੱਬਰ ਨੂੰ ਆਪਣੇ ਕੋਲ। ਤੇਰੀਆਂ ਭੈਣਾਂ ਵੀ ਸਰਦਾਰਨੀਆਂ ਬਣਨ ਤੇ ਭਰਾ ਤੇਰਾ ਵੀ ਲਵੇ ਹਵਾਈ ਜਹਾਜ਼ਾਂ ਦੇ ਹੂਟੇ। ਤੇਰਾ ਤਾਇਆ, ਤਾਂ, ਜਰਨੈਲ ਸੁੰਹ ਸੁਣਿਐਂ, ਪੱਕਾ ਵੀ ਹੋ ਗਿਐ ਕਨੇਡਾ ਵਿਚ। ਮੈਂ ਤਾਂ ਵੀ ਆਖਿਐ, 'ਸਾਡੀ ਬਾਂਹ ਫੜ।' ਪਰ ਉਹ ਪਹਿਲਾਂ ਆਪਣਾ ਟੱਬਰ ਬਾਹਰ ਮੰਗਵਾਊ ਕਿ ਸਾਡੀ ਬਾਂਹ ਫੜੂ? ਆਪਣਿਆਂ ਤੋਂ ਬਿਨਾਂ ਕੌਣ ਬਾਂਹ ਫੜਦਾ! ਹੁਣ ਤੂੰ ਈ ਫੜਨੀ ਏ ਸਾਡੀ ਬਾਂਹ। ਤੂੰ ਮੇਰਾ ਸੁਪਨਾ ਪੂਰਾ ਕਰ ਦੇ ਹੀਰਿਆ! ਕਰ ਦੇ ਮੋਰਚਾ ਫ਼ਤਹਿ! ਆਹ ਤਾਂ ਸਮਝ ਲੈ ਕੁੱਬੇ ਨੂੰ ਲੱਤ ਕਾਰ ਆ ਗਈ। ਇਹ ਵੀ ਸੁਕਰ ਏ ਕਿ ਜੱਥੇਦਾਰ ਜ਼ਮੀਨ ਗਹਿਣੇ ਲੈਣੀ ਮੰਨ ਗਿਆ। ਵੇਲੇ ਦੇ ਵੇਲੇ ਬੰਦਾ ਕੰਮ ਤਾਂ ਆ ਗਿਆ, ਭਾਵੇਂ ਹੈ ਜਿਵੇਂ ਦਾ ਮਰਜ਼ੀ!"

"ਭਾਅ ਜੀ! ਜ਼ਮੀਨ ਲੈਣ ਵਿਚ ਕੀ ਮਾੜਾ ਏ!" ਉਸ ਮਨ ਹੀ ਮਨ ਵਿਚ ਆਖਿਆ ਤੇ ਫੇਰ ਪਤਾ ਨਹੀਂ ਉਸਦੇ ਮਨ ਵਿਚ ਕੀ ਆਇਆ! ਹੁਣ ਤਕ ਗਲ਼ ਵਿਚ ਪਾਈ ਕਿਰਪਾਨ ਉਸ ਲਾਹ ਕੇ ਆਪਣੇ ਪਿਤਾ ਵੱਲ ਵਧਾਈ, "ਲੈ ਭਾ ਜੀ! ਆਹ ਕਿਰਪਾਨ ਅਗਲਿਆਂ ਹਵਾਈ ਜਹਾਜ਼ ਵਿਚ ਤਾਂ ਊਂ ਵੀ ਨਾਲ ਨਹੀਂ ਲਿਜਾਣ ਦੇਣੀ। ਏਥੋਂ ਦੀ ਸਿੱਖੀ ਏਥੇ ਹੀ ਰੱਖ ਲਓ!"

"ਬੋਲ ਅਮਰੀਕ! ਕੁਝ ਬੋਲ! ਚੁੱਪ ਕਿਉਂ ਏਂ? ਸੀਟੀ ਮਾਰ ਅਰਜਨਾਂ ਵੇ! ਭੁੱਲ ਗਈ ਮੋੜ ਨਸੀਬੋ ਘਰ ਦਾ। ਹਾਅ ਆ ਆ!" ਉਹਦੇ ਕਿਸੇ ਮਿੱਤਰ ਨੇ ਲਲਕਾਰਾ ਮਾਰਿਆ।

ਅਮਰੀਕ ਨੇ ਵੇਖਿਆ ਮੋੜ 'ਤੇ ਖਲੋਤੀ ਉਹਦੀ 'ਨਸੀਬੋ' ਕੁਰਲਾਉਂਦੀਆਂ ਨਜ਼ਰਾਂ ਨਾਲ ਜਾਂਦੇ ਨੂੰ ਵੇਖ ਰਹੀ ਸੀ।

ਉਹਨੂੰ ਆਪਣੇ ਬੋਲ ਚੇਤੇ ਆਏ, "ਰਣਜੀਤ! ਮੈਂ ਯੂ. ਪੀ. ਜਾਣੈਂ ਛੁੱਟੀਆਂ 'ਚ, ਦੋ ਮਹੀਨੇ ਲਈ। ਆਪਣੀ ਭੂਆ ਕੋਲ!"

"ਝੂਠਿਆ! ਜਹਾਨ ਦਿਆ! ਮੋੜ 'ਤੇ ਆ ਕੇ ਮੈਨੂੰ ਰਾਹ ਤਾਂ ਭੁੱਲਣਾ ਈ ਸੀ। ਚੱਲਿਆ ਕਿੱਥੇ ਏਂ ਤੇ ਦੱਸ ਕੇ ਕਿੱਥੇ ਗਿਐਂ! ਹੁਣ ਸੱਚ ਦੱਸ, ਆਵੇਂਗਾ ਵੀ ਕਿ ਨਹੀਂ ਮੁੜ ਕੇ?"

"ਆਵਾਂਗਾ ਮੁੜ ਕੇ, ਹਰ ਹਾਲ ਵਿਚ ਤੇਰੇ ਕੋਲ। ਤੇਰੇ ਬਿਨਾਂ ਤਾਂ ਮੈਂ ਅੱਧਾ ਅਧੂਰਾ ਵਾਂ। ਆਹ ਪਿਐ ਮੇਰਾ ਅੱਧ ਵਿਚਕਾਰੋਂ ਚੀਰਿਆ ਹੋਇਆ ਟੋਟਾ। ਮੁਰਦਾ ਮਾਸ ਦਾ ਲੋਥੜਾ। ਇਕੱਲ ਵਿਚ ਪਿਆ ਇਹ ਅੱਧਾ ਅਧੂਰਾ ਟੋਟਾ ਤੇਰੇ ਨਾਲ ਜੁੜਨ ਲਈ ਹਰ ਪਲ ਵਿਲਕਦਾ ਰਹੂ। ਤੇਰੇ ਨਾਲ ਜੁੜ ਕੇ ਈ ਇਸ ਵਿਚ ਜਿੰਦ ਧੜਕਣੀ ਏਂ। ਨਹੀਂ ਤਾਂ ਪਿਆ ਰਹੇਗਾ ਇਹ ਟੁਕੜਾ ਕਿਸੇ ਸੁੰਨ-ਮਸਾਣ ਵਿਚ ਬੇਜਾਨ, ਬੇਹਰਕਤ ਤੇਰੇ ਬਾਝੋਂ! ਪਰ ਆਪਾਂ ਮੁਹੱਬਤ ਦਾ ਇਹ ਰਣ ਜਿੱਤ ਈ ਲੈਣਾ ਏਂ ਆਖ਼ਰਕਾਰ ਰਣਜੀਤ ਪਿਆਰੀਏ! ਕਿਸੇ ਕਿਸਮ ਦੀ ਚਿੰਤਾ ਨਾ ਕਰ ਤੂੰ।"

"ਝੂਠਿਆ! ਦਗ਼ੇਬਾਜਾ!! ਜਾਣ ਲੱਗਿਆਂ ਤੈਥੋਂ ਸੱਚ ਦੇ ਦੋ ਬੋਲ ਸਾਂਝੇ ਕਰਨੇ ਤਾਂ ਸਰੇ ਨਹੀਂ! ਨਾਲੇ ਕਹਿੰਦੈਂ, 'ਰਣ-ਜਿੱਤਣੈਂ', ਨਾਲੇ ਮੈਦਾਨ 'ਚੋਂ ਪਿੱਠ ਕੀਤੀ ਭੱਜਾ ਜਾ ਰਿਹਾ ਏਂ। ਏਦਾਂ ਮੂੰਹ ਮੋੜ ਕੇ ਨਹੀਂ ਜਾਣ ਦੇਂਦੀ ਮੈਂ ਤੈਨੂੰ। "

ਰਣਜੀਤ ਪੂਰੇ ਜ਼ੋਰ ਨਾਲ ਆਪਣੀਆਂ ਨਾਜ਼ਕ ਬਾਹਵਾਂ ਦੇ ਜ਼ੋਰ ਸਦਕਾ ਉਹਨੂੰ ਪਿਛਾਂਹ ਵੱਲ ਖਿੱਚ ਰਹੀ ਸੀ। ਉਸਨੇ ਰਣਜੀਤ ਦੀਆਂ ਬਾਹਵਾਂ ਤੋੜ ਕੇ ਮਸਾਂ ਹੀ ਲੱਕ ਨਾਲੋਂ ਲਾਹੀਆਂ!



ਇਹ ਕੀ ਹੋਇਆ? ਉਹਦੇ ਕਲੇਜੇ 'ਚੋਂ ਭਰਿਆ ਗਿਆ ਰੁੱਗ ਰਣਜੀਤ ਦੀਆਂ ਮੁੱਠਾਂ ਵਿਚ ਨਾਲ ਹੀ ਚਲਿਆ ਗਿਆ ਸੀ!

ਕਿਸੇ ਨੇ ਬੋਲੀ ਚੁੱਕੀ, "ਜਾਂਦਾ ਹੋਇਆ ਦੱਸ ਨਾ ਗਿਉਂ ਵੇ ਮੈਂ ਚਿੱਠੀਆਂ ਕਿਧਰ ਨੂੰ ਪਾਵਾਂ?"

ਪਰ ਅਮਰੀਕ ਤਾਂ ਮੋੜ ਤੋਂ ਪਿਛਾਂਹ ਭੌਂ ਕੇ ਸ਼ਗਨ ਲਈ ਪਾਣੀ ਦੀ ਗੜਵੀ ਹੱਥ ਵਿਚ ਫੜੀ ਬਾਹਰਲੇ ਬੂਹੇ 'ਚ ਖਲੋਤੀ ਆਪਣੀ ਮਾਂ ਦੇ ਤਿੱਪ! ਤਿੱਪ! ਡੁੱਲ੍ਹਦੇ ਵੈਰਾਗੇ ਨੈਣਾਂ ਨੂੰ ਵੇਖਣ ਲੱਗ ਪਿਆ ਸੀ; ਜਿਸਨੇ ਪੁੱਤ ਦੇ ਮੋੜ ਮੁੜ ਕੇ ਅੱਖਾਂ ਤੋਂ ਉਹਲੇ ਹੋਣ ਤੋਂ ਪਹਿਲਾਂ ਹੀ ਡਿੱਗਣ ਤੋਂ ਬਚਣ ਲਈ ਬਾਹਰਲੇ ਦਰਵਾਜ਼ੇ ਦੀ ਬੁਰਜੀ ਨੂੰ ਘੁੱਟ ਕੇ ਫੜ ਲਿਆ ਸੀ ਤੇ ਵਿਲਕ ਵਿਲਕ ਕੇ ਰੋਣ ਲੱਗੀ ਸੀ। ਮੋੜ ਮੁੜ ਕੇ ਅੱਗੇ ਆ ਕੇ ਵੈਨ ਵਿਚ ਬਹਿਣ ਲੱਗੇ ਅਮਰੀਕ ਨੇ ਵੇਖਿਆ, ਮਾਂ ਦੇ ਹੱਥ ਉਹਨੂੰ ਬਾਹਰ ਵੱਲ ਧੱਕਣ ਲਈ ਵਧਦੇ ਵਧਦੇ ਲੁੜ੍ਹਕ ਕੇ ਉਸਦੇ ਆਪਣੇ ਹੀ ਪੱਟਾਂ 'ਤੇ ਵਾਪਸ ਆਣ ਡਿੱਗੇ ਸਨ!

ਉਸਦੇ ਅੰਦਰ ਇਕ ਝੱਖੜ ਝੁੱਲਿਆ। ਉੱਤਰਦੀ ਸ਼ਾਮ ਦੇ ਘੁਸਮੁਸੇ ਵਿਚ ਉਹਦੀਆਂ ਅੱਖਾਂ 'ਚ ਛਲਕਦੇ ਅੱਥਰੂ ਕਿਸੇ ਨੂੰ ਨਾ ਦਿਸੇ। ਵੈਨ ਦਿੱਲੀ ਨੂੰ ਭੱਜੀ ਜਾ ਰਹੀ ਸੀ।

ਵੈਨ ਦੀ ਘੂਕਰ ਬੰਦ ਹੋਈ ਤਾਂ ਅਮਰ ਸਿੰਘ ਨੂੰ ਖ਼ਿਆਲ ਆਇਆ, ਵੱਜਦੇ ਬੈਂਡ ਦੀਆਂ ਸੁਰਾਂ ਵੀ ਖ਼ਾਮੋਸ਼ ਹੋ ਗਈਆਂ ਸਨ। ਜੰਞ ਤੁਰ ਗਈ ਲੱਗਦੀ ਸੀ। ਤੁਰ ਗਈਆਂ ਕਾਰਾਂ ਦੀ ਗਰਦ ਹੌਲੀ ਹੌਲੀ ਬੈਠ ਗਈ ਸੀ।

ਸ਼ਹੀਦਾਂ ਦੇ ਗੁਰਦਵਾਰੇ ਵਿਚ ਰੱਖੇ ਆਖੰਡਪਾਠ ਦੀ ਆਵਾਜ਼ ਹਵਾ ਵਿਚ ਤੈਰ ਰਹੀ ਸੀ।

'ਘਰ ਦੇ ਫ਼ਿਕਰ ਕਰਦੇ ਹੋਣਗੇ!'

ਉਹ ਆਪਣੇ ਆਪ ਨੂੰ ਸੰਭਾਲ ਕੇ ਪਿੰਡ ਨੂੰ ਤੁਰ ਪਿਆ।

ਫਿਰਨੀ 'ਤੇ ਚੜ੍ਹਿਆ ਹੀ ਸੀ ਕਿ ਸ਼ਹੀਦਾਂ ਦੇ ਗੁਰਦਵਾਰੇ ਵੱਲੋਂ ਆਉਂਦੇ ਰਾਹ ਤੋਂ ਫਿਰਨੀਏਂ ਪੈ ਕੇ ਦਲੀਪ ਸਿੰਘ ਦਾ ਪਿਤਾ ਸ਼ਰਮ ਸਿੰਘ ਦੁੱਧ ਚਿੱਟੇ ਕੱਪੜੇ ਪਾਈ ਡੰਗੋਰੀ ਨਾਲ ਜ਼ਮੀਨ ਟੋਂਹਦਾ ਅਮਰ ਸਿੰਘ ਦੇ ਐਨ ਸਾਹਮਣੇ ਆਣ ਖਲੋਤਾ। ਅਮਰ ਸਿੰਘ ਨੇ ਪਹਿਲਾਂ ਤਾਂ ਚੁੱਪ ਕਰਕੇ ਕੋਲ ਦੀ ਲੰਘ ਜਾਣਾ ਚਾਹਿਆ ਪਰ ਉਹਦਾ ਮਨ ਮੰਨਿਆਂ ਨਾ। "ਫ਼ਤਹਿ" ਬੁਲਾ ਕੇ ਪੁੱਛਿਆ, "ਤਾਇਆ! ਤੂੰ ਜੰਞੇਂ ਨਹੀਂ ਗਿਆ?"

"ਤੇ ਤੂੰ ਏਥੇ ਫਿਰਦਾ ਏਂ ਉਏ; ਤੂੰ ਕਿਉਂ ਨ੍ਹੀਂ ਗਿਆ ਭਾਈ?" ਸ਼ਰਮ ਸਿੰਘ ਨੇ ਹੰਮੇ ਨਾਲ ਪੁੱਛਿਆ।

"ਮੈਨੂੰ ਕੋਈ ਡਾਢਾ ਈ ਮੋਰਚਾ ਫ਼ਤਹਿ ਕਰਨਾ ਪੈ ਗਿਐ, ਤਾਂ ਕਰ ਕੇ।" ਉਸਨੇ ਵੱਡਾ ਸਾਰਾ ਹਉਕਾ ਲਿਆ।

"ਏਡਾ ਕਿਹੜਾ ਤੂੰ ਜਮਰੌਦ ਦਾ ਕਿਲ੍ਹਾ ਫ਼ਤਹਿ ਕਰਨਾ ਸੀ! ਤੇਰਾ ਫ਼ਰਜ਼ ਬਣਦਾ ਸੀ ਜਾਣ ਦਾ!" ਫਿਰ ਸਾਹ ਲੈ ਕੇ ਬੋਲਿਆ, "ਹਲਾ! ਛੋਟਾ ਕਾਕਾ ਗਿਆ ਹੋਣੈਂ ਫੇਰ ਜੰਞ ਨਾਲ?"

"ਆਹੋ!" ਅਮਰ ਸਿੰਘ ਨੇ ਸ਼ਰਮ ਸਿੰਘ ਨੂੰ ਨਿਰਾਸ਼ ਕਰਨਾ ਠੀਕ ਨਾ ਜਾਤਾ।

"ਚਲੋ ਚੰਗੈ!" ਤਸੱਲੀ ਦਾ ਸਾਹ ਲੈ ਕੇ ਸ਼ਰਮ ਸਿੰਘ ਡੰਗੋਰੀ ਸੰਭਾਲਦਾ ਨਿੱਕੇ ਕਦਮੀ ਤੁਰਨ ਲੱਗਾ।

"ਹੋਰ ਸਭ ਸੁੱਖ-ਸਾਂਦ ਏ ਨਾ! ਮੈਨੂੰ ਆਂਹਦੇ ਸੀ ਨਾਲ ਜਾਣ ਵਾਸਤੇ। ਮੈਂ ਈ ਨਹੀਂ ਗਿਆ। ਅੱਜ-ਕੱਲ੍ਹ ਦੇ ਵਿਆਹ ਕਾਹਦੇ ਨੇ! ਨਿਰਾ ਨੱਚਣ-ਗਾਉਣ ਵਾਲੇ ਲੁੱਚਿਆਂ ਦਾ ਰੌਲਾ। ਕੋਈ ਕਿਸੇ ਦੀ ਸੁਣੇ ਨਾ ਸਮਝੇ। ਗੁਰਦਵਾਰੇ ਤਕ ਮੱਥਾ ਟੇਕਣ ਉਹਨਾਂ ਨਾਲ ਆ ਗਿਆ ਸਾਂ। ਕਹਿੰਦੇ ਸੀ ਕਾਰ 'ਤੇ ਘਰ ਲਾਹ ਜਾਂਦੇ ਆਂ। ਮੈਂ ਆਖਿਆ; ਨਹੀਂ, ਘੜੀ-ਪਲ ਪਾਠ ਸੁਣ ਕੇ ਆਪੇ ਤੁਰ ਜੂੰ ਹੌਲ਼ੀ ਹੌਲ਼ੀ" ਬਾਬਾ ਨਾਲੇ ਘਰ ਵੱਲ ਫਿਰਨੀਏਂ ਫਿਰਨੀ ਤੁਰੀ ਗਿਆ ਨਾਲੇ ਗੱਲਾਂ ਕਰੀ ਗਿਆ।

ਸ਼ਰਮ ਸਿੰਘ ਨੇ ਰੁਕ ਕੇ ਇਕ ਵਾਰ ਐਨਕਾਂ ਨੂੰ ਠੀਕ ਕੀਤਾ ਤੇ ਅਮਰ ਸਿੰਘ ਵੱਲ ਗਹੁ ਨਾਲ ਵੇਖਿਆ, "ਵੱਡੇ ਕਾਕੇ ਦੀ ਸੁਣਾ। ਖ਼ੈਰੀਂ ਮਿਹਰੀਂ ਏ ਨਾ?"

ਸੰਵਾਲ ਸੁਣ ਕੇ ਅਮਰ ਸਿੰਘ ਧੁਰ ਅੰਦਰ ਤਕ ਹਿੱਲ ਗਿਆ। ਹੰਝੂਆਂ ਨਾਲ ਧੁੰਦਲੀਆਂ ਹੋਈਆਂ ਅੱਖਾਂ ਵਿਚੋਂ ਉਹਨੂੰ ਤਾਏ ਸ਼ਰਮ ਸਿੰਘ ਦਾ ਚਿਹਰਾ ਆਪਣੇ ਬਾਬੇ ਚੜ੍ਹਤ ਸਿੰਘ ਵਰਗਾ ਲੱਗਾ। ਕਿੰਨੇ ਨਕਸ਼

ਮਿਲਦੇ ਸਨ। ਇਕੋ ਲਹੂ ਸੀ, ਇਕੋ ਵਡੇਰੇ ਦੀ ਆਲ-ਔਲਾਦ। ਜੇ ਚੜ੍ਹਤ ਸਿੰਘ ਉਹਦਾ ਸਕਾ ਦਾਦਾ ਸੀ ਤਾਂ ਸ਼ਰਮ ਸਿੰਘ ਦਾ ਵੀ ਤਾਂ ਉਹ ਸਕਾ ਚਾਚਾ ਸੀ। ਨਕਸ਼ ਮਿਲਦੇ ਵੀ ਕਿਉਂ ਨਾ!

ਪਰ ਸ਼ਰਮ ਸਿੰਘ ਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਅਮਰ ਸਿੰਘ ਨੇ ਹੋਰ ਹੀ ਸਵਾਲ ਕਰ ਦਿੱਤਾ।

"ਤਾਇਆ! ਸਾਡੇ ਬਾਪੂ ਨੂੰ, ਚੜ੍ਹਤ ਸੁੰਹ ਨੂੰ, 'ਚੜ੍ਹ ਸਿਹੁੰ' ਕਿਉਂ ਆਂਹਦੇ ਸਨ? ਕੀ ਇਹ ਠੀਕ ਗੱਲ ਏ, ਜਿਵੇਂ ਲੋਕੀਂ ਆਂਹਦੇ ਨੇ ਕਿ ਕਿਸੇ ਦੇ ਕੋਠੇ 'ਤੇ ਚੋਰੀ ਚੜ੍ਹਦਿਆਂ ਉਹ ਭੁੰਜੇ ਡਿੱਗ ਪਿਆ ਸੀ ਤੇ ਲੋਕਾਂ ਨੇ 'ਚੜ੍ਹ ਸੂੰਹ' ਉਹਦੀ ਛੇੜ ਬਣਾ ਲਈ ਸੀ?" ਦਲੀਪ ਸਿੰਘ ਵੱਲੋਂ ਲਾਈ ਊਜ ਦਾ ਕੁਝ ਹਿੱਸਾ, ਸੁਣਾਉਣ ਲੱਗਿਆਂ, ਉਹ ਵੀ ਚੋਰੀ ਕਰ ਗਿਆ।

ਸ਼ਰਮ ਸਿੰਘ ਫੇਰ ਰੁਕ ਗਿਆ ਤੇ ਅਮਰ ਸਿੰਘ ਨੂੰ ਘੂਰ ਕੇ ਵੇਖਿਆ। ਐਨਕਾਂ ਦੇ ਫਰੇਮ ਹੇਠੋਂ ਉਹਦੀਆਂ ਤਿਊੜੀਆਂ ਉੱਭਰ ਆਈਆਂ, "ਤੈਨੂੰ ਕਿਹੜਾ ਸਾਲਾ ਇਹ ਗੱਲ ਆਂਹਦੈ! ਓ ਸਾਡੇ ਓਸ ਸੂਰਮੇ ਚਾਚੇ ਦੀਆਂ ਰੀਸਾਂ ਕਿਹੜੀ ਲੰਡੀ-ਬੁੱਚੀ ਕਰ ਜੂ! ਸਾਰੀ ਜ਼ਿੰਦਗੀ ਲਾ 'ਤੀ ਲੋਕਾਂ ਦੇ ਲੇਖੇ; ਕਦੀ ਜੇਲ੍ਹਾਂ 'ਚ, ਕਦੀ ਮੋਰਚਿਆਂ 'ਚ ਤੇ ਲੋਕ ਭੌਂਕਦੇ ਨੇ ਕਿ ਉਹ ਚੋਰ ਸੀ। ਉਹ ਤਾਂ ਸਾਰੀ ਉਮਰ ਮਰਦੇ ਦਮ ਤੱਕ ਚੋਰਾਂ ਨਾਲ ਲੜਿਆ। ਉਹੋ ਜਿਹੇ ਬੰਦੇ ਹੁਣ ਰਹੇ ਨਹੀਂ ਨਾ; ਤਦੇ ਤਾਂ ਚੋਰਾਂ-ਉਚੱਕਿਆਂ ਦੀਆਂ ਚੜ੍ਹਾਂ ਮੱਚੀਆਂ ਹੋਈਆਂ ਨੇ। ਓਧਰੋਂ ਉਹ ਜੰਗ ਦੇ ਖ਼ਿਲਾਫ਼ ਪਰਚਾਰ ਕਰਨ ਕਰ ਕੇ ਜੇਲ੍ਹ 'ਚ ਬੰਦ ਸੀ ਤੇ ਓਧਰੋਂ ਉਹਦਾ ਪੁੱਤ ਕਰਮ ਸੂੰਹ, ਤੇਰਾ ਤਾਇਆ, ਜਰਨੈਲ ਦਾ ਬਾਪ ਜੰਗ ਵਿਚ ਮਾਰਿਆ ਗਿਆ। ਸਰਕਾਰ ਕਹਿੰਦੀ ਸੀ ਮਾਫ਼ੀ ਮੰਗ ਲਵੇ ਤਾਂ ਛੱਡਿਆ ਜਾ ਸਕਦਾ ਹੈ ਪਰ ਓਸ ਸੂਰਮੇ ਨੇ ਦਿਲ 'ਤੇ ਪੱਥਰ ਰੱਖ ਲਿਆ ਪਰ ਮਾਫ਼ੀ ਨਹੀਂ ਸੀ ਮੰਗੀ।"

"ਮੈਂ ਕਿਵੇਂ ਦਿਲ 'ਤੇ ਪੱਥਰ ਰੱਖ ਲਾਂ?" ਆਪ ਮੁਹਾਰੇ ਅਮਰ ਸਿੰਘ ਦੇ ਮੂੰਹੋਂ ਨਿਕਲ ਗਿਆ।

"ਕੀ ਆਖਿਆ?" ਸ਼ਰਮ ਸਿੰਘ ਹੈਰਾਨ ਸੀ।

"ਨਹੀਂ; ਮੇਰਾ ਮਤਲਬ ਦਿਲ 'ਤੇ ਪੱਥਰ ਰੱਖਣਾ ਵੀ ਬੜੀ ਸੂਰਮਗਤੀ ਦਾ ਕੰਮ ਏ।"

"ਪੁੱਤ! ਜਿਨ੍ਹਾਂ ਨੂੰ ਵੱਡੇ ਦੁੱਖ ਪੈਂਦੇ ਨੇ ਉਹਨਾਂ ਨੂੰ ਸਹਿਣ ਲਈ ਜਿਗਰੇ ਵੀ ਵੱਡੇ ਕਰਨੇ ਪੈਂਦੇ ਨੇ। ਨਾਲੇ ਸੂਰਮਗਤੀ ਕਾਹਦੀ ਸੋਹਣਿਆਂ! ਸਭ ਸਿਰ ਪਈਆਂ ਦੇ ਸੌਦੇ ਨੇ। ਵੱਡੀਆਂ ਵੱਡੀਆਂ ਮੁਸ਼ਕਲਾਂ ਬੰਦਿਆਂ ਦੇ ਸਿਰ ਈ ਪੈਂਦੀਆਂ ਆਈਆਂ ਨੇ ਤੇ ਬੰਦੇ ਈ ਉਹਨਾਂ ਨੂੰ ਸਿਰ 'ਤੇ ਝੱਲਦੇ ਅਤੇ ਸਹਿੰਦੇ ਆਏ ਨੇ। ਉਂਞ ਸੂਰਮਗਤੀ ਭਲੀ ਉਹੋ ਈ ਏ ਜਿਹੜੀ ਕਿਸੇ ਦੇ ਦੁੱਖ ਦਾ ਭਾਰ ਹੌਲਾ ਕਰਨ ਲਈ ਉਹਦੇ ਦੁੱਖ ਦਾ ਪਹਾੜ ਆਪਣੇ ਸਿਰ 'ਤੇ ਚੁੱਕ ਲਵੇ। ਜਿਵੇਂ ਬਾਬੇ ਨੇ ਆਖਿਐ, 'ਧੌਲ ਧਰਮ ਦਇਆ ਕਾ ਪੂਤ, ਸੰਤੋਖ ਥਾਪ ਰੱਖਿਆ ਜਿਨ ਸੂਤ।' ਦੂਜੇ 'ਤੇ ਦਇਆ ਕਰਨੀ ਤੇ ਆਪ ਸੰਤੋਖ ਕਰਨਾ। ਇਹਨਾਂ ਦੋਵਾਂ ਪੈਰਾਂ 'ਤੇ ਧਰਤੀ ਖਲੋਤੀ ਏ। ਸਿਰਫ਼ ਆਪਣੇ ਭਲੇ ਜਾਂ ਲਾਲਚ ਲਈ ਦੁੱਖ ਝੱਲਣਾ ਸੂਰਮਗਤੀ ਨਹੀਂ ਹੁੰਦੀ। ਉਹ ਤਾਂ ਆਪਣੀ ਗਰਜ਼ ਹੁੰਦੀ ਏ ਪੁੱਤੜਾ!'...।"

ਜਦੋਂ ਅਮਰ ਸਿੰਘ ਨੇ ਗੱਲ ਮੁਕਾਈ ਉਹ ਅਮਰ ਸਿੰਘ ਦੀ ਹਵੇਲੀ ਦੇ ਦਰਵਾਜ਼ੇ ਅੱਗੇ ਖਲੋਤੇ ਸਨ। ਸੁਲ੍ਹਾ ਮਾਰਨ 'ਤੇ ਵੀ ਸ਼ਰਮ ਸਿੰਘ 'ਚਾਹ-ਪਾਣੀ' ਪੀਣ ਲਈ ਰੁਕਿਆ ਨਹੀਂ। ਸਿੱਧਾ ਲੰਘ ਗਿਆ ਤੇ ਗਲੀ ਦਾ ਮੋੜ ਮੁੜ ਕੇ ਆਪਣੇ ਘਰ ਨੂੰ ਤੁਰ ਗਿਆ।

ਅਮਰ ਸਿੰਘ ਭੰਬਤਰਿਆ ਖੜ੍ਹਾ ਸੀ। ਲੱਗਾ ਜਿਵੇਂ ਸ਼ਰਮ ਸਿੰਘ ਜਾਣੀ-ਜਾਣ ਹੋਵੇ ਤੇ ਉਹਦੀ ਕਿਸੇ ਲੁਕਵੀਂ ਪੁੱਛ ਦਾ ਹੀ ਉੱਤਰ ਦੇ ਰਿਹਾ ਹੋਵੇ।

ਬਾਹਰਲੇ ਦਰਵਾਜ਼ੇ 'ਚ ਚੁੱਪ-ਚਾਪ ਖਲੋਤਾ ਉਹ ਘਰ ਵਿਚ ਹੋ ਰਿਹਾ 'ਨਾਟਕ' ਵੇਖਣ ਲੱਗਾ।

ਛੋਟਾ ਗੁਰਮੇਲ ਹਵੇਲੀ ਵਿਚ ਅੱਗੇ-ਅੱਗੇ ਤੇ ਛੋਟੀ ਕੁੜੀ ਹਰਿੰਦਰ ਉਹਦੇ ਪਿੱਛੇ-ਪਿੱਛੇ ਭੱਜੇ ਫਿਰਦੇ ਸਨ। ਕਨੇਡਾ ਜਾਣ ਦੇ ਚਾਅ ਵਿਚ ਦੋਵਾਂ ਨੇ ਪਿਛਲੇ ਦਿਨਾਂ ਤੋਂ ਸਕੂਲ ਜਾਣਾ ਬੰਦ ਕਰ ਦਿੱਤਾ ਹੋਇਆ ਸੀ। ਘਰਦਿਆਂ ਨਾਲ ਉਹ ਵੀ ਆਪਣੀ ਮਰਜ਼ੀ ਦਾ ਕੱਪੜਾ-ਲੱਤਾ ਖ਼ਰੀਦ ਰਹੇ ਸਨ। ਮੁੰਡਾ ਤਾਂ ਪੂਰਾ ਕਨੇਡੀਅਨ ਦਿਸਣ ਲਈ ਆਪਣੇ ਵਾਲ ਵੀ ਮੁੰਨਵਾ ਆਇਆ ਸੀ। ਵੱਡੀ ਭੈਣ ਦੋਵਾਂ ਨੂੰ ਝਿੜਕ ਰਹੀ ਸੀ, "ਵੇ ਨਾ ਭੱਜੋ! ਸੱਟ ਲੱਗ ਜੂ। ਤੁਹਾਡਾ ਵੀ ਹੁਣ ਤਾਂ ਸਾਹੇ ਬੱਧਿਆਂ ਵਾਲਾ ਕੰਮ ਏ। ਵੇ ਗੁਰਮੇਲ, ਲਾਹ ਪੈਂਟ।"

ਗੁਰਮੇਲ ਪਿੱਛੇ ਭੱਜੀ ਫਿਰਦੀ ਹਰਿੰਦਰ ਨੂੰ ਝਕਾਨੀ ਦੇ ਕੇ ਵੱਡੀ ਛਿੰਦਰ ਦੇ ਸਾਹਮਣੇ ਆਣ ਖਲੋਤਾ।



"ਭੈਣ ਛਿੰਦੀਏ! ਮਿੰਦੀਏ! ਕੀ ਆਂਹਦੀ ਏਂ ਪੈਂਟ ਲਾਹ ਦਿਆਂ! ਕੁਝ ਤਾਂ ਸੋਚ ਕੀ ਆਖੀ ਜਾਂਦੀ ਏਂ!"

"ਵੇ ਦੁਰ ਫਿੱਟੇ ਮੂੰਹ ਤੇਰਾ। ਕਿਵੇਂ ਗੱਲਾਂ 'ਚੋਂ ਗੱਲਾਂ ਕੱਢਦਾ ਏ। ਚੱਲ ਮੇਰਾ ਬੀਬਾ ਵੀਰ ਲਾਹ ਦੇ। ਤੰਗ ਨਾ ਕਰ, ਤੇਰੀ ਵੱਡੀ ਭੈਣ ਏਂ।"

ਗੁਰਮੇਲ ਨੇ ਹਰਿੰਦਰ ਦੀ ਨਵੀਂ ਖ਼ਰੀਦੀ ਜੀਨ ਆਪਣੀ ਪੈਂਟ 'ਤੇ ਚੜ੍ਹਾਈ ਹੋਈ ਸੀ। ਭਾਵੇਂ ਉਹ ਹਰਿੰਦਰ ਤੋਂ ਦੋ ਸਾਲ ਛੋਟਾ ਸੀ ਤੇ ਨੌਵੀਂ ਵਿਚ ਪੜ੍ਹਦਾ ਸੀ ਪਰ 'ਪਲੱਸ ਵੰਨ' ਵਿਚ ਪੜ੍ਹਦੀ ਹਰਿੰਦਰ ਦੀ ਪੈਂਟ ਉਹਨੂੰ ਪੂਰੀ ਨਹੀਂ ਸੀ ਆ ਰਹੀ। ਉਹ ਉਹਨੂੰ ਤੇੜ ਅੜਾ ਕੇ ਨਾਲੇ ਭੱਜਾ ਫਿਰਦਾ ਸੀ ਨਾਲੇ ਕਹਿੰਦਾ ਸੀ, "ਹੁਣੇ ਕਨੇਡਾ ਦੀ ਅੱਗ ਲੱਗ ਗਈ ਐ ਏਹਨੂੰ। ਟੌਪ ਤੇ ਪੈਂਟਾਂ ਖ਼ਰੀਦਦੀ ਏ। ਕਹਿੰਦੀ ਏ ਕਨੇਡਾ ਵਿਚ ਕੁੜੀਆਂ ਇੰਝ ਦੇ ਕੱਪੜੇ ਈ ਪਾਉਂਦੀਆਂ। ਕੱਠੀ ਮੇਮ ਬਣ ਬਣ ਬਹਿੰਦੀ ਏ।"

"ਚੱਲ ਵੇ ਚੱਲ। ਮੂੰਹ ਸੰਭਾਲ ਆਪਣਾ ਬਿੱਜੂਆ ਜਿਹਾ! ਸਿਰ ਵੇਖ ਕਿਵੇਂ ਰੋਡ ਭੋਡ ਕਰਵਾ ਲਿਆਇਐ, ਜਿਵੇਂ ਹੇਮੂ ਬਾਣੀਏਂ ਦੀ ਟਿੰਡ ਹੁੰਦੀ ਐ। ਕਾਂ ਨਾ ਠੂੰਗੇ ਮਾਰਨ ਲੱਗ ਜਾਣ ਵੱਡੇ ਸਲਮਾਨ ਖਾਨ ਨੂੰ। ਜੇ ਤੈਨੂੰ ਨਾਈਕੀ ਦੇ ਸੂ ਤੇ ਟੀ-ਸ਼ਰਟਾਂ ਚਾਹੀਦੀਆਂ ਤਾਂ ਮੇਰੇ ਦੋ ਟੌਪ ਤੇ ਜੀਨ ਵੇਖ ਕੇ ਤੇਰੇ ਕਿਉਂ ਢਿੱਡ ਪੀੜ ਹੁੰਦੀ ਏ! ਜੇ ਮੈਂ ਮੇਮ ਨਹੀਂ ਤਾਂ ਤੂੰ ਵੀ ਜਾ ਕੇ ਕਿਹੜਾ ਸਾਹਬ ਬਣ ਚੱਲਿਐਂ। ਕਨੇਡਾ ਜਾ ਕੇ ਤਾਂ ਟਰੱਕ ਈ ਚਲਾਉਣੈਂ।" ਉਸਨੇ ਗੁਰਮੇਲ ਵੱਲੋਂ ਲਾਹ ਕੇ ਸੁੱਟੀ ਜੀਨ ਚੁੱਕੀ। ਮੂੰਹ ਵਿੰਗਾ ਕਰਕੇ ਤੇ ਜੀਭ ਕੱਢ ਕੇ, "ਯਾਰਾਂ ਦਾ ਟਰੱਕ ਬੱਲੀਏ!" ਕਿਹਾ ਤੇ ਭੱਜ ਉੱਠੀ।

ਗੁਰਮੇਲ ਫੇਰ ਉਸਦੇ ਪਿੱਛੇ ਦੌੜਿਆ, "ਖਲੋ ਤੇਰੇ ਦੀ! ਵੱਡੀ ਐਸ਼ਵਰੀਆ ਰਾਏ!"

ਜਦੋਂ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਹੁੰਦੇ ਸਨ ਤਾਂ ਗੁਰਮੇਲ ਬਾਲ-ਸਭਾ ਵਿਚ ਸਦਾ ਇਹੋ ਈ ਗੀਤ ਗਾਉਂਦਾ ਹੁੰਦਾ ਸੀ, "ਜੀ ਟੀ ਰੋਡ 'ਤੇ ਦੁਹਾਈਆਂ ਪਾਵੇ, ਯਾਰਾਂ ਦਾ ਟਰੱਕ ਬੱਲੀਏ!" ਉਦੋਂ ਤੋਂ ਹਰਿੰਦਰ ਨੇ ਉਹਨੂੰ ਮਖ਼ੌਲ ਨਾਲ 'ਟਰੱਕ ਡਰਾਈਵਰ' ਕਹਿਣਾ ਸ਼ੁਰੂ ਕਰ ਦਿੱਤਾ ਸੀ।

"ਨੀ ਕੁੜੀਏ! ਕਨੇਡਾ ਦੇ ਟਰੱਕ ਡਰੈਵਰ ਕਿਤੇ ਐਵੇਂ ਕਿਵੇਂ ਹੁੰਦੇ ਨੇ! ਵੀਰ ਦੇ ਟਰੱਕ ਦੀ ਕਮਾਈ ਨਾਲ ਈ ਕਨੇਡਾ ਚੱਲੀ ਏਂ। ਓਥੇ ਜਾ ਕੇ ਫੇਰ ਭਾਵੇਂ ਏਧਰੋਂ ਵੱਡੇ ਤੋਂ ਵੱਡੇ ਡਾਕਟਰ ਇੰਜੀਨੀਅਰ ਨੂੰ ਵਿਆਹ ਕੇ ਲੈ ਜਾਈਂ!"

"ਹੋਰ ਕੀ, ਏਥੇ ਤਾਂ ਇਹਨੂੰ ਕਾਣੇ ਗੇਜੂ ਵਰਗਾ ਮੁੰਡਾ ਵੀ ਮੁਸ਼ਕਲ ਨਾਲ ਮਿਲਣਾ ਸੀ!"

ਗੁਰਮੇਲ ਚੋਟ ਕਰਕੇ ਅੰਦਰਲੇ ਵਸੋਂ ਵਾਲੇ ਹਿੱਸੇ ਵੱਲ ਭੱਜਾ। ਬਦਲਾ ਲੈਣ ਲਈ ਪਿੱਛੇ ਪਿੱਛੇ ਹਰਿੰਦਰ ਦੌੜ ਪਈ।

ਭੈਣ ਭਰਾ ਵੱਲੋਂ ਵਿਹਲੀ ਹੋ ਕੇ ਛਿੰਦਰ ਨੇ ਡੌਰ ਭੌਰ ਹੋਏ ਪਿਤਾ ਵੱਲ ਵੇਖਿਆ।

"ਭਾਅ ਜੀ! ਕਿੱਥੇ ਚਲੇ ਗਏ ਸੀ ਤੁਸੀਂ। ਅਸੀਂ ਤਾਂ ਹੁਣ ਗੁਰਮੇਲ ਨੂੰ ਪ੍ਰੋਫ਼ੈਸਰ ਵੱਲ ਘੱਲਣ ਲੱਗੇ ਸਾਂ।" ਉਹ ਪਿਛਲੇ ਵਿਹੜੇ ਵਿਚ ਖੁੱਲ੍ਹਦਾ ਦਰਵਾਜ਼ਾ ਲੰਘ ਕੇ ਅੰਦਰ ਵੱਲ ਹੋਏ। ਸੁਰਜੀਤ ਕੌਰ ਚੌਂਤਰੇ ਵਿਚੋਂ ਕਾਹਲੀ ਨਾਲ ਉੱਠ ਕੇ ਉਹਨਾਂ ਵੱਲ ਵਧੀ।

"ਹੱਦ ਹੋ ਗਈ ਤੁਹਾਡੀ। ਕਿੱਥੇ ਚਲੇ ਗਏ ਸੀ!"

"ਐਥੇ ਈ ਸਾਂ। ਜਾਣਾ ਕਿੱਥੇ ਐ। ਮੈਂ ਜ਼ਰਾ ਪੈਲੀਆਂ ਵੱਲ ਗੇੜਾ ਮਾਰਨ ਨਿਕਲ ਗਿਆ ਸਾਂ। ਸੋਚਿਆ; ਵੇਖਾਂ ਕਣਕ ਕਿਸ ਦਿਨ ਤਕ ਵੱਢਣ ਦੇ ਵੱਤਰ 'ਤੇ ਹੋਊ। ਕੱਲ੍ਹ ਵਿਸਾਖੀ ਆ ਤੇ ਅਜੇ ਫ਼ਸਲ ਨੂੰ ਦਾਤਰੀ ਫਿਰਨ ਦਾ ਕੋਈ ਲੱਲ ਨਹੀਂ ਲੱਗਦਾ। ਮੇਰੇ ਮਨ 'ਚ ਸੀ ਕਿ ਕਣਕ ਸਾਂਭ ਕੇ ਈ ਕਨੇਡਾ ਜਾਵਾਂਗੇ, ਪਰ ਓਧਰੋਂ ਅਮਰੀਕ ਜ਼ੋਰ ਤੇ ਜ਼ੋਰ ਪਾਈ ਜਾਂਦੈ ਕਿ ਛੇਤੀ ਤੋਂ ਛੇਤੀ ਆਓ। ਘਰ ਦਾ ਸਰਦਾ ਨਹੀਂ। ਉਹ ਤਾਂ ਅੱਜ-ਭਲਕ, ਅੱਜ-ਭਲਕ ਈ ਕਰੀ ਜਾਂਦੈ। ਸਵੇਰੇ ਵੀ ਏਹੋ ਫ਼ੋਨ ਆਇਐ ਪ੍ਰੋਫ਼ੈਸਰ ਵੱਲ। ਤੁਸੀਂ ਤਿਆਰ ਹੋ ਜੋ।"

ਉਸਨੇ ਇਕੋ ਵਾਰ ਸਾਰੀਆਂ ਪੁੱਛਾਂ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ। ਫਿਰ ਛਿੰਦਰ ਨੂੰ ਮੁਖ਼ਾਤਬ ਹੋਇਆ, "ਛਿੰਦਰ! ਜਿਸ ਹਿਸਾਬ ਨਾਲ ਅਮਰੀਕ ਨੇ ਕਾਹਲੀ ਪਾਈ ਹੋਈ ਐ; ਕਣਕ ਮੈਨੂੰ ਲੱਗਦੈ, ਪਿੱਛੋਂ ਤੁਹਾਨੂੰ ਈ ਸਾਂਭਣੀ ਪੈਣੀ ਏਂ। ਤੁਸੀਂ ਆਪਣਾ ਡੇਰਾ-ਡੰਡਾ ਚੁੱਕ ਕੇ ਹੁਣ ਅੱਜ-ਭਲਕ 'ਚ ਏਥੇ ਆਉਣ ਦੀ ਕਰੋ। ਪ੍ਰਾਹੁਣੇ ਨੂੰ ਮੈਂ ਸਵੇਰੇ ਆਉਣ ਲਈ ਪਹਿਲਾਂ ਈ ਸੱਦ ਘੱਲਿਐ। ਤੇ ਮਾਂ ਆਪਣੀ ਨੂੰ ਆਖ ਨਾਲ ਲਿਜਾਣ ਵਾਲਾ ਸਮਾਨ ਸਾਂਭ-ਸਭਾ ਲਵੇ, ਜੋ ਕੁਝ ਸਾਂਭਣੈਂ। ਤੁਸੀਂ ਤਿਆਰੀ ਫੁੱਲ ਰੱਖੋ। ਇਹ ਵੀ ਹੋ ਸਕਦੈ

ਕੱਲ੍ਹ ਜਾਂ ਪਰਸੋਂ ਈ ਤੁਰਨਾ ਪੈ ਜਾਏ।"

"ਲੈ ਹਾਇ! ਏਨੀ ਵੀ ਕਾਹਲੀ ਕੀ ਆਖ! ਹੋਰ ਪੰਜਾਂ ਦਸਾਂ ਦਿਨਾਂ ਤਕ ਕੀ ਅਸਮਾਨ ਢਹਿ ਚੱਲਿਐ! ਨਾਲੇ ਕਣਕ ਸਾਂਭੀ ਜਾਂਦੀ। ਤਿਆਰੀ ਨੂੰ ਤਾਂ ਊਂ ਤਿਆਰੀ ਈ ਏ। ਪਰ ਅਜੇ ਤਾਂ ਮੁੰਡੇ ਲਈ ਤਿੱਲੇ ਵਾਲੀ ਜੁੱਤੀ ਵੀ ਨਹੀਂ ਲਿਆਂਦੀ। ਅਮਰੀਕ ਨੇ ਤੈਨੂੰ ਆਖਿਆ ਵੀ ਹੋਇਐ। ਪਰ ਤੇਰਾ ਤਾਂ ਟੈਮ ਈ ਨਹੀਂ ਲੱਗਦਾ। ਦੋ ਤਾਂ ਸਾਰੀਆਂ ਚੀਜਾਂ ਮੰਗੀਐਂ ਉਹਨੇ। ਕਾਲਾ ਚਾਦਰਾ ਲਾਉਣ ਲਈ ਤੇ ਪਾਉਣ ਲਈ ਤਿੱਲੇ ਵਾਲੀ ਜੁੱਤੀ। ਬੜਾ ਸ਼ੌਕ ਐ ਦੋਵੇਂ ਚੀਜ਼ਾਂ ਪਾਉਣ ਦਾ।"

ਉਹ ਵਿਹੜੇ ਵਿਚ ਲੱਗੇ ਲਸੂੜ੍ਹੇ ਦੇ ਛੋਟੇ ਜਿਹੇ ਰੁੱਖ ਹੇਠਾਂ ਡੱਠੇ ਮੰਜੇ 'ਤੇ ਬਹਿ ਗਿਆ। ਸੁਰਜੀਤ ਕੌਰ ਦੀ ਗੱਲ ਦੇ ਜਵਾਬ ਵਿਚ ਆਖਿਆ, "ਅਸਮਾਨ ਡਿੱਗਣ ਲੱਗਿਆਂ ਪੰਜ ਦਸ ਦਿਨ ਤਾਂ ਬੜੇ ਹੁੰਦੇ ਨੇ ਕਮਲ਼ੀਏ! ਅਸਮਾਨ ਤਾਂ ਪਲ-ਛਿਣ ਵਿਚ ਢਹਿ ਪੈਂਦੈ, ਜਦੋਂ ਢਹਿਣਾ ਹੋਵੇ! ਹੁਣ ਜੁੱਤੀਆਂ ਤੇ ਚਾਦਰੇ ਖ਼ਰੀਦਣ ਜੋਗਾ ਟੈਮ ਨਹੀਂ ਮੇਰੇ ਕੋਲ।"

"ਕਿਹੋ ਜਿਹੀਆਂ ਢੱਠੀਆਂ ਗੱਲਾਂ ਕਰਨ ਡਹੇ ਜੇ। ਸੁਭ ਸੁਭ ਬੋਲੋ।"

ਸੁਰਜੀਤ ਕੌਰ ਥਾਲੀ ਵਿਚ ਰੋਟੀ ਪਾ ਕੇ ਲਿਆਈ ਤਾਂ ਬੁਰਕੀ ਉਹਦੇ ਸੰਘ ਵਿਚੋਂ ਥੱਲੇ ਨਾ ਉੱਤਰੇ। ਉਸਨੇ ਆਚਾਰ ਮੰਗਿਆ। ਸ਼ਾਇਦ ਉਸ ਨਾਲ ਲਾ ਕੇ ਹੀ ਵਿਖਾਵੇ ਵਾਸਤੇ ਕੋਈ ਗਰਾਹੀ ਨਿਗਲ਼ ਲਵੇ। ਪਰ ਦਿਲ ਨਹੀਂ ਮੰਨਿਆਂ। ਥਾਲੀ ਉਹਨੇ ਮੰਜੇ 'ਤੇ ਪਰ੍ਹਾਂ ਨੂੰ ਧੱਕ ਦਿੱਤੀ।

"ਨਾ ਗੱਲ ਕੀ ਏ? ਮੂੰਹ ਕਿਵੇਂ ਰੋਣਾ ਜਿਹਾ ਬਣਾਇਐ। ਉੱਘ ਦੀਆਂ ਪਤਾਲ ਮਾਰੀ ਜਾਂਦੇ ਓ। ਜੇ ਰੋਟੀ ਸਵਾਦ ਨਹੀਂ ਲੱਗੀ ਤਾਂ ਕਾਲੀ ਲੂਣ-ਮਿਰਚ ਪਾ ਕੇ ਪਰੌਂਠੀ ਲਾਹ ਦਿਆਂ ਚਾਹ ਨਾਲ।" ਸੁਰਜੀਤ ਕੌਰ ਨੇ ਥਾਲੀ ਚੁੱਕਦਿਆਂ ਕਿਹਾ।

"ਓਂ ਈ ਸਰੀਰ ਕੁਝ ਵੱਲ ਨਹੀਂ ਸਵੇਰ ਦਾ। ਫ਼ਿਕਰ ਵਾਲੀ ਉਂਝ ਏਡੀ ਕੋਈ ਗੱਲ ਨਹੀਂ।" ਉਹ ਓਥੇ ਈ ਮੰਜੀ 'ਤੇ ਟੇਢਾ ਹੋ ਗਿਆ ਤੇ ਸੱਜੀ ਬਾਂਹ ਅੱਖਾਂ ਉੱਤੇ ਰੱਖ ਲਈ।

ਸੁਰਜੀਤ ਕੌਰ ਚੁੱਲ੍ਹੇ-ਚੌਂਕੇ ਦੇ ਕੰਮ ਜਾ ਲੱਗੀ ਤੇ ਛਿੰਦਰ ਉਹਦੀ ਪੁਆਂਦੀ ਆਣ ਬੈਠੀ।

ਥੋੜ੍ਹੀ ਦੇਰ ਬਾਅਦ ਸੁਰਜੀਤ ਕੌਰ ਵੀ ਥਾਲੀ ਫੜ ਲਿਆਈ ਤੇ ਉਹਨਾਂ ਦੇ ਨੇੜੇ ਹੀ ਲਸੂੜੇ ਦੀ ਛਾਵੇਂ ਪੀੜ੍ਹੀ ਰੱਖ ਕੇ ਬਹਿ ਗਈ।

"ਅਮਰੀਕ ਦੇ ਭਾ, ਜੇ ਬਹੁਤੀ ਕਾਹਲੀ ਕਰਦਾ ਏ ਅਮਰੀਕ; ਤਾਂ ਐਂ ਨਾ ਕਰੀਏ ਅਸੀਂ ਮਾਵਾਂ-ਧੀਆਂ ਸ਼ਹਿਰੋਂ ਗੇੜਾ ਮਾਰ ਆਈਏ। ਦੋ-ਚਾਰ ਚੀਜ਼ਾਂ ਜਿਹੜੀਆਂ ਰਹਿੰਦੀਆਂ ਨੇ ਲੈ ਆਈਏ।"

"ਜਾਓ, ਜਿੱਥੇ ਜਾਣਾ ਐਂ, ਜਾ ਆਓ।" ਉਹਨੂੰ ਉਹਨਾਂ ਦਾ ਇਹ ਫ਼ੈਸਲਾ ਵੀ ਠੀਕ ਹੀ ਲੱਗਾ। ਉਹਨਾਂ ਦੇ ਸਾਹਮਣੇ ਹੋਣ ਨਾਲ ਆਪਣਾ ਆਪ ਸੰਭਾਲਣਾ ਔਖਾ ਹੋ ਰਿਹਾ ਸੀ।

"ਪਰ ਮੈਨੂੰ ਇਕ ਚਾਦਰ ਲਿਆ ਦਿਓ। ਉੱਤੇ ਲੈ ਕੇ ਘੜੀ ਪਲ ਆਰਾਮ ਕਰ ਲਵਾਂ। ਜਾਣੀਦਾ, ਬੁਖ਼ਾਰ ਜਿਹਾ ਨਾ ਹੋ ਜਾਵੇ। ਉੱਠ ਕੇ ਫੇਰ ਬਿਹਾਰੀ ਡਾਕਟਰ ਵੱਲ ਜਾਂਦਾਂ।"

ਛਿੰਦਰ ਉੱਠ ਕੇ ਗਈ ਤੇ ਅੰਦਰੋਂ ਚਾਦਰ ਫੜ ਲਿਆਈ।

"ਜੇ ਤੁਹਾਡਾ ਜੀਅ ਰਾਜ਼ੀ ਨਹੀਂ ਤਾਂ ਨਹੀਂ ਜਾਂਦੇ।" ਸੁਰਜੀਤ ਕੌਰ ਨੇ ਉਹਦੀ ਬਾਂਹ ਫੜ ਕੇ ਨਬਜ਼ ਟੋਹੀ, "ਤਾਪ ਤਾਂ ਨਹੀਂ ਲੱਗਦਾ।"

"ਓ ਨਹੀਂ, ਐਹੋ ਜਿਹੀ ਕੋਈ ਗੱਲ ਨਹੀਂ। ਸਗੋਂ ਜਾਓ ਤੁਸੀਂ। ਛੇਤੀ ਮੁੜਨ ਵਾਲੀਆਂ ਬਣੋਗੀਆਂ। ਕੱਲ੍ਹ ਵਿਸਾਖੀ ਕਰਕੇ ਓਂ ਵੀ ਸ਼ਹਿਰ 'ਚ ਭੀੜ ਹੋਣੀ ਐਂ। ਆਪਣੇ ਕੋਲ ਦਿਨ ਵੀ ਨਹੀਂ ਹੈਗੇ।"

'ਬੀਬੀ, ਮੈਂ ਵੀ ਜਾਣੈ ਨਾਲ। ਇਕ ਤਾਂ ਮੈਂ ਵੀਰ ਵਰਗੀਆਂ ਕਾਲੀਆਂ ਰੇ-ਬੈਨ ਦੀਆਂ ਐਨਕਾਂ ਲੈਣੀਆਂ ਨੇ। ਇਕ ਜੰਜੀਰੀ ਵਾਲੀ ਬੈਲਟ ਲੈਣੀ ਏਂ। ਕੁਝ ਹੋਰ ਚੀਜ਼ਾਂ ਵੀ ਲੈਣੀਆਂ ਨੇ।" ਗੁਰਮੇਲ ਨੇ ਉਹਨਾਂ ਦਾ ਪ੍ਰੋਗਰਾਮ ਸੁਣ ਕੇ ਆਪਣਾ ਆਪ ਵੀ ਵਿਚ ਸ਼ਾਮਲ ਕਰ ਲਿਆ।

"ਇਕ ਲੈਣੀਆਂ ਨੇ ਜਰਦੇ ਦੀਆਂ ਪੁੜੀਆਂ, ਤਲੀ 'ਤੇ ਰੱਖਕੇ ਮਲਣ ਲਈ ਤੇ ਡਰੈਵਰ ਦੀ ਸੀਟ 'ਤੇ ਬਹਿਣ ਤੋਂ ਪਹਿਲਾਂ ਫੱਕਾ ਮਾਰਨ ਨੂੰ। ਲੈ ਜਾਓ, ਲੈ ਜੋ ਇਹਨੂੰ ਯਾਰਾਂ ਦੇ ਟਰੱਕ ਨੂੰ। ਇਹਦੀ 'ਬੱਲੀ' ਕਨੇਡਾ ਦੀ ਜੀ ਟੀ ਰੋਡ 'ਤੇ ਖਲੋਤੀ ਇਹਨੂੰ ਉਡੀਕਣ ਡਹੀ ਏ।" ਹਰਿੰਦਰ ਨੇ ਛੇੜਿਆ, "ਹੋਰ ਗੱਲ ਦੱਸਾਂ ਤੁਹਾਨੂੰ।



ਪਿਛਲੇ ਦਿਨੀਂ ਜਦੋਂ ਗਿਆਨੀ ਪ੍ਰੀਤਮ ਸਿੰਘ ਨੇ ਕਲਾਸ ਵਿਚ ਸਭ ਨੂੰ ਪੁੱਛਿਆ ਕਿ ਉਹ ਵੱਡੇ ਹੋ ਕੇ ਜ਼ਿੰਦਗੀ ਵਿਚ ਕੀ ਬਣਨਾ ਚਾਹੁੰਦੇ ਨੇ; ਤਾਂ ਮੇਰੇ ਵੀਰ ਜੀ, ਸਲਮਾਨ ਖਾਨ ਜੀ ਕਹਿੰਦੇ, "ਮੈਂ ਜੀ, ਕਨੇਡਾ ਵਿਚ ਜਾ ਕੇ ਟਰੱਕ ਡਰੈਵਰ ਬਣਨਾ ਚਾਹੁੰਦਾਂ। ਬੜੀ ਕਮਾਈ ਆ ਉਹਨਾਂ ਨੂੰ।" ਥੋੜ੍ਹੇ ਚਿਰ ਬਾਅਦ ਗਿਆਨੀ ਨੇ ਫ਼ਰੀਦ ਦੇ ਸਲੋਕਾਂ ਦੇ ਅਰਥ ਪੁੱਛਣੇ ਸ਼ੁਰੂ ਕੀਤੇ ਤਾਂ ਸਾਹਿਬ ਜੀ ਨੂੰ ਆਏ ਨਾ। ਗਿਆਨੀ ਨੇ ਇਹਦੀ ਅੱਖਾਂ ਤਕ ਆਈ ਪੱਗ ਦੇ ਪੱਲੇ ਨੂੰ ਹੱਥ ਨਾਲ ਉਤਾਂਹ ਚੁੱਕਿਆ ਤੇ ਗੱਲ੍ਹ ਨੰਗੀ ਕਰਕੇ ਵੱਟ ਕੇ ਚਪੇੜ ਮਾਰੀ। ਕਹਿੰਦਾ, "ਭੂਤਨੀ ਦਿਆ! ਉਂਝ ਤਾਂ ਕਹਿੰਦੈਂ, ਮੈਂ ਟਰੱਕ ਡਰਾਈਵਰ ਬਣਨਾ ਏਂ! ਪਹਿਲਾਂ ਆਹ ਪੱਗ ਵਾਲਾ ਹਵਾਈ ਜਹਾਜ਼ ਜਿਹਾ ਤਾਂ ਤਾਂਹ ਕਰ; ਕੰਜਰਾ! ਕਿਤੇ ਗੱਡੀ ਖੱਡਿਆਂ 'ਚ ਮਾਰੇਂਗਾ! ਪਿਉ ਵਾਲਾ ਟਰੱਕ ਡਰਾਈਵਰ ਨਾ ਹੋਵੇ ਤੇ!"

"ਮੰਮੀ ਹਟਾ ਲੋ ਇਹਨੂੰ। ਆਪਣੀ ਵਾਰੀ ਚੀਕਦੀ ਏ।"

"ਨਾ ਨੀ ਧੀਏ, ਮੈਂ ਨਹੀਂ ਆਪਣੇ ਪੁੱਤ ਨੂੰ ਟਰੱਕ ਡਰੈਵਰ ਬਣਨ ਦੇਣਾ। ਡਰੈਵਰ ਦਾ ਤਾਂ ਹਰ ਵੇਲੇ ਸੱਟ-ਫੇਟ ਲੱਗ ਜਾਣ ਦਾ ਸਹਿਮ ਈ ਬਣਿਆਂ ਰਹਿੰਦੈ। ਮੈਂ ਤਾਂ ਪੜ੍ਹਾਊਂ ਕਨੇਡਾ ਜਾ ਕੇ ਓਥੋਂ ਦੀ ਪੜ੍ਹਾਈ, ਤੇ ਸਾਹਬ ਬਣਾਊਂ ਆਪਣੇ ਪੁੱਤ ਨੂੰ।"

"ਤੇ ਤੈਨੂੰ ਕਿਸੇ ਕਾਲੇ ਹਬਸ਼ੀ ਨਾਲ ਵਿਆਂਵਾਂਗੇ, ਕਰੜ-ਝੋਟ ਜਿਹੇ ਨਾਲ।" ਗੁਰਮੇਲ ਨੇ ਟੋਣਾ ਮਾਰਿਆ।

"ਹਲਾ ਜੀ, ਤੇ ਪਰਚੀਆਂ ਪਾੜ ਕੇ ਕਿਹੜਾ ਪੁਚਾਊ ਤੈਨੂੰ ਇਮਤਿਹਾਨਾਂ ਵਿਚ ਨਕਲ ਮਾਰਨ ਵਾਸਤੇ। ਕੱਲੀਆਂ ਬੂਟ-ਜੁਰਾਬਾਂ ਨਾਲ ਤਾਂ ਸਰਨਾ ਨਹੀਂ। ਆਪਣੀ ਪੱਗ ਦਾ ਤਾਂ ਇਹ ਟੈਂਟਾ ਹੀ ਮੁਕਾ ਆਇਆ ਸਿਰ ਮੁਨਾ ਕੇ, ਜਿਹੜੀ ਸਭ ਤੋਂ ਵੱਡੀ ਰੱਖ ਸੀ ਪਰਚੀਆਂ ਲੁਕਾਉਣ ਵਾਸਤੇ। ਇਕ ਪਰਚੀ ਐਸ ਪੇਚ ਵਿਚ, ਇਕ ਐਸ ਵਿਚ, ਇਕ ਓਸ ਵਿਚ।" ਉਹ ਖ਼ਿਆਲੀ ਪਰਚੀਆਂ ਖ਼ਿਆਲੀ ਪੱਗ ਵਿਚ ਤੁੰਨ ਤੁੰਨ ਕੇ ਵਿਖਾਉਣ ਲੱਗੀ, "ਅੱਠਵੀਂ ਦੇ ਪੱਕੇ ਇਮਤਿਹਾਨਾਂ ਵਿਚ ਗਿਆਨੀ ਮਾਸਟਰ ਇਹਦੇ ਕੋਲ ਖਲੋ ਕੇ ਸਾਰੀ ਜਮਾਤ ਨੂੰ ਬੋਲ ਕੇ ਪਰਚਾ ਹੱਲ ਕਰਾ ਰਿਹਾ ਸੀ; ਉਹਨੇ ਇਹਦੇ ਪਰਚੇ ਵੱਲ ਵੇਖਿਆ ਤੇ ਇਹਨੂੰ ਕਹਿੰਦਾ, "ਉਏ! ਕੱਕੇ ਨੂੰ ਸਿਹਾਰੀ ਪਾ। ਇਹ ਅੱਗੋਂ ਬਣਾ ਸੰਵਾਰ ਕੇ ਕਹਿੰਦਾ ਜੀ, "ਸੱਜੇ ਪਾਸੇ ਕਿ ਖੱਬੇ ਪਾਸੇ ਜੀ?" ਉਹਨੇ ਅੱਗੋਂ ਆਪਣੇ ਮੱਥੇ 'ਤੇ ਹੱਥ ਮਾਰਿਆ। ਕਹਿੰਦਾ, "ਨਕਲਾਂ ਮਾਰ ਕੇ ਪਾਸ ਹੋਏ ਇਹੋ ਜਿਹੇ ਪੜ੍ਹਾਕੂ ਡੀ ਸੀ ਤੋਂ ਘੱਟ ਨੌਕਰੀ ਕਿਹੜੀ ਕਰਨਗੇ!"

ਅਮਰ ਸਿੰਘ ਨੇ ਵੇਖਿਆ; ਡੀ ਸੀ ਵਾਲੀ ਕਾਰ 'ਚੋਂ ਉੱਤਰ ਕੇ ਗੁਰਮੇਲ ਡੰਗਰਾਂ ਵਾਲੇ ਅੰਦਰ ਲੁਕ ਕੇ ਸਮੈਕ ਪੀਣ ਲੱਗਾ। ਧੁਆਂਖਿਆ ਚਿਹਰਾ, ਹੜਬਾਂ ਨਿਕਲੀਆਂ ਹੋਈਆਂ, ਲਾਲ-ਸੁਰਖ਼ ਅੱਖਾਂ ਤੇ ਖਿਲਰੇ ਵਾਲ਼।

ਗੁਰਮੇਲ ਹਰਿੰਦਰ 'ਤੇ ਚੀਕਿਆ, "ਖਲੋ ਜਾ ਐਸ਼ਵਰੀਆ ਰਾਇ! ਜਾਂਦੀ ਨੀ ਬਚ ਕੇ।"

ਉਹ ਉਹਨੂੰ ਫੜਨ ਲਈ ਅਹੁਲਿਆ।

ਉਹ ਛਾਲ ਮਾਰ ਕੇ ਭੁੜਕ ਕੇ ਔਹ ਗਈ।

ਉਹ ਵਿਹੜੇ ਵਿਚ ਅੱਗੜ-ਪਿੱਛੜ ਦੌੜ ਰਹੇ ਸਨ।

"ਵੇ ਨਾ ਵੇ, ਅਕਲ ਕਰੋ ਕੁਛ। ਕਿਤੇ ਡਿਗ ਕੇ ਸੱਟ-ਫੇਟ ਲਵਾ ਲਓਗੇ।" ਸੁਰਜੀਤ ਕੌਰ ਨੇ ਤਰਲਾ ਲੈਣ ਵਰਗੀ ਡਾਂਟ ਮਾਰੀ।

ਉਹਨਾਂ ਨੂੰ ਇਸਤਰ੍ਹਾਂ ਸ਼ਰਾਰਤਾਂ ਕਰਦਿਆਂ ਵੇਖ ਕੇ ਛਿੰਦਰ ਨੂੰ ਅਮਰੀਕ ਦਾ ਚੇਤਾ ਆ ਗਿਆ। ਉਹਦਾ ਅਮਰੀਕ ਨਾਲੋਂ ਛੇ ਸੱਤ ਸਾਲ ਦੀ ਉਮਰ ਦਾ ਫ਼ਰਕ ਸੀ। ਕਈ ਚਿਰ ਉਹ ਕੱਦ ਦੀ ਮਧਰੀ ਜਿਹੀ ਹੀ ਰਹੀ। ਚੌਦਾਂ ਪੰਦਰਾਂ ਸਾਲਾਂ ਦੀ ਹੋ ਕੇ ਹੀ ਉਸਨੇ ਕੁਝ ਕੱਦ ਕੱਢਿਆ। ਅਮਰੀਕ ਤਾਂ ਚੌਦਾਂ ਪੰਦਰਾਂ ਸਾਲਾਂ ਦਾ ਈ ਚੰਗਾ ਹੁੰਦੜਹੇਲ ਸੀ। ਪਲੇਠੀ ਦਾ ਪੁੱਤ। ਖੁੱਲ੍ਹੇ ਹੱਡਾਂ-ਪੈਰਾਂ ਵਾਲਾ।

"ਬੀਬੀ, ਤੈਨੂੰ ਯਾਦ ਏ, ਵੀਰ ਮੈਨੂੰ ਨਿੱਕੀ ਹੁੰਦੀ ਨੂੰ ਲਸੂੜੇ ਦੀ ਐਸ ਡਾਹਣੀ 'ਤੇ ਚੁੱਕ ਕੇ ਬਿਠਾ ਦੇਂਦਾ ਹੁੰਦਾ ਸੀ।" ਉਹਨੇ ਮੰਜੀ ਤੋਂ ਉੱਠ ਕੇ ਉਸ ਹੇਠਲੀ ਟਾਹਣੀ ਨੂੰ ਹੱਥ ਲਾਇਆ, ਜਿਹੜੀ ਉਹਨੂੰ ਉਦੋਂ ਅੱਧ ਅਸਮਾਨ ਜਾਪਦੀ ਹੁੰਦੀ ਸੀ।

"ਮੈਨੂੰ ਬਿਠਾ ਕੇ ਆਪ ਜਾਣ-ਬੁੱਝ ਕੇ ਅੰਦਰ ਨੂੰ ਚਲੇ ਜਾਣਾ। ਮੈਂ ਡਰਦੀ ਬਹੁਤ ਸਾਂ, ਨਾਲੇ ਚੀਕਾਂ

ਮਾਰਨੀਆਂ, ਨਾਲੇ ਗਾਲ੍ਹਾਂ ਕੱਢਣੀਆਂ। ਮੈਨੂੰ ਡਾਡਾਂ ਮਾਰਦਿਆਂ ਵੇਖ ਉਸਨੇ ਅੰਦਰੋਂ ਬਾਹਰ ਨਿਕਲਣਾ। ਵੇਖ ਵੇਖ ਹੱਸੀ ਜਾਣਾ। ਤੂੰ ਹੁਣ ਵਾਂਗ ਈ, 'ਵੇ ਨਾ ਵੇ, ਕੁੜੀ ਨੂੰ ਡਰ ਨਾਲ ਕੁਝ ਹੋ ਜੂ' ਕਰੀ ਜਾਣਾ। ਉਹਨੇ ਆਖਣਾ, "ਡਾਹਣੀ ਨਾਲ ਹੇਠਾਂ ਨੂੰ ਲਮਕ ਜਾ। ਮੈਂ ਤਾਂ ਤੇਰੇ ਭਲੇ ਲਈ ਤੈਨੂੰ ਉੱਤੇ ਚੜ੍ਹਾਇਐ। ਲਮਕ ਲਮਕ ਕੇ ਲੰਮੀ ਹੋ ਜੇਂ ਗੀ। ਨਹੀਂ ਤਾਂ ਮੇਰੇ ਵਿਆਹ 'ਤੇ ਤੈਨੂੰ ਰੰਗ ਕਰਨ ਵਾਲੀ ਪੌੜੀ ਲਿਆ ਕੇ ਸਿਹਰਾ ਬੰਨ੍ਹਣਾ ਪੈਣਾ। ਘੋੜੀ ਦੀ ਵਾਗ ਗੁੰਦਣ ਲਈ ਵੀ ਹੇਠਾਂ ਮੇਜ਼ ਰੱਖਣਾ ਪਊ।"

ਉਹ ਕੁਝ ਚਿਰ ਚੁੱਪ ਬੈਠੀ ਰਹੀ, "ਚੁਅ! ਸਾਨੂੰ ਤਾਂ ਨਾ ਵੀਰ ਦਾ ਸਿਹਰਾ ਬੰਨ੍ਹਣਾ ਨਸੀਬ ਹੋਇਆ, ਨਾ ਘੋੜੀਆਂ ਗਾਉਣੀਆਂ। ਹੁਣ ਤੁਸੀਂ ਵੀ ਤੁਰ ਚੱਲੇ ਜੇ। ਮੈਂ ਕੱਲੀ ਪਿੱਛੇ ਕੀਹਦਾ ਮੂੰਹ ਵੇਖਿਆ ਕਰੂੰ।"

ਛਿੰਦਰ ਅੱਖਾਂ ਭਰ ਆਈ।

ਮਾਂ ਵੀ ਸੋਚਣ ਲੱਗੀ, 'ਮੈਂ ਵੀ ਕਿਹੜਾ ਉਹਦੇ ਸਿਰ ਤੋਂ ਪਾਣੀ ਵਾਰ ਕੇ ਪੀਤੈ! ਅਜੇ ਤਕ ਤਾਂ ਆਪਣੀ ਨੂੰਹ ਨੂੰ ਵੀ ਸਿਰਫ਼ ਫੋਟੋਆਂ ਵਿਚ ਈ ਵੇਖਿਐ। ਮਿਲੀ ਵੀ ਨਹੀਂ।"

"ਤੁਸੀਂ ਤਾਂ ਬੀ ਜੀ ਫਿਰ ਵੀ ਜਾ ਕੇ ਵੀਰ ਨੂੰ ਮਿਲ ਲੋ' ਗੇ। ਸਾਰੇ ਜੀਅ ਕੱਠੇ ਹੋ ਕੇ ਬੈਠਿਆ ਕਰੋਗੇ। ਪਰ ਮੈਂ!" ਉਸ ਅੱਖਾਂ 'ਚ ਗਲੇਡੂ ਭਰ ਲਏ। ਪਰਿਵਾਰ ਨਾਲੋਂ ਪੈਣ ਵਾਲੇ ਵਿਛੋੜੇ ਨੂੰ ਕਲਪ ਕੇ ਉਹਦੀਆਂ ਅੱਖਾਂ ਡੁੱਲ੍ਹਣ ਲੱਗੀਆਂ।

ਚੁੰਨੀ ਨਾਲ ਹੰਝੂ ਪੂੰਝਦੀ ਮਾਂ ਨੇ ਧੀ ਨੂੰ ਬੁੱਕਲ ਵਿਚ ਲੈ ਲਿਆ।

ਮਾਵਾਂ-ਧੀਆਂ ਆਪਣੇ ਆਪਣੇ ਅੰਦਰ ਉੱਤਰ ਗਈਆਂ। ਚਾਦਰ ਹੇਠਾਂ ਚੁੱਪ-ਚਾਪ ਅੱਥਰੂ ਕੇਰਦਾ ਹੋਇਆ ਅਮਰ ਸਿੰਘ ਆਪਣੇ ਦੁੱਖ ਨਾਲ ਘੁਲ ਰਿਹਾ ਸੀ। ਅਮਰੀਕ ਉਹਦੇ ਨਾਲ ਨਾਲ ਫਿਰ ਰਿਹਾ ਸੀ, ਉਸ ਨਾਲ ਗੱਲਾਂ ਕਰ ਰਿਹਾ, ਹੱਸਦਾ ਖੇਡਦਾ, ਫ਼ੋਨ ਕਰਦਾ। ਫ਼ੋਨਾਂ ਵਿਚ ਕਦੀ ਚਿੰਤਾ ਦੀ ਖ਼ਬਰ ਹੁੰਦੀ, ਕਦੀ ਖ਼ੁਸ਼ੀ ਦੀ।

ਉਹ ਫ਼ੋਨ 'ਤੇ ਸੂਚਨਾ ਦੇ ਰਿਹਾ ਸੀ, "ਹੁਣ ਰਫ਼ਿਊਜੀਆਂ ਦੇ ਕੇਸ ਵੀ ਸੁਣਿਐਂ ਕਨੇਡਾ ਵਾਲੇ ਰਫ਼ਿਊਜ਼ ਕਰਨ ਲੱਗ ਪਏ ਨੇ। ਕਹਿੰਦੇ ਨੇ, ਹੁਣ ਤਾਂ ਪੰਜਾਬ ਵਿਚ ਕੋਈ ਗੜਬੜ ਨਹੀਂ, ਸਭ ਅਮਨ-ਚੈਨ ਏ। ਡਰ ਲੱਗਦਾ ਏ; ਜੇ ਕੇਸ ਫ਼ੇਲ ਹੋ ਗਿਆ ਤਾਂ--?"

ਕਨੇਡਾ ਵਿਚ ਪੱਕੀ ਠਹਿਰ ਦਾ ਜੁਗਾੜ ਬਨਾਉਣ ਲਈ ਉਸਨੇ ਰਫ਼ਿਊਜੀ ਵਜੋਂ ਕੇਸ ਦਾਖ਼ਲ ਕੀਤਾ ਹੋਇਆ ਸੀ।

ਅਮਰ ਸਿੰਘ ਸੁਣ ਕੇ ਘਬਰਾ ਗਿਆ।

"ਮਸਾਂ ਤਾਂ ਤੂੰ ਟਿਕਾਣੇ ਪੁੱਜੈਂ। ਭਲਿਆ ਲੋਕਾ! ਮੱਕੇ ਪਹੁੰਚ ਕੇ ਵੀ ਵਾਪਸ ਮੁੜ ਆਇਉਂ ਤਾਂ ਏਨੀ ਖ਼ੇਚਲ ਤੇ ਦੁੱਖ ਝੱਲਣ ਦਾ ਕੀ ਫਾਇਦਾ! ਤੇਰਾ ਤਾਇਆ ਕਹਿੰਦਾ ਏ; ਬੜੇ-ਬੜੇ ਤਰੀਕੇ ਨੇ ਏਥੇ ਟਿਕੇ ਰਹਿਣ ਦੇ। ਤੂੰ ਵੀ ਕਰ ਲੈ ਕੋਈ ਨਾ ਕੋਈ ਰਾੜਾ-ਬੀੜਾ; ਜਿਵੇਂ ਲੋਕੀਂ ਕਰਦੇ ਨੇ। ਜਿਵੇਂ ਕਿਵੇਂ ਵੀ ਹੁੰਦੈ ਮੋਰਚਾ ਫ਼ਤਹਿ ਕਰ ਲੈ। ਮੈਦਾਨ ਨਹੀਂ ਛੱਡਣਾ ਆਪਾਂ ਹੁਣ ਕਿਸੇ ਵੀ ਸੂਰਤ ਵਿਚ। ਝੁਲਾ ਦੇ ਝੰਡਾ ਜਮਰੌਦ ਦੇ ਕਿਲ੍ਹੇ 'ਤੇ!"

ਤੇ ਉਸਨੇ ਮੋਰਚਾ ਫ਼ਤਹਿ ਕਰਨ ਲਈ 'ਰਾੜਾ-ਬੀੜਾ' ਕਰ ਲਿਆ। ਕਿਸੇ ਦੋਸਤ ਨੇ ਵਿਚ ਪੈ ਕੇ ਕਿਸੇ ਤਲਾਕ-ਸ਼ੁਦਾ ਲੜਕੀ ਨਾਲ, ਜਿਸਦਾ ਦੋ ਸਾਲ ਦਾ ਬੱਚਾ ਵੀ ਸੀ, ਉਸਦੀ ਸ਼ਾਦੀ ਕਰਵਾ ਦਿੱਤੀ ਸੀ। ਕੁੜੀ ਲੋੜਵੰਦ ਸੀ। ਸੋਹਣੀ ਵੀ ਸੀ। ਉਹਦਾ ਪਹਿਲਾ ਪਤੀ ਛੱਡ ਗਿਆ ਸੀ। ਕੁੜੀ ਉਸ ਮੁੰਡੇ ਨੂੰ ਇੰਡੀਆ ਤੋਂ ਵਿਆਹ ਕੇ ਲਿਆਈ ਸੀ। ਮੁੰਡਾ ਪੱਕਾ ਹੋਇਆ ਤਾਂ ਆਪਣੀ ਮਾਸ਼ੂਕ ਨੂੰ ਇੰਡੀਆ ਤੋਂ ਕਿਸੇ ਬਹਾਨੇ ਕਨੇਡਾ ਬੁਲਾ ਕੇ ਉਹਦੇ ਨਾਲ ਰਹਿਣ ਲੱਗਾ। ਕੁੜੀ ਨੂੰ ਪਤਾ ਲੱਗਾ ਤਾਂ ਪਹਿਲਾਂ ਰੋਣ-ਧੋਣ ਤੇ ਲੜਾਈ-ਝਗੜਾ ਹੋਇਆ। ਫਿਰ ਕੁੱਟ-ਮਾਰ ਵੀ ਹੋਈ। ਪੁਲਿਸ ਵੀ ਸੱਦਣੀ ਪਈ। ਤੇ ਆਖ਼ਰਕਾਰ ਨੌਬਤ ਤਲਾਕ ਤਕ ਆ ਪਹੁੰਚੀ।

ਵਿਆਹ ਰਜਿਸਟਰ ਕਰਵਾਉਣ ਤੋਂ ਕਈ ਦਿਨ ਬਾਅਦ ਵੀ ਅਮਰੀਕ ਨੇ ਇਹ 'ਖ਼ੁਸ਼ਖ਼ਬਰੀ' ਘਰ ਦਿਆਂ ਨਾਲ ਸਾਂਝੀ ਨਹੀਂ ਸੀ ਕੀਤੀ। ਇਹ ਵੀ ਕੋਈ ਵਿਆਹ ਸੀ! ਨਾ ਅਮਰੀਕ ਨੇ ਤੇ ਨਾ ਉਹਦੇ ਪਰਿਵਾਰ ਨੇ ਅਜਿਹੇ ਵਿਆਹ ਦੀ ਕਦੀ ਕਲਪਨਾ ਕੀਤੀ ਸੀ। ਜਿਸ ਦਿਨ ਪਤਾ ਲੱਗਾ; ਮਾਵਾਂ-ਧੀਆਂ ਖ਼ੁਸ਼ ਹੋਣ ਦੀ ਥਾਂ ਖ਼ਬਰ ਸੁਣ ਕੇ ਰੋਣ ਲੱਗੀਆਂ। ਉਹਨਾਂ ਦੀਆਂ ਬੜੀਆਂ ਰੀਝਾਂ ਤੇ ਚਾਅ ਜੁੜੇ ਹੋਏ ਸਨ ਅਮਰੀਕ ਦੇ ਵਿਆਹ ਨਾਲ। ਚਾਅ ਅਮਰੀਕ ਦੇ ਵੀ ਕਿਹੜੇ ਘੱਟ ਸਨ! ਉਸਨੇ ਤਾਂ ਹਰ ਸਾਹ ਨਾਲ ਰਣਜੀਤ ਨੂੰ ਆਪਣੇ ਅੰਗ-



ਸੰਗ ਵੇਖਿਆ ਸੀ। ਰਣਜੀਤ ਅੱਗੇ ਝੂਠਾ ਹੋਣਾ ਰੱਬ ਅੱਗੇ ਝੂਠਾ ਹੋਣ ਵਾਂਗ ਲੱਗਿਆ ਸੀ। ਪਰ ਹਾਲਾਤ ਦੀ ਮੰਗ ਈ ਕੁਝ ਹੋਰ ਬਣ ਗਈ ਸੀ। ਇਸ਼ਕ ਨੂੰ ਸਿਰੇ ਚਾੜ੍ਹਨਾ ਪਹਿਲਾ ਕੰਮ ਸੀ ਜਾਂ ਕਨੇਡਾ ਵਿਚ ਸੈੱਟ ਹੋਣਾ! ਉਸਦੇ ਮਨ ਨੇ ਹਜ਼ਾਰ ਵਾਰ ਮੁਹੱਬਤ ਵਿਚ ਵਫ਼ਾ ਪਾਲਣ ਨੂੰ ਪਹਿਲ ਦਿੱਤੀ ਸੀ ਪਰ ਫ਼ੈਸਲਾ ਫਿਰ ਵੀ ਉਸਦੇ ਨਿਸ਼ਚੈ ਦੇ ਉਲਟ ਹੋ ਗਿਆ ਸੀ। ਉਸਤੋਂ ਆਪਣੇ ਆਪ ਨਾਲ ਝੂਠ ਬੋਲਿਆ ਗਿਆ ਸੀ।

ਵਿਆਹ ਦੇ ਫ਼ੈਸਲੇ ਨੇ ਉਹਨੂੰ ਕਨੇਡਾ ਵਿਚ 'ਪੱਕਾ' ਹੋਣ ਦੀ ਖ਼ੁਸ਼ੀ ਤਾਂ ਦਿੱਤੀ ਸੀ ਪਰ ਨਾਲ ਹੀ ਡੂੰਘੇ ਪਛਤਾਵੇ ਦੀ ਚੰਗਿਆੜੀ ਵੀ ਅੰਦਰ ਬਾਲ ਧਰੀ ਸੀ। ਰੂਹ ਦਾ ਸੱਚ ਦੁਨਿਆਵੀ ਝੂਠ ਦੇ ਭਾਰ ਹੇਠਾਂ ਦੱਬੀ ਹੋਈ ਧੂਣੀ ਵਾਂਗ ਧੁਖਦਾ ਰਹਿੰਦਾ। ਹਰ ਵੇਲੇ ਉਹਦੇ ਅੰਦਰੋਂ ਧੂੰਆਂ ਉੱਠਦਾ ਰਹਿੰਦਾ। ਇਸ ਧੂੰਏਂ ਦੀ ਸਵਾਹ ਫੋਲਦਾ ਉਹ ਲੁਕ ਕੇ ਅੱਥਰੂ ਕੇਰਦਾ ਰਹਿੰਦਾ। ਰਣਜੀਤ ਬਿਨਾਂ ਕਨੇਡਾ ਤਾਂ ਸੀ ਪਰ ਜ਼ਿੰਦਗੀ ਕਿੱਥੇ ਸੀ! ਰਣਜੀਤ ਲਈ ਤੋੜੇ ਸੁਪਨਿਆਂ ਦੇ ਤਾਰੇ ਉਹਦੀ ਝੋਲੀ ਵਿਚੋਂ ਡਿੱਗ ਕੇ ਚਿੱਕੜ ਵਿਚ ਡੁੱਲ੍ਹ ਗਏ ਸਨ।

ਉਸਨੇ ਡੁੱਲ੍ਹੇ ਹੋਏ ਸੁਪਨਿਆਂ ਨੂੰ ਹੌਲੀ ਹੌਲੀ ਚੁਗਣਾ, ਪੂੰਝਣਾ ਤੇ ਧੋਣਾ-ਸੰਵਾਰਨਾ ਸ਼ੁਰੂ ਕੀਤਾ। ਇਕ ਦਿਨ ਸਾਰੇ ਲਿੱਬੜੇ-ਮੁਰਝਾਏ ਸੁਪਨੇ ਚਿੱਠੀ ਦੇ ਅੱਖਰਾਂ ਵਿਚ ਸਜਾ ਕੇ ਚਿੱਠੀ ਰਣਜੀਤ ਦੇ ਪਤੇ 'ਤੇ ਰਵਾਨਾ ਕਰ ਦਿੱਤੀ। ਆਪਣੀ ਚੁੱਪ-ਚੁਪੀਤੀ ਰਵਾਨਗੀ ਦੀ ਹਕੀਕਤ ਨੂੰ 'ਖਾੜਕੂਆਂ' ਦੀ ਧਮਕੀ ਹੇਠਾਂ ਲੁਕਾ ਲਿਆ। ਮੁੜ ਤੋਂ ਜਾਨ ਨਾਲ ਵਫ਼ਾ ਨਿਭਾਉਣ ਦਾ ਪ੍ਰਣ ਕੀਤਾ। ਆਪਣੇ ਵਿਆਹ ਦੀ ਖ਼ਬਰ ਲੁਕਾ ਕੇ ਹਾੜੇ ਪਾਏ, ਬਹੁੜੀਆਂ ਕੀਤੀਆਂ। ਕਿਤੇ ਉਹ ਖੇੜਿਆਂ ਦੀ ਡੋਲੀ ਵਿਚ ਨਾ ਪੈ ਜਾਵੇ! ਉਹ ਤਾਂ ਸਦਾ ਸਦਾ ਲਈ ਉਹਦਾ ਹੈ! ਉਸਦੀ 'ਉਡੀਕ ਕਰ ਲੈਣ' ਦਾ ਤਰਲਾ ਲਿਆ। ਬੱਸ ਥੋੜ੍ਹਾ ਕੁ ਸਮਾਂ ਹੋਰ, ਉਹ ਆਪਣੇ ਮਾਪਿਆਂ ਨੂੰ ਮਨਾ ਲਵੇ। ਉਹ ਕਨੇਡਾ ਲਿਜਾ ਕੇ ਉਹਨੂੰ ਉਮਰ ਭਰ ਦਿਲ ਨਾਲ ਲਾ ਕੇ ਰੱਖੇਗਾ।

ਪਰ ਇਹ ਸਾਰਾ ਕੁਝ ਕਹਿੰਦਿਆਂ-ਕਰਦਿਆਂ ਸਮਝ ਨਾ ਪੈਂਦੀ ਕਿ ਉਹ ਕਿਸ ਨਾਲ ਝੂਠ ਬੋਲ ਰਿਹਾ ਹੈ! ਨਵ-ਵਿਆਹੀ ਪਤਨੀ ਨਾਲ, ਰਣਜੀਤ ਨਾਲ ਜਾਂ ਖ਼ੁਦ ਆਪਣੇ ਆਪ ਨਾਲ! ਅੰਤਰ-ਆਪਾ ਆਖਦਾ, ਉਹ ਸਭ ਨਾਲ ਝੂਠ ਬੋਲ ਰਿਹਾ ਸੀ। ਸਭ ਝੂਠ ਹੀ ਝੂਠ ਸੀ। ਜੇ ਕੁਝ ਸੱਚ ਸੀ ਤਾਂ ਉਹ ਸੀ ਹਰ ਹਾਲਤ ਵਿਚ ਕਨੇਡਾ ਵਿਚ ਪੱਕਾ ਹੋਣ ਦੀ ਹਕੀਕਤ।

ਪੱਕਾ ਹੋਣ ਤੋਂ ਤੇ ਟੱਬਰ ਦਾ ਕੇਸ ਅਪਲਾਈ ਕਰਨ ਤੋਂ ਬਾਅਦ ਉਹ ਜਦੋਂ ਕੁਝ ਮਹੀਨੇ ਪਹਿਲਾਂ ਇੰਡੀਆ ਆਇਆ ਸੀ ਤਾਂ ਟੱਬਰ ਵਿਚ ਬੈਠਾ ਨਾਲੇ ਤਾਂ ਆਪਣੀ ਪਤਨੀ ਤੇ ਉਸਦੇ ਬੱਚੇ ਨਾਲ ਵੱਖ ਵੱਖ ਪੋਜ਼ਾਂ ਤੋਂ ਖਿੱਚੀਆਂ ਫ਼ੋਟੋਆਂ ਵਿਖਾ ਰਿਹਾ ਸੀ ਤੇ ਨਾਲੇ ਕਹਿੰਦਾ ਸੀ, "ਪਤਾ ਨਹੀਂ ਕਿਉਂ; ਮੇਰਾ ਮਨ ਕਦੀ ਵੀ ਖ਼ੁਸ਼ ਨਹੀਂ ਰਹਿੰਦਾ। ਉਹ ਚੰਗੀ ਵੀ ਬੜੀ ਏ। ਪਹਿਲਾਂ ਸੱਟ ਲੱਗੀ ਹੋਣ ਕਰ ਕੇ ਪਿਆਰ ਵੀ ਬੜਾ ਕਰਦੀ ਏ। ਮੈਨੂੰ ਕਿਸੇ ਸੂਰਤ ਵਿਚ ਵੀ ਗਵਾਉਣਾ ਨਹੀਂ ਚਾਹੁੰਦੀ। ਮੁੰਡਾ ਵੀ 'ਡੈਡੀ, ਡੈਡੀ' ਕਰਦਾ ਮੇਰੇ ਅੱਗੇ ਪਿੱਛੇ ਫਿਰਦਾ ਰਹਿੰਦੈ। ਪਿਆਰਾ ਵੀ ਬੜਾ ਲੱਗਦੈ। ਪਰ ਜਦੋਂ ਰਾਤ ਨੂੰ ਇਕੱਲਾ ਪੈ ਕੇ ਸੋਚਦਾਂ ਤਾਂ ਇਹ ਵਿਆਹ ਇੰਝ ਲੱਗਦੈ ਜਿਵੇਂ ਕਿਸੇ ਦਾ ਪਾਇਆ, ਹੰਢਾਇਆ ਤੇ ਲਾਹਿਆ ਹੋਇਆ ਅਣਧੋਤਾ ਕੱਪੜਾ ਆਪਣੇ ਗਲ਼ ਪਾਈ ਫਿਰਦਾਂ। ਮੈਨੂੰ ਇਸ ਕੱਪੜੇ 'ਚੋਂ ਕਿਸੇ ਹੋਰ ਦੀ ਬੋ ਆਉਂਦੀ ਰਹਿੰਦੀ ਏ। ਕਦੀ ਕਦੀ ਤਾਂ ਜੀਅ ਕਰਦੈ, ਮੁਸ਼ਕ ਮਾਰਿਆ ਇਹ ਕੁੜਤਾ ਖਿੱਚ ਕੇ ਪਾੜ ਦਿਆਂ ਤੇ ਗਲੋਂ ਲਾਹ ਕੇ ਔਹ ਦੂਰ ਵਗਾਹ ਮਾਰਾਂ।"

ਹੱਥ ਵਿਚ ਫੜਿਆ ਤਸਵੀਰਾਂ ਦਾ ਰੁੱਗ ਉਸ ਫ਼ਰਸ਼ 'ਤੇ ਵਗਾਹ ਮਾਰਿਆ।

"ਵੇ ਨਾ ਪੁੱਤ! ਇਹ ਲੋਹੜਾ ਨਾ ਮਾਰੀਂ ਵਿਚਾਰੀ ਗਰੀਬਣੀ ਨਾਲ!"

ਬੁੱਢੀ ਦਾਦੀ-ਮਾਂ ਨੇ ਤਰਲਾ ਲਿਆ।

ਸੁਰਜੀਤ ਕੌਰ ਭੁੰਜੇ ਡਿੱਗੀਆਂ ਤਸਵੀਰਾਂ ਇਕੱਠੀਆਂ ਕਰਨ ਲੱਗੀ।

"ਟੈਲੀਫ਼ੋਨ 'ਤੇ 'ਮਾਂ ਜੀ, ਮਾਂ ਜੀ, ਬੀਬੀ ਜੀ, ਬੀਬੀ ਜੀ, ਕਹਿੰਦਿਆਂ ਦਾ ਮਾਂ-ਪੁੱਤਾਂ ਦਾ ਮੂੰਹ ਨਹੀਂ ਥੱਕਦਾ।" ਸੁਰਜੀਤ ਕੌਰ ਦੀ ਵੋਟ ਵੀ ਨੂੰਹ ਦੇ ਨਾਲ ਹੋ ਗਈ ਸੀ।

ਅਮਰੀਕ ਅੱਖਾਂ 'ਤੇ ਬਾਂਹ ਰੱਖ ਕੇ ਸਿਸਕਣ ਲੱਗਾ।

ਅੱਖਾਂ ਅੱਗੇ ਰਣਜੀਤ ਆਣ ਖੜੋਤੀ। ਉਹ ਉਹਨੂੰ ਸਵੇਰੇ ਹੀ ਮਿਲ ਕੇ ਆਇਆ ਸੀ। ਤ੍ਰਿਪ! ਤ੍ਰਿਪ!! ਰਣਜੀਤ ਦੀਆਂ ਅੱਖਾਂ ਡੁੱਲ੍ਹ ਰਹੀਆਂ ਸਨ। ਉਹ ਡੁੱਲ੍ਹਦੇ ਮੋਤੀਆਂ ਨੂੰ ਆਪਣੀਆਂ ਤਲ਼ੀਆਂ ਵਿਚ ਲੁਕਾ ਕੇ, ਪਲੋਸ ਕੇ ਉਹਨਾਂ ਨੂੰ ਮੁੜ ਤੋਂ ਤਾਰੇ ਬਣਾਉਣ ਲੱਗਾ। ਕੁੜੀ ਦੀਆਂ ਉਦਾਸੀਆਂ ਅੱਖਾਂ ਵਿਚ ਹੁਣ ਤਕ ਬੁਝ

ਚੁੱਕੇ ਤਾਰਿਆਂ ਦੀ ਲਿਸ਼ਕ ਇਕ ਵਾਰ ਫੇਰ ਚਮਕ ਉੱਠੀ।

ਉਹ ਸਮੇਂ ਸਮੇਂ ਚਿੱਠੀਆਂ ਤੇ ਫ਼ੋਨਾਂ ਰਾਹੀਂ ਉਹਨੂੰ ਧਰਵਾਸਾ ਦਿੱਤੀ ਰੱਖਦਾ ਤਦ ਵੀ ਰਣਜੀਤ ਦੇ ਧੁਰ ਅੰਦਰ ਸਦਾ ਵਿਸਵਿਸਾ ਰਿਹਾ ਸੀ। ਉਹਦਾ ਬਾਪ ਉਹਦੀ ਮਾਂ ਨੂੰ ਕਹਿੰਦਾ ਰਹਿੰਦਾ ਸੀ, "ਮੁੰਡਾ ਸੱਚ ਨਹੀ ਬੋਲਦਾ ਲੱਗਦਾ। ਜੇ ਉਹਦੀ ਪੱਕੀ ਮਰਜ਼ੀ ਏ ਤਾਂ ਆਪਣੇ ਮਾਪਿਆਂ ਨੂੰ ਸਾਡੇ ਘਰ ਘੱਲੇ। ਇਕ ਵਾਰ ਗੱਲ ਪੱਕੀ ਹੋ ਜਾਏ ਬੰਦਿਆਂ ਵਿਚ, ਫਿਰ ਭਾਵੇਂ ਵਿਆਹ ਸਾਲ-ਛੇ ਮਹੀਨੇ ਠਹਿਰ ਕੇ ਵੀ ਹੋ ਜਾਵੇ। ਇਸ ਤਰ੍ਹ ਮੈਂ ਕਿਹੜੇ ਭਰੋਸੇ 'ਤੇ ਕੁੜੀ ਨੂੰ ਬੁੱਢੜੀ ਕਰਨ ਲਈ ਘਰ ਵਿਚ ਬਿਠਾਈ ਰੱਖਾਂ।"

ਅਮਰੀਕ ਨੇ ਅਗਲੇ ਸਾਲ ਅਗਲੇ ਫ਼ੇਰੇ 'ਤੇ ਹਰ ਹਾਲਤ ਵਿਚ ਵਿਆਹ ਕੇ ਲੈ ਜਾਣ ਦਾ ਵਚਨ ਦਿੱਤਾ। ਉਸਨੇ ਮਨ ਹੀ ਮਨ ਲਾਈ ਨੂੰ ਤੋੜ ਨਿਭਾਉਣ ਦਾ ਨਿਸਚਾ ਕਰ ਲਿਆ ਸੀ। ਰਣਜੀਤ ਵੀ ਤਰਲੇ ਲੈਂਦੀ ਸੀ, "ਤੂੰ ਡੈਡੀ ਨਾਲ ਇਕ ਵਾਰ ਮਿਲ ਤਾਂ ਸਹੀ। ਜਿਹੜੀ ਗੱਲ ਉਹ ਕਹਿੰਦੇ ਨੇ ਉਹਦੇ ਵਿਚ ਝੂਠ ਵ ਕੀ ਹੈ! ਭੇਜ ਖਾਂ ਆਪਣੇ ਮੰਮੀ ਡੈਡੀ ਨੂੰ ਸਾਡੇ ਵੱਲ। ਗੱਲ ਪੱਕੀ ਕਰ ਜਾਣ।"

ਅਮਰੀਕ ਨੇ ਭੇਤ ਭਰੀਆਂ ਨਿਗਾਹਾਂ ਉਸਦੇ ਚਿਹਰੇ 'ਤੇ ਗੱਡ ਦਿਤੀਆਂ, "ਤੂੰ ਮੇਰੇ 'ਤੇ ਭਰੋਸਾ ਰੱਖ ਅਜੇ ਮੈਂ ਆਪਣੇ ਮਾਂ ਪਿਉ ਨੂੰ ਨਹੀਂ ਭੇਜ ਸਕਦਾ। ਤੈਨੂੰ ਅੰਦਰਲੀ ਗੱਲ ਦਾ ਨਹੀਂ ਪਤਾ।"

ਰਣਜੀਤ ਦੇ ਵਾਰ ਵਾਰ ਪੁੱਛਣ 'ਤੇ ਵੀ ਉਸਨੇ 'ਅੰਦਰਲੀ ਗੱਲ' ਉਹਨੂੰ ਨਹੀਂ ਸੀ ਦੱਸੀ। ਕਿਵੇ ਦੱਸਦਾ! 'ਕੱਲ੍ਹ ਦੱਸਣ' ਦਾ ਵਾਅਦਾ ਕਰ ਕੇ ਤੁਰ ਆਇਆ।

ਦਾਦੀ ਮਾਂ ਨੇ ਬੁਸਕਦੇ ਹੋਏ ਅਮਰੀਕ ਨੂੰ ਬੁੱਕਲ ਵਿਚ ਲੈ ਲਿਆ। ਅਮਰੀਕ ਨੇ ਧਾਹ ਕੇ ਦਾਦੀ ਨੂੰ ਜੱਫ਼ੀ ਵਿਚ ਘੁੱਟ ਲਿਆ। ਹੁਣ ਉਸਦੀਆਂ ਅੱਖਾਂ ਅੱਗੇ ਉਹਦੀ ਕਨੇਡਾ ਵਿਚ ਉਡੀਕ ਰਹੀ ਪਤਨੀ ਅੱਖਾਂ 'ਤ ਗਲੇਡੂ ਭਰੀ ਖਲੋਤੀ ਸੀ।

ਦਾਦੀ ਦੇ ਬੋਲ ਫ਼ਿਜ਼ਾ ਵਿਚ ਗੂੰਜ ਰਹੇ ਸਨ।

"ਵੇ ਨਾ ਪੁੱਤ! ਸੋਹਣਿਆਂ ਇਹ ਕਹਿਰ ਨਾ ਕਮਾਈਂ। ਵਿਚਾਰੀ ਕਿਸੇ ਦੀ ਬਦਕਿਸਮਤ ਧੀ ਨੂੰ ਦੂਹਰ ਦੁੱਖ ਨਾ ਦੇਈਂ। ਉਹ ਤਾਂ ਲੁੱਟੀ ਜਾਊ। ਤਬਾਹ ਹੋ ਜੂ ਵਿਚਾਰੀ। ਉਹਦਾ ਕੀ ਕਸੂਰ ਜੇ ਉਹਨੇ ਤੈਨੂੰ ਡਿੱਗੇ ਪ ਨੂੰ ਉਠਾ ਕੇ ਪੈਰਾਂ ਸਿਰ ਖੜ੍ਹਿਆਂ ਕਰ ਦਿੱਤਾ ਤਾਂ? ਵਾਰ ਵਾਰ ਧੋਖਾ ਤੇ ਧੱਕਾ ਖਾਣਾ ਉਹਦੀ ਕਿਸਮਤ ਵਿ ਈ ਕਿਉਂ ਲਿਖਿਆ ਜਾਏ!"

ਯਾਦ ਆਇਆ, ਉਹ ਤਾਂ ਆਪਣੀ ਪਤਨੀ ਦੇ ਪੇਟ ਵਿਚ ਆਪਣੀਆਂ ਜੜਾਂ ਵੀ ਲਾ ਆਇਆ ਸੀ ਇਹ ਖ਼ੁਸ਼ਖ਼ਬਰੀ ਸੁਣਾਉਂਦੀ ਉਸਦੀ ਪਤਨੀ ਦੀਆਂ ਹੱਸਦੀਆਂ ਅੱਖਾਂ ਉਸਦੇ ਅੰਦਰਲੇ 'ਤੇ ਝਾਤ ਪੈਂਦਿਆ ਹੀ ਤ੍ਰਿਪ! ਤ੍ਰਿਪ! ਡੁੱਲ੍ਹਣ ਲੱਗੀਆਂ।

ਉਸਨੇ ਰਣਜੀਤ ਲਈ ਇਕੱਠੇ ਕੀਤੇ ਤਾਰੇ ਪਤਨੀ ਦੀ ਬੁੱਕਲ ਵਿਚ ਢੇਰੀ ਕਰ ਦਿੱਤੇ।

ਕੁਝ ਚਿਰ ਖ਼ਾਮੋਸ਼ ਬੈਠਾ ਮਨ ਨਾਲ ਗਿਣਤੀਆਂ-ਮਿਣਤੀਆਂ ਕਰਦਾ ਰਿਹਾ ਤੇ ਫਿਰ ਉੱਠ ਕੇ ਫ਼ਰ 'ਤੇ ਖਿਲਰੀਆਂ ਤਸਵੀਰਾਂ ਮਾਂ ਨਾਲ ਰਲ ਕੇ ਇਕੱਠੀਆਂ ਕਰਨ ਲੱਗਾ।

ਕੁਝ ਦਿਨਾਂ ਬਾਅਦ ਉਹ ਕਨੇਡਾ ਚਲਾ ਗਿਆ।

ਉਹਦੇ ਜਾਣ ਤੋਂ ਬਾਅਦ ਪਿੰਡ ਦੇ ਪਤੇ 'ਤੇ ਅਮਰੀਕ ਦੇ ਨਾਂ ਰਣਜੀਤ ਦੀ ਚਿੱਠੀ ਆਈ। ਲਿਖਿਆ ਸ "ਅਮਰੀਕ! ਤੂੰ ਉਸ ਦਿਨ ਤੋਂ ਬਾਅਦ ਮਿਲਿਆ ਈ ਨਹੀਂ। ਮੰਮੀ ਵੀ ਪੁੱਛਦੀ ਸੀ ਤੇਰੇ ਬਾਰੇ। ਡੈਡੀ ਮੰਨ ਗਏ ਨੇ ਪਰ ਕਹਿੰਦੇ ਨੇ; ਬੱਸ, ਜਾਣ ਤੋਂ ਪਹਿਲਾਂ ਇਕ ਵਾਰ ਮੁੰਡਾ ਉਹਨਾਂ ਨੂੰ ਮਿਲ ਜਾਏ। 'ਮੁੰਡਿਆ!' ਹੁ ਚਿੱਠੀ ਮਿਲਦਿਆਂ ਸਾਰ ਹੀ ਮਿਲਣ ਆ ਜਾਹ। ਤੈਨੂੰ ਮੇਰੀ ਸਹੁੰ! ਮੈਂ ਬੜੇ ਫ਼ਿਕਰ 'ਚ ਆਂ। ਨਾਲੇ ਤੂੰ ਅ 'ਅੰਦਰਲੀ ਗੱਲ' ਵੀ ਮੈਨੂੰ ਦੱਸਣੀ ਏਂ।"

ਪਰ ਉਹਨੂੰ 'ਅੰਦਰਲੀ ਗੱਲ' ਕਿਸੇ ਨਾ ਦੱਸੀ। ਪਤਾ ਨਹੀਂ ਉਸਨੇ ਆਪੇ ਬੁੱਝ ਲਈ ਹੋਵੇਗੀ ਜਾਂ ਅ ਵੀ 'ਮੁੰਡੇ ਨੂੰ ਉਡੀਕ ਰਹੀ ਹੋਵੇਗੀ!'



ਤਿੰਨੇ ਬੱਚੇ ਤੇ ਸੁਰਜੀਤ ਕੌਰ ਸ਼ਹਿਰ ਨੂੰ ਤੁਰ ਗਏ ਸਨ। ਅਮਰ ਸਿੰਘ ਉੱਠ ਕੇ ਕਮਰੇ ਅੰਦਰ ਜਾ ਲੰਮਾ ਪਿਆ। ਕਦੀ ਅੱਖਾਂ ਭਰ ਲਵੇ ਕਦੇ ਪੂੰਝ ਲਵੇ। ਸਾਹਮਣੇ ਅੰਗੀਠੀ ਉੱਤੇ ਪਈਆਂ ਤਸਵੀਰਾਂ ਵਿਚ ਇਕ ਪਾਸੇ ਅਮਰੀਕ ਦੀ ਤਸਵੀਰ ਮੁਸਕਰਾ ਰਹੀ ਸੀ। ਦੂਜੇ ਪਾਸੇ ਅਮਰ ਸਿੰਘ ਦੀ ਮਾਂ ਦੀ ਝੁਰੜੀਆਂ ਵਾਲੀ ਤਸਵੀਰ ਬਰੀਕ ਅੱਖਾਂ ਵਿਚੋਂ ਉਸ ਵੱਲ ਵੇਖ ਰਹੀ ਸੀ। ਕੁਝ ਮਹੀਨੇ ਪਹਿਲਾਂ ਮਾਂ ਵੀ ਤੁਰ ਗਈ ਸੀ। ਅਮਰੀਕ ਦੀ ਤਸਵੀਰ ਵੱਲ ਵੇਖ ਕੇ ਉਸਨੇ ਮਾਂ ਕੋਲੋਂ ਢਾਰਸ ਮੰਗੀ।

"ਹਾਇ ਮਾਂ! ਮੈਂ ਕਿਵੇਂ ਲੁਕਾ ਲਾਂ ਟੱਬਰ ਤੋਂ ਟੁੱਟ ਗਿਆ ਆਪਣੇ ਅੰਦਰਲਾ ਭਾਖੜਾ ਬੰਨ੍ਹ!" ਉਸਦੀ ਪਏ ਪਏ ਦੀ ਭੁੱਬ ਨਿਕਲ ਗਈ।

ਅੱਥਰੂਆਂ ਨਾਲ ਧੁੰਦਲੀਆਂ ਹੋ ਗਈਆਂ ਅੱਖਾਂ ਵਿਚੋਂ ਮਾਂ ਦਾ ਆਕਾਰ ਉਭਰਿਆ।

ਮਾਂ ਉਹਦੀਆਂ ਅੱਖਾਂ ਅੱਗੇ ਆ ਖਲੋਤੀ। ਹੂ-ਬ-ਹੂ। ਗਲ਼ ਨਾਲ ਲਾਉਣ ਲਈ ਬਾਹਵਾਂ ਖੋਲ੍ਹੀਆਂ ਹੋਈਆਂ।

"ਜੇ ਮੈਂ, ਤੇਰੀ ਮਾਂ, ਦੁੱਖ ਜਰ ਸਕਦੀ ਹਾਂ ਤਾਂ ਤੈਨੂੰ ਕੀ ਹੋਇਐ! ਹਿੰਮਤ ਧਾਰ! ਮੇਰਾ ਪੁੱਤ ਬਣ!"

ਉਹਦਾ ਪਿਤਾ ਧਰਮ ਸਿੰਘ ਗੰਭੀਰ ਹਾਲਤ ਵਿਚ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਪਿਆ ਸੀ। ਬੇਹੋਸ਼! ਆਕਸੀਜਨ ਲੱਗੀ ਹੋਈ। ਬੀਬੀ ਸਿਰਹਾਣੇ ਬੈਠੀ ਹੋਈ ਸਟੂਲ 'ਤੇ। ਅਮਰ ਤੇ ਉਹਦਾ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰੀਪੋਰਟ ਲੈਣ ਗਏ। ਨੌਂ-ਦਸ ਵਜੇ ਦੇ ਗਿਆਂ ਨੂੰ ਰੀਪੋਰਟ ਲੈਂਦਿਆਂ-ਕਰਦਿਆਂ ਡੇਢ-ਦੋ ਦਾ ਸਮਾਂ ਹੋ ਗਿਆ। ਵਾਪਸ ਪਰਤੇ ਤਾਂ ਬੀਬੀ ਬਾਪੂ ਦੇ ਸਿਰਹਾਣਿਓਂ ਉੱਠ ਕੇ ਅੱਗਲਵਾਂਢੀ ਉਹਨਾਂ ਨੂੰ ਕਮਰੇ ਤੋਂ ਬਾਹਰ ਹੀ ਆਣ ਮਿਲੀ।

"ਰਿਪੋਟ ਲੈ ਆਂਦੀ? ਚਲੋ ਚੰਗਾ ਹੋਇਆ!" ਉਸਨੇ ਅਮਰ ਦੇ ਹੱਥ ਵਿਚ ਫੜੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, "ਹੈਂ ਅਮਰ ਸਿਆਂ! ਪੁੱਤ, ਲੌਢਾ ਵੇਲਾ ਹੋ ਚੱਲਿਐ; ਤੁਸੀਂ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?"

ਉਹਨਾਂ ਦਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, "ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਰੋਟੀ ਖਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!" ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਉਹਨਾਂ ਕਮਰੇ ਵੱਲ ਵਧਦਿਆਂ ਅਗਲੇ ਇਲਾਜ ਲਈ ਪਹਿਲਾਂ ਡਾਕਟਰ ਨੂੰ ਰੀਪੋਰਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, "ਕੋਈ ਨਹੀਂ ਰਪੋਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਨੂੰ ਝੁਲਕਾ ਦੇ ਆਓ। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ ਤੁਸੀਂ।"

ਉਸਦੇ ਜ਼ੋਰ ਦੇਣ 'ਤੇ ਉਹ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਪਰਤੇ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉੱਠ ਕੇ ਖਲੋ ਗਈ ਅਤੇ ਉਸਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਟਿੱਪ! ਟਿੱਪ!' ਵਰ੍ਹਨ ਲੱਗਾ।

"ਜਾਓ ਪੁੱਤ! ਕੋਈ ਟੈਕਸੀ ਲੈ ਆਓ! ਤੁਹਾਡਾ ਬਾਪੂ ਪੂਰਾ ਹੋ ਗਿਆ।" ਉਸਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ।

ਫਿਰ ਅੱਥਰੂ ਪੂੰਝਦਿਆਂ ਕਹਿਣ ਲੱਗੀ, "ਪੂਰਾ ਤਾਂ ਇਹ ਉਦੋਂ ਈ ਹੋ ਗਿਆ ਸੀ ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉਂਝ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਏਂ! ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਏਂ! ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।"

ਏਨੀ ਆਖ ਕੇ ਉਸਨੇ ਅਮਰ ਨੂੰ ਬਾਹੋਂ ਫੜ ਕੇ ਅੱਗੇ ਕੀਤਾ, "ਆ! ਹੁਣ ਆਪਣੇ ਤੁਰ ਗਏ ਪਿਉ ਦਾ ਮੂੰਹ ਵੇਖ ਲੈ।" ਉਸਨੇ ਪਤੀ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁੱਕਿਆ ਅਤੇ ਉਸਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਅਮਰ ਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ। ਮਾਂ ਦੀ ਉਮਰ ਉਦੋਂ ਇਕਤਾਲੀ-ਬਤਾਲੀ ਸਾਲ ਦੀ ਸੀ ਅਤੇ ਪਿਉ ਦੀ ਪੰਜਤਾਲੀ-ਛਿਆਲੀ ਸਾਲ। ਉਹਦਾ ਸੁਹਾਗ ਉਹਨੂੰ

ਸਦਾ ਲਈ ਛੱਡ ਕੇ ਤੁਰ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਵਿਛੀ ਜ਼ਿੰਦਗੀ ਪਈ ਸੀ। ਉਹਦਾ ਜਹਾਨ ਲੁੱਟਿਆ ਗਿਆ ਸੀ।

ਅਮਰ ਸਿੰਘ ਨੇ ਮਾਂ ਦੀ ਤਸਵੀਰ ਵੱਲ ਇਕ ਵਾਰ ਫੇਰ ਝਾਤ ਮਾਰੀ। ਮਾਂ ਦੇ ਚਿਹਰੇ 'ਤੇ ਆਪਣੇ ਬੱਚਿਆਂ ਖ਼ਾਤਰ ਦੁੱਖ ਦੇ ਉਸ ਅਣਤੋਲੇ ਤੇ ਅਣਮਿਣੇ ਭਾਰ ਨੂੰ ਸਹਿ ਜਾਣ ਦੀ ਤਾਕਤ ਦਾ ਜਲੌਅ ਚਮਕਦਾ ਦਿਖਾਈ ਦਿੱਤਾ।

"ਬੀਬੀ! ਰੱਬ ਆਪਣੇ ਟੱਬਰ ਦਾ ਹੀ ਕਿਉਂ ਅਜਿਹਾ ਇਮਤਿਹਾਨ ਵਾਰ ਵਾਰ ਲੈਂਦਾ ਹੈ!" ਉਹ ਫੇਰ ਫੁੱਟ ਫੁੱਟ ਕੇ ਰੋਣ ਲੱਗਾ।

ਸ਼ਾਮ ਉੱਤਰਦੀ ਨਾਲ ਬਾਕੀ ਸਾਰਾ ਟੱਬਰ ਸ਼ਹਿਰੋਂ ਮੁੜ ਆਇਆ। ਉਹਨਾਂ ਨੂੰ ਬੱਸ ਤੋਂ ਉੱਤਰਦਿਆਂ ਤੇ ਚਹਿਕਦਿਆਂ ਵੇਖ ਕੇ ਆਪਣੇ ਘਰ ਦੇ ਮੋੜ 'ਤੇ ਖਲੋਤੇ ਉਹਨਾਂ ਦੇ ਕਾਮੇ ਸ਼ੀਰੇ ਨੂੰ ਉਹਦੀ ਮਾਂ ਦਾਤੋ ਨੇ ਆਖਿਆ, "ਵੇਖੀਂ ਪੁੱਤ ਸ਼ੀਰਿਆ! ਕਿਤੇ ਕੁਛ ਪੁੱਛ-ਦੱਸ ਨਾ ਬਹੀਂ ਸਰਦਾਰ ਨੂੰ। ਗੱਲ ਨਾ ਕਰ ਦੀਂ ਕੋਈ। ਬਦਸ਼ਗਨੀ ਹੁੰਦੀ ਏ। ਤੈਨੂੰ ਵੀ ਸਵੇਰੇ ਗੱਲ ਸੁਣਨ 'ਚ ਭੁਲੇਖਾ ਲੱਗਾ ਜਾਪਦੈ। ਐਵੇਂ ਝੂਠੀ ਅਵਾਈ ਹੀ ਉਡ ਗਈ ਜਾਪਦੀ ਏ। ਸਾੜੇ ਦੇ ਮਾਰੇ ਕਿਸੇ ਸ਼ਰੀਕ ਦੀ ਕਰਤੂਤ ਲੱਗਦੀ ਏ ਇਹ ਤਾਂ। ਜੇ ਕੋਈ ਗੱਲ ਹੁੰਦੀ, ਆਂਦਰਾਂ ਨੇ ਇਹਨਾਂ ਦੀਆਂ। ਇਹਨਾਂ ਦੀ ਖ਼ੁਸ਼ੀ ਐਂ ਥੋੜ੍ਹਾ ਡੁੱਲ੍ਹ ਡੁੱਲ੍ਹ ਪੈਣੀ ਸੀ! ਅੜਿਆ! ਸੱਥਰ ਵਿਛ ਜਾਣੇ ਸੀ।"

"ਬੀਬੀ, ਮੈਨੂੰ ਤਾਂ ਭੁਲੇਖਾ ਲੱਗਾ ਹੋਊ; ਪਰ ਪ੍ਰੋਫ਼ੈਸਰ ਦੇ ਪਿਉ ਨੇ ਆਪ ਇਹ ਗੱਲ ਨੰਬਰਦਾਰ ਕੋਲ ਕੀਤੀ ਲੱਗਦੀ ਏ। ਘੜੀ ਕੁ ਹੋਈ ਮੈਨੂੰ ਨੰਬਰਦਾਰ ਨੇ ਆਪ ਪੁੱਛਿਆ ਸੀ, "ਉਏ 'ਫ਼ਤਹਿ' ਦੇ ਘਰ ਸਭ ਸੁਖ-ਸਾਂਦ ਐ ਨਾ!" ਮੈਂ ਕੀ ਦੱਸਦਾ, ਚੁੱਪ ਰਿਹਾ। ਪਰ ਗੱਲ ਹੈ ਜ਼ਰੂਰ ਕੋਈ ਨਾ ਕੋਈ। ਭਾਊ ਅਮਰ ਸੁੰਹ ਵੀ ਲੰਮਾ ਪਿਆ ਹੋਇਐ ਸਵੇਰ ਦਾ। ਬੁਝਿਆ, ਬੁਝਿਆ। ਅੱਗੋਂ ਮਹਾਰਾਜ ਜਾਣੇ!"

"ਵੇ ਸ਼ੀਰਿਆ! ਤੂੰ ਏਥੇ ਫਿਰਦੈਂ ਮਾਲ-ਡੰਗਰ ਨੂੰ ਕੀਹਨੇ ਸਾਂਭਣੈਂ!" ਨੇੜੇ ਆ ਕੇ ਸੁਰਜੀਤ ਕੌਰ ਨੇ ਪੁੱਛਿਆ ਤਾਂ ਉਹ ਕਹਿੰਦਾ, "ਚਾਚੀ ਪੱਠੇ ਕੁਤਰ ਕੇ ਪਾ ਵੀ ਆਇਆਂ। ਭਾਊ ਤਾਂ ਲੰਮੇ ਪਿਆ ਸੀ। ਮੈਂ ਆਖਿਆ; ਉਹਦੇ ਉੱਠਦਿਆਂ ਤਕ ਘਰੋਂ ਗੇੜਾ ਮਾਰ ਆਉਂਦਾਂ। ਬੱਸ ਓਧਰ ਨੂੰ ਈ ਚੱਲਿਆ ਵਾਂ।"

"ਸਰਦਾਰਨੀ! ਵਧਾਈਆਂ ਹੋਣ। ਸੁਣਿਐਂ ਅੱਜ-ਭਲਕ ਈ ਕਨੇਡਾ ਜਾ ਰਹੇ ਓ।" ਨਾ ਚਾਹੁੰਦਿਆਂ ਵੀ ਪਿੰਡ ਵਿਚੋਂ ਸੁਣਿਆ ਸੱਚ ਅੱਧ-ਪਚੱਧਾ ਦਾਤੋ ਦੇ ਮੂੰਹੋਂ ਨਿਕਲ ਗਿਆ। ਉਹ ਡਰ ਗਈ ਕਿ ਅਗਲੀ ਗੱਲ ਵੀ ਕਿਤੇ ਮੂੰਹੋਂ ਨਾ ਨਿਕਲ ਜਾਵੇ। ਪਰ ਗੁਰਮੇਲ ਦੇ ਮਖ਼ੌਲ ਨੇ ਉਸਦੇ ਡਰ ਨੂੰ ਨੱਪ ਲਿਆ।

"ਭਾਊ ਸ਼ੀਰੇ ਦਾ ਭਾਬੀ ਬਿਨਾਂ ਮਨ ਓਦਰ ਜਾਂਦਾ ਏ। ਘੜੀ-ਮੁੜੀ ਘਰ ਨੂੰ ਭੱਜਦਾ ਏ। ਨਵਾਂ-ਨਵਾਂ ਵਿਆਹ ਹੋਇਐ ਨਾ!"

ਸ਼ੀਰਾ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਿਆ।

ਘਰ ਆ ਕੇ ਖ਼ਰੀਦੀਆਂ ਵਸਤਾਂ ਵਾਲੇ ਲਿਫ਼ਾਫ਼ੇ ਉਹਨਾਂ ਬੈੱਡ 'ਤੇ ਰੱਖੇ। ਸੁਰਜੀਤ ਕੌਰ ਨੇ ਛੇਤੀ ਛੇਤੀ ਪਤੀਲੇ ਵਿਚ ਚਾਹ ਧਰਨ ਲਈ ਕੁੜੀਆਂ ਨੂੰ ਹਦਾਇਤ ਕੀਤੀ। ਰੋਟੀਆਂ ਵਾਲੀ ਚੰਗੇਰ ਵੇਖੀ। ਦੁਪਹਿਰੇ ਅਮਰ ਸਿੰਘ ਦੇ ਖਾਣ ਲਈ ਪਾ ਕੇ ਰੱਖੀ ਰੋਟੀ ਉਂਝ ਦੀ ਉਂਝ ਪਈ ਸੀ।

"ਮੈਂ ਆਖਿਆ ਤੁਸੀਂ ਠੀਕ ਤਾਂ ਓ। ਡਾਕਟਰ ਵੱਲ ਗਏ ਵੀ ਸੀ ਕਿ ਸਵੇਰ ਦੇ ਇੰਝ ਹੀ ਮੰਜੇ 'ਤੇ ਪਏ ਜੇ। ਰੋਟੀ ਵੀ ਨਹੀਂ ਖਾਧੀ। ਹੋ ਕੀ ਗਿਐ ਤੁਹਾਨੂੰ? ਕੋਈ ਗੱਲ ਹੈ ਜ਼ਰੂਰ। ਤੁਸੀਂ ਦੱਸਦੇ ਨਹੀਂ ਮੈਨੂੰ।"

ਅਮਰ ਸਿੰਘ ਨੇ ਉੱਠ ਕੇ ਬੈਠਦਿਆਂ ਆਕੜ ਭੰਨੀ ਤੇ ਚਿਹਰੇ ਤੇ ਬਨਾਵਟੀ ਮੁਸਕਾਨ ਲਿਆਂਦੀ, "ਲੈ ਹੈ! ਕਮਲੀ ਨਾ ਹੋਵੇ। ਮੈਨੂੰ ਕੀ ਹੋਣਾ ਏ। ਡਾਕਟਰ ਬਿਹਾਰੀ ਕੋਲ ਗਿਆ ਸਾਂ। ਉਸ ਹਾਜ਼ਮੇ ਦੀ ਦਵਾਈ ਦਿੱਤੀ ਐ। ਓਥੇ ਦੁਕਾਨ 'ਤੇ ਈ ਉਹਦਾ ਮੁੰਡਾ ਆਇਆ, ਦੁਪਹਿਰ ਦੀ ਰੋਟੀ ਲੈ ਕੇ। ਅਸੀਂ ਦੋਵੇਂ ਈ ਸਾਂ। ਹੋਰ ਮਰੀਜ਼ ਕੋਈ ਨਹੀਂ ਸੀ। ਮੈਨੂੰ ਕਹਿੰਦਾ, "ਆ ਅਮਰ ਸਿਆਂ! ਹੁਣ ਫੁਲਕਾ ਛਕ ਕੇ ਈ ਜਾਈਂ।" ਮੈਂ ਬੜੀ ਨਾਂਹ-ਨੁੱਕਰ ਕੀਤੀ। ਉਸ ਦੋ ਫੁਲਕੇ ਬਦੋ ਬਦੀ ਮੇਰੇ ਹੱਥ 'ਤੇ ਰੱਖ ਦਿੱਤੇ ਤੇ ਉੱਤੇ ਆਲੂ ਮੁੰਗਰਿਆਂ ਦੀ ਸਬਜ਼ੀ ਪਾ 'ਤੀ।"

ਏਨੇ ਚਿਰ ਵਿਚ ਛਿੰਦਰ ਚਾਹ ਬਣਾ ਕੇ ਲੈ ਆਈ। ਦੋਵੇਂ ਛੋਟੇ ਬੱਚੇ ਦੂਜੇ ਕਮਰੇ ਵਿਚ ਟੀ ਵੀ ਲਾ ਕੇ



ਬਹਿ ਗਏ।

ਚਾਹ ਪੀ ਕੇ ਸੁਰਜੀਤ ਕੌਰ ਨੇ ਪਲਾਸਟਿਕ ਦੇ ਵੱਡੇ ਲਿਫ਼ਾਫ਼ੇ ਵਿਚੋਂ ਖ਼ਾਕੀ ਕਾਗ਼ਜ਼ ਦਾ ਛੋਟਾ ਲਿਫ਼ਾਫ਼ਾ ਬਾਹਰ ਕੱਢਿਆ ਤੇ ਉਸ ਵਿਚੋਂ ਤਿੱਲੇ ਨਾਲ ਮੜ੍ਹੀ ਲਿਸ਼ ਲਿਸ਼ ਕਰਦੀ ਸੁਨਹਿਰੀ ਜੁੱਤੀ ਬਾਹਰ ਕੱਢ ਕੇ ਹੱਥਾਂ ਵਿਚ ਫੜ ਕੇ ਨਿਹਾਰਨ ਲੱਗੀ।

"ਆਹ ਵੇਖੋ ਖਾਂ ਭਲਾ ਪੈਰੀਂ ਪਾ ਕੇ। ਤੁਹਾਡੇ ਮੇਚ ਆਉਂਦੀ ਐ ਕਿ ਨਹੀਂ। ਮੈਂ ਅਮਰੀਕ ਲਈ ਲੈ ਕੇ ਆਈ ਆਂ। ਇਕੋ ਮੇਚਾ ਏ ਤੁਹਾਡਾ ਪਿਉ-ਪੁੱਤਾਂ ਦਾ। ਤੁਹਾਡੀ ਜੁੱਤੀ ਦਾ ਮੇਚਾ ਕਾਗ਼ਜ਼ 'ਤੇ ਵਾਹ ਕੇ ਲੈ ਗਈ ਸਾਂ। ਜੇ ਠੀਕ ਨਾ ਹੋਈ ਤਾਂ ਭਾਈ ਕਹਿੰਦਾ ਸੀ ਸਵੇਰੇ ਵਟਾ ਲਿਜਾਇਓ। ਤੁਹਾਨੂੰ ਤਾਂ ਵਿਹਲ ਈ ਨਹੀਂ ਲੱਗਦੀ। ਮੈਂ ਆਖਿਆ, ਮੇਰਾ ਪੁੱਤ ਆਖੂ; ਮੈਂ ਦੋ ਈ ਤਾਂ ਚੀਜ਼ਾਂ ਮੰਗੀਆਂ ਸੀ ਝੁੱਗੇ 'ਚੋਂ। ਕਾਲਾ ਚਾਦਰਾ ਤੇ ਤਿੱਲੇ ਵਾਲੀ ਜੁੱਤੀ। ਮੇਰੇ ਮਾਂ-ਪਿਉ ਉਹ ਵੀ ਨਾ ਲਿਆਏ। ਮੈਂ ਤਾਂ ਤਰੀਜ਼ਾਂ ਵਾਲਾ ਬਣਿਆ ਬਣਾਇਆ ਚਿੱਟਾ ਕੁੜਤਾ ਵੀ ਲੈ ਆਈ ਆਂ ਉਹਦੇ ਪਾਉਣ ਵਾਸਤੇ। ਭਾਵੇਂ ਉਹਨੇ ਸਿਰ ਮੁਨਾ ਲਿਐ ਪਰ ਮੈਂ ਤਾਂ ਲੈ ਆਈ ਆਂ ਆਹ ਕਾਲੀ ਪੱਗ ਵੀ। ਵੇਖੀਂ ਮੇਰੇ ਪੁੱਤ ਨੇ ਪਾਈ ਜਦੋਂ ਪੈਰੀਂ ਤਿੱਲੇਦਾਰ ਲਿਸ਼ ਲਿਸ਼ ਕਰਦੀ ਜੁੱਤੀ ਤੇ ਚਿੱਟੇ ਕੁੜਤੇ ਨਾਲ ਕਾਲਾ ਚਾਦਰਾ ਲਾ ਕੇ ਬੰਨ੍ਹੀ ਕਾਲੀ ਪੱਗ ਸਿਰ 'ਤੇ ਤਾਂ ਡੁੱਲ੍ਹ ਡੁੱਲ੍ਹ ਪਊਗਾ ਨੂਰ ਉਹਦੇ ਚਿਹਰੇ ਤੋਂ।"

ਅਮਰ ਸਿੰਘ ਨੇ ਉਹਦਾ ਦਿਲ ਰੱਖਣ ਲਈ ਪਹਿਲਾਂ ਜੁੱਤੀ ਹੱਥਾਂ ਵਿਚ ਫੜ ਕੇ ਟੋਹ ਕੇ ਵੇਖੀ। ਫਿਰ ਪੈਰੀਂ ਅੜਾਈ ਤੇ ਲਾਹ ਕੇ ਉਹਦੇ ਹੱਥ ਵਿਚ ਫੜਾ ਕੇ ਕਹਿੰਦਾ, "ਮੇਚੇ ਐ। ਕੱਪੜੇ ਵੀ ਸੋਹਣੇ ਨੇ। ਪਰ ਕਮਲੀਏ! ਓਥੇ ਦੇ ਮੌਸਮ ਵਿਚ ਇਹ ਕੱਪੜੇ ਨਹੀਂ ਪੈਂਦੇ। ਨਾ ਹੀ ਰਿਵਾਜ ਆ ਇਹੋ ਜਿਹੇ ਕੱਪੜਿਆਂ ਦਾ। ਕੀਹਨੇ ਪਾਉਣੇ ਨੇ ਏਹ ਕੱਪੜੇ!"

ਉਹਦਾ ਹਉਕਾ ਨਿਕਲ ਗਿਆ।

"ਲੈ ਸੁਭ ਸੁਭ ਬੋਲੋ। ਮੇਰਾ ਪੁੱਤ ਪਾਊ, ਹੋਰ ਕੀਹਨੇ ਪਾਉਣੇ ਨੇ। ਉਹ ਕਹਿੰਦਾ ਸੀ ਛੁੱਟੀ ਵਾਲੇ ਦਿਨ, ਕਿਸੇ ਦਿਨ-ਦਿਹਾਰ 'ਤੇ, ਗੁਰਦਵਾਰੇ ਗਿਆਂ ਕੱਪੜੇ ਪਾਏ ਜਾ ਸਕਦੇ ਨੇ। ਪਾਏ ਜਾ ਸਕਦੇ ਨੇ ਤਾਂ ਈ ਉਹਨੇ ਲਿਆਉਣ ਲਈ ਆਖਿਐ। ਤੇਰੀ ਸੁਰਤ ਨੂੰ ਵੀ ਪਤਾ ਨਹੀਂ ਕੀ ਹੋ ਗਿਐ!"

ਉਹ ਲਿਫ਼ਾਫ਼ੇ ਖੋਲ੍ਹ ਖੋਲ੍ਹ ਹੋਰ ਲਿਆਂਦੀਆਂ ਚੀਜ਼ਾਂ ਤੇ ਕੱਪੜੇ ਵੀ ਵਿਖਾਈ ਜਾ ਰਹੀ ਸੀ। ਪਰ ਅਮਰ ਸਿੰਘ ਵੇਖਦਾ ਹੋਇਆ ਵੀ ਵੇਖ ਨਹੀਂ ਸੀ ਰਿਹਾ। ਸੁਣਦਾ ਹੋਇਆ ਵੀ ਸੁਣ ਨਹੀਂ ਸੀ ਰਿਹਾ।

ਲਿਫ਼ਾਫ਼ੇ ਮੁੜ ਤੋਂ ਸਾਂਭ ਕੇ ਦੋਵੇਂ ਮਾਵਾਂ-ਧੀਆਂ ਰਾਤ ਦੇ ਟੁੱਕ-ਪਾਣੀ ਲਈ ਚੌਂਤਰੇ ਵਿਚ ਜਾ ਵੜੀਆਂ। ਅਮਰ ਸਿੰਘ ਉੱਠ ਕੇ ਹਵੇਲੀ ਵਿਚ ਸ਼ੀਰੇ ਨੂੰ ਮਾਲ-ਡੰਗਰ ਨੂੰ ਪੱਠਾ-ਦੱਥਾ ਪਾਉਣ ਦੀ ਹਦਾਇਤ ਕਰਨ ਲਈ ਵਸੋਂ ਵਾਲੇ ਵਿਹੜੇ ਦੇ ਦਰਵਾਜ਼ੇ ਤੋਂ ਬਾਹਰ ਹੀ ਨਿਕਲਣ ਵਾਲਾ ਸੀ ਕਿ ਅੱਗੋਂ ਅੰਦਰ ਨੂੰ ਆਉਂਦਾ ਸ਼ੀਰਾ ਟੱਕਰ ਗਿਆ।

"ਭਾਊ! ਪ੍ਰੋਫ਼ੈਸਰ ਦੇ ਘਰੋਂ ਮੁੰਡਾ ਆਇਆ ਸੀ, ਹੁਣੇ। ਕਹਿੰਦਾ ਸੀ ਵੀਹਾਂ ਕੁ ਮਿੰਟਾਂ ਤਕ ਕਨੇਡਾ ਤੋਂ ਫ਼ੋਨ ਆਉਣ ਵਾਲੈ।"

ਇਸ ਵਾਰੀ ਫ਼ੋਨ ਸੁਣਨ ਗਏ ਨੂੰ ਪ੍ਰੋਫ਼ੈਸਰ ਦੇ ਪਿਉ ਨੇ ਕੋਈ ਸਵਾਲ ਨਹੀਂ ਸੀ ਕੀਤਾ। ਉਹਨੂੰ ਆਉਂਦੇ-ਜਾਂਦਿਆਂ ਬਿਟ ਬਿਟ ਝਾਕਦਾ ਈ ਰਿਹਾ ਸੀ। ਪ੍ਰੋਫ਼ੈਸਰ ਦੀ ਮਾਂ ਨੇ ਠੰਢਾ ਹਉਕਾ ਭਰ ਕੇ ਆਪਣੇ ਆਪ ਨਾਲ ਗੱਲ ਕਰਨ ਵਾਂਗ ਕਿਹਾ ਸੀ, "ਵਾਹਿਗੁਰੂ! ਤੂੰ ਈ ਏਂ ਸਭ ਦਾ!"

ਫ਼ੋਨ 'ਤੇ ਜਰਨੈਲ ਨੇ ਹਦਾਇਤ ਕੀਤੀ ਸੀ ਕਿ ਉਹਨੇ ਏਅਰਲਾਈਨ ਵਾਲਿਆਂ ਨਾਲ ਗੱਲ ਕਰ ਲਈ ਹੈ ਤੇ ਟਿਕਟਾਂ ਦੇ ਪੈਸੇ ਵੀ ਤਾਰ ਦਿੱਤੇ ਨੇ। ਉਹ ਸਵੇਰੇ ਜਲੰਧਰ ਜਾ ਕੇ ਏਅਰ ਲਾਈਨ ਦੇ ਦਫ਼ਤਰੋਂ ਪਾਸਪੋਰਟ ਤੇ ਵੀਜ਼ੇ ਦਿਖਾ ਕੇ ਟਿਕਟਾਂ ਚੁੱਕ ਲਵੇ। ਵਿਸਾਖੀ ਤੋਂ ਇਕ ਦਿਨ ਛੱਡ ਕੇ ਫ਼ਲਾਈਟ ਸੀ। ਦੋ ਦਿਨ ਰਹਿ ਗਏ ਸਨ ਜਾਣ ਵਿਚ।

ਇਹ ਦੋ ਦਿਨ ਉਸ ਲਈ ਅੱਗ ਦਾ ਦਰਿਆ ਸਨ, ਤਰ ਕੇ ਲੰਘਣ ਲਈ। ਅੰਦਰ ਮੱਚਦੇ ਭਾਂਬੜ ਦੀ ਕੋਈ ਛੋਟੀ ਜਿਹੀ ਲਾਟ ਵੀ ਬਾਹਰ ਨਹੀਂ ਸੀ ਨਿਕਲਣ ਦੇਣੀ।

ਉਸਨੇ ਘਰ ਆਕੇ ਖ਼ਬਰ ਦਿੱਤੀ ਤਾਂ ਗੁਰਮੇਲ ਭੰਗੜਾ ਪਾਉਣ ਲੱਗ ਪਿਆ, "ਉਏ ਬੱਲੇ, ਵੀਰ ਜੀ

ਬੱਲੇ! ਓ ਬੱਲੇ, ਕਨੇਡਾ ਬੱਲੇ! ਉਏ ਕਾਲਾ ਹਬਸ਼ੀ ਬੱਲੇ, ਮੇਰੀ ਭੈਣ ਦਾ ਪ੍ਰਾਹੁਣਾ ਬੱਲੇ!"

ਹਰਿੰਦਰ ਚਿੜ ਕੇ ਝੂਠੀ ਮੂਠੀ ਰੋਣ ਦਾ ਨਾਟਕ ਕਰਨ ਲੱਗੀ ਤੇ, "ਊਂਅ ਊਂ!" ਕਰ ਕੇ ਗੁਰਮੇਲ ਦੀ ਪਿੱਠ ਵਿਚ ਮੁੱਕੀਆਂ ਮਾਰਨ ਲੱਗੀ। ਪਰ ਉਹ ਹੱਸੀ ਗਿਆ, ਨੱਚੀ ਗਿਆ ਤੇ ਬੋਲੀ ਗਿਆ।

ਛੋਟੇ ਦੋਵਾਂ ਭੈਣ-ਭਰਾਵਾਂ ਨੂੰ ਨੱਚਦਿਆਂ ਟੱਪਦਿਆਂ ਵੇਖ ਕੇ ਛਿੰਦਰ ਨੂੰ ਪੇਕੇ ਪਰਿਵਾਰ ਤੋਂ ਵਿਛੜ ਜਾਣ ਦੇ ਗ਼ਮ ਨੇ ਫੇਰ ਆਣ ਘੇਰਿਆ ਤੇ ਉਹਦੀਆਂ ਅੱਖਾਂ ਛੰਮ ਛੰਮ ਵਰ੍ਹਨ ਲੱਗ ਪਈਆਂ।

"ਕਿੰਨਾ ਚਾਅ ਚੜ੍ਹਿਐ ਇਹਨਾਂ ਨੂੰ ਵੱਡੀ ਭੈਣ ਨੂੰ ਛੱਡ ਕੇ ਤੁਰ ਜਾਣ ਦਾ। ਮੈਨੂੰ ਤਾਂ ਤੋਰ ਕੇ ਸੁੱਟ ਚੱਲੇ ਓ ਨਾ ਪਿੱਛੇ। ਤੁਸੀਂ ਤਾਂ ਸਾਰੇ ਕੱਠੇ ਹੋ ਕੇ ਬਹਿੰਦੇ ਤੇ ਮਿਲਦੇ ਰਵ੍ਹੋਗੇ। ਪਰ ਮੈਂ ਤਾਂ ਨਹੀਂ ਹੋਵਾਂਗੀ ਨਾ ਤੁਹਾਡੇ ਵਿਚ। ਖ਼ੁਸ਼ੀਆਂ-ਗ਼ਮੀਆਂ ਵੇਲੇ ਕੱਲੀ ਬਹਿ ਕੇ ਰੋਇਆ ਕਰਾਂਗੀ ਏਥੇ ਵਿਛੜੀ ਕੂੰਜ ਵਾਂਗ ਕੁਰਲਾਉਂਦੀ ਹੋਈ। ਜੇ ਰਹਿੰਦੀ ਜ਼ਿੰਦਗੀ ਵਿਚ ਪੰਜ-ਸੱਤ ਵਾਰ ਪੂਰੇ ਦੇ ਪੂਰੇ ਟੱਬਰ ਨੂੰ ਕਿਧਰੇ ਮਿਲ ਵੀ ਲਊਂ ਤਾਂ ਕੀ ਮਿਲਣਾ ਹੋਇਆ! ਠੀਕ ਕਹਿੰਦੇ ਨੇ; ਬੰਦੇ ਨੂੰ ਆਪਣੀ ਖ਼ੁਸ਼ੀ ਨਾਲ ਈ ਹੁੰਦੈ, ਕਿਸੇ ਦੇ ਦੁੱਖ ਨਾਲ ਨਹੀਂ।"

ਉਹ ਹੁਬਕੀਂ ਰੋਣ ਲੱਗੀ। ਮਾਪਿਆਂ ਤੇ ਭੈਣਾਂ-ਭਰਾਵਾਂ ਨਾਲ ਵਿਛੋੜੇ ਨੂੰ ਕਲਪ ਕੇ, ਉਹ ਜਿਸ ਦਿਨ ਦੀ ਆਈ ਸੀ, ਗੱਲ ਗੱਲ 'ਤੇ ਅੱਖਾਂ ਭਰ ਕੇ ਡੋਲ੍ਹਣ ਲੱਗ ਪੈਂਦੀ ਸੀ।

ਸੁਰਜੀਤ ਕੌਰ ਨੇ ਬੁੱਕਲ ਵਿਚ ਲੈ ਲਿਆ, "ਕਮਲੀ ਧੀ! ਤੇਰਾ ਦੁਖ-ਸੁਖ ਭਲਾ ਸਾਡਾ ਕਿਉਂ ਨ ਹੋਇਆ! ਹੁਣ ਵੇਖ ਇਹ ਤਾਂ ਦੁਨੀਆਂ ਦਾ ਰਿਵਾਜ ਜਿਹਾ ਈ ਬਣ ਗਿਐ। ਟੱਬਰਾਂ ਦੇ ਟੱਬਰ ਬਾਹਰ ਤੁਰ ਗਏ ਨੇ। ਧੀਆਂ-ਪੁੱਤ, ਕੋਈ ਕਿਤੇ, ਕੋਈ ਕਿਤੇ। ਕਈ ਤਾਂ ਕਈ ਕਈ ਮੁਲਕਾਂ ਵਿਚ ਵੰਡੇ ਹੋਏ ਨੇ। ਜੱਟ ਛੱਟਾ ਦੇ ਕੇ ਜਿਵੇਂ ਬੀਅ ਖਿਲਾਰਦਾ ਏ। ਜੀਆਂ ਦਾ ਛੱਟਾ ਦਿੱਤਾ ਪਿਐ। ਧੀਏ ਮੇਰੀਏ ਵਿਛੜਨ-ਮਿਲਣ ਦੀ ਤ ਰੀਤ ਬਣੀ ਆਈ ਏ। ਤੂੰ ਤਾਂ ਅੰਮ੍ਰਿਤ ਛਕਿਐ, ਪਾਠ ਵੀ ਕਰਦੀ ਏਂ। ਸਾਨੂੰ ਮੱਤਾਂ ਦੇਣ ਵਾਲੀ ਏਂ। ਸਾਡ ਕਿਤੇ ਤੈਨੂੰ ਛੱਡ ਕੇ ਜਾਣ ਤੋਂ ਮਨ ਨਹੀਂ ਓਦਰਦਾ ਭਲਾ! ਪਰ ਕੀ ਕਰੀਏ! ਔਂਤਰੇ ਕਨੂੰਨ ਈ ਏਹੋ ਜਿਹੇ ਨੇ ਵਿਆਹੀ ਕੁੜੀ ਮਾਪਿਆ ਨਾਲ ਜਾ ਨਹੀਂ ਸਕਦੀ! ਨਹੀਂ ਤਾਂ ਡੱਡੀਏ ਅਸੀਂ ਕਲੇਜੇ ਨਾਲੋਂ ਲਾਹ ਕੇ ਤੈਨੂੰ ਇੰ ਸੁੱਟ ਕੇ ਕਦੀ ਵੀ ਨਾ ਜਾਂਦੇ।"

ਮਾਂ ਵੀ ਬੁਸਕਣ ਲੱਗੀ। ਮਾਵਾਂ-ਧੀਆਂ ਨੂੰ ਰੋਂਦਿਆਂ ਵੇਖ ਅਮਰ ਸਿੰਘ ਨੇ ਵੀ ਚਾਰ ਅੱਥਰੂ ਉਹਨਾਂ ਦੇ ਬਹਾਨੇ ਨਾਲ ਵਹਾ ਲਏ। ਪਰ ਉਸ ਵੱਲ ਕਿਸੇ ਦਾ ਧਿਆਨ ਨਾ ਗਿਆ।

ਮਾਵਾਂ-ਧੀਆਂ ਆਪਸ ਵਿਚ ਰੁੱਝੀਆਂ ਹੋਈਆਂ ਸਨ। ਮਾਂ ਧੀ ਦਾ ਮੱਥਾ ਚੁੰਮ ਰਹੀ ਸੀ। ਲਾਡ ਲਡ ਰਹੀ ਸੀ। ਤੇ ਅਗਲਾ ਪ੍ਰੋਗਰਾਮ ਸਮਝਾ ਰਹੀ ਸੀ।

"ਲੈ! ਤੂੰ ਆਹ ਕੱਪੜੇ ਅਟੈਚੀ ਵਿਚ ਪਾ ਮੇਰੀ ਡੱਡ। ਮੈਂ ਰੋਟੀ ਟੁੱਕ ਦਾ ਆਹਰ ਕਰਾਂ। ਫਿਰ ਸਾਰੇ ਰ ਕੇ ਪੈਕਿੰਗ ਕਰਦੇ ਆਂ। ਦਿਨ ਤੇ ਭੁੱਗੇ 'ਚੋਂ ਕੱਲ੍ਹ ਦਾ ਰਹਿ ਗਿਆ। ਸਵੇਰੇ ਛਿੰਦਰ ਦਾ ਪ੍ਰਾਹੁਣਾ ਆਉਂਦੈ ਤ ਉਹਨੂੰ ਪਿੱਛੋਂ ਦਾ ਸਾਰਾ ਕੰਮ-ਕਾਰ ਤੇ ਜ਼ਿੰਮੇਵਾਰੀ ਚੰਗੀ ਤਰ੍ਹਾਂ ਸਮਝਾ ਦਿਓ।" ਸੁਰਜੀਤ ਕੌਰ ਪਹਿਲ ਵੱਡੀ ਧੀ ਨੂੰ ਤੇ ਪਿੱਛੋਂ ਪਤੀ ਨੂੰ ਸੰਬੋਧਤ ਹੋਈ।

ਦੂਜੇ ਕਮਰੇ ਵਿਚ ਚੱਲਦੇ ਟੈਲੀਵੀਯਨ ਦੀ ਉੱਚੀ ਕੀਤੀ ਆਵਾਜ਼ ਇਸ ਕਮਰੇ ਤਕ ਵੀ ਗੂੰਜ ਪਾ ਰਹ ਸੀ। "ਸੋਚਨਾ ਕਿਆ! ਜੋ ਭੀ ਹੋਗਾ, ਦੇਖਾ ਜਾਏਗਾ!"

ਛਿੰਦਰ ਮਾਂ ਵੱਲੋਂ ਸਮਝਾਇਆ ਸਮਾਨ ਤੇ ਕੱਪੜੇ ਅਟੈਚੀਆਂ ਵਿਚ ਪਾਉਣ ਲੱਗੀ।

ਅਮਰ ਸਿੰਘ ਮਨ ਨੂੰ ਟਿਕਾਣੇ ਕਰਨ ਲਈ ਮੰਜੀ 'ਤੇ ਬਹਿ ਕੇ ਪਾਠ ਕਰਨ ਲੱਗਾ।

ਛਿੰਦਰ ਨੇ ਧਿਆਨ ਕੀਤਾ, ਉਹਦਾ ਪਿਉ ਉਖੜਿਆ-ਉਖੜਿਆ ਪਾਠ ਕਰ ਰਿਹਾ ਸੀ। ਪਾਠ ਕਰਦਾ ਕਰਦਾ ਭੁੱਲ ਜਾਂਦਾ। ਫਿਰ ਮੁੱਢੋਂ-ਸੁੱਢੋਂ ਸ਼ੁਰੂ ਕਰਦਾ। ਫਿਰ ਭੁੱਲ ਜਾਂਦਾ। ਫਿਰ ਸ਼ੁਰੂ ਕਰਦਾ। ਉਹਦਾ ਤ ਅੰਦਰ ਪਾਟਣ ਨੂੰ ਆਇਆ ਪਿਆ ਸੀ। ਲੁਕਾਇਆ ਹੋਇਆ ਅੰਗਿਆਰ ਮੱਚ ਕੇ ਬਾਹਰ ਫਟਣ ਨੂੰ ਕਾਹਲ ਸੀ। ਕੀ ਕਰੇ ਉਹ! ਦੁੱਖ ਉਹਦੇ ਅੰਦਰੋਂ ਬਾਹਰ ਨਿਕਲ ਕੇ ਵਹਿਣਾ ਚਾਹੁੰਦਾ ਸੀ। ਉਹਨੂੰ ਕੋਈ ਨਿਕਾ ਨਹੀਂ ਸੀ ਮਿਲ ਰਿਹਾ। ਉਹ ਅੰਦਰ ਹੀ ਗਲ਼-ਗਲ਼ ਤਕ, ਮੂੰਹ-ਮੂੰਹ ਤਕ, ਸਿਰ-ਸਿਰ ਤਕ ਅਕਹਿ ਤੇ ਅਸਹਿ ਅਗਨ-ਪੀੜਾ ਵਿਚ ਡੁੱਬ ਚੱਲਿਆ ਸੀ। ਏਦਾਂ ਤਾਂ ਉਹ ਝੁਲਸ ਕੇ, ਦਮ ਘੁੱਟ ਕੇ ਮਰ ਜਾਏਗਾ।

ਵਿਚੋਂ ਹੀ ਪਾਠ ਛੱਡ ਕੇ ਉਸਨੇ ਛਿੰਦਰ ਨੂੰ ਵਾਜ ਮਾਰੀ, " ਪੁੱਤ! ਐਥੇ ਬਹਿ ਜਾ ਮੇਰੇ ਕੋਲ। ਮੈਂ ਤੇ



ਨਾਲ ਬੜੀ ਜ਼ਰੂਰੀ ਗੱਲ ਕਰਨੀ ਏ।"

ਉਹ ਮਨ ਨਾਲ ਘੁਲਣ ਲੱਗਾ, 'ਦੱਸਾਂ ਕਿ ਨਾ ਦੱਸਾਂ ਇਹਨੂੰ?'

"ਭਾਅ ਜੀ, ਤੁਹਾਨੂੰ ਹੋ ਕੀ ਗਿਐ? ਦੱਸਦੇ ਕਿਉਂ ਨਹੀਂ?" ਧੀ ਨੇ ਪਿਉ ਦਾ ਹੱਥ ਮੋਹ ਤੇ ਤਰਸ ਨਾਲ ਘੁੱਟ ਲਿਆ।

"ਗੱਲ ਐਂਜ ਏ" ਉਸ ਨੇ ਗਲ਼ਾ ਖੰਘੂਰਿਆ। ਮਨ ਨਾਲ ਫਿਰ ਫ਼ੈਸਲਾ ਕੀਤਾ।

"ਚੱਲ ਛੱਡ, ਕੋਈ ਗੱਲ ਨਹੀਂ।"

ਪਾਠ ਭੁੱਲ ਕੇ ਉਹ ਤਾਂ ਇਮੀਗ੍ਰੇਸ਼ਨ ਅਧਿਕਾਰੀ ਨਾਲ ਗੱਲ-ਬਾਤ ਵਿਚ ਲੱਗਾ ਹੋਇਆ ਸੀ। ਤਰਲੇ ਕਰਦਾ, "ਇਕ ਤਾਂ ਸਾਡਾ ਪੁੱਤ ਸਾਡੇ ਨਾਲ ਧੱਕਾ ਕਰ ਗਿਆ। ਹੁਣ ਤੁਸੀਂ ਤਾਂ ਧੱਕਾ ਨਾ ਕਰੋ।" ਪਰ ਅਫ਼ਸਰ ਤਾਂ ਮੰਨ ਹੀ ਨਹੀਂ ਸੀ ਰਿਹਾ। ਉਸਨੇ ਹੋਰ ਦੋ ਬੰਦਿਆਂ ਨੂੰ ਵੀ ਕੋਲ ਬੁਲਾ ਲਿਆ ਸੀ। ਅਫ਼ਸਰ ਨੇ ਕਿਸੇ ਵੱਲੋਂ ਕੀਤੀ ਸ਼ਿਕਾਇਤ ਵਾਲਾ ਕਾਗ਼ਜ਼ ਉਹਨਾਂ ਨੂੰ ਫੜਾਇਆ। ਉਹ ਬੋਲੀ ਜਾ ਰਿਹਾ ਸੀ, "ਜੀ ਏਹ ਤਾਂ ਸਾਡੇ ਸ਼ਰੀਕ ਦੀ ਕਰਤੂਤ ਏ। ਸਾਡਾ ਖਾਲ ਦਾ ਝਗੜਾ ਏ ਉਹਦੇ ਨਾਲ!" ਉਹ ਤਿੰਨੇ ਘੁਸਰ-ਮੁਸਰ ਕਰਨ ਤੋਂ ਬਾਅਦ ਨਾਂਹ ਵਿਚ ਸਿਰ ਹਿਲਾ ਕੇ ਕਹਿਣ ਲੱਗੇ, "ਤੁਹਾਡਾ ਹੋਵੇਗਾ ਝਗੜਾ ਪਰ ਗੱਲ ਉਹਨੇ ਠੀਕ ਲਿਖੀ ਏ। ਅਸੀਂ ਪਤਾ ਕਰ ਲਿਐ ਸਾਰਾ ਫ਼ੋਨ 'ਤੇ। ਅਮਰੀਕ ਦੀ ਮੌਤ ਹੋ ਚੁੱਕੀ ਏ। ਜਦੋਂ ਤੁਹਾਨੂੰ ਸਪੌਂਸਰ ਕਰਨ ਵਾਲਾ ਹੀ ਇਸ ਦੁਨੀਆਂ 'ਚ ਨਹੀਂ ਰਿਹਾ ਤਾਂ ਤੁਸੀਂ ਕਨੇਡਾ ਵਿਚ ਦਾਖ਼ਲ ਹੋਣ ਦਾ ਅਧਿਕਾਰ ਆਪਣੇ ਆਪ ਗਵਾ ਬੈਠੇ ਓ!"

ਪਾਠ ਛੱਡ ਕੇ ਅੱਖਾਂ ਮੀਟੀ ਗੁੰਮ-ਸੁੰਮ ਬੈਠੇ ਨੂੰ ਛਿੰਦਰ ਨੇ ਮੋਢੇ ਤੋਂ ਫੜ ਕੇ ਹਲੂਣਿਆਂ, "ਨਹੀਂ, ਗੱਲ ਤਾਂ ਕੋਈ ਹੈ ਜ਼ਰੂਰ। ਭਾ ਜੀ ਦੱਸੋ ਵੀ।"

"ਪੁੱਤ! ਤੂੰ ਮੇਰੀ ਅੰਮ੍ਰਿਤਧਾਰੀ ਧੀ ਏਂ। ਵੱਡੀ ਵੀ ਏਂ, ਸਿਆਣੀ ਵੀ ਏਂ। ਤੇਰੇ 'ਤੇ ਗੁਰੂ ਮਹਾਰਾਜ ਦੀ ਮਿਹਰ ਵੀ ਏ। ਤੇਰੇ ਤੋਂ ਬਿਨਾ ਇਹ ਗੱਲ ਕਿਸੇ ਹੋਰ ਨਾਲ ਕਰ ਵੀ ਨਹੀਂ ਸਕਦਾ। ਆਪਣੇ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਵਾਅਦਾ ਕਰ ਕਿ ਇਹ ਗੱਲ ਆਪਣੀ ਮਾਂ ਨੂੰ ਨਹੀਂ ਦੱਸਣੀ।"

"ਕੀ, ਗੱਲ ਕੀ ਏ? ਛੇਤੀ ਦੱਸੋ। ਦੱਸੋ ਵੀ ਨਾ ਕੁਝ।"

"ਪਹਿਲਾਂ ਵਾਅਦਾ ਕਰ ਕਿ ਗੱਲ ਦਾ ਧੂੰ ਬਾਹਰ ਨਹੀਂ ਕੱਢੇਂਗੀ।"

"ਵਾਅਦਾ ਰਿਹਾ; ਪਰ ਤੁਸੀਂ ਗੱਲ ਤਾਂ ਦੱਸੋ" ਛਿੰਦਰ ਨੇ ਉਸਦੇ ਦੋਵੇਂ ਮੋਢੇ ਘੁੱਟ ਲਏ।

"ਗੱਲ ਏਹ ਵੇ ਪਈ, ਤੇਰੇ ਵੀਰ ਅਮਰੀਕ ਦਾ ਐਕਸੀਡੈਂਟ ਹੋ ਗਿਆ ਪਰਸੋਂ। ਉਸਦੇ ਸਿਰ 'ਚ ਸੱਟ ਲੱਗੀ ਏ।"

"ਹੈਂਅ!" ਕੁੜੀ ਨੇ ਡਾਡ ਮਾਰਨੀ ਚਾਹੀ ਪਰ ਅਮਰ ਸਿੰਘ ਨੇ ਉਹਦੇ ਮੂੰਹ 'ਤੇ ਹੱਥ ਰੱਖ ਦਿੱਤਾ, "ਕਮਲੀ ਨਾ ਬਣ। ਉਂਝ ਠੀਕ-ਠਾਕ ਐ ਉਹ। ਖ਼ਤਰੇ ਵਾਲੀ ਗੱਲ ਨਹੀਂ। ਕੁਝ ਦਿਨ ਹਸਪਤਾਲ ਵਿਚ ਰਹਿਣਾ ਪਊ। ਫ਼ਿਕਰ ਨਾ ਕਰ। ਜਰਨੈਲ ਸੁੰਹ ਨੇ ਦੱਸਿਐ ਕਿ ਫ਼ਿਕਰ ਵਾਲੀ ਮੂਲੋਂ ਕੋਈ ਗੱਲ ਨਹੀਂ। ਅਗਲੇ ਹਫ਼ਤੇ ਤਕ ਹਸਪਤਾਲ 'ਚੋਂ ਛੁੱਟੀ ਮਿਲ ਜਾਊ। ਪਰ ਫਿਰ ਵੀ ਆਪਣੀਆਂ ਆਂਦਰਾਂ ਨੇ। ਫ਼ਿਕਰ ਤਾਂ ਆਉਂਦੈ ਈ ਏ ਨਾ! ਤੇਰੀ ਮਾਂ ਦਾ ਇਕ ਤਾਂ ਦਿਲ ਬੜਾ ਹੌਲਾ ਏ। ਉਹਨੇ ਸੁਣ ਲਿਆ ਤਾਂ ਕੁਝ ਹੋ ਨਾ ਜਾਏ। ਦਿਨ ਤਾਂ ਸਾਰੇ ਦੋ ਨੇ ਵਿਚੋਂ ਜਾਣ ਵਿਚ। ਸਾਂਭਦੇ ਫਿਰਾਂਗੇ ਕਿ ਤਿਆਰੀ ਕਰਾਂਗੇ। ਤੂੰ ਵੇਖਿਆ ਨਹੀਂ ਜਦੋਂ ਉਹ ਪਹਿਲੀ ਵਾਰ ਬਾਹਰ ਨੂੰ ਤੁਰਿਆ ਸੀ ਤਾਂ ਤੁਸੀਂ ਆਪ ਈ ਦੱਸਦੀਆਂ ਸੋ ਕਿ ਕਿਵੇਂ ਉਹ ਬੇਹੋਸ਼ ਹੋ ਕੇ ਡਿੱਗ ਪਈ ਸੀ। ਦੰਦਲਾਂ ਪੈ ਪੈ ਜਾਂਦੀਆਂ ਸਨ। ਐਤਕੀਂ ਜਦੋਂ ਉਹ ਤੁਰਿਆ ਤਾਂ ਕਿਵੇਂ ਕਈ ਦਿਨ ਫੇਰ ਯਾਦ ਕਰ ਕਰ ਵਿਲਕਦੀ ਰਹੀ ਸੀ। ਤੈਨੂੰ ਆਪਣੇ ਗੁਰੂ ਦੀ ਸਹੁੰ, ਜੇ ਕਿਸੇ ਨਾਲ ਗੱਲ ਕਰੇਂ।"

ਕੁੜੀ ਦੀਆਂ ਅੱਖਾਂ ਵਿਚੋਂ ਪਰਲ ਪਰਲ ਅੱਥਰੂ ਕਿਰਨ ਲੱਗੇ, "ਭਾ ਜੀ, ਵੀਰ ਮੇਰਾ ਠੀਕ ਠਾਕ ਏ ਨਾ ਉਂਝ? ਮੇਰੇ ਸਿਰ 'ਤੇ ਹੱਥ ਰੱਖ ਕੇ ਸਹੁੰ ਖਾਓ।" ਉਸਨੇ ਆਪਣਾ ਸਿਰ ਅੱਗੇ ਕੀਤਾ।

"ਜਦੋਂ ਮੈਂ ਤੈਨੂੰ ਆਪਣੇ ਗੁਰੂ ਨੂੰ ਜਾਮਨ ਬਣਾ ਕੇ ਕਿਹੈ ਕਿ ਉਹ ਠੀਕ-ਠਾਕ ਐ ਤਾਂ ਤੂੰ ਮੰਨਦੀ ਕਿਉਂ ਨਹੀਂ।"

"ਨਹੀਂ, ਮੇਰੇ ਸਿਰ 'ਤੇ ਹੱਥ ਰੱਖ ਕੇ ਦੱਸੋ। ਗੁਰੂ ਤਾਂ ਲੋਕਾਂ ਨੇ ਮੰਨਣ ਲਈ ਨਹੀਂ ਸਹੁੰ ਖਾਣ ਨੂੰ ਈ ਰੱਖਿਐ!"

"ਲੈ" ਉਸਨੇ ਕੰਬਦਾ ਹੋਇਆ ਹੱਥ ਉਸਦੇ ਸਿਰ 'ਤੇ ਧਰ ਦਿੱਤਾ, "ਕੁਝ ਨਹੀਂ ਹੋਇਆ ਤੇਰੇ ਵੀਰ ਨੂੰ। ਅੱਗੇ ਵੀ ਤਾਂ ਇਕ ਵਾਰ ਉਹਨੇ ਬਾਂਹ 'ਤੇ ਸੱਟ ਲਵਾ ਲਈ ਸੀ ਤੇ ਓਨਾ ਚਿਰ ਦੱਸਿਆ ਨਹੀਂ ਸੀ ਸਾਨੂੰ, ਜਿੰਨਾਂ ਚਿਰ ਸੱਟ 'ਤੇ ਫ਼ਤਹਿ ਨਹੀਂ ਸੀ ਪਾ ਲਈ। ਰਾਜ਼ੀ ਹੋ ਕੇ ਈ ਖ਼ਬਰ ਦਿੱਤੀ ਸੀ। ਉਹਦਾ ਖ਼ਿਆਲ ਸੀ ਕਿ ਅਸੀਂ ਐਵੇਂ ਫ਼ਿਕਰ ਕਰਾਂਗੇ। ਉਹਨੇ ਤਾਂ ਹੁਣ ਵੀ ਆਪਣੇ ਤਾਏ ਨੂੰ ਕਿਹਾ ਸੀ ਕਿ ਸਾਨੂੰ ਨਾ ਦੱਸੇ, ਪਰ ਤਾਏ ਤੇਰੇ ਦੇ ਮੂੰਹੋਂ ਸਭਾਉਕੀ ਫ਼ੋਨ 'ਤੇ ਗੱਲ ਨਿਕਲ ਗਈ। ਵੀਰ ਤੇਰਾ ਵਿਚਾਰਾ ਤਾਂ ਸਗੋਂ ਏਸ ਗੱਲੋਂ ਪਰੇਸ਼ਾਨ ਏ ਕਿ ਉਹਦੇ ਮਾਂ-ਬਾਪ ਤੇ ਭੈਣ-ਭਰਾ ਪਹਿਲੀ ਵਾਰ ਕਨੇਡਾ ਆ ਰਹੇ ਨੇ ਤੇ ਉਹ ਇਸ ਹਾਲਤ ਵਿਚ ਉਹਨਾਂ ਨੂੰ ਏਅਰਪੋਰਟ 'ਤੇ ਲੈਣ ਵੀ ਨਹੀਂ ਆ ਸਕਦਾ! ਤੂੰ ਹੁਣ ਪੱਲੇ ਗੰਢ ਬੰਨ੍ਹ ਲੈ ਕਿ ਕਿਸੇ ਨਾਲ ਗੱਲ ਨਹੀਂ ਕਰਨੀ। ਓਥੇ ਜਾ ਕੇ ਤਾਂ ਆਪੇ ਪਤਾ ਲੱਗ ਜਾਣੈ। ਪਰ ਜਦੋਂ ਪੁੱਤ ਠੀਕ ਠਾਕ ਵੇਖ ਲਿਆ, ਆਪੇ ਤਸੱਲੀ ਹੋ ਜੂ ਮਾਂ ਦੀ। ਪਰ ਏਥੇ ਤਾਂ ਫ਼ਿਕਰ ਬਣਿਆਂ ਰਹੂ ਓਨੇ ਦਿਨ ਸਭ ਲਈ।"

ਉਹਨੇ ਇਕ ਵਾਰ ਫਿਰ ਧੀ ਦੇ ਸਿਰ 'ਤੇ ਹੱਥ ਰੱਖਿਆ, "ਵਾਹਗੁਰੂ! ਸੱਚਿਆ ਪਾਤਸ਼ਾਹ! ਮਿਹਰ ਦਾ ਹੱਥ ਰੱਖੀਂ ਸਭ ਦੇ ਸਿਰ 'ਤੇ। ਭੁੱਲਾਂ ਬਖ਼ਸ਼ੀਂ ਸਭ ਦੀਆਂ।" ਮੰਜੇ 'ਤੇ ਕੋਲ ਆਣ ਬੈਠੀ ਧੀ ਨੂੰ ਉਸਨੇ ਉੱਤੋਂ ਦੀ ਬਾਂਹ ਵਲ਼ ਕੇ ਗਲ਼ ਨਾਲ ਘੁੱਟ ਲਿਆ, "ਸਿੱਖੀ ਸਿਦਕ ਕਾਇਮ ਰੱਖੀਂ ਧੀਏ!"

ਧੀ ਦੇ ਗਲ਼ ਲੱਗ ਕੇ ਤੇ ਦੁੱਖ ਦਾ ਕੁਝ ਹਿਸਾ ਉਹਦੇ ਸਿਰ 'ਤੇ ਰੱਖ ਕੇ ਉਸਨੇ ਆਪਣੇ ਆਪ ਨੂੰ ਥੋੜ੍ਹਾ ਹੌਲ਼ਾ ਹੋ ਗਿਆ ਮਹਿਸੂਸ ਕੀਤਾ।

"ਪੁੱਤ! ਗੱਲ ਇਹ ਆਪਾਂ ਬਾਹਰ ਤਾਂ ਕੀ ਟੱਬਰ ਵਿਚ ਵੀ ਨਹੀਂ ਨਿਕਲਣ ਦੇਣੀ। ਜੇ ਲੋਕਾਂ ਨੂੰ ਪਤਾ ਲੱਗ ਗਿਆ ਤਾਂ ਫਿਰ ਤਿਆਰੀਆਂ ਕਰਾਂਗੇ ਕਿ ਮੁੰਡੇ ਦੀ ਸੁੱਖ-ਸਾਂਦ ਪੁੱਛਣ ਵਾਲਿਆਂ ਨੂੰ ਚਾਹਵਾਂ ਪਿਆਉਂਦੇ ਜਵਾਬ ਦਿੰਦੇ ਫਿਰਾਂਗੇ! ਨਾਲੇ ਤੇਰੀ ਮਾਂ ਦੇ ਦਿਲ ਦਾ ਤਾਂ ਤੈਨੂੰ ਪਤਾ ਈ ਏ।"

"ਚੱਲ ਅਕੇਲਾ, ਚੱਲ ਅਕੇਲਾ। ਤੇਰਾ ਮੇਲਾ ਪੀਛੇ ਛੂਟਾ ਰਾਹੀ ਚੱਲ ਅਕੇਲਾ!"

ਉਹ ਖਿਝ ਗਿਆ ਤੇ ਦੂਜੇ ਕਮਰੇ ਵਿਚ ਬੈਠੇ ਗੁਰਮੇਲ ਨੂੰ ਉੱਚੀ ਆਵਾਜ਼ ਵਿਚ ਝਿੜਕਿਆ।

"ਓ ਤੁਖ਼ਮਾਂ! ਟੀ ਵੀ ਬੰਦ ਕਰ ਉਏ। ਇਕ ਤਾਂ ਏਸ ਟੀ ਵੀ ਦੀ ਆਵਾਜ਼ ਨੇ ਪਿੰਡ ਸਿਰ 'ਤੇ ਚੁੱਕਣਾ ਲਿਆ।"

ਓਧਰੋਂ ਸੁਰਜੀਤ ਕੌਰ ਨੇ ਆਵਾਜ਼ ਦਿੱਤੀ, "ਨੀਂ ਹਰਿੰਦਰ! ਐਧਰ ਆ। ਜਿੱਦਣ ਦੀ ਵੱਡੀ ਭੈਣ ਆਈ ਏ, ਤੂੰ ਅਸਲੋਂ ਈ ਹੱਡ ਹਰਾਮ ਹੋ ਗਈ ਏਂ। ਰੋਟੀ ਫੜਾ ਵੀਰ ਆਪਣੇ ਨੂੰ। ਫਿਰ ਪਿਉ ਆਪਣੇ ਦੇ ਹੱਥ ਧੁਆ।"

ਥੋੜ੍ਹੀ ਦੇਰ ਬਾਅਦ ਸੁਰਜੀਤ ਕੌਰ ਰੋਟੀ ਵਾਲੀ ਥਾਲੀ ਫੜੀ ਅੰਦਰ ਆਈ, "ਲਓ ਉੱਠੋ! ਰੋਟੀ ਖਾਓ ਗਰਮਾ ਗਰਮ। ਤੁਹਾਡੀ ਪਸੰਦ ਦੀ ਛੋਲਿਆਂ ਦੀ ਦਾਲ ਕੱਦੂ ਪਾ ਕੇ ਬਣਾਈ ਏ। ਗੰਢਿਆਂ ਨੂੰ ਚੀਰ ਕੇ ਨਿੰਬੂ ਵੀ ਪਾਇਐ। ਹਰੀਆਂ ਮਿਰਚਾਂ ਨਾਲ। ਨਾਲ ਅੰਬੀਆਂ ਦੀ ਚਟਣੀ। ਕੱਲ੍ਹ ਗੁਰਮੇਲ ਆਪਣੇ ਬੰਬੀ ਵਾਲੇ ਅੰਬ ਤੋਂ ਲਾਹ ਕੇ ਤਾਜ਼ੀਆਂ ਅੰਬੀਆਂ ਲਿਆਇਐ। ਹੁਣ ਤਾਂ ਮੇਰੇ ਪੁੱਤ ਦਾ ਲਾਇਆ ਅੰਬ ਵੀ ਫ਼ਲ ਦੇਣ ਲੱਗ ਪਿਐ ਸੁੱਖ ਨਾਲ।"

ਅਮਰ ਸਿੰਘ ਨੇ ਹੱਥ ਧੋਤੇ ਤੇ ਅਣਮੰਨੇ ਮਨ ਨਾਲ ਥਾਲੀ ਫੜ ਲਈ। ਸਾਰੀ ਦਿਹਾੜੀ ਉਹਨੇ ਅੰਨ ਦਾ ਦਾਣਾ ਮੂੰਹ ਨੂੰ ਨਹੀਂ ਸੀ ਲਾਇਆ। ਪਿਛਲੀ ਰਾਤ ਏਸ ਵੇਲੇ ਦੀ ਰੋਟੀ ਖਾਧੀ ਹੋਈ ਸੀ। ਰੋਟੀ ਦੀ ਬੁਰਕੀ ਤੋੜ ਕੇ ਮੂੰਹ ਵਿਚ ਪਾਈ ਤੇ ਡੂੰਘੀਆਂ ਸੋਚਾਂ ਵਿਚ ਉੱਤਰ ਗਿਆ। ਸੋਚਦਿਆਂ ਸੋਚਦਿਆਂ ਤੇ ਬੁਰਕੀਆਂ ਚਬੋਲਦਿਆਂ ਚਬੋਲਦਿਆਂ ਉਹਨੂੰ ਪਤਾ ਨਾ ਚੱਲਿਆ; ਉਹ ਤਾਂ ਢਾਈ ਫੁਲਕੇ ਖਾ ਗਿਆ ਸੀ। ਆਪਣੇ ਆਪ 'ਤੇ ਹੈਰਾਨ ਹੋਇਆ।

ਠੀਕ ਹੀ ਸੀ; ਨਾ ਅੰਨ-ਪਾਣੀ ਛੁੱਟਦਾ ਹੈ ਨਾ ਦੁਨੀਆਂ ਦੇ ਕਾਰ-ਵਿਹਾਰ ਰੁਕਦੇ ਨੇ!

ਕੀ ਦੁੱਖ ਵੀ ਏਦਾਂ ਘਟਦਾ ਘਟਦਾ ਘਟ ਜਾਂਦਾ ਤੇ ਮੁੱਕ ਜਾਂਦਾ ਏ?

ਉਸਨੇ ਇਸਤੋਂ ਪਹਿਲਾਂ ਆਪਣੇ ਬਾਬੇ ਤੇ ਮਾਂ-ਬਾਪ ਦੀਆਂ ਮੌਤਾਂ ਹੀ ਇਸ ਘਰ ਵਿਚ ਵੇਖੀਆਂ ਸਨ। ਰੋਇਆ ਤਾਂ ਉਹ ਬਾਬੇ ਦੀ ਮੌਤ 'ਤੇ ਵੀ ਸੀ ਪਰ ਆਪਣੇ ਪਿਤਾ ਦੀ ਲਗਪਗ ਜਵਾਨੀ 'ਚ ਹੋਈ ਮੌਤ 'ਤੇ ਤਾਂ ਉਹ ਬਹੁਤ ਰੋਇਆ ਸੀ ਤੇ ਦੁੱਖ ਦਾ ਕੰਡਾ ਬੜੇ ਸਾਲ ਉਹਦੇ ਦਿਲ ਵਿਚ ਰੜਕਦਾ ਰਿਹਾ ਸੀ। ਪਰ ਮਾਂ ਦਾ ਤੁਰ ਜਾਣਾ ਤਾਂ ਉਹਨੂੰ ਬੜਾ ਸਹਿਜ ਲੱਗਾ ਸੀ। ਹੁਣ ਤਾਂ ਪਿਉ ਦੀ ਮੌਤ ਦਾ ਦੁੱਖ ਵੀ ਧੋਤਾ ਗਿਆ ਸੀ। ਪਰ ਕਿੰਨੇ ਸਾਲ ਲੰਘੇ ਸਨ ਇਸਨੂੰ ਧੋਣ ਵਿਚ! ਹੁਣ ਪੁੱਤ ਦੀ ਮੌਤ ਦਾ ਦੁੱਖ ਧੋਣ ਵਾਸਤੇ ਜਿੰਨੇ ਸਾਲ ਉਹਨੂੰ ਚਾਹੀਦੇ ਸਨ ਕੀ ਓਨੇ ਸਾਲ ਉਹਦੀ ਜ਼ਿੰਦਗੀ ਦੇ ਬਾਕੀ ਹੈ ਵੀ ਸਨ? ਨਹੀਂ, ਉਹਦਾ ਦੁੱਖ ਭੁੱਲਣ ਲਈ ਤਾਂ



ਇਕ ਹੋਰ ਪੂਰੀ ਉਮਰ ਚਾਹੀਦੀ ਸੀ।

ਕੁਝ ਘਰ ਛੱਡ ਕੇ ਦਲੀਪ ਸਿੰਘ ਦੇ ਘਰ ਦੇ ਬਨੇਰੇ 'ਤੇ ਸਪੀਕਰ ਵੱਜ ਰਿਹਾ ਸੀ। ਉਹ ਮੁੰਡਾ ਵਿਆਹ ਕੇ ਮੁੜੇ ਸਨ।

ਰੋਟੀ-ਟੁੱਕ ਤੋਂ ਵਿਹਲੇ ਹੋ ਕੇ ਸਾਰੇ ਬਿਸਤਰਿਆਂ 'ਤੇ ਜਾ ਪਏ। ਕੁੜੀਆਂ ਤੇ ਮੁੰਡਾ ਦੂਜੇ ਕਮਰੇ ਵਿਚ ਤੇ ਅਮਰ ਸਿੰਘ ਤੇ ਸੁਰਜੀਤ ਕੌਰ ਆਪਣੇ ਕਮਰੇ ਵਿਚ।

"ਮੈਂ ਕਿਹਾ, ਅਮਰੀਕ ਦੇ ਭਾ ਜੀ, ਵਹੁਟੀ ਵੀ ਹੁਣ ਦਿਨਾਂ ਤੇ ਹੁਣੀ ਆਂ। ਅਮਰੀਕ ਨੇ ਕੋਈ ਖ਼ਬਰ ਨਹੀਂ ਦਿੱਤੀ।"

"ਖ਼ਬਰ ਹੁੰਦੀ ਤਾਂ ਆਪੇ ਪਤਾ ਲੱਗ ਜਾਂਦੀ। ਏਸੇ ਕਰਕੇ ਤਾਂ ਉਹ ਛੇਤੀ ਆਉਣ ਨੂੰ ਜ਼ੋਰ ਲਾਉਂਦੈ। ਕਹਿੰਦੈ; ਵਹੁਟੀ ਢਿੱਲੀ ਹੋਣ ਕਰ ਕੇ ਘਰ ਵਿਚ ਜੀਆਂ ਦੀ ਲੋੜ ਏ।"

"ਸ਼ੁਕਰ ਐ। ਸੱਚਿਆ ਪਾਤਸ਼ਾਹ! ਤੇਰਾ ਲੱਖ ਲੱਖ ਸ਼ੁਕਰ! ਸਭ ਕੁਝ ਠੀਕ-ਠਾਕ ਨਜਿੱਠਿਆ ਜਾਏ। ਸਾਡੇ ਪੈਰ ਕਨੇਡਾ ਦੀ ਧਰਤੀ 'ਤੇ ਸੁਲੱਖਣੇ ਪੈਣ। ਸਾਡੀ ਜੜ ਲੱਗੇ।"

ਕੁਝ ਚਿਰ ਜਾਣ ਦੀਆਂ ਤਿਆਰੀਆਂ ਦਾ ਵੇਰਵਾ ਵਿਚਾਰਿਆ ਜਾਂਦਾ ਰਿਹਾ। ਤੇ ਫਿਰ ਡੂੰਘੀ ਰਾਤ ਗਈ ਨਾਲ ਦੋਵੇਂ ਪਾਸਾ ਬਦਲ ਕੇ ਅੱਖਾਂ ਮੀਚ ਕੇ ਚੁੱਪ ਹੋ ਗਏ।

ਅਮਰ ਸਿੰਘ ਬਿਸਤਰੇ 'ਤੇ ਪਿਆ ਬੇਚੈਨੀ ਵਿਚ ਪਾਸੇ ਬਦਲਣ ਲੱਗਾ। ਉੱਸਲਵੱਟੇ ਲੈਂਦਾ, ਮਨ ਭਰਦਾ, ਹਿਚਕੀਆਂ ਰੋਕ ਕੇ ਰੋਂਦਾ। ਸਿਰਹਾਣਾ ਗਿੱਲਾ ਹੁੰਦਾ ਰਿਹਾ। ਦ੍ਰਿਸ਼ ਅੱਖਾਂ ਅੱਗੋਂ ਲੰਘਦੇ ਗਏ।

ਉਹ ਲਸੂੜੇ ਹੇਠਾਂ ਮੰਜੀ 'ਤੇ ਲੇਟਿਆ ਹੋਇਆ ਸੀ। ਉਦਾਸ ਜਿਹਾ ਮੂੰਹ ਲੈ ਕੇ ਅਮਰੀਕ ਉਹਦੀ ਮੰਜੀ ਕੋਲ ਆਣ ਖਲੋਤਾ। ਉਹ ਅੰਦਰਲੇ ਘਰੋਂ ਤਾਏ ਜਰਨੈਲ ਸਿੰਘ ਦੇ ਹਾਣੀ ਮੁੰਡਿਆਂ ਨਾਲ ਖੇਡਦਾ ਆਇਆ ਸੀ। ਚਾਚੇ-ਤਾਏ ਦੇ ਪੁੱਤ ਭਰਾਵਾਂ ਵਿਚ ਵੰਡ-ਵੰਡਾਈ ਹੋ ਜਾਣ ਤੋਂ ਪਿੱਛੋਂ ਉਹ ਪਿਛਲੇ ਦਿਨਾਂ ਤੋਂ ਹਵੇਲੀ ਵਿਚ ਰਿਹਾਇਸ਼ ਲੈ ਆਏ ਸਨ, ਪਰ ਏਥੇ ਅਮਰੀਕ ਦਾ ਜੀਅ ਨਹੀਂ ਸੀ ਲੱਗਦਾ। ਉਹ ਦਿਨ ਚੜ੍ਹਦਿਆਂ ਅੰਦਰਲੇ ਘਰ ਵੱਲ ਭੱਜ ਜਾਂਦਾ। ਪਰ ਉਥੋਂ ਉਦਾਸ ਹੋ ਕੇ ਘਰ ਪਰਤਦਾ। ਕੋਈ ਨਾ ਕੋਈ ਸਵਾਲ ਉਹਦੀ ਜ਼ਬਾਨ 'ਤੇ ਹੁੰਦਾ। ਉਸਨੇ ਅੰਦਰਲੇ ਘਰ ਈ ਜਨਮ ਲਿਆ ਸੀ। ਓਥੇ ਹੀ ਰਿੜ੍ਹਨਾ, ਤੁਰਨਾ ਤੇ ਤੁਤਲਾਉਣਾ ਸਿਖਿਆ ਸੀ। ਸਮਝ ਨਹੀਂ ਸੀ ਪੈਂਦੀ ਕਿ ਹੁਣ ਉਹ ਆਪਣੇ ਕਮਰੇ ਵਿਚ ਰਾਤ ਨੂੰ ਕਿਉਂ ਨਹੀਂ ਸੀ ਸੌਂ ਸਕਦਾ। ਉਹਦੇ ਮਾਂ-ਬਾਪ ਰਾਤ ਨੂੰ ਉਸ ਘਰ ਜਾਂਦੇ ਕਿਉਂ ਨਹੀਂ ਸਨ। ਉਹਦੀ ਬੀ ਜੀ ਉਹਦੀ ਤਾਈ ਨਾਲ ਮਿਲ ਕੇ ਤੰਦੂਰੇ ਰੋਟੀਆਂ ਕਿਉਂ ਨਹੀਂ ਲਾਉਂਦੀ। ਉਹਨਾਂ ਕੋਲ ਹਵੇਲੀ ਵਿਚ ਇਕ ਬਲ਼ਦ, ਬੂਰੀ ਮੱਝ ਤੇ ਕੱਟਾ ਹੀ ਕਿਉਂ ਰਹਿ ਗਏ ਨੇ। ਦੂਜੇ ਡੰਗਰਾਂ ਤੋਂ ਵਿਛੜ ਕੇ ਇਹਨਾਂ ਦਾ ਜੀਅ ਏਥੇ ਕਿਵੇਂ ਲੱਗਦਾ ਹੋਏਗਾ!

ਅਮਰ ਸਿੰਘ ਉਸਦੇ ਬਾਲ-ਮਨ ਦੀ ਉਦਾਸੀ ਨੂੰ ਸਮਝਦਾ ਸੀ। ਉਸਨੇ ਚੁੱਕ ਕੇ ਹਿੱਕ 'ਤੇ ਬਿਠਾ ਲਿਆ। ਲਾਡ ਲਡਾਉਣ ਲੱਗਾ, "ਅਮਰੀਕ ਸੁੰਹ ਸਰਦਾਰ। ਘੋੜੇ ਪੰਜ, ਬੰਦੂਕਾਂ ਚਾਰ। ਵਾਹੀ ਕਰਦਾ ਨਹਿਰੋਂ ਪਾਰ।"

ਅਮਰੀਕ ਨੂੰ ਅਚਨਚੇਤ ਕੁਝ ਚੇਤਾ ਆ ਗਿਆ।

"ਭਾਅ ਜੀ! ਨਵਤੇਜ ਆਖਦਾ ਸੀ, ਨਹਿਰੋਂ ਪਾਰ ਵਾਲੀ ਜਮੀਨ ਹੁਣ ਉਹਨਾਂ ਦੀ ਹੋ ਗਈ ਏ। ਆਪਣੇ ਕੋਲ ਖੂਹ ਵਾਲੀ ਜਮੀਨ ਈ ਰਹਿ ਗਈ ਏ। ਉਹ ਆਖਦਾ ਸੀ ਅੰਦਰਲੇ ਪੱਕੇ ਘਰ ਵੀ ਹੁਣ ਸਾਡੇ ਨਹੀਂ ਰਹਿ ਗਏ।"

"ਕੋਈ ਨਹੀਂ, ਸਾਡਾ ਸੋਹਣਾ ਤੇ ਸ਼ੇਰ ਪੁੱਤ ਏਥੇ ਹਵੇਲੀ 'ਚ ਈ ਪੱਕੇ ਕੋਠੇ ਛੱਤ ਲਊਗਾ। ਨਵੇਂ ਤੇ ਸੋਹਣੇ। ਅੰਦਰਲਾ ਪੱਕਾ ਘਰ ਤਾਂ ਗੰਦਾ ਤੇ ਪੁਰਾਣਾ ਹੋ ਗਿਐ।"

ਅਮਰ ਸਿੰਘ ਨੇ ਉਹਦਾ ਧਿਆਨ ਪਾਸੇ ਪਾਉਣ ਲਈ ਲੇਟੇ ਲੇਟੇ ਨੇ ਆਪਣੀਆਂ ਲੱਤਾਂ ਇਕੱਠੀਆਂ ਕੀਤੀਆਂ ਤੇ ਅਮਰੀਕ ਨੂੰ ਢਿੱਡ ਤੋਂ ਚੁੱਕ ਕੇ ਲੱਤਾਂ ਉੱਤੇ ਬਿਠਾ ਲਿਆ। ਅਮਰੀਕ ਨੇ ਉਹਦੇ ਗੋਡਿਆਂ ਨੂੰ ਕਰਿੰਘੜੀ ਮਾਰ ਲਈ। ਉਹ ਲੱਤਾਂ ਹੇਠ ਉੱਤੇ ਕਰਨ ਲੱਗਾ।

"ਹੂਟੇ, ਮਾਟੇ, ਸੋਨੇ ਦੀ ਗੱਡ ਘਰਾਟੇ,

ਮਾਈਓ, ਬੁੱਢੀਓ, ਭਾਂਡੇ-ਟੀਂਡੇ ਸਾਂਭ ਲੌ,
ਅਮਰੀਕ ਸੂੰਹ ਦੀ ਰੇਲ ਗੱਡੀ ਆਈ ਜੇਅ ਅਅ।"

ਉਹ ਲੱਤਾਂ ਉੱਚੀਆ ਕਰਕੇ ਸਿਰ ਵੱਲ ਲੈ ਆਉਂਦਾ। ਅਮਰੀਕ ਖਿੜ ਖਿੜ ਹੱਸਦਾ।

"ਭਾਅ ਜੀ ਰੇਲ ਗੱਡੀ ਕੀ ਹੁੰਦੀ ਆ?"

"ਤੂੰ ਬੱਸ ਵੇਖੀ ਐ ਨਾ!"

"ਹਾਹੋ"

"ਕਿੰਨ੍ਹੀਆਂ ਸਾਰੀਆਂ ਬੱਸਾਂ ਜੋੜ ਦਈਏ ਤਾਂ ਰੇਲ ਬਣ ਜਾਂਦੀ ਐ।"

"ਆਪਾਂ ਰੇਲ ਗੱਡੀ 'ਤੇ ਕਦੋਂ ਚੜ੍ਹਾਂਗੇ?"

"ਜਦੋਂ ਤੂੰ ਪੱਕੇ ਕੋਠੇ ਪਾਉਣ ਲਈ ਜਹਾਜ਼ 'ਤੇ ਚੜ੍ਹ ਕੇ ਦੁਅਅਅਰ ਗਿਓਂ ਕਮਾਈਆਂ ਕਰਨ ਤਾਂ ਆਪਾਂ ਰੇਲ ਗੱਡੀ 'ਤੇ ਚੜ੍ਹ ਕੇ ਤੈਨੂੰ ਜਹਾਜ਼ੇ ਚੜ੍ਹਾਉਣ ਜਾਵਾਂਗੇ।"

ਅਮਰੀਕ ਦਾ ਧਿਆਨ ਪਿਤਾ ਵੱਲੋਂ ਲਮਕਾ ਕੇ ਆਖੇ ਸ਼ਬਦ 'ਦੁਅਅਅਰ' 'ਤੇ ਅਟਕ ਗਿਆ ਸੀ।

"ਜਦੋਂ ਮੈਂ ਦੁਅਅਅਰ ਚਲਾ ਗਿਆ ਤਾਂ 'ਕੱਲਾ ਮੁੜ ਕੇ ਕਿਵੇਂ ਆਉਂਗਾ?"

ਅਮਰ ਸਿੰਘ ਦੀ ਭੁੱਬ ਨਿਕਲਣ ਨੂੰ ਆਈ ਪਰ ਉਸਨੇ ਇਸ ਨੂੰ ਨਕਲੀ ਖੰਘ ਵਿਚ ਬਦਲ ਲਿਆ। ਸੁਰਜੀਤ ਕੌਰ ਨੂੰ ਸੁੱਤੀ ਜਾਣ ਕੇ ਉਸਨੇ 'ਖੰਘ' ਗਲ਼ ਵਿਚ ਹੀ ਘੁੱਟਣੀ ਚਾਹੀ। ਪਰ ਸੁਰਜੀਤ ਕੌਰ ਤਾਂ ਜਾਗਦੀ ਪਈ ਸੀ, "ਜੀ ਪਾਣੀ ਦਿਆਂ!"

"ਨਹੀਂ, ਸੌਂ ਜਾ। ਸੁੱਤੀ ਕਿਉਂ ਨਹੀਂ ਅਜੇ ਤਾਈਂ?"

"ਨੀਂਦ ਜਿਹੀ ਨਹੀਂ ਆਉਂਦੀ। ਜਾਣੀਦਾ, ਮਨ ਨੂੰ ਟਿਕਾਅ ਜਿਹਾ ਨਹੀਂ।"

"ਅੱਖਾਂ ਮੀਚ ਤੇ ਰੱਬ ਦਾ ਧਿਆਨ ਧਰ। 'ਵਾਹਗੁਰੂ! ਵਾਹਗੁਰੂ!' ਆਖ। ਨੀਂਦ ਆ ਜੂ।" ਤੇ ਉਸਨੇ "ਵਾਹਿਗੁਰੂ!" ਕਹਿੰਦਿਆਂ ਪਾਸਾ ਪਰਤ ਲਿਆ।

ਥੋੜ੍ਹੀ ਦੇਰ ਬਾਅਦ ਸੁਰਜੀਤ ਕੌਰ ਦੇ ਸਾਹਵਾਂ ਦੀ ਆਵਾਜ਼ ਆਉਣ ਲੱਗੀ।

ਉਸ ਆਪਣੇ ਆਪ ਨੂੰ ਸਵਾਲ ਕੀਤਾ, "ਨੀਂਦ ਤਾਂ ਕਹਿੰਦੇ ਨੇ ਸੂਲਾਂ ਦੀ ਸੇਜ 'ਤੇ ਵੀ ਆ ਜਾਂਦੀ ਹੈ। ਪਰ ਮੈਨੂੰ ਨੀਂਦ ਕਿਉਂ ਨਹੀਂ ਆਉਂਦੀ! ਕੀ ਮੇਰੀ ਸੇਜ ਨੂੰ ਨੀਂਦ ਆਉਣ ਲਈ ਅਜੇ ਹੋਰ ਸੂਲਾਂ ਦੀ ਲੋੜ ਹੈ!"

ਯਤਨ ਦੇ ਬਾਵਜੂਦ ਨੀਂਦ ਨਹੀਂ ਆਈ। ਆਪਣੀ ਹਿੱਕ ਨੂੰ 'ਘੋੜਾ' ਬਣਾ ਕੇ ਬੈਠੇ ਅਮਰੀਕ ਦੀ ਨਿੱਕੀ ਜਿਹੀ ਤਲੀ ਨੂੰ ਉਸਨੇ ਆਪਣੀਆਂ ਸੱਜੇ ਹੱਥ ਦੀਆਂ ਉਂਗਲਾਂ ਦੇ ਪੋਟਿਆਂ ਨਾਲ ਛੂਹਿਆ। ਉਹ ਉਹਦੇ ਨਿੱਕੇ ਜਿਹੇ ਹੱਥ 'ਤੇ 'ਚੂਰੀ ਕੁੱਟਣ' ਲੱਗਾ।

"ਦਹੀਂ ਦੀ ਫੁੱਟੀ, ਚੂਰੀ ਕੁੱਟੀ।
ਹਾਲੀਓ! ਪਾਲੀਓ! ਐਥੇ ਮੇਰਾ ਪੁੱਤ ਅਮਰੀਕ ਸੂੰਹ
ਕਿਤੇ ਮਾਲ-ਡੰਗਰ ਚਾਰਦਾ ਐ ਭਈ ਉਏ!
ਮੈਂ ਉਹਦੀ ਰੋਟੀ ਲੈ ਕੇ ਆਇਆਂ"

ਤੇ ਫਿਰ ਉਹ 'ਲੱਭ ਲੈਣ ਦਾ' ਨਾਟਕ ਕਰਦਾ ਉਹਦੀਆਂ ਵੱਖੀਆਂ ਕੁਤਕਤਾਉਂਦਾ, "ਲੱਭ ਲਿਆ ਲੱਭ ਲਿਆ!"

ਅਮਰੀਕ ਖਿੜ ਖਿੜ ਹੱਸਦਾ ਉਹਦੀ ਹਿੱਕ 'ਤੇ ਲੋਟ ਪੋਟ ਹੋਣ ਲੱਗਾ।

ਅਮਰ ਸਿੰਘ ਨੇ ਮੱਚਦੇ ਕਲੇਜੇ ਨੂੰ ਘੁੱਟਿਆ। ਅਮਰੀਕ ਨੂੰ 'ਲੱਭਣ' ਲਈ ਆਪਣੀ ਹਿੱਕ ਨੂੰ ਟੋਹਿਆ। ਉਹ ਤਾਂ ਐਥੇ ਕਿਧਰੇ ਵੀ ਨਹੀਂ ਸੀ। ਉਹ 'ਲੱਭਣ' ਲੱਗਾ। ਪਰ ਉਹ ਤਾਂ ਉਹਨਾਂ ਦੇ ਟੱਬਰ ਦੀ ਰੋਟੀ 'ਲੱਭਣ' ਕਿਤੇ 'ਦੁਅਅਅਰ' ਨਿਕਲ ਗਿਆ ਸੀ। ਉਹ ਉਹਨੂੰ ਕਿੱਥੋਂ ਲੱਭਦਾ!

ਅਮਰੀਕ ਨੂੰ ਲੱਭਦਿਆਂ ਲੱਭਦਿਆਂ ਉਹ ਹਨੇਰੇ ਵਿਚ ਦੌੜ ਰਿਹਾ ਸੀ ਕਿ ਗੁਰਦਵਾਰੇ ਵਿਚੋਂ ਸਪੀਕਰ 'ਤੇ ਬਾਬੇ ਦੀ ਆਵਾਜ਼ ਗੂੰਜ ਉੱਠੀ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਖ਼ਾਲਸਾ ਜੀ



ਸਵੇਰੇ ਵਿਸਾਖੀ ਦੇ ਸ਼ੁਭ-ਦਿਹਾੜੇ 'ਤੇ ਜਮਰੌਦ ਦੇ ਕਿਲ੍ਹੇ 'ਤੇ ਕੇਸਰੀ ਝੰਡੇ ਝੁਲਾਉਣ ਵਾਲੇ ਸ਼ਹੀਦ ਬਾਬਾ ਬਲਕਾਰ ਸਿੰਘ ਦੀ ਯਾਦ ਵਿਚ ਰੱਖੇ ਗਏ ਸ੍ਰੀ ਆਖੰਡ-ਪਾਠ ਸਾਹਿਬ ਦੇ ਭੋਗ ਸਵੇਰੇ ਦਸ ਵਜੇ ਪੈਣਗੇ। ਉਪਰੰਤ ਦੀਵਾਨ ਸਜਣਗੇ। ਸਭ ਮਾਈ ਭਾਈ ਨੂੰ ਬੇਨਤੀ ਹੈ ਕਿ ਸ੍ਰੀ ਆਖੰਡ-ਪਾਠ ਸਾਹਿਬ ਦੇ ਭੋਗ ਸਮੇਂ ਹੁੰਮ-ਹੁਮਾ ਕੇ ਦਰਸ਼ਨ ਦਿਓ ਤੇ ਸ਼ਹੀਦ ਸਿੰਘਾਂ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਵਾਹਿਗੁਰੂ ਜੀ ਕਾ ਖ਼ਾਲਸਾ! ਵਾਹਿਗੁਰੂ ਜੀ ਕੀ ਫ਼ਤਹਿ!"

ਉਹਨਾਂ ਦੇ ਪਿੰਡ ਦੇ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਵਿਸਾਖੀ ਦਾ ਮੇਲਾ ਲੱਗਦਾ ਸੀ। ਆਖੰਡ ਪਾਠ ਦਾ ਭੋਗ ਪੈਂਦਾ। ਦੀਵਾਨ ਲੱਗਦਾ। ਰਾਤ ਨੂੰ ਆਤਿਸ਼ਬਾਜ਼ੀ ਚੱਲਦੀ। ਲੋਕ ਘਰਾਂ ਦੇ ਬਨੇਰਿਆਂ 'ਤੇ ਦੀਵੇ ਬਾਲਦੇ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਦੀਆਂ ਤੋਂ ਭਾਰਤ 'ਤੇ ਹੜ੍ਹਿਆਏ ਤੂਫ਼ਾਨਾਂ ਵਾਂਗ ਹਮਲਾਵਰ ਹੁੰਦੇ ਆਏ ਅਫ਼ਗ਼ਾਨਾਂ ਨੂੰ ਉਹਨਾਂ ਦੇ ਘਰ ਦੀਆਂ ਬਰੂਹਾਂ ਤੋਂ ਅੰਦਰਵਾਰ ਪਿੱਛੇ ਧੱਕ ਕੇ ਹਰੀ ਸਿੰਘ ਨਲੂਏ ਦੀ ਅਗਵਾਈ ਵਿਚ ਜਮਰੌਦ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ ਸੀ ਤਾਂ ਉਹਨਾਂ ਦੇ ਪਿੰਡ ਦਾ ਬਾਬਾ ਬਲਕਾਰ ਸਿੰਘ ਨਲੂਏ ਦੇ ਨਾਲ ਹੀ ਉਸ ਜੰਗ ਵਿਚ ਲੱਗੇ ਜ਼ਖ਼ਮਾਂ ਕਾਰਨ ਸ਼ਹੀਦੀ ਪਾ ਗਿਆ ਸੀ। ਪਰ ਸ਼ਹੀਦ ਹੋਣ ਤੋਂ ਪਹਿਲਾਂ ਜਮਰੌਦ ਦੇ ਕਿਲ੍ਹੇ 'ਤੇ ਪੰਜਾਬੀਆਂ ਦਾ ਝੰਡਾ ਝੁਲਦਾ ਵੇਖ ਗਿਆ ਸੀ। ਜਮਰੌਦ ਦੇ ਕਿਲ੍ਹੇ 'ਤੇ ਝੰਡਾ ਝੁੱਲਦਾ ਵੇਖ ਕੇ ਪਹਿਲੀ ਵਾਰ ਪੰਜਾਬ ਹੁਲਾਸ ਨਾਲ ਭਰ ਗਿਆ ਸੀ। ਪੰਜਾਬੀਆਂ ਨੂੰ ਪਹਿਲੀ ਵਾਰ ਆਪਣਾ ਘਰ 'ਆਪਣਾ ਘਰ' ਲੱਗਣ ਲੱਗਾ ਸੀ। ਜ਼ੰਜੀਰਾਂ ਵਿਚ ਜਕੜਿਆ ਪਿੱਛੇ ਖਲੋਤਾ ਹਿੰਦੁਸਤਾਨ ਹਸਰਤ ਨਾਲ ਇਸ ਝੰਡੇ ਵੱਲ ਵੇਖ ਰਿਹਾ ਸੀ।

ਪੰਜਾਬੀਆਂ ਵਾਂਗ ਅਮਰ ਸਿੰਘ ਦੇ ਗਿਰਾਈਆਂ ਦੇ ਮਨ ਵਿਚ ਵੀ ਇਹ ਹਸਰਤ ਸਦਾ ਰੜਕਦੀ ਰਹਿੰਦੀ ਸੀ ਕਿ ਕਾਸ਼! ਉਹਨਾਂ ਦਾ 'ਘਰ' ਸੁਰੱਖਿਅਤ ਰਹਿੰਦਾ ਤਾਂ ਖ਼ਬਰੇ ਉਹਨਾਂ ਨੂੰ 'ਰੋਟੀ ਲੱਭਣ ਲਈ' ਹੋਰਨਾਂ ਦੇ ਦਰ-ਘਰ ਵੱਲ ਨਾ ਵੇਖਣਾ ਪੈਂਦਾ!

'ਗੁਰਦਵਾਰਾ ਸ਼ਹੀਦਾਂ' ਸ਼ਹੀਦ ਬਾਬਾ ਬਲਕਾਰ ਸਿੰਘ ਤੇ ਜਮਰੌਦ ਦੇ ਕਿਲ੍ਹੇ 'ਤੇ ਉਹਨਾਂ ਦੀ ਜਿੱਤ ਦੇ ਮਾਣ ਦਾ ਪ੍ਰਤੀਕ ਸੀ। ਪਿੰਡ ਵਾਲਿਆਂ ਲਈ ਇਤਿਹਾਸਕ ਗੌਰਵ ਦਾ ਨਿਸ਼ਾਨ। ਸਦੀਆਂ ਤੋਂ ਰੁਲਦੇ ਤੇ ਡਿੱਗੇ ਢੱਠੇ ਪੰਜਾਬ ਦੇ ਸਿਰ 'ਤੇ ਪੱਗ ਧਰਨ ਵਾਲੀ ਧਿਰ ਦਾ ਜਲੌਅ। ਪਿੰਡ ਵਾਲਿਆਂ ਦੀ ਵੱਡੀ ਧਿਰ ਅਤੇ ਧਰਵਾਸਾ। ਇਸ ਸ਼ਹੀਦੀ ਦਾ ਮਾਣ ਹੀ ਸੀ ਕਿ 'ਜਮਰੌਦ ਦਾ ਕਿਲ੍ਹਾ' ਉਹਨਾਂ ਦੀ ਗੱਲ-ਬਾਤ ਵਿਚ ਅਕਸਰ ਸਿਰ ਉੱਚਾ ਚੁੱਕ ਕੇ ਖਲੋ ਜਾਂਦਾ ਸੀ। ਜਦੋਂ ਬਾਬੇ ਚੜ੍ਹਤ ਸਿੰਘ ਨੇ ਮਿਸਟਰ ਰੀਡ ਨੂੰ ਲਲਕਾਰਿਆ ਸੀ, "ਯਾਦ ਰੱਖੀਂ ਮਿਸਟਰ ਰੀਡ! ਮੈਂ ਪਰਤਾਂਗਾ ਕਨੇਡਾ, ਕਿਸੇ ਨਾ ਕਿਸੇ ਦਿਨ। ਆਜ਼ਾਦ ਮੁਲਕ ਦੇ ਆਪਣੇ ਜਹਾਜ਼ 'ਤੇ। ਰੋਟੀ ਲਈ ਲਿਲ੍ਹਕੜੀਆਂ ਲੈਣ ਨਹੀਂ; ਤੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਤੇਰੇ ਬਰਾਬਰ ਦੀ ਧਿਰ ਬਣ ਕੇ।" ਤਾਂ ਉਸ ਅੰਦਰੋਂ ਉਦੋਂ ਉਹਦੇ ਸ਼ਹੀਦ ਬਾਬੇ ਬਲਕਾਰ ਸਿੰਘ ਦਾ ਭਰੋਸਾ ਹੀ ਬੋਲਿਆ ਸੀ ਜਿਹੜਾ ਸਦੀਆਂ ਤੋਂ ਪੰਜਾਬ 'ਤੇ ਚੜ੍ਹ ਕੇ ਆਉਂਦੇ ਧਾੜਵੀਆਂ ਨੂੰ ਦਿਲ-ਜਿਗਰੇ ਨਾਲ ਵੰਗਾਰ ਰਿਹਾ ਸੀ, "ਆ ਓਏ! ਅਹਿਮਦ ਸ਼ਾਹ ਅਬਦਾਲੀ! ਤੂੰ ਵੀ ਆ ਨਾਦਰਸ਼ਾਹ! ਮੈਂ ਆਇਆ ਹਾਂ ਤੁਹਾਡੇ ਨਾਲ ਬਰਾਬਰ ਦੀ ਧਿਰ ਬਣ ਕੇ ਜੂਝਣ ਲਈ। ਤੁਹਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲਈ। ਆਜ਼ਾਦ ਦੇਸ਼ ਦਾ ਆਜ਼ਾਦ ਬਾਸ਼ਿੰਦਾ।"

ਪਿੰਡ ਦੇ ਮੇਲੇ 'ਤੇ ਸੁਣੀ ਸ਼ਹੀਦੀ-ਵਾਰ ਅਮਰ ਸਿੰਘ ਦੇ ਜ਼ਿਹਨ ਵਿਚ ਗੂੰਜੀ। ਬਾਬਾ ਬਲਕਾਰ ਸਿੰਘ ਜਮਰੌਦ ਦੇ ਜੰਗ ਵਿਚ ਘਾਤਕ ਜ਼ਖ਼ਮ ਲੱਗਣ ਤੋਂ ਬਾਅਦ ਆਪਣੇ ਸਾਥੀਆਂ ਨੂੰ ਕਹਿ ਰਿਹਾ ਸੀ, "ਮੇਰਾ ਚਿਖਾ-ਸਿੰਘਾਸਣ ਆਖ਼ਰੀ ਵਿਚ ਕਿਲ੍ਹੇ ਬਣਾਉਣਾ। ਮੇਰਾ ਮੂੰਹ ਕਾਬਲ ਵੱਲ ਰੱਖਣਾ ਜਦ ਲੰਬੂ ਲਾਉਣਾ। ਮੈਂ ਨਾਲ ਤੁਹਾਡੇ ਹੋਵਾਂਗਾ ਤੁਸੀਂ ਨਹੀਂ ਘਬਰਾਉਣਾ।"

"ਸ਼ਹੀਦ ਸਿੰਘੋ! ਮੇਰੇ ਨਾਲ ਹੋਵੋ। ਮੇਰੇ ਅੰਗ-ਸੰਗ। ਸੱਚੇ ਪਾਤਸ਼ਾਹ! ਮੇਰੀ ਟੇਕ ਬਣੋ। ਮੈਂ ਆਪਣੇ ਮਨ 'ਤੇ ਲੱਦੇ ਪਹਾੜ ਦਾ ਭਾਰ ਝੱਲ ਸਕਾਂ।"

ਪਤਾ ਨਹੀਂ ਕਦੋਂ ਤੇ ਕਿਵੇਂ ਪਲ ਕੁ ਲਈ ਅੱਖ ਲੱਗੀ। ਜਾਗੋਮੀਟੀ ਜਿਹੀ ਵਿਚ ਉਹਨੂੰ ਮਹਿਸੂਸ ਹੋਇਆ ਉਹ ਧਰਤੀ ਵਿਚ ਹੋਏ ਛੇਕ ਵਿਚ ਡਿਗ ਪਿਆ ਹੈ। ਹੇਠਾਂ ਡਿਗਣੋਂ ਬਚਣ ਲਈ ਉਹ ਬੰਨੇ ਨੂੰ ਹੱਥ ਪਾਉਂਦਾ ਹੈ। ਹੱਥ ਛੁਟਕ ਛੁਟਕ ਜਾ ਰਹੇ ਹਨ। ਉਹਦੇ ਸਿਰ ਉਪਰ ਖਲੋਤਾ ਸ਼ਹੀਦ ਬਾਬਾ ਬਲਕਾਰ ਸਿੰਘ, ਉਹਦਾ ਬਾਬਾ ਚੜ੍ਹਤ ਸਿੰਘ ਤੇ ਉਹਦੀ ਆਪਣੀ ਮਾਂ ਉਸ ਵੱਲ ਵੇਖ ਕੇ ਮੁਸਕਰਾ ਰਹੇ ਹਨ। ਉਹ ਉਹਨਾਂ ਕੋਲ ਤਰਲਾ ਲੈਂਦਾ

ਹੈ ਕਿ ਉਸਦੀਆਂ ਬਾਹਵਾਂ ਤੋਂ ਫੜ ਕੇ ਉਹਨੂੰ ਜ਼ਮੀਨ ਵਿਚ ਗੁਰਕਣੋਂ ਬਚਾ ਲੈਣ। ਪਰ ਉਹ ਉਸਦੀ ਸਹਾਇਤਾ ਕਰਨ ਦੀ ਥਾਂ ਖਿੜਖਿੜਾ ਕੇ ਹੱਸਣ ਲੱਗ ਪੈਂਦੇ ਹਨ। ਡਰ ਕੇ ਉਸਦੀ ਅੱਖ ਖੁੱਲ੍ਹ ਗਈ।

ਦਿਨੇ ਉੱਠ ਕੇ ਨਹਾਉਂਦਿਆਂ, ਪਾਠ ਕਰਦਿਆਂ ਨੂੰ ਰੋਟੀ ਤਿਆਰ ਹੋ ਗਈ। ਏਨੇ ਚਿਰ ਵਿਚ ਛਿੰਦਰ ਦੇ ਪ੍ਰਾਹੁਣੇ ਗੁਰਮੁਖ ਨੇ ਵੀ ਆਣ 'ਫ਼ਤਹਿ' ਗਜਾਈ। ਉਹ ਪਾਸਪੋਰਟ ਤੇ ਹੋਰ ਲੋੜੀਂਦੇ ਕਾਗਜ਼-ਪੱਤਰ ਲੈ ਕੇ ਵਸੋਂ ਵਾਲੇ ਵਿਹੜੇ ਦੇ ਦਰ ਤੋਂ ਬਾਹਰ ਹੋਣ ਲੱਗੇ ਤਾਂ ਅੱਗੇ ਸੁਰਜੀਤ ਕੌਰ ਸ਼ਗਨ ਕਰਨ ਲਈ ਪਾਣੀ ਦੀ ਗੜਵੀ ਫੜੀ ਸਾਹਮਣੇ ਖਲੋਤੀ ਸੀ।

"ਆਉਂਦੇ ਹੋਏ ਟੈਮ ਲੱਗਾ ਤਾਂ ਤਰਨਤਾਰਨ ਵੀ ਬਾਬੇ ਦੇ ਮੱਥਾ ਟੇਕ ਆਇਓ। ਸੁੱਖ ਮੰਗਿਓ ਸਾਰੇ ਟੱਬਰ ਦੀ। ਸੁੱਖ-ਸੁਖਾਂ ਨਾਲ ਸਾਰੇ ਕੰਮ ਨੇਪਰੇ ਚੜ੍ਹਨ। ਪ੍ਰਸ਼ਾਦ ਵੀ ਕਰਾਇਓ।" ਗੱਲ ਕਰਦੀ ਨੇ ਦਰਵਾਜ਼ੇ 'ਚੋਂ ਹਵੇਲੀ ਵੱਲ ਵੇਖਿਆ ਤਾਂ ਖ਼ੁਸ਼ ਹੋ ਗਈ। ਸਾਹਮਣੇ ਸ਼ੀਰਾ ਹਰੇ ਦੀ ਟੋਕਰੀ ਭਰੀ ਪਸ਼ੂਆਂ ਨੂੰ ਪੱਠੇ ਪਾਉਣ ਲੱਗਾ ਸੀ। ਹੱਥ ਦੇ ਇਸ਼ਾਰੇ ਨਾਲ ਸ਼ੀਰੇ ਨੂੰ ਰੋਕ ਕੇ ਕਹਿਣ ਲੱਗੀ, "ਖਲੋ ਜਾਹ ਹੈਥੇ। ਇਹਨਾਂ ਨੂੰ ਲੰਘ ਲੈਣ ਦੇ। ਹਰੇ ਦਾ ਭਰਿਆ ਟੋਕਰਾ ਅੱਗੋਂ ਮੱਥੇ ਲੱਗਣਾ ਚੰਗਾ ਸ਼ਗਨ ਏ।"

ਸ਼ੀਰਾ ਰੁਕ ਗਿਆ। ਕੋਲ ਜਾਣ 'ਤੇ ਉਸਨੇ ਦੋਵਾਂ ਨੂੰ 'ਸਤਿ ਸ੍ਰੀ ਆਕਾਲ' ਆਖੀ ਤੇ ਬੜੀ ਨੀਝ ਨਾਲ ਅਮਰ ਸਿੰਘ ਦੇ ਚਿਹਰੇ ਵੱਲ ਵੇਖਣ ਲੱਗਾ। ਪਿੰਡ ਵਿਚ ਉੱਡ ਚੁੱਕੀ ਖ਼ਬਰ ਉਹ ਅਮਰ ਸਿੰਘ ਦੇ ਚਿਹਰੇ ਤੋਂ ਪੜ੍ਹਨਾ ਚਾਹੁੰਦਾ ਸੀ।

"ਕੀ ਵਿੰਹਦੈਂ ਉਏ ਮੇਰੇ ਮੂੰਹ ਤੋਂ?" ਅਮਰ ਸਿੰਘ ਦਾ ਸਵਾਲ ਸੁਣ ਕੇ ਡੌਰ-ਭੌਰ ਹੋਏ ਸ਼ੀਰੇ ਦੇ ਮੂੰਹੋਂ ਸਹਿਵਨ ਨਿਕਲਿਆ, "ਭਾਊ ਜੀ, ਮੈਨੂੰ ਤਾਂ ਕੁਝ ਨਹੀਂ ਦੀਂਹਦਾ।"

ਉਹਨਾਂ ਦਾ ਵਾਰਤਾਲਾਪ ਸੁਣ ਕੇ ਗੁਰਮੁਖ ਹੱਸ ਪਿਆ।

ਪਿੰਡੋਂ ਬਾਹਰਵਾਰ ਸ਼ਹੀਦਾਂ ਦੇ ਗੁਰਦਵਾਰੇ ਆਖੰਡ ਪਾਠ ਦਾ ਭੋਗ ਪੈਣ ਵਾਲਾ ਸੀ। ਸਪੀਕਰ 'ਤੇ ਨਾਵੇਂ ਮਹੱਲੇ ਦੇ ਸਲੋਕ ਗੂੰਜ ਰਹੇ ਸਨ।

"ਚਿੰਤਾ ਤਾ ਕੀ ਕੀਜੀਐ, ਜੋ ਅਨਹੋਣੀ ਹੋਇ।"

ਅਮਰ ਸਿੰਘ ਨੇ ਮਨ ਹੀ ਮਨ ਸਵਾਲ ਕੀਤਾ, "ਸੱਚੇ ਪਾਤਸ਼ਾਹ! ਕੀ ਅਜੇ ਹੋਰ ਅਨਹੋਣੀ ਹੋਣੀ ਬਾਕੀ ਏ?"

ਵਿਰਲੇ ਟਾਵੇਂ ਲੋਕ ਪਿੰਡੋਂ ਨਿਕਲ ਕੇ ਗੁਰਦਵਾਰੇ ਵਾਲੀ ਪਹੀ 'ਤੇ ਤੁਰੇ ਜਾ ਰਹੇ ਸਨ। ਰੰਗ-ਬਰੰਗੇ ਕੱਪੜਿਆਂ ਵਿਚ ਮੇਲਾ ਵੇਖਣ ਜਾਂਦੇ ਬੱਚਿਆਂ ਦੀ ਟੋਲੀ ਉਹਨਾਂ ਸਾਹਮਣਿਉਂ ਗਲੀ ਵਿਚੋਂ ਨਿਕਲ ਕੇ ਗੁਰਦਵਾਰੇ ਵਾਲੇ ਰਾਹ ਪੈ ਗਈ।

ਸਾਹਮਣੇ ਫ਼ਿਰਨੀ 'ਤੇ ਤੁਰੇ ਆਉਂਦੇ ਕਿਸੇ ਬੰਦੇ ਨੂੰ ਵੇਖ ਕੇ ਉਹ ਗੁਰਮੁਖ ਨਾਲ ਇਸ ਅੰਦਾਜ਼ ਵਿਚ ਗੱਲੀਂ ਰੁੱਝ ਗਿਆ ਕਿ ਅਗਲੇ ਨਾਲ ਅੱਖ ਹੀ ਨਾ ਮਿਲਾਉਣੀ ਪਏ। ਪਰ ਨੰਬਰਦਾਰ ਜਿਵੇਂ ਵਲ ਭੰਨ ਕੇ ਉਹਦੇ ਸਾਹਮਣੇ ਆਣ ਖਲੋਤਾ, "ਅਮਰ ਸਿਆਂ! ਕੀ ਭਾਣਾ ਵਾਪਰ ਗਿਆ!"

ਉਹ ਹਰਫ਼ਲ ਗਿਆ। ਆਪਣੇ ਆਪ ਨੂੰ ਸਾਂਭਿਆ।

"ਕਾਹਦਾ ਭਾਣਾ? ਕੀ ਹੋਇਐ? ਕੁਝ ਵੀ ਨਹੀਂ। ਕੀ ਗੱਲ ਕਰਦਾ ਏਂ ਤੂੰ ਨੰਬਰਦਾਰਾ!"

ਨੰਬਰਦਾਰ ਵੀ ਠਠੰਬਰ ਗਿਆ।

"ਕੁਛ ਨਹੀਂ। ਮੈਂ ਤਾਂ ਉਂ ਈ ਪੁੱਛਿਆ ਸੀ ਕਿ ਅੱਜ ਮੇਲਾ ਏ ਤੇ ਤੂੰ ਕਿਧਰੇ ਬਾਹਰ ਜਾਣ ਦੀ ਤਿਆਰੀ ਕਸੀ ਜਾਪਦੀ ਏ!"

"ਨੰਬਰਦਾਰਾ! ਬੰਦੇ ਨੂੰ ਮੇਲਾ ਵੇਖਣ ਤੋਂ ਬਿਨਾਂ ਹੋਰ ਵੀ ਤਾਂ ਸੌ ਕੰਮ ਧੰਦੇ ਹੁੰਦੇ ਨੇ। ਹੂੰਅ!" ਉਹਦੇ ਬੋਲਾਂ ਵਿਚ ਖਿਝ, ਭੈਅ ਤੇ ਹੈਰਾਨੀ ਮਿਲੀ ਹੋਈ ਸੀ।

ਕੀ ਕਿਤੇ ਨੰਬਰਦਾਰ ਨੂੰ ਗੱਲ ਦਾ ਪਤਾ ਤਾਂ ਨਹੀਂ ਲੱਗ ਗਿਆ? ਇਹ ਤਾਂ ਦਲੀਪ ਸੂੰਹ ਦਾ ਯਾਰ ਐ। ਕਿਤੇ ਨਾ ਦੱਸ ਦੇਵੇ!

ਉਸਨੇ ਸਿਰ ਝਟਕਿਆ ਤੇ ਸਾਵਧਾਨ ਹੋ ਕੇ ਕਾਗ਼ਜ਼-ਪੱਤਰਾਂ ਵਾਲਾ ਛੋਟਾ ਬੈਗ਼ ਟੋਹਣ ਲੱਗਾ।



ਜਲੰਧਰੋਂ ਮੁੜ ਕੇ ਆਉਂਦੇ ਹੋਏ ਉਹ ਤਰਨਤਾਰਨ ਗੁਰਦਵਾਰੇ ਮੱਥਾ ਟੇਕਣ ਲਈ ਰੁਕ ਗਏ ਸਨ। ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਿਆ। ਅਰਦਾਸ ਕੀਤੀ, "ਪੰਜਵੇਂ ਪਾਤਸ਼ਾਹ! ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦਾ ਬਲ ਆਪਣੇ ਇਸ ਨਿਮਾਣੇ ਸੇਵਕ ਨੂੰ ਵੀ ਬਖ਼ਸ਼।" ਫੇਰ ਲੱਗਿਆ, ਉਸਤੋਂ ਕਿੰਨੀ ਭਾਰੀ ਭੁੱਲ ਹੋ ਗਈ ਸੀ, "ਸੱਚਿਆ ਪਾਤਸ਼ਾਹ! ਤੂੰ ਕੀ ਨਹੀਂ ਕਰ ਸਕਦਾ। ਮੁਰਦਾ-ਘਰ ਵਿਚ ਬੇਜਾਨ ਪਏ ਮੇਰੇ ਪੁੱਤਰ ਦੇ ਸਾਹ ਚੱਲਣੇ ਸ਼ੁਰੂ ਕਰ ਦੇਹ। ਅਸੀਂ ਜਾ ਕੇ ਵੇਖੀਏ ਤੇ ਉਹ ਅੱਗੋਂ ਅੱਖਾਂ ਖੋਲ੍ਹ ਲਵੇ!"

ਪਰਿਕਰਮਾ ਕਰਦਿਆਂ ਕਈ ਵਾਰ ਇਹ ਭਰਮ ਹੋਇਆ ਕਿ ਅਮਰੀਕ ਸਾਹ ਲੈਣ ਲੱਗ ਪਿਆ ਹੈ! ਇਹ ਸੋਚਦਿਆਂ ਉਹਦੇ ਪੈਰ ਕਾਹਲੇ ਵਗਣ ਲੱਗਦੇ। ਜੀ ਕਰੇ ਉੱਡ ਕੇ ਘਰ ਪਹੁੰਚ ਜਾਵੇ। ਸੁਰਜੀਤ ਕੌਰ ਤੋਂ ਗੱਲ ਲੁਕਾਉਣ ਦੀ ਮਾਫ਼ੀ ਮੰਗ ਕੇ ਉਹਨੂੰ ਦੱਸੇ ਕਿ ਉਹਨਾਂ ਦਾ ਪੁੱਤ ਜ਼ਿੰਦਾ ਹੋ ਗਿਐ।

ਮੰਜੀ ਸਾਹਿਬ ਦੇ ਕੋਲੋਂ ਲੰਘਦਿਆਂ ਸਪੀਕਰ ਵਿਚ ਕਿਸੇ ਢਾਡੀ ਦੀ ਆਵਾਜ਼ ਆ ਰਹੀ ਸੀ, " 'ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਯਾਤ ਹੈ। ਹਯਾਤ ਤੋ ਹਯਾਤ, ਯੇਹ ਮੌਤ ਵੀ ਹਯਾਤ ਹੈ।' ਸ਼ਹੀਦ ਕਦੇ ਮਰਦੇ ਨਹੀਂ। ਉਹਨਾਂ ਦੀ ਮੌਤ ਕੌਮਾਂ ਦੀ ਜ਼ਿੰਦਗੀ ਬਣ ਜਾਂਦੀ ਹੈ। ਜ਼ਿੰਦਗੀ ਤਾਂ ਜ਼ਿੰਦਗੀ ਹੁੰਦੀ ਹੀ ਏ ਸਗੋਂ ਉਹਨਾਂ ਦੀ ਤਾਂ ਮੌਤ ਵੀ ਜ਼ਿੰਦਗੀ ਬਣ ਜਾਂਦੀ ਹੈ। ਉਹ ਮਰ ਕੇ ਵੀ ਸਦਾ ਲਈ ਜਿਊਂਦੇ ਹੋ ਜਾਂਦੇ ਨੇ।"

ਖ਼ਿਆਲ ਆਇਆ। ਉਹਦਾ ਪੁੱਤ ਵੀ 'ਸ਼ਹੀਦ' ਹੋ ਗਿਐ। ਪਰ ਉਹਦੇ ਪੁੱਤ ਦੀ ਕੌਮ ਵਿਚ ਤਾਂ ਸਾਰੇ ਛੇ ਕੁ ਜੀਅ ਹੀ ਸ਼ਾਮਲ ਸਨ! ਚਾਰ ਏਥੋਂ ਵਾਲੇ ਤੇ ਦੋ ਕਨੇਡਾ ਵਿਚਲੇ। ਏਡੀ ਕੁ 'ਕੌਮ' ਲਈ ਮਰਨ ਵਾਲਾ 'ਸ਼ਹੀਦ' ਕਿਹੜੇ 'ਖ਼ਾਤੇ' ਦਾ 'ਸ਼ਹੀਦ' ਹੁੰਦਾ ਹੈ!

ਪਿੰਡ ਅੱਪੜਦਿਆਂ ਤਕ ਤਰਕਾਲਾਂ ਪੈ ਗਈਆਂ ਸਨ। ਸ਼ਹੀਦਾਂ ਦੇ ਗੁਰਦਵਾਰੇ ਵਾਲਾ ਮੇਲਾ ਵਿੱਛੜ ਗਿਆ ਸੀ। ਲੋਕ ਘਰਾਂ ਨੂੰ ਪਰਤ ਗਏ ਸਨ। ਉਹ ਰਾਹ ਵਿਚ ਮਿਲਣ ਵਾਲਿਆਂ ਤੋਂ ਨਜ਼ਰਾਂ ਚੁਰਾ ਕੇ ਦੂਰੋਂ ਹੀ ਇਸ ਅੰਦਾਜ਼ ਵਿਚ ਹੱਥ ਖੜ੍ਹਾ ਕਰ ਦਿੰਦਾ ਜਿਵੇਂ ਉਹਦੇ ਕੋਲ ਰੁਕ ਕੇ ਗੱਲ ਕਰਨ ਦਾ ਟਾਈਮ ਨਾ ਹੋਵੇ। ਅਗਲਾ ਵੀ ਉਸ ਨਾਲ ਗੱਲ ਕਰਨ ਲਈ ਉਚੇਚ ਨਾ ਕਰਦਾ।

ਅਮਰੀਕ ਦੀ ਮੌਤ ਦੀ ਖ਼ਬਰ ਪ੍ਰੋਫ਼ੈਸਰ ਦੇ ਘਰ ਤੋਂ ਤੁਰਦੀ ਤੁਰਦੀ ਮੇਲੇ ਦੀਆਂ ਲੋਕ-ਮਿਲਣੀਆਂ ਦੀ ਬਹੁਤਾਤ ਕਾਰਨ ਅੱਜ ਬਹੁਤ ਸਾਰੇ ਲੋਕਾਂ ਦੀ ਜ਼ਬਾਨ 'ਤੇ ਆ ਗਈ ਸੀ। ਸਭ ਨੂੰ ਕੰਨੋ ਕੰਨ ਇਹ ਖ਼ਬਰ ਵੀ ਹੋ ਗਈ ਸੀ ਕਿ ਇਕ ਦਿਨ ਛੱਡ ਕੇ ਉਹ ਕਨੇਡਾ ਜਾਣ ਵਾਲੇ ਸਨ। ਸਾਰਾ ਪਿੰਡ ਉਹਨਾਂ ਦੇ ਦਰਦ ਵਿਚ ਭਿੱਜਾ ਪਿਆ ਸੀ। ਆਖ਼ਰ ਪਿੰਡ ਦੇ ਪੁੱਤ ਦੀ ਮੌਤ ਹੋਈ ਸੀ! ਪਰ ਘਰਦਿਆਂ ਵੱਲੋਂ ਪੁੱਤ ਦੀ ਮੌਤ ਨੂੰ ਲੁਕਾਉਣ ਦਾ ਕਾਰਨ ਜਾਣ ਕੇ ਕੋਈ ਜਣਾ ਉਹਨਾਂ ਦੀ ਦੁਖ਼ਦੀ ਰਗ਼ ਨੂੰ ਨਹੀਂ ਸੀ ਛੇੜਨੀ ਚਾਹੁੰਦਾ। ਅਮਰ ਸਿੰਘ ਪਿੰਡ ਤੋਂ ਅੱਖਾਂ ਚੁਰਾ ਰਿਹਾ ਸੀ ਤੇ ਪਿੰਡ ਉਸਤੋਂ ਟੇਢ ਵੱਟ ਰਿਹਾ ਸੀ। ਦੋਵੇਂ ਧਿਰਾਂ ਇਕ-ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਤੋਂ ਡਰਦੇ ਸਨ।

ਘਰ ਪਹੁੰਚਦਿਆਂ ਨੂੰ ਉਸਨੇ ਵੇਖਿਆ, ਸੁਰਜੀਤ ਕੌਰ ਥਾਲੀ ਵਿਚ ਮਿੱਟੀ ਦੇ ਦੀਵੇ ਰੱਖ ਕੇ ਉਹਨਾਂ ਵਿਚ ਸਰ੍ਹੋਂ ਦਾ ਤੇਲ ਪਾ ਰਹੀ ਸੀ। ਰਵਾਇਤ ਅਨੁਸਾਰ ਵਿਸਾਖੀ ਵਾਲੇ ਦਿਨ ਬਨੇਰਿਆਂ 'ਤੇ ਦੀਵੇ ਜਗਾਉਣ ਦਾ ਰਿਵਾਜ ਤਾਂ ਉਹਨਾਂ ਦੇ ਪਿੰਡ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਸੀ।

ਹਨੇਰਾ ਉੱਤਰਦਿਆਂ ਛਿੰਦਰ, ਹਰਿੰਦਰ ਤੇ ਸੁਰਜੀਤ ਕੌਰ ਦੀਵੇ ਲੈ ਕੇ ਕੋਠੇ 'ਤੇ ਚੜ੍ਹ ਗਈਆਂ। ਗੁਰਮੇਲ ਸਦਾ ਵਾਂਗ ਟੀ ਵੀ ਅੱਗੇ ਬੈਠਾ ਹੋਇਆ ਸੀ।

ਕੋਠੇ 'ਤੇ ਦੀਵੇ ਜਗਾ ਕੇ ਉੱਤਰਦਿਆਂ ਹੀ ਸੁਰਜੀਤ ਕੌਰ ਨੇ ਐਲਾਨ ਕਰ ਦਿੱਤਾ, "ਕੁੜੇ ਛਿੰਦਰ! ਪਹਿਲਾਂ ਤੇਰੇ ਭਾ ਜੀ ਤੇ ਗੁਰਮੁਖ ਸੂੰਹ ਨੂੰ ਰੋਟੀ ਖਵਾ ਲਈਏ। ਫੇਰ ਬਾਹਰ ਸ਼ਹੀਦਾਂ ਦੇ ਗੁਰਦਵਾਰੇ ਦੀਵੇ ਜਗਾ ਆਵਾਂਗੀਆਂ।"

ਗੁਰਮੁਖ ਸਿੰਘ ਆਇਆ ਹੋਣ ਕਰਕੇ ਉਹਨਾਂ ਨੇ ਉਚੇਚ ਵਜੋਂ ਜ਼ਰਦਾ ਬਣਾਇਆ ਹੋਇਆ ਸੀ ਤੇ ਨਾਲ ਵੇਸਣ ਦੀਆਂ ਘਰ ਤਲੀਆਂ ਪਕੌੜੀਆਂ ਵਾਲਾ ਨਮਕੀਨ ਦਹੀਂ। ਭਰ ਕੇ ਬਣਾਏ ਟਿੰਡਿਆਂ ਦੀ ਸਬਜ਼ੀ।

ਰੋਟੀ-ਟੁੱਕ ਦਾ ਕੰਮ ਮੁਕਾ ਕੇ ਉਹਨਾਂ ਨੇ ਥਾਲੀ ਵਿਚ ਦੀਵੇ ਧਰੇ। ਵਿਚ ਤੀਲਾਂ ਵਾਲੀ ਡੱਬੀ ਰੱਖੀ ਤੇ 'ਵਾਹਿਗੁਰੂ' ਕਹਿ ਕੇ 'ਸ਼ਹੀਦਾਂ ਦੇ ਗੁਰਦਵਾਰੇ' ਨੂੰ ਜਾਣ ਲਈ ਤੁਰੀਆਂ। ਅਮਰ ਸਿੰਘ ਨੇ ਉਹਨਾਂ ਨੂੰ ਰੋਕਿਆ ਨਹੀਂ ਪਰ ਮਨ ਹੀ ਮਨ ਆਖਿਆ, "ਕਮਲੀਏ! ਕਾਹਦੀਆਂ ਸੁੱਖਾਂ ਮੰਗਦੀ ਫਿਰਦੀ ਏਂ!"

ਜਿਹੜੇ ਗੁਰਦਵਾਰੇ ਵਿਚ ਸਵੇਰੇ ਬੰਦਿਆਂ ਦੀ ਭੀੜ ਸੀ, ਇਸ ਵੇਲੇ ਓਥੇ ਗੁਰਦਵਾਰੇ ਵਾਲਾ ਭਾਈ ਤੇ ਹੋਰ ਤਿੰਨ-ਚਾਰ ਕੁ ਬੰਦੇ ਹੀ ਏਧਰ ਓਧਰ ਤੁਰੇ ਫਿਰਦੇ ਸਨ। ਉਹ ਸ਼ਾਇਦ ਲੇਟ ਹੋ ਗਈਆਂ ਸਨ। ਸ਼ਹੀਦਾਂ ਦੀਆਂ ਸਮਾਧ 'ਤੇ ਬਹੁਤ ਸਾਰੇ ਦੀਵੇ ਪਹਿਲਾਂ ਹੀ ਜਗਦੇ ਪਏ ਸਨ।

ਦੀਵੇ ਜਗਾਉਣ ਤੋਂ ਬਾਅਦ ਉਹਨਾਂ ਨੇ ਮੱਥਾ ਟੇਕਿਆ। ਛਿੰਦਰ ਨੇ ਅਰਦਾਸ ਕਰਦਿਆਂ ਬਾਬੇ ਸ਼ਹੀਦਾਂ ਦੇ ਸੁੱਖਣਾ ਸੁੱਖੀ ਕਿ ਉਹਦੇ ਪਿਉ ਦੇ ਘਰ ਲੱਗਾ 'ਬੂਟਾ' ਹਰਿਆ-ਭਰਿਆ ਤੇ ਰਾਜ਼ੀ ਖ਼ੁਸ਼ੀ ਰਹੇ। ਉਹਦਾ ਵੀਰ ਠੀਕ ਹੋ ਜਾਵੇ ਤਾਂ ਉਹ ਬਾਬੇ ਦੇ ਬਗ਼ੀਚੇ ਵਿਚ ਬੂਟਾ ਲਾਵੇਗੀ। ਆਪ ਪਾਣੀ ਦੇ ਕੇ ਸਿੰਜਿਆ ਕਰੇਗੀ, ਆਪਣੇ ਹੱਥੀਂ ਪਾਲੇਗੀ। ਹੁਣ ਉਹਨੇ ਏਥੇ ਹੀ ਤਾਂ ਰਿਹਾ ਕਰਨਾ ਸੀ। ਫੇਰ ਉਹਦੇ ਮਨ ਵਿਚ ਅਚਨਚੇਤ ਫੁਰਨਾ ਫੁਰਿਆ; ਕਿਤੇ ਉਸਦੇ ਵੀਰ ਨੂੰ ਰਣਜੀਤ ਦਾ ਸਰਾਪ ਨਾ ਲੱਗਾ ਹੋਵੇ! ਉਹਨੇ ਮਨ ਬਣਾਇਆ ਕਿ ਉਹ ਸਵੇਰੇ ਹੀ ਰਣਜੀਤ ਨੂੰ ਲਿਖੇਗੀ ਤੇ ਉਹਨੂੰ ਆਖੇਗੀ ਕਿ ਉਹਦੇ ਵੀਰ ਨੂੰ ਮਾਫ਼ ਕਰ ਦੇਵੇ। ਉਸਦੀ ਭੁੱਲ ਬਖ਼ਸ਼ ਦੇਵੇ।

ਹੁਣ ਤਕ ਤਾਂ ਗੁਰਦਵਾਰੇ ਵਿਚ ਆਤਿਸ਼ਬਾਜ਼ੀ ਚੱਲਣ ਦਾ ਟਾਈਮ ਵੀ ਹੋ ਗਿਆ ਸੀ! ਆਤਿਸ਼ਬਾਜ਼ੀ ਚੱਲਣੀ ਹੁੰਦੀ ਤਾਂ ਏਥੇ ਰੌਣਕ ਹੋਣੀ ਸੀ। ਸੁਰਜੀਤ ਕੌਰ ਨੇ ਭਾਈ ਨੂੰ ਪੁੱਛ ਹੀ ਲਿਆ, "ਬਾਬਾ ਜੀ, ਐਤਕੀਂ ਅਸਤਬਾਜੀ ਨਹੀਂ ਚਲਾਉਣੀ?"

"ਨਹੀਂ ਬੀਬੀ ਜੀ।"

"ਕਿਉਂ?"

ਬਾਬਾ ਅਸਲੀ ਗੱਲ ਲੁਕਾ ਗਿਆ। ਕੀ ਦੱਸਦਾ ਉਹਨਾਂ ਨੂੰ!

"ਪ੍ਰਧਾਨ ਸਾਹਬ ਦਾ ਹੁਕਮ ਐ।"

'ਹੁਕਮ' ਤਾਂ ਭਾਵੇਂ ਪ੍ਰਧਾਨ ਦਲੀਪ ਸਿੰਘ ਦਾ ਹੀ ਸੀ ਪਰ ਕੀਤਾ ਗਿਆ ਸੀ ਕਮੇਟੀ ਤੇ ਪਿੰਡ ਦੀ ਸਾਂਝੀ ਸਲਾਹ ਨਾਲ ਹੀ। ਪਿੰਡ ਦੇ ਜਵਾਨ ਪੁੱਤ ਦੀ ਮੌਤ ਹੋਈ ਸੀ। ਆਤਿਸ਼ਬਾਜ਼ੀ ਕਿਉਂਕਿ ਪਹਿਲਾਂ ਹੀ ਲਿਆਂਦੀ ਹੋਈ ਸੀ, ਇਸ ਲਈ ਫ਼ੈਸਲਾ ਹੋਇਆ ਸੀ ਕਿ ਅਮਰ ਸਿੰਘ ਹੁਰਾਂ ਦੇ ਕਨੇਡਾ ਤੁਰ ਜਾਣ ਤੋਂ ਬਾਅਦ ਹੀ ਆਤਿਸ਼ਬਾਜ਼ੀ ਚਲਾਈ ਜਾਏ।

ਘਰ ਨੂੰ ਤੁਰਿਆਂ ਆਉਂਦਿਆਂ ਸੁਰਜੀਤ ਕੌਰ ਕਹਿੰਦੀ, "ਪ੍ਰਧਾਨ ਨੂੰ ਕੀ ਕਾਲੀ ਕੀੜੀ ਪੈ ਗਈ! ਆਪਣਾ ਘਰ ਈ ਭਰਨਾ ਲਿਆ ਸੂ। ਗੁਰਦਵਾਰੇ ਲਈ ਸਾਲ ਪਿੱਛੋਂ ਅਸਤਬਾਜੀ ਚਲਾਉਣ ਦਾ ਖ਼ਰਚਾ ਵੀ ਇਹਨੂੰ ਦੁਖ਼ਦਾ!"

ਸਾਹਮਣੇ ਉਹਨਾਂ ਦੇ ਕਾਮੇ ਸ਼ੀਰੇ ਕਾ ਘਰ ਸੀ। ਛਿੰਦਰ ਦਾ ਧਿਆਨ ਗਿਆ, ਸ਼ੀਰੇ ਹੁਰਾਂ ਦੇ ਘਰ ਦੇ ਬਨੇਰੇ 'ਤੇ ਵੀ ਦੀਵੇ ਨਹੀਂ ਸਨ ਜਗਦੇ ਪਏ। ਅੱਗੇ ਤਾਂ ਇਸਤਰ੍ਹਾਂ ਕਦੀ ਨਹੀਂ ਸੀ ਹੋਇਆ। ਫਿਰ ਉਸਨੇ ਪਿੰਡ ਵੱਲ ਦੂਰ ਤਕ ਝਾਤੀ ਮਾਰੀ। ਦੂਜੀ ਪੱਤੀ ਵਿਚ ਦੂਰ ਕਰਕੇ ਕੁਝ ਘਰਾਂ ਦੇ ਬਨੇਰਿਆਂ 'ਤੇ ਦੀਵੇ ਜਗਦੇ ਪਏ ਸਨ। ਪਰ ਉਹਨਾਂ ਦੀ ਆਪਣੀ ਪੱਤੀ ਦੇ ਬਹੁਤੇ ਘਰਾਂ ਦੇ ਬਨੇਰਿਆਂ 'ਤੇ ਹਨੇਰਾ ਸੀ।

"ਹੈਂ ਬੀ ਜੀ, ਇਹ ਕੀ ਗੱਲ ਹੋਈ। ਕਿੰਨੇ ਘਰਾਂ ਨੇ ਐਤਕੀਂ ਦੀਵੇ ਨਹੀਂ ਬਾਲੇ!"

"ਸੁੱਖ ਹੋਵੇ ਸਹੀ! ਕਿਸੇ ਦੇ ਘਰ ਕੋਈ ਭਾਣਾ ਨਾ ਵਾਪਰ ਗਿਆ ਹੋਵੇ! ਪਰ ਕੋਈ ਗੱਲ ਹੁੰਦੀ ਤਾਂ ਪਤਾ ਲੱਗ ਜਾਣਾ ਸੀ। ਮਾੜੀ ਗੱਲ ਕਿਤੇ ਲੁਕੀ ਥੋੜ੍ਹਾ ਰਹਿੰਦੀ ਏ ਕਮਲੀਏ!"

ਲੰਘਦਿਆਂ ਉਹਨਾਂ ਉਚੇਚੇ ਤੌਰ 'ਤੇ ਗਲੀ ਵਿਚ ਝਾਤੀ ਮਾਰ ਕੇ ਦਲੀਪ ਸਿੰਘ ਕੇ ਵਿਆਹ ਵਾਲੇ ਘਰ ਵੱਲ ਵੀ ਵੇਖਿਆ। ਉਹਨਾਂ ਦੇ ਬਨੇਰੇ 'ਤੇ ਵੀ ਕੋਈ ਦੀਵਾ ਨਹੀਂ ਸੀ ਬਲਦਾ ਪਿਆ।

ਘਰ ਜਾ ਕੇ ਜਦੋਂ ਉਹਨਾਂ ਇਹ ਗੱਲ ਬਾਕੀ ਟੱਬਰ ਨੂੰ ਦੱਸੀ ਤਾਂ ਗੁਰਮੇਲ ਹੱਸਣ ਲੱਗਾ, "ਅਸਲ 'ਚ ਨਾ ਪਤੈ ਕੀ ਗੱਲ ਹੋਈ ਹੁਣੀ ਆਂ। ਤਾਏ ਦੇ ਮੁੰਡੇ ਦੇ ਨਸ਼ਈ ਤੇ ਡਰੱਗੀ ਹੋਣ ਦਾ ਪਤਾ ਉਹਦੇ ਸਹੁਰਿਆਂ ਨੂੰ ਲੱਗ ਗਿਆ ਹੋਣੈਂ। ਉਹਨਾਂ ਕੁੜੀ ਤੋਰਨ ਤੋਂ ਨਾਂਹ ਕਰ 'ਤੀ ਹੋਣੀ ਏਂ। ਮੁੰਡਾ ਚਿੱਟਾ ਬਰੰਗ ਘਰ ਵਾਪਸ ਆ ਗਿਐ। ਘਰ ਤਾਂ ਸੋਗ ਪਿਐ; ਕਿੱਥੋਂ ਚਲਾਵੇ ਵਿਚਾਰਾ ਅਸਤਬਾਜੀਆਂ!"

ਉਹ ਤੇ ਹਰਿੰਦਰ ਹੱਥ ਤੇ ਹੱਥ ਮਾਰ ਕੇ ਹੱਸਣ ਲੱਗ ਪਏ।

"ਵੇ ਫਿਟੇ-ਮੂੰਹ ਤੇਰਾ। ਚੱਜ ਦੀ ਗੱਲ ਨਹੀਂ ਤੇਰੇ ਮੂੰਹੋਂ ਨਿਕਲਦੀ। ਬਦਸ਼ਗਨੀਆਂ ਗੱਲਾਂ ਕਿਉਂ ਮੂੰਹੋਂ ਕੱਢਦੇ ਓ। ਸੁੱਖ ਨਾਲ ਅਗਲੇ ਦਾ ਘਰ ਵਸਿਐ। ਤਾਇਆ ਏ ਤੁਹਾਡਾ। ਭਾਵੇਂ ਸੌ ਲੜ-ਭਿੜ ਪੈਣ; ਆਪਣੇ ਤਾਂ



ਆਪਣੇ ਈ ਹੁੰਦੇ ਨੇ। ਤੇ ਤੂੰ ਨੀਂ! ਬੁੱਧ ਬਲੇਟ ਜਿਹੀਏ! ਹਰ ਗੱਲ 'ਤੇ ਤੋੜੀ ਮਾਰ ਕੇ ਤੇਰਾ ਹੱਸਣਾ ਜ਼ਰੂਰੀ ਏ!"

ਅਮਰ ਸਿੰਘ ਨੇ ਨਾ ਬੱਚਿਆਂ ਨੂੰ ਰੋਕਿਆ-ਟੋਕਿਆ ਤੇ ਨਾ ਸੁਰਜੀਤ ਕੌਰ ਨੂੰ। ਉਹ ਦਰਸ਼ਕ ਵਾਂਗ ਸਾਰੇ ਵਰਤਾਰੇ ਨੂੰ ਨਿਹਾਰ ਰਿਹਾ ਸੀ।

ਅਗਲੇਰੇ ਦਿਨ ਸਾਰਾ ਟੱਬਰ ਸਮਾਨ ਬੰਨ੍ਹੀਂ ਜਾਣ ਲਈ ਤਿਆਰ ਬੈਠਾ ਸੀ। ਗੁਰਮੁਖ ਰਾਤੀਂ ਆਪਣੇ ਪਿੰਡ ਗਿਆ ਸੀ ਤੇ ਸਵੇਰੇ ਵੱਡੀ ਵੈਨ ਕਿਰਾਏ 'ਤੇ ਕਰ ਕੇ ਲੈ ਆਇਆ ਸੀ। ਉਹਦੇ ਮਾਂ-ਬਾਪ ਵੀ ਕਨੇਡਾ ਤੁਰਦੇ ਕੁੜਮਾਂ ਨੂੰ ਵਿਦਾ ਕਰਨ ਲਈ ਪਹੁੰਚ ਗਏ ਸਨ। ਪ੍ਰੋਫ਼ੈਸਰ ਸਵੇਰੇ ਸਵੇਰੇ ਮਿਲ ਗਿਆ ਸੀ। ਪਿੰਡ ਦਾ ਹੋਰ ਕੋਈ ਬੰਦਾ ਉਚੇਚੇ ਤੌਰ 'ਤੇ ਮਿਲਣ ਨਹੀਂ ਸੀ ਆਇਆ। ਅਮਰ ਸਿੰਘ ਹੁਰਾਂ ਨੂੰ ਭਰਮ ਵੀ ਸੀ ਤੇ ਇਸ ਗੱਲ ਦੀ ਤਸੱਲੀ ਵੀ ਕਿ ਪਿੰਡ ਦੇ ਹੋਰ ਲੋਕਾਂ ਤੋਂ ਉਹ ਆਪਣੇ ਜਾਣ ਦੀ ਗੱਲ ਲੁਕਾਈ ਰੱਖਣ ਵਿਚ ਸਫ਼ਲ ਹੋ ਗਏ ਸਨ। ਛਿੰਦਰ ਸਭ ਦੇ ਗਲ਼ ਲੱਗ ਲੱਗ ਕੇ ਭੁੱਬਾਂ ਮਾਰ ਕੇ ਰੋ ਰਹੀ ਸੀ। ਤੁਰਨ ਲੱਗੇ ਤਾਂ ਸ਼ੀਰਾ ਵੀ ਅਮਰ ਸਿੰਘ ਦੇ ਗਲ ਲੱਗ ਕੇ ਰੋ ਪਿਆ। ਅਮਰ ਸਿੰਘ ਦਾ ਵੀ ਰੋਣ ਨਿਕਲ ਗਿਆ। ਪਰ ਇਸ ਰੋਣ ਨੂੰ ਸਭ ਨੇ ਧਰਤੀ ਤੇ ਜੜ੍ਹਾਂ ਨਾਲੋਂ ਟੁੱਟਣ ਦੇ ਵੈਰਾਗ ਨਾਲ ਜੋੜ ਲਿਆ। ਸ਼ੀਰੇ ਦੀ ਮਾਂ ਚੁੰਨੀ ਨਾਲ ਅੱਥਰੂ ਪੂੰਝਦੀ ਆਖ ਰਹੀ ਸੀ, "ਸਰਦਾਰਨੀ! ਤੈਨੂੰ ਸੱਤੇ ਖ਼ੈਰਾਂ! ਸਾਨੂੰ ਗਰੀਬਾਂ ਨੂੰ ਭੁੱਲ ਨਾ ਜਾਵੀਂ ਜਾ ਕੇ।"

ਵੈਨ ਵਿੱਚ ਸਵਾਰ ਹੋਣ ਲਈ ਸਾਰਾ ਟੱਬਰ ਘਰੋਂ ਬਾਹਰ ਨਿਕਲੇ ਤਾਂ ਸੱਜੇ-ਖੱਬੇ ਵਾਲੇ ਦੋ ਚਾਰ ਗਵਾਂਢੀ ਘਰਾਂ ਦੇ ਜੀਅ ਵੀ ਬਾਹਰ ਨਿਕਲ ਆਏ। ਜਿਵੇਂ ਉਹ ਉਡੀਕਦੇ ਹੀ ਪਏ ਸਨ। ਖ਼ਬਰੇ ਉਹਨਾਂ ਦੇ ਕੰਨ ਵਿਚ ਹਵਾ ਨੇ ਉਹਨਾਂ ਦੀ ਤਿਆਰੀ ਦੀ ਖ਼ਬਰ ਚੋ ਦਿੱਤੀ ਸੀ। ਸਾਰਿਆਂ ਦੀਆਂ ਅੱਖਾਂ ਛਲਕ ਪਈਆਂ। ਅਮਰ ਸਿੰਘ ਨੇ ਪਛਤਾਵੇ ਵਜੋਂ ਗਵਾਂਢੀਆਂ ਨੂੰ ਕਿਹਾ, "ਜਾਣ ਲਈ ਕੰਮ ਧੰਦੇ ਵਿਚ ਈ ਏਨੇ ਰੁੱਝੇ ਰਹੇ ਆਂ ਕਿ ਤੁਹਾਨੂੰ ਜਾਣ ਬਾਰੇ ਦੱਸਣਾ ਵੀ ਭੁੱਲ ਗਏ।"

ਸੁਰਜੀਤ ਕੌਰ ਨੇ ਤਰਲਾ ਲਿਆ, "ਪਿੱਛੋਂ ਛਿੰਦਰ ਨੂੰ ਆਪਣੀ ਧੀ ਕਰ ਕੇ ਈ ਜਾਣਿਉਂ। ਇਹਦਾ ਆਸਰਾ ਬਣਿਉ"

ਗਵਾਂਢਣ ਨੇ ਛੰਮ ਛੰਮ ਰੋਂਦੀ ਛਿੰਦਰ ਨੂੰ ਗਲਵੱਕੜੀ ਵਿਚ ਘੁੱਟ ਲਿਆ।

ਵੈਨ ਘੱਟਾ ਉਡਾਉਂਦੀ ਤੁਰ ਪਈ। ਹੌਲੀ ਹੌਲੀ ਉੱਡਦੀ ਧੂੜ ਬਹਿਣ ਲੱਗੀ। ਛਿੰਦਰ ਦੀਆਂ ਸਿਸਕੀਆਂ ਥੰਮੀਆਂ। ਛਿੰਦਰ ਆਪਣੇ ਸੱਸ-ਸਹੁਰੇ ਨਾਲ ਅੰਦਰ ਵੱਲ ਹੋ ਤੁਰੀ। ਗੁਰਮੁਖ ਨੇ ਦਿੱਲੀ ਤਕ ਨਾਲ ਜਾਣਾ ਸੀ। ਫਿਰਨੀ 'ਤੇ ਖਲੋਤੇ ਦਾਤੋ ਤੇ ਸ਼ੀਰਾ ਅਜੇ ਵੀ ਦੂਰ ਉੱਡਦੀ ਧੂੜ ਵੱਲ ਵੇਖ ਰਹੇ ਸਨ। ਆਪਣੇ ਦਰਵਾਜ਼ੇ 'ਚ ਖਲੋਤੀ ਗਵਾਂਢਣ ਵੱਲ ਵੇਖ ਕੇ ਦਾਤੋ ਨੇ ਕਿਹਾ, "ਮਹਾਂਰਾਜ! ਕਿਸੇ ਦੁਸ਼ਮਣ ਨਾਲ ਵੀ ਇਹੋ ਜਿਹੀ ਨਾ ਕਰੇ!"

"ਭੈਣਾਂ! ਕੌਣ ਸਾਹਿਬ ਨੂੰ ਆਖੇ, ਐਂ ਨਹੀਂ ਐਂਜ ਕਰ!" ਗਵਾਂਢਣ ਨੇ ਵੀ ਅੱਖਾਂ ਭਰ ਲਈਆਂ।

ਦਿੱਲੀ ਤੋਂ ਜਹਾਜ਼ ਨੇ ਉਡਾਣ ਭਰੀ ਤਾਂ ਅਮਰ ਸਿੰਘ ਨੇ ਤਸੱਲੀ ਦਾ ਸਾਹ ਲਿਆ। ਤਸੱਲੀ ਇਸ ਗੱਲ ਦੀ ਸੀ ਕਿ ਉਹ ਅਮਰੀਕ ਦੀ ਮੌਤ ਦੀ ਭਿਣਕ ਪਰਿਵਾਰ ਦੇ ਕੰਨਾਂ ਵਿਚ ਪੈਣ ਤੋਂ ਬਿਨਾਂ ਟੱਬਰ ਨੂੰ ਜਹਾਜ਼ੇ ਚੜ੍ਹਾ ਲਿਆਇਆ ਸੀ। ਇਸ ਹਿੰਮਤ ਲਈ ਉਸਨੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਫਿਰ ਅੱਖਾਂ ਖੋਲ੍ਹੀਆਂ ਤੇ ਲੰਮਾ ਹਉਕਾ ਲਿਆ, "ਚਲੋ! ਇਕ ਮੋਰਚਾ ਤਾਂ ਫ਼ਤਹਿ ਹੋਇਆ।"

ਲਾਗੇ ਬੈਠੀ ਸੁਰਜੀਤ ਕੌਰ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ, ਪਰ ਚੁੱਪ ਰਹੀ।

ਕਨੇਡਾ ਪਹੁੰਚੇ ਤਾਂ ਏਅਰਪੋਰਟ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਇਮੀਗ੍ਰੇਸ਼ਨ ਅਫ਼ਸਰ ਨੇ ਉਹਨਾਂ ਨੂੰ ਇਕ ਪਾਸੇ ਸੱਦ ਕੇ ਕੈਬਿਨ ਵਿਚ ਬਿਠਾ ਲਿਆ। ਉਸਨੇ ਅਮਰ ਸਿੰਘ ਦੇ ਹੱਥੋਂ ਦਸਤਾਵੇਜ਼ ਫੜ ਲਏ ਤੇ ਕਿੰਨਾ ਚਿਰ ਕੰਪਿਊਟਰ 'ਤੇ ਏਧਰ ਓਧਰ ਉਂਗਲਾਂ ਮਾਰਦਾ ਰਿਹਾ। ਅਮਰ ਸਿੰਘ ਦੇ ਕੰਨ ਸ਼ਾਂ!ਸ਼ਾਂ! ਕਰਨ ਲੱਗੇ। ਦਿਲ ਦੀ ਧੜਕਣ ਵਧ ਗਈ। ਸਿਰ ਵਿਚ ਧੁੰਦ ਤੇ ਧੂੰਆਂ ਇਕੱਠਾ ਹੋ ਗਿਆ। ਇਸ ਧੁੰਦ ਵਿਚ ਦੂਰ ਕਿਧਰੇ ਉਹਦੇ ਦਾਦੇ ਨੇ ਬਾਹਵਾਂ ਉੱਚੀਆਂ ਚੁੱਕ ਕੇ ਇਮੀਗ੍ਰੇਸ਼ਨ ਅਫ਼ਸਰ ਨੂੰ ਲਲਕਾਰ ਮਾਰੀ, "ਯਾਦ ਰੱਖੀਂ ਮਿਸਟਰ ਰੀਡ! ਮੈਂ ਪਰਤਾਂਗਾ ਕਨੇਡਾ, ਕਿਸੇ ਨਾ ਕਿਸੇ ਦਿਨ...।" ਅਗਲੀਆਂ ਸਤਰਾਂ ਉਹਦੇ ਸੰਘ

ਵਿਚ ਹੀ ਅੜੀਆਂ ਰਹਿ ਗਈਆਂ ਤੇ ਫਿਰ ਉਹਦੀ ਚੀਕ ਨਿਕਲ ਗਈ। ਉੱਚੀਆਂ ਕੀਤੀਆਂ ਬਾਹਵਾਂ ਟੁੱਟ ਕੇ ਉਹਦੇ ਪੱਟਾਂ 'ਤੇ ਢਹਿ ਪਈਆਂ ਸਨ।

ਸਿਰ ਝਟਕ ਕੇ ਅਮਰ ਸਿੰਘ ਨੇ ਕਾਗਜ਼-ਪੱਤਰ ਪੜਤਾਲ ਰਹੇ ਅਫ਼ਸਰ 'ਤੇ ਨਜ਼ਰਾਂ ਗੱਡ ਲਈਆਂ। ਜਾਪਿਆ; ਉਹ ਹੁਣੇ ਉਹਨਾਂ ਨੂੰ ਵਾਪਸ ਮੁੜ ਜਾਣ ਦਾ ਹੁਕਮ ਚਾੜ੍ਹ ਦੇਵੇਗਾ। ਆਪ ਮੁਹਾਰੇ ਉਹਦੇ ਹੱਥ ਜੁੜ ਗਏ। ਉਹ ਬੁੜਬੁੜਾਇਆ, "ਸੱਚਿਆ! ਪਾਤਸ਼ਾਹ! ਹਰ ਮੈਦਾਨ ਫ਼ਤਹਿ ਬਖ਼ਸ਼ੀਂ।"

ਅਫ਼ਸਰ ਨੇ ਉਸ ਵੱਲ ਗਹੁ ਨਾਲ ਵੇਖਿਆ ਤੇ ਫੇਰ ਆਪਣੇ ਕੰਮ ਵਿਚ ਰੁੱਝ ਗਿਆ। ਫਿਰ ਕੁਝ ਛੋਟੇ ਛੋਟੇ ਸਵਾਲ-ਜਵਾਬ ਹੋਏ। ਜਿੰਨਾ ਚਿਰ ਉਹਨਾਂ ਨੂੰ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਨਾ ਪਿਆ ਅਮਰ ਸਿੰਘ ਦੇ ਸਾਹ ਸੂਤੇ ਰਹੇ। ਪਰ ਅਜਿਹਾ ਕੁਝ ਵੀ ਨਾ ਹੋਇਆ ਜਿਸਦਾ ਉਹਨੂੰ ਭੈਅ ਸੀ।

ਕੰਮ ਮੁਕਾ ਕੇ ਇਮੀਗ੍ਰੇਸ਼ਨ ਅਫ਼ਸਰ ਨੇ ਕਾਗਜ਼ ਉਹਨਾਂ ਦੇ ਹੱਥ ਫੜਾਏ। ਮੁਸਕਰਾਇਆ ਤੇ ਖੜ੍ਹਾ ਹੋ ਕੇ ਬੜੀ ਗਰਮਜੋਸ਼ੀ ਨਾਲ ਅਮਰ ਸਿੰਘ ਨਾਲ ਹੱਥ ਮਿਲਾ ਕੇ ਕਿਹਾ, "ਵੈਲਕਮ ਟੂ ਕਨੇਡਾ!"

ਫਿਰ ਖਲੋਤੇ ਖਲੋਤੇ ਹੀ ਉਹਨਾਂ ਨੂੰ ਬਾਹਰ ਜਾਣ ਦਾ ਰਾਹ ਸਮਝਾਇਆ।

ਓਥੋਂ ਵਿਹਲੇ ਹੋ ਕੇ ਅੱਗੇ ਨਿਕਲੇ ਤਾਂ ਅਮਰ ਸਿੰਘ ਨੇ ਫਿਰ ਕਿਹਾ, "ਚਲੋ! ਇਹ ਮੋਰਚਾ ਵੀ ਫ਼ਤਹਿ ਹੋ ਗਿਆ। ਹੁਣ ਆਪਾਂ ਸਮਝੋ, ਆ ਗਏ ਕਨੇਡਾ।"

ਉਹਨਾਂ ਆਪਣਾ ਸਮਾਨ ਪਟੇ ਤੋਂ ਲਾਹਿਆ ਤੇ ਟਰਾਲੀਆਂ ਵਿਚ ਲੱਦ ਕੇ ਏਅਰਪੋਰਟ ਦੀ ਅੰਦਰਲੀ ਹਦੂਦ ਤੋਂ ਬਾਹਰ ਆ ਗਏ। ਸਾਹਮਣੇ ਜਰਨੈਲ ਸਿੰਘ ਤੇ ਉਹਦੇ ਦੋਵੇਂ ਪੁੱਤ ਉਹਨਾਂ ਨੂੰ ਲੈਣ ਆਏ ਹੋਏ ਸਨ। ਸੁਰਜੀਤ ਕੌਰ ਤੇ ਦੋਵੇਂ ਬੱਚੇ ਉਹਨਾਂ ਦੇ ਆਸੇ ਪਾਸੇ, ਏਧਰ ਓਧਰ ਅਮਰੀਕ ਨੂੰ ਭਾਲ ਰਹੇ ਸਨ। ਜਰਨੈਲ ਸਿੰਘ ਦਾ ਵੱਡਾ ਲੜਕਾ ਅੱਗੇ ਵਧ ਕੇ ਸੁਰਜੀਤ ਕੌਰ ਹੱਥੋਂ ਟਰਾਲੀ ਫੜਨ ਲੱਗਾ ਤਾਂ ਸੁਰਜੀਤ ਕੌਰ ਨੇ ਚਿੰਤਾ ਨਾਲ ਪੁੱਛਿਆ, "ਨਵਤੇਜ! ਅਮਰੀਕ ਕਿੱਥੇ ਏ? ਉਹ ਨਹੀਂ ਆਇਆ?"

ਨਵਤੇਜ ਨੇ ਪੁੱਛਦੀਆਂ ਨਜ਼ਰਾਂ ਨਾਲ ਜਰਨੈਲ ਸਿੰਘ ਵੱਲ ਵੇਖਿਆ। ਜਰਨੈਲ ਸਿੰਘ ਨੇ ਸਵਾਲੀਆ ਨਜ਼ਰਾਂ ਅਮਰ ਸਿੰਘ ਵੱਲ ਮੋੜੀਆਂ। ਅੱਖਾਂ ਹੀ ਅੱਖਾਂ ਵਿਚ ਕੁਝ ਸੰਕੇਤ ਹੋਏ। ਜਰਨੈਲ ਸਿੰਘ ਨੇ ਬੱਚਿਆਂ ਦੇ ਹੱਥੋਂ ਉਹਨਾਂ ਦੀ ਟਰਾਲੀ ਫੜ ਲਈ ਤੇ ਅੱਗੇ ਨੂੰ ਤੁਰਦਿਆਂ ਅੱਖ ਬਚਾ ਕੇ ਹੌਲੀ ਜਿਹੀ ਏਨਾ ਈ ਆਖਿਆ, "ਉਹ ਨਹੀਂ ਸੀ ਆ ਸਕਦਾ!"

"ਕਿਉਂ? ਕੀ ਗੱਲ? ਕੰਮ 'ਤੇ ਗਿਐ?" ਸੁਰਜੀਤ ਕੌਰ ਨੇ ਕਾਹਲੀ ਨਾਲ ਪੁੱਛਿਆ। ਪਰ ਜਵਾਬ ਦੇਣ ਵਾਲੇ ਏਨੇ ਚਿਰ ਵਿਚ ਜਾਣ-ਬੁੱਝ ਕੇ ਅੱਗੇ ਨਿਕਲ ਗਏ ਸਨ। ਸੁਰਜੀਤ ਕੌਰ ਨੇ ਪਤੀ ਦੀ ਬਾਂਹ ਝੰਜੋੜੀ "ਮੈਂ ਕਿਹਾ ਜੀ, ਅਮਰੀਕ ਕਿਉਂ ਨਹੀਂ ਆਇਆ? ਪੁੱਛਦੇ ਕਿਉਂ ਨਹੀਂ ਤੁਸੀਂ।"

"ਪੁੱਛ ਲੈਂਦੇ ਆਂ, ਏਅਰਪੋਰਟ ਤੋਂ ਬਾਹਰ ਤਾਂ ਨਿਕਲ ਲਈਏ।"

ਪਾਰਕਿੰਗ ਲੌਟ ਵਿਚ ਲਿਆਂਦੀਆਂ ਦੋ ਕਾਰਾਂ ਵਿਚ ਜਰਨੈਲ, ਨਵਤੇਜ ਤੇ ਨਵਰੂਪ ਹੁਰੀਂ ਬਿਨਾਂ ਕੋਈ ਗੱਲ ਕੀਤਿਆਂ ਕਾਹਲ਼ੀ ਕਾਹਲ਼ੀ ਸਮਾਨ ਲੱਦਣ ਲੱਗੇ। ਅਮਰ ਸਿੰਘ ਤੇ ਗੁਰਮੇਲ ਵੀ ਹੱਥ ਪਵਾ ਰਹੇ ਸਨ। ਫਿਰ ਸਵਾਰੀਆਂ ਵੰਡਣ ਦਾ ਨਿਰਣਾ ਲਿਆ ਗਿਆ। ਦੋਵੇਂ ਬੱਚੇ ਨਵਤੇਜ ਨਾਲ ਕਾਰ ਵਿਚ ਬਹਿ ਗਏ। ਅਮਰ ਸਿੰਘ, ਸੁਰਜੀਤ ਕੌਰ, ਜਰਨੈਲ ਸਿੰਘ ਤੇ ਨਵਰੂਪ ਦੂਜੀ ਕਾਰ ਵਿਚ ਸਵਾਰ ਹੋ ਗਏ।

ਨਵਰੂਪ ਕਾਰ ਚਲਾ ਰਿਹਾ ਸੀ। ਉਸ ਨਾਲ ਅਗਲੀ ਸੀਟ ਤੇ ਜਰਨੈਲ ਬੈਠ ਗਿਆ। ਪਿਛਲੀ ਸੀਟ 'ਤੇ ਅਮਰ ਸਿੰਘ ਤੇ ਸੁਰਜੀਤ ਕੌਰ ਨੇ ਦੱਸਣ ਅਨੁਸਾਰ ਬੈਲਟਾਂ ਲਾ ਲਈਆਂ। ਸੁਰਜੀਤ ਕੌਰ ਦਾ ਅੰਦਰ ਤਾਂ ਪਹਿਲਾਂ ਹੀ ਕਾਹਲਾ ਪਿਆ ਹੋਇਆ ਸੀ। ਬੈਲਟ ਲਾਉਣ ਨਾਲ ਲੱਗਾ ਜਿਵੇਂ ਕਿਸੇ ਨੇ ਨਾਗ-ਵਲ੍ਹ ਪਾ ਕੇ ਜੂੜ ਲਿਆ ਹੋਵੇ। ਬੇਬਸੀ ਜਿਹੀ ਦੀ ਹਾਲਤ ਵਿਚ ਸੁਰਜੀਤ ਕੌਰ ਨੇ ਚੀਕ ਕੇ ਪੁੱਛਿਆ, "ਮੈਂ ਕਿਹਾ ਜੀ, ਅਮਰੀਕ?"

ਅਮਰ ਸਿੰਘ ਬੇਸੁਰਤੀ ਜਿਹੀ ਦੇ ਆਲਮ ਵਿਚ ਸੀ। ਮਾਸਟਰ ਤੇਲੂ ਰਾਮ ਹੱਥਲੇ ਰੂਲ ਨਾਲ ਧਰਤੀ ਵਿਚ ਛੇਕ ਕਰਨ ਲਈ ਵੀਰੂ ਮਿਸਤਰੀ ਨੂੰ ਇਸ਼ਾਰਾ ਰਿਹਾ ਸੀ। ਵੀਰੂ ਬੋਰ ਕਰ ਰਿਹਾ ਸੀ। ਛੇਕ ਚੌੜਾ ਤੇ ਡੂੰਘਾ ਹੋਈ ਜਾ ਰਿਹਾ ਸੀ। ਧਰਤੀ ਵਿਚੋਂ ਨਿਕਲਦੀ ਮਿੱਟੀ ਦਾ ਪਹਾੜ ਬਣਦਾ ਜਾ ਰਿਹਾ ਸੀ। ਅਮਰ ਸਿੰਘ ਨੇ ਬੋਰ ਵਿਚ ਮੂੰਹ ਪਾ ਕੇ ਹੇਠਾਂ ਲਿਸ਼ਕਦੀ ਪਾਣੀ ਦੀ ਟਿੱਕੀ ਵੇਖਣੀ ਚਾਹੀ। ਉਹਦਾ ਪੈਰ ਤਿਲਕ ਗਿਆ। ਧਰਤੀ ਵਿਚਲੇ ਹਜ਼ਾਰਾਂ ਮੀਲ ਲੰਮੇਂ ਟੋਏ ਵਿਚ ਤਿਲਕਦੇ, ਡਿੱਗਦੇ, ਡੁੱਬਦੇ ਦੀ ਜਰਨੈਲ ਸਿੰਘ ਨੇ ਬਾਂਹ ਫ



ਲਈ, "ਵੀਰ ਅਮਰ ਸਿਆਂ! ਤੁਹਾਡੇ ਲਈ ਇਕ ਚੰਗੀ ਖ਼ਬਰ ਵੀ ਏ।"

ਜਾਪਿਆ; ਤਰਨਤਾਰਨ ਗੁਰਦਵਾਰੇ ਕੀਤੀ ਉਸਦੀ ਅਰਦਾਸ ਪੂਰੀ ਹੋ ਗਈ ਹੈ। ਅਮਰੀਕ ਦੇ ਸਾਹ ਚੱਲਣ ਲੱਗ ਪਏ ਹਨ!

ਸੁਰਜੀਤ ਕੌਰ ਹੈਰਾਨ, ਪਰੇਸ਼ਾਨ ਸੀ। ਅਮਰੀਕ ਦੀ ਰਹੱਸਮਈ ਗ਼ੈਰਹਾਜ਼ਰੀ ਨੇ ਉਹਨੂੰ ਬੌਂਦਲਾ ਛੱਡਿਆ ਸੀ। ਕੋਈ ਉਸਦੇ ਸਵਾਲ ਦਾ ਸਿੱਧਾ ਜਵਾਬ ਕਿਉਂ ਨਹੀਂ ਸੀ ਦਿੰਦਾ! ਉਸਨੇ ਜਰਨੈਲ ਦੇ ਬੋਲਾਂ ਵੱਲ ਧਿਆਨ ਦਿੱਤਾ, "ਤੁਹਾਡੇ ਲਈ ਇਕ ਚੰਗੀ ਖ਼ਬਰ ਵੀ ਏ।"

"ਤਾਂ ਕੀ ਕੋਈ ਮਾੜੀ ਖ਼ਬਰ ਵੀ ਏ?" ਸੁਰਜੀਤ ਕੌਰ ਦੇ ਪਿੰਡੇ 'ਚੋਂ ਸੀਤ ਨਿਕਲ ਗਈ। ਪਰ ਜਰਨੈਲ ਦੇ ਬੋਲਾਂ ਨੇ ਉਹਨੂੰ ਕੋਸਾ ਕਰ ਦਿੱਤਾ, "ਤੁਹਾਡੇ ਘਰ ਅੱਜ ਸਵੇਰੇ ਪੋਤਰੇ ਨੇ ਜਨਮ ਲਿਐ।"

ਉਹ ਸਮਝ ਗਈ। ਅਮਰੀਕ ਆਪਣੀ ਪਤਨੀ ਕੋਲ ਹੋਵੇਗਾ। ਜੱਚੇ-ਬੱਚੇ ਦੀ ਦੇਖ-ਭਾਲ ਲਈ। ਏਸੇ ਕਰਕੇ ਤਾਂ ਏਨੀ ਕਾਹਲ਼ੀ ਪਾਈ ਹੋਈ ਸੀ ਆਉਣ ਦੀ!

ਖ਼ੁਸ਼ੀ ਵਿਚ ਉਸਨੇ ਪਤੀ ਦਾ ਮੋਢਾ ਘੁੱਟ ਲਿਆ। ਜੇਠ ਨੂੰ ਕਿਹਾ, "ਜੀ ਤੁਹਾਡੇ ਮੂੰਹ ਵਿਚ ਘਿਉ-ਸ਼ੱਕਰ! ਵਧਾਈਆਂ ਹੋਣ ਕਾਕੇ ਦੇ ਵੱਡੇ ਬਾਪੂ ਨੂੰ ਵੀ ਤੇ ਛੋਟਿਆਂ ਨੂੰ ਵੀ।"

ਉਹਦਾ ਚਾਅ ਠੱਲ੍ਹਿਆ ਨਹੀਂ ਸੀ ਜਾ ਰਿਹਾ। ਪਰ ਉਹਦੀ ਵਧਾਈ ਦਾ ਤਾਂ ਕਿਸੇ ਨੇ ਵੀ ਉੱਤਰ ਨਹੀਂ ਸੀ ਮੋੜਿਆ।

ਉਹਨਾਂ ਦੀ ਭੇਤ-ਭਰੀ ਚੁੱਪ ਨੇ ਉਹਨੂੰ ਫੇਰ ਕੰਬਣੀ ਛੇੜ ਦਿੱਤੀ। ਤਸੱਲੀ ਕਰਨ ਲਈ ਉਸਨੇ ਫਿਰ ਪੁੱਛਿਆ, "ਜੀ ਅਮਰੀਕ ਆਇਆ ਕਿਉਂ ਨਹੀਂ? ਕੀ ਵਹੁਟੀ ਤੇ ਕਾਕੇ ਕੋਲ ਏ?"

ਹਾਲ ਦੀ ਘੜੀ ਉਹਨੂੰ ਟਾਲਣ ਲਈ ਜਰਨੈਲ ਸਿੰਘ ਨੂੰ 'ਹਾਂ' ਆਖਣਾ ਢੁਕਵਾਂ ਲੱਗਾ ਪਰ ਉਸ ਆਖਿਆ ਨਾ। ਉਸਨੇ ਧੌਣ ਮੋੜ ਕੇ ਅਮਰ ਸਿੰਘ ਵੱਲ ਵੇਖਿਆ।

ਕੋਈ ਕੁਝ ਨਹੀਂ ਬੋਲਿਆ। ਇਸ ਰਹੱਸਮਈ ਖ਼ਾਮੋਸ਼ੀ ਨੇ ਸੁਰਜੀਤ ਕੌਰ ਦਾ ਮਨ ਕਾਹਲਾ ਪਾ ਦਿੱਤਾ।

"ਮੈਂ ਵਾਰ ਵਾਰ ਪੁੱਛਦੀ ਆਂ, ਅਮਰੀਕ ਕਿਉਂ ਨਹੀਂ ਆਇਆ, ਅਮਰੀਕ ਕਿਉਂ ਨਹੀਂ ਆਇਆ? ਜੀ, ਤੁਸੀਂ ਦੱਸਦੇ ਕਿਉਂ ਨਹੀਂ ਕੁਝ? ਹੱਦ ਹੋ ਗੀ!"

ਅਮਰ ਸਿੰਘ ਨੇ ਡੁਬਡੁਬਾਉਂਦੀਆਂ ਅੱਖਾਂ ਨਾਲ ਜਰਨੈਲ ਸਿੰਘ ਵੱਲ ਵੇਖਿਆ।

"ਦੱਸਦੇ ਆਂ।" ਜਰਨੈਲ ਸਿੰਘ ਨੇ ਹੌਲੀ ਜਿਹੀ ਕਿਹਾ। ਉਸਨੇ ਨਵਰੂਪ ਨੂੰ ਰਾਹ ਵਿਚ ਪੈਂਦੇ ਇੱਕ ਪਾਰਕਿੰਗ ਲੌਟ ਵੱਲ ਮੋੜ ਕੇ ਕਾਰ ਖੜ੍ਹੀ ਕਰਨ ਦਾ ਇਸ਼ਾਰਾ ਕੀਤਾ।

"ਕਾਰ ਕਿਉਂ ਰੋਕ 'ਤੀ? ਮੇਰਾ ਅਮਰੀਕ ਕਿਉਂ ਨਹੀਂ ਆਇਆ? ਕੁਝ ਦੱਸੋ ਵੀ? ਮੈਂ ਕਦੋਂ ਦੀ ਭੌਂਕੀ ਜਾਂਦੀ ਆਂ।" ਸੁਰਜੀਤ ਕੌਰ ਅਮਰ ਸਿੰਘ ਨੂੰ ਹਲੂਣ ਰਹੀ ਸੀ।

ਅਮਰ ਸਿੰਘ ਨੇ ਉਸ ਦੁਆਲੇ ਬਾਂਹ ਵਲ਼ ਕੇ ਕਿਹਾ, "ਕਮਲੀਏ! ਮਹਾਰਾਜ ਗਰੀਬਾਂ ਦੀ ਕਦੀ ਹਰ ਮੈਦਾਨ ਫ਼ਤਹਿ ਨਹੀਂ ਕਰਦਾ ਹੁੰਦਾ! ਤੇਰੇ ਅਮਰੀਕ ਨੇ ਨਹੀਂ ਸੀ ਆਉਣਾ ਤੈਨੂੰ ਅੱਗੋਂ ਲੈਣ। ਉਹ ਤੇਰੇ ਆਉਣ ਤੋਂ ਪਹਿਲਾਂ ਈ ਅਗਲੇ ਜਹਾਨ ਨੂੰ ਤੁਰ ਗਿਐ!"

ਬਾਰੂਦ ਫਟਿਆ; ਲਾਟਾਂ ਉੱਠੀਆਂ। ਪਲ ਵਿਚ ਸਭ ਕੁਝ ਸੜ ਕੇ ਸਵਾਹ ਹੋ ਗਿਆ। ਜ਼ਿਹਨ ਵਿਚ ਰਾਖ਼ ਉੱਡਣ ਲੱਗੀ। ਬੋਲੇ ਗਏ ਸ਼ਬਦਾਂ ਵਿਚ ਕੁਝ ਵੀ ਅਸਪਸ਼ਟ ਨਹੀਂ ਸੀ ਪਰ ਸੁਰਜੀਤ ਕੌਰ ਨੇ ਫਿਰ ਵੀ ਭੁਲੇਖਾ ਦੂਰ ਕਰਨਾ ਚਾਹਿਆ, "ਕੀ ਦੱਸਿਆ? ਕਿੱਥੇ ਚਲਾ ਗਿਐ ਮੇਰਾ ਲਾਲ!" ਉਹਦੀ ਡਾਡ ਨਿਕਲ ਗਈ।

ਰੋਂਦਿਆਂ ਅਮਰ ਸਿੰਘ ਨੇ ਅਸਮਾਨ ਵੱਲ ਹੱਥ ਉੱਚਾ ਕੀਤਾ।

ਅਗਲੇ ਪਲ ਹੀ ਉੱਠਿਆ ਹੱਥ ਨੀਂਵਾਂ ਕਰ ਕੇ ਉਸਨੇ ਬੋਰ-ਪਾਈਪ ਦੇ ਸਿਰਿਆਂ ਨੂੰ ਦੋਵਾਂ ਹੱਥਾਂ ਨਾਲ ਘੁੱਟ ਲਿਆ। ਉਹ ਧਰਤੀ ਹੇਠਲੇ ਮੀਲਾਂ ਲੰਮੇ ਖੂਹ ਵਿਚ ਮੁੜ ਤਿਲਕ ਚੱਲਿਆ ਸੀ।

"ਸੁਰਜੀਤ ਕੁਰੇ! ਤੁਰ ਗਏ ਨੂੰ ਤਾਂ ਹਫ਼ਤਾ ਹੋ ਚੱਲਿਐ। ਐਕਸੀਡੈਂਟ ਹੋ ਗਿਆ ਸੀ ਟਰੱਕ ਦਾ।" ਜਰਨੈਲ ਸਿੰਘ ਦੇ ਬੋਲ ਅੱਥਰੂਆਂ ਨਾਲ ਭਿੱਜੇ ਹੋਏ ਸਨ।

ਸੁਰਜੀਤ ਕੌਰ ਪਾਗਲਾਂ ਵਾਂਗ ਪਹਿਲਾਂ ਛਾਤੀ ਪਿੱਟਣ ਲੱਗੀ ਤੇ ਫੇਰ ਅਮਰ ਸਿੰਘ ਦਾ ਕਮੀਜ਼ ਮੋਢੇ ਤੋਂ ਫੜ ਕੇ ਹਲੂਣਨ ਲੱਗੀ, "ਜ਼ਾਲਮਾਂ! ਤੈਨੂੰ ਪਤਾ ਸੀ ਏਸ ਗੱਲ ਦਾ? ਹਾਇ ਵੇ ਵੈਰੀਆ! ਮੈਥੋਂ ਕਿਉਂ

ਲੁਕਾਉਂਦਾ ਰਿਹੋਂ। ਮੇਰੇ ਤਾਂ ਕਲੇਜੇ ਵਿਚ ਉਦੋਂ ਈ ਮੁੱਕੀ ਵੱਜੀ ਸੀ ਜਦੋਂ ਓਦਣ ਸਵੇਰੇ ਪ੍ਰੋਫ਼ੈਸਰ ਦੇ ਟੈਲੀਫ਼ੋਨ ਸੁਣਨ ਗਿਆ ਕਿੰਨਾ ਚਿਰ ਬਹੁੜਿਆ ਨਹੀਂ ਸੈਂ ਤੇ ਫੇਰ ਚਾਦਰ ਲੈ ਕੇ ਲੰਮਾਂ ਪੈ ਗਿਆ ਸੈਂ। ਗੱਲ ਗੱਲ 'ਤੇ ਫਿੱਸ ਪੈਂਦਾ ਸੈਂ। ਹਾਇ! ਨੀ! ਛਿੰਦਰ ਤੇਰਾ ਵੀਰ! ਵੇ ਲੋਕੋ, ਮੇਰਾ ਲਾਲ!"

ਉਹ ਕਮਲਿਆਂ ਵਾਂਗ ਏਧਰ ਓਧਰ ਸਿਰ ਮਾਰਨ ਲੱਗੀ।

"ਤੂੰ ਮੈਥੋਂ ਕਿਉਂ ਗੱਲ ਲੁਕਾਈ? ਦੱਸ ਮੈਨੂੰ ਵੈਰੀਆ! ਕਿਉਂ ਲੁਕਾਈ ਮੈਥੋਂ ਗੱਲ?"

ਅਮਰ ਸਿੰਘ ਰੋਂਦਾ ਰੋਂਦਾ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ, "ਆਪਾਂ ਚੋਰੀ ਆਏ ਆਂ ਕਨੇਡਾ। ਸਾਡੇ ਕਾਗ਼ਜ਼ ਭਰਨ ਤੇ ਸਾਨੂੰ ਸਾਂਭਣ ਵਾਲਾ ਤਾਂ ਚਲਾ ਗਿਆ। ਜੇ ਗੱਲ ਬਾਹਰ ਨਿਕਲ ਜਾਂਦੀ ਤਾਂ ਸਾਨੂੰ ਅਗਲਿਆਂ ਕਨੇਡਾ ਨਹੀਂ ਸੀ ਵੜਨ ਦੇਣਾ।"

ਅਮਰ ਸਿੰਘ ਨੇ ਉਹਦੇ ਹੱਥ ਘੁੱਟ ਲਏ।

"ਵੇ ਮੈਂ ਪੁੱਤ ਬਿਨਾਂ ਅੱਗ ਲਾਉਣੀ ਸੀ ਕਨੇਡਾ ਨੂੰ!"

ਉਸਨੇ ਅਮਰ ਸਿੰਘ ਨੂੰ ਕਾਲਰਾਂ ਤੋਂ ਫੜ ਲਿਆ ਤੇ ਖਿੱਚ ਕੇ ਉਸਦੀ ਕਮੀਜ਼ ਦੇ ਬਟਨ ਤੋੜਦਿਆਂ ਚੀਕ ਮਾਰੀ, "ਪਾਪੀਆਂ 'ਫ਼ਤਹਿ' ਸਿਆਂ! ਕਰ ਲਈ ਊ ਕਨੇਡਾ ਫ਼ਤਹਿ? ਪੈ ਗਈ ਤੇਰੇ ਕਲੇਜੇ ਨੂੰ ਠੰਢ?"

ਚੀਕ ਮਾਰਦਿਆਂ ਈ ਉਹ ਬੇਹੋਸ਼ ਹੋ ਕੇ ਅਮਰ ਸਿੰਘ ਦੇ ਮੋਢੇ 'ਤੇ ਡਿਗ ਪਈ।

ਅਮਰ ਸਿੰਘ ਹੱਥ ਵਿਚ ਫੜਿਆ ਝੰਡਾ ਜਮਰੌਦ ਦੇ ਕਿਲ੍ਹੇ ਦੇ ਬੁਰਜ 'ਤੇ ਟੰਗਣ ਲਈ ਸਾਹੋ-ਸਾਹ ਹੋਇਆ ਚੜ੍ਹਾਈ ਚੜ੍ਹ ਰਿਹਾ ਸੀ ਕਿ ਉਸਦੇ ਪੈਰ ਤਿਲਕ ਗਏ। ਉਹ ਸਿਰ ਪਰਨੇ ਡਿੱਗਿਆ।

'ਸਰਰਅ-ਘਰਰਅ! ਸਰਰਅ-ਘਰਰਅ!"

ਬੁਰਜ ਦੇ ਸਿਖ਼ਰੋਂ ਤਿਲਕਿਆ ਉਹ ਵਰਮੇਂ ਨਾਲ ਧਰਤੀ 'ਚ ਉਰਾਰ-ਪਾਰ ਹੋਏ ਛੇਕ ਵਿਚ ਤਾਰੇ ਨਲੀ-ਚੋਚ ਨੂੰ ਲੱਭਦਾ ਲੱਭਦਾ ਹੇਠਾਂ ਹੀ ਹੇਠਾਂ ਗ਼ਰਕਣ ਲੱਗਾ। ਉਹ ਬਥੇਰੇ ਹੱਥ ਪੈਰ ਅੜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਡੂੰਘੇ ਤਿਲਕਣੇ ਖੂਹ ਵਿਚ ਡੁੱਬਣੋਂ ਬਚਣ ਲਈ ਉਸਦੇ ਹੱਥ-ਪੈਰ ਕਿਤੇ ਵੀ ਅੜ ਨਹੀਂ ਸੀ ਰਹੇ। ਆਖ਼ਰ ਨਿਢਾਲ ਹੋ ਕੇ ਉਸਨੇ ਯਤਨ ਕਰਨਾ ਹੀ ਛੱਡ ਦਿੱਤਾ।

'ਸਰਰਅ-ਘਰਰਅ! ਸਰਰਅ-ਘਰਰਅ!'

ਹਨੇਰੇ 'ਚ ਹੇਠਾਂ ਹੀ ਹੇਠਾਂ ਗ਼ਰਕਦਿਆਂ ਖ਼ਿਆਲ ਆਇਆ ਧਰਤੀ ਦੇ ਇਸ ਦੂਜੇ ਪਾਸੇ, ਪਤਾਲ ਦੀ ਇਸ ਧਰਤੀ ਹੇਠਾਂ ਇਕ ਧੌਲ ਸੁਣੀਂਦਾ ਹੈ। ਉਹ ਧੌਲ ਆਪਣੇ ਸਿੰਗਾਂ 'ਤੇ ਜ਼ਰੂਰ ਉਹਨੂੰ ਬੋਚ ਲਵੇਗਾ! ਉਹਨੂੰ ਡਿਗਦੇ ਨੂੰ ਸੰਭਾਲ ਲਏਗਾ!

ਪਲ-ਛਿਣ ਵਿਚ ਕਾਲੇ ਹਨੇਰੇ ਖੂਹ ਵਿਚ ਹਜ਼ਾਰਾਂ ਮੀਲਾਂ ਦਾ ਪੈਂਡਾ ਤੈਅ ਕਰ ਕੇ ਉਹ ਪਤਾਲ ਦੀ ਧਰਤੀ 'ਤੇ ਡਿੱਗਾ ਤਾਂ ਉਹਨੂੰ ਸਾਂਭਣ ਵਾਲਾ ਧੌਲ ਤਾਂ ਕਿਧਰੇ ਵੀ ਨਹੀਂ ਸੀ!

ਨਾ ਆਕਾਸ਼ ਨਾ ਪਾਤਾਲ! ਉਹ ਖ਼ਿਲਾਅ ਵਿਚ ਲਟਕਿਆ ਹੋਇਆ। ਉਹਦਾ ਆਪਾ ਸੁਦਰਸ਼ਨ ਚੱਕਰ ਵਾਂਗ ਆਪਣੀ ਧੁਰੀ ਦੁਆਲੇ ਘੁੰਮੀ ਜਾ ਰਿਹਾ ਸੀ ਤੇ ਚੱਲਦਾ ਹੋਇਆ ਉਹਦੇ ਆਪਣੇ ਜਿਸਮ ਨੂੰ ਹੀ ਕੱਟੀ ਵੱਢੀ ਜਾ ਰਿਹਾ ਸੀ। ਉਹਦੇ ਆਪਣੇ ਅੰਗ ਦੂਜੇ ਅੰਗਾਂ 'ਤੇ ਵਾਰ ਕਰ ਰਹੇ ਸਨ। ਤਨ ਮਨ ਦੇ ਟੋਟੇ ਹੋ ਕੇ ਖ਼ਿਲਾਅ ਵਿਚ ਬੋਟੀ ਬੋਟੀ ਉੱਡ ਰਹੇ ਸਨ। ਜਮਰੌਦ ਦੇ ਕਿਲ੍ਹੇ 'ਤੇ ਝੁਲਾਉਣ ਲਈ ਉਹਦੇ ਹੱਥ ਵਿਚ ਫੜਿਆ ਝੰਡਾ ਲੀਰਾਂ-ਲੀਰਾਂ, ਤੂੰਬਾ-ਤੂੰਬਾ ਹੋ ਕੇ ਖਿੱਲਰ ਗਿਆ ਸੀ। ਹਰ ਵੇਲੇ ਧਰਤੀ ਦੇ ਆਰ-ਪਾਰ ਹੋਏ ਛੇਕ ਵਿਚ ਵੇਖਦੀਆਂ ਰਹਿਣ ਵਾਲੀਆਂ ਉਹਦੀਆਂ ਲਲਸਾਈਆਂ ਅੱਖਾਂ ਚੀਥੜਿਆਂ ਵਾਂਗ ਕੱਟੇ-ਵੱਢੇ ਜਾ ਰਹੇ ਜਿਸਮ ਵਿਚੋਂ ਬੁੜ੍ਹਕ ਕੇ ਬਾਹਰ ਡਿੱਗੀਆਂ। ਇਸਤੋਂ ਪਹਿਲਾਂ ਕਿ ਉਹ ਟੁੱਟਦੀਆਂ, ਫੁੱਟਦੀਆਂ; ਦੋ ਨਿੱਕੇ, ਕੂਲੇ ਗੁਲਾਬੀ ਨਵ-ਜਨਮੇਂ ਹੱਥਾਂ ਨੇ ਉਹਨਾਂ ਅੱਖਾਂ ਨੂੰ ਬੋਚ ਕੇ ਆਪਣੀਆਂ ਤਲੀਆਂ ਵਿਚ ਘੁੱਟ ਲਿਆ।

ਦੋਵਾਂ ਨਰਮ, ਨਾਜ਼ੁਕ ਤਲੀਆਂ ਵਿਚ ਸਾਂਭੀਆਂ ਅੱਖਾਂ ਨੇ ਨੰਨ੍ਹੇ ਪਾਰਦਰਸ਼ੀ ਹੱਥਾਂ ਦੇ ਪਾਰ ਵੇਖਿਆ। ਮਿਸਟਰ ਰੀਡ  ਦਾ ਚਿਹਰਾ ਵਿਅੰਗਆਤਮਕ ਮੁਸਕਰਾਹਟ ਨਾਲ ਲਿੱਬੜਿਆ ਹੋਇਆ ਸੀ। ਉਹਦੇ ਪਿੱਛੇ ਕਨੇਡਾ ਦੇ ਮਹਾਂਨਗਰ ਦੀਆਂ ਰੌਸ਼ਨੀਆਂ ਰਾਤ ਦੇ ਹਨੇਰੇ ਨੂੰ ਚੀਰਨ ਦੀ ਕੋਸ਼ਿਸ਼ ਵਿਚ ਲੱਗੀਆਂ ਹੋਈਆਂ ਸਨ।

[153, ਗੋਲਡਨ ਐਵਿਨਿਊ-1, ਗੜ੍ਹਾ, ਜਲੰਧਰ-144022]



# ਗਲੋਬਲਾਈਜ਼ੇਸ਼ਨ

## ਸੁਰਜੀਤ ਹਾਂਸ

ਫ਼ਰਾਂਸੀਸੀ ਅਰਥ ਵਿਗਿਆਨੀ ਮਿਸ਼ੈੱਲ ਬੋ (Michel Beaud) ਦੀ ਕਿਤਾਬ ਸਰਮਾਏ ਦਾਰੀ ਦਾ ਇਤਿਹਾਸ ਪਹਿਲਾਂ 1981 ਵਿਚ ਛਪੀ ਸੀ। ਵੀਹਵੀਂ ਸਦੀ ਦੇ ਅੰਤ ਵਿਚ ਹੁੰਦੇ ਮਹੱਤਵਪੂਰਨ ਪਰਿਵਰਤਨ ਨੇ ਲਿਖਾਰੀ ਨੂੰ ਮਜਬੂਰ  ਕੀਤਾ ਕਿ ਉਹ ਕਿਤਾਬ ਨੂੰ 2000 ਤਕ ਲੈ ਜਾਵੇ। Monthly Review Press ਨੇ ਇਹਦਾ ਅੰਗਰੇਜ਼ੀ ਅਨੁਵਾਦ 2001 ਵਿਚ ਛਾਪਿਆ। ਹੁਣ ਆਕਾਰ ਬੁਕਸ, ਦਿੱਲੀ ਦਾ 2004 ਦਾ ਸੰਸਕਰਨ ਹੈ। ਕਿਤਾਬ ਦੀ ਖ਼ੂਬੀ ਇਹ ਹੈ ਕਿ ਪਿਛਲੇ ਦਸ ਸਾਲਾਂ ਨੇ ਕਰਤਾ ਦੇ ਕੱਢੇ ਸਿੱਟਿਆਂ ਨੂੰ ਪੱਕਾ ਕੀਤਾ ਹੈ। ਸਾਡੀ ਦਿਲਚਸਪੀ ਕਿਤਾਬ ਵਿਚ ਗਲੋਬਕਾਰੀ (ਜਿਵੇਂ ਆਬ-ਕਾਰੀ, ਆਬਾਦ-ਕਾਰੀ, ਰੂਬਕਾਰੀ) ਦੇ ਪ੍ਰਤਿਭਾ-ਰੂਪੀ ਵਰਣਨ ਵਿਚ ਹੈ।

ਗਲੋਬਕਾਰੀ ਦੇ ਵਿਚਾਰ ਦਾ ਪਹਿਲਾ ਗੁਣ ਇਹ ਹੈ ਕਿ ਸ਼ਬਦ ਹੀ ਸਾਮਰਾਜ,ਵਿਸ਼ਵ ਸਾਮਰਾਜ - ਪਛੜੇ ਦੇਸ਼ਾਂ ਦੀ ਨਿਰਭਰਤਾ ਨੂੰ ਢਕ ਲੈਂਦਾ ਹੈ। ਆਪਸੀ ਨਿਰਭਰਤਾ ਦਾ ਨਾਅਰਾ ਭੁਲੇਖਾ ਪਾਉਂਦਾ ਹੈ ਜਿਵੇਂ ਕਿਤੇ ਮਨੁੱਖਤਾ ਨੇ ਰਲ ਮਿਲ ਕੇ ਸਾਂਝੀ ਪ੍ਰਗਤੀ ਕਰਨੀ ਹੈ ਜਿਸ ਵਿਚ ਮਾਣਸ ਦਾ ਭਵਿੱਖ ਹੈ। ਗਲੋਬੀ ਗ੍ਰਾਮ Global Village ਦੀ ਕਲਪਨਾ ਤਾਂ ਨਸ਼ੇ ਸਮਾਨ ਹੈ।

ਗਲੋਬਕਾਰੀ ਦੇ ਵਿਚਾਰ ਵਿਚ ਧੁਨੀ ਹੈ ਕਿ ਵ੍ਰਿੱਧੀ (Growth) ਵਿਚ ਹੀ ਬੰਦੇ ਦੀ ਖ਼ੁਸ਼ੀ ਹੈ, ਇਸ ਤੋਂ ਵੱਧ ਉਹਦੀ ਹੋਂਦ ਹੀ ਆਰਥਿਕ ਵ੍ਰਿੱਧੀ 'ਤੇ ਖਲੋਤੀ ਹੈ। ਇਹਦੇ ਨਾਲ ਹੀ ਵਿਸ਼ਵ ਸੰਤੁਲਨ ਕਾਇਮ ਰਹਿ ਸਕਦਾ ਹੈ; ਵ੍ਰਿੱਧੀ ਵਿਚ ਹੀ ਵਿਸ਼ਵ ਦੀਆਂ ਸਮੱਸਿਆਵਾਂ ਦਾ ਹੱਲ ਹੈ। ਇੰਝ ਗਲੋਬਕਾਰੀ ਅਜਿਹਾ ਵਿਚਾਰਕ ਨਿਰਸਥਾਨ (Utopia) ਹੈ ਜਿਹੜਾ ਮਨੁੱਖੀ ਵਿਹਾਰ 'ਤੇ ਸਰਮਾਏਦਾਰੀ ਦੀ ਵਧ ਰਹੀ ਜਕੜ 'ਤੇ ਪਰਦਾਪੋਸ਼ੀ ਪਾਈ ਜਾਂਦਾ ਹੈ।

0 0 0

ਭਾਵੇਂ ਗਲੋਬਕਾਰੀ ਦੇ ਨਾਅਰੇ ਥੱਲੇ ਵਿਕਸਤ ਅਤੇ ਪਛੜੇ ਦੇਸ਼ਾਂ ਦਾ ਫ਼ਰਕ ਮਿਟਦਾ ਮਾਲੂਮ ਹੁੰਦਾ ਹੈ ਪਰ ਕਹਿਣ ਨਾਲ ਤਾਂ ਉੱਤਰ (ਵਿਕਸਤ ਦੇਸ਼, ਅਮਰੀਕਾ, ਯੌਰਪ, ਜਾਪਾਨ, ਜਿਸ ਨੂੰ ਤਿਕੜੀ ਵੀ ਕਹਿੰਦੇ ਹਨ) ਅਤੇ ਦੱਖਣ (ਪਛੜੇ ਦੇਸ਼, ਖ਼ਾਸਕਰ ਅਫ਼ਰੀਕਾ, ਦੱਖਣੀ ਅਮਰੀਕਾ ਅਤੇ ਦੱਖਣ ਪੂਰਬ ਏਸ਼ੀਆ) ਦਾ ਫ਼ਰਕ ਨਹੀਂ ਮਿਟਦਾ। ਵਿਸ਼ਵ ਪੱਧਰ 'ਤੇ ਸਨ 1969 ਵਿਚ ਦਰ੍ਰਿਦਤਮ 20 ਫੀਸਦੀ ਵਸੋਂ ਕੋਲ 2.3% ਵਿਸ਼ਵ ਸਾਧਨ ਸਨ ਜਿਹੜੇ 1994 ਵਿਚ 1.1% ਰਹਿ ਗਏ।

ਦੁਨੀਆਂ ਦੀ 20 ਫੀਸਦੀ ਸਮ੍ਰਿਧ-ਤਮ ਵਸੋਂ ਪਾਸ ਸਨ 1969 ਵਿਚ 69% ਵਿਸ਼ਵ ਸਾਧਨ ਸਨ ਜਿਹੜੇ 1994 ਵਿਚ 86% ਹੋ ਗਏ।

ਸਵਿਟਜ਼ਰਲੈਂਡ ਦੇ ਸ਼ਹਿਰੀ ਦੀ ਇਕ ਦਿਨ ਦੀ ਕਮਾਈ ਈਥੀਓਪੀਆ ਦੇ ਨਾਗਰਿਕ ਦੀ ਸਾਲ ਭਰ ਦੀ ਆਮਦਨੀ ਦੇ ਬਰਾਬਰ ਹੈ।

ਦੋ ਸੌ ਵ੍ਰਿੱਧਤਮ ਕਾਰਪੋਰੇਸ਼ਨਾਂ ਦੀ ਸਥੂਲ ਵਿਕਰੀ ਸਨ 1960 ਵਿਚ ਵਿਸ਼ਵ ਪੈਦਾਵਾਰ ਦਾ 17% ਸੀ, ਸਨ 1984 ਵਿਚ ਵਿਸ਼ਵ ਪੈਦਾਵਾਰ ਦਾ 24% ਅਤੇ ਸਨ 1995 ਵਿਚ ਵਿਸ਼ਵ ਪੈਦਾਵਾਰ ਦਾ 30% ਸੀ। ਸਨ 1995 ਵਿਚ 500 ਵ੍ਰਿੱਧਤਮ ਕਾਰਪੋਰੇਸ਼ਨਾ ਦੇ 3 ਕਰੋੜ 50 ਲੱਖ ਕਾਮੇ ਸੀ। ਉਹਨਾਂ ਦਾ ਅਸਾਸਾ 32 ਟਰਿਲੀਅਨ ਡਾਲਰ ਦਾ ਸੀ (ਅਮਰੀਕਾ, ਫ਼ਰਾਂਸ ਵਿਚ 1 ਨਾਲ 12 ਸਿਫ਼ਰਾਂ ਲਾ ਕੇ ਪਰ ਇੰਗਲੈਂਡ, ਜਰਮਨੀ ਵਿਚ 18 ਸਫ਼ਰਾਂ ਲਗਦੀਆਂ ਹਨ। ਟਰੀਲੀਅਨ ਅੰਕ ਦੀ ਅਜੇ ਗਲੋਬਕਾਰੀ ਨਹੀਂ ਹੋਈ) ਸਥੂਲ ਵਿਕਰੀ 11.4 ਟਰੀਲੀਅਨ ਡਾਲਰ ਜਿਹੜੀ ਵਿਸ਼ਵ ਪੈਦਾਵਾਰ ਦਾ 47% ਸੀ। ਇਹਨਾਂ ਦਾ ਮੁਨਾਫਾ 320 ਬਿਲੀਅਨ ਡਾਲਰ ਸੀ

ਜਿਹੜਾ ਕਿ 43 ਦਰਿਦ੍ਰਤਮ ਦੇਸ਼ਾਂ ਦੀ ਕੁਲ ਪੈਦਾਵਾਰ ਬਰਾਬਰ ਸੀ ਜਿੱਥੇ 1 ਅਰਬ ਦੀ ਵਸੋਂ ਸੀ।

ਸੋ ਪੰਜ ਸੌ ਵ੍ਰਿੱਧਤਮ ਕਾਰਪੋਰੇਸ਼ਨਾਂ ਅਤੇ 1 ਅਰਬ ਵਸੋਂ ਗਲੋਬਕਾਰੀ ਦਾ ਪੈਮਾਨਾ (scale) ਹੈ।

ਸ਼ੇਅਰ (Share) ਬਾਜ਼ਾਰ ਦੀ ਸਰਮਾਇਆਕਾਰੀ Stock Market Capitalization ਦਾ ਸੱਟਾ ਚਲਦਾ ਹੈ। ਸੱਟੇ 'ਚ ਵਸਤਾਂ ਦੇ ਭਾਉ ਵਧਣ ਦੀ ਆਸ ਹੁੰਦੀ ਹੈ ਪਰ ਵਸਤਾਂ 'ਚ ਵਾਧੇ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

1998 ਵਿਚ ਨਿਊਯਾਰਕ ਦੀ ਸਟਾਕ ਮਾਰਕੀਟ ਕੈਪੀਟਲਾਈਜ਼ੇਸ਼ਨ 10 ਟਰੀਲੀਅਨ ਡਾਲਰ, ਅੱਠ ਪ੍ਰਮੁੱਖ ਯੋਰਪੀ ਮੁਲਕਾਂ ਦੀ 6.7 ਟਰੀਲੀਅਨ ਡਾਲਰ, ਏਸ਼ੀਆ ਦੇ ਸ਼ਾਂਤ ਸਾਗਰ ਕੰਢੇ ਦੀ 3.6 ਟਰੀਲੀਅਨ ਡਾਲਰ। ਸਨ 1997 ਵਿਚ ਤ੍ਰਿਕੜੀ ਦੀ ਵਿਸ਼ਵ ਆਰਥਿਕਤਾ ਵਿਚ ਮਹੱਤਤਾ (ਸਾਰੇ ਵਿਸ਼ਵ ਦੇ ਫੀਸਦੀ ਵਿਚ)

| | ਯੂ. ਐੱਸ. | ਜਾਪਾਨ | ਯੋਰਪੀ ਸੰਘ | ਕੁੱਲ |
|---|---|---|---|---|
| ਵਸੋਂ | 4.6 | 2.2 | 6.2 | 13 |
| ਸਥੂਲ ਉਪਜ | 25.7 | 15.9 | 28.4 | 70 |
| ਸ਼ੇਅਰ ਬਾਜ਼ਾਰੀ ਸਰਮਾਏਕਾਰੀ | 42.0 | 15.3 | 23.1 | 80.4 |

ਗਲੋਬਕਾਰੀ ਵਿਕਸਤ ਦੇਸ਼ਾਂ ਅਤੇ ਪਛੜੇ ਦੇਸ਼ਾਂ ਦੀ ਨਹੀਂ; ਇਹ ਤ੍ਰਿਕੜੀ ਦੀ ਆਰਥਿਕਤਾ ਹੈ। ਸੋ (100-13) 87 ਫੀਸਦੀ ਆਬਾਦੀ (100-70) 30 ਫੀਸਦੀ ਉਪਜ ਦਾ ਬੇਸ਼ੱਕ ਆਤਮਘਾਤੀ ਗੁਣ - ਗਾਇਣ ਕਰੀ ਜਾਵੇ।

ਉਪਰੋਕਤ ਦੀ ਪੁਸ਼ਟੀ ਵਿਦੇਸ਼ੀ ਪੂੰਜੀ ਨਿਵੇਸ਼ (investment) ਤੋਂ ਵੀ ਸਿੱਧ ਹੁੰਦੀ ਹੈ।

ਅਮਰੀਕਾ ਦਾ ਵਿਦੇਸ਼ੀ ਪੂੰਜੀ ਨਿਵੇਸ਼ 1973 ਵਿਚ 100 ਬਿਲੀਅਨ ਡਾਲਰ ਸੀ, 1980 ਵਿਚ 220 ਬਿਲੀਅਨ ਡਾਲਰ ਅਤੇ 1995 ਵਿਚ 455 ਬਿਲੀਅਨ ਡਾਲਰ।

ਅਮਰੀਕਾ ਵਿਚ ਗ਼ੈਰ - ਅਮਰੀਕੀ ਕਾਰਪੋਰੇਸ਼ਨਾਂ ਦਾ ਪੂੰਜੀ ਨਿਵੇਸ਼ ਸਨ 1973 ਵਿਚ 20 ਬਿਲੀਅਨ ਡਾਲਰ, ਸਨ 1980 ਵਿਚ 60 ਬਿਲੀਅਨ ਡਾਲਰ, ਸਨ 1995 ਵਿਚ 435 ਬਿਲੀਅਨ ਡਾਲਰ।

ਅਮਰੀਕਾ ਦਾ ਵਪਾਰਕ ਭੁਗਤਾਨ ਲੇਖਾ (balance of payments) ਅਤੇ ਵਿਦੇਸ਼ੀ ਕਰਜ਼ਾ ਇਸ ਗੱਲ ਨੂੰ ਲਾਜ਼ਮੀ ਬਣਾਉਂਦਾ ਹੈ ਕਿ ਅਮਰੀਕਾ ਵਿਚ ਵਿਦੇਸ਼ੀ ਸਮਰਾਇਆ ਲੱਗੇ।

ਭੁਗਤਾਨ ਲੇਖਾ 1981 ਵਿਚ ਬਰਾਬਰ ਦਾ ਸੀ, ਸਨ 1983 ਵਿਚ 41 ਬਿਲੀਅਨ ਡਾਲਰ ਦਾ ਘਾਟਾ, ਸਨ 1984 ਵਿਚ 102 ਬਿਲੀਅਨ ਡਾਲਰ ਦਾ ਘਾਟਾ, ਸਨ 1985 ਵਿਚ 113 ਬਿਲੀਅਨ ਡਾਲਰ ਦਾ ਘਾਟਾ।

ਅਮਰੀਕਾ ਦਾ ਵਿਦੇਸ਼ੀ ਕਰਜ਼ਾ ਸਨ 1980 ਵਿਚ 130 ਬਿਲੀਅਨ ਡਾਲਰ ਦਾ ਸੀ, ਸਨ 1983 ਵਿਚ 300 ਬਿਲੀਅਨ ਡਾਲਰ ਦਾ।

ਅੱਜ ਵੀ ਹਾਲਤ ਸੁਧਰਨ ਦੀ ਕੋਈ ਆਸ ਨਹੀਂ। ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਪਿਛਲੇ 30 ਸਾਲਾਂ ਤੋਂ ਅਮਰੀਕੀ ਵ੍ਰਿੱਧੀ ਲਈ ਵਿਦੇਸ਼ੀ ਸਰਮਾਇਆ ਸਹਾਈ ਹੋਇਆ। ਯੋਰਪੀ ਸੰਘ ਵਿਚ ਵੀ ਕੁਝ ਕੁ ਵਾਮਪੱਖੀ ਵਿਚਾਰ ਉੱਠੇ ਹਨ ਕਿ ਰਾਸ਼ਟਰੀ ਬੁਰਜਵਾਜ਼ੀ ਮੁਲਕ 'ਚ ਸਰਮਾਇਆ ਲਾਉਣ ਦੀ ਥਾਉਂ ਅਮਰੀਕੀ ਪੂੰਜੀ ਨਿਵੇਸ਼ ਨੂੰ ਭੱਜਦੀ ਹੈ। ਭਾਵੇਂ ਅੰਕੜੇ ਸੁਲੱਭ ਨਹੀਂ ਭਾਰਤੀ ਬੁਰਜਵਾਜ਼ੀ ਦੇ ਕਾਫ਼ੀ ਸਾਰੇ ਅੰਸ਼ ਦਾ ਇਹੀ ਰਵਯੀਆ ਹੋਣਾ ਹੈ (ਦੱਖਣੀ ਕੋਰੀਆ ਦੀ ਆਰਥਿਕ ਪ੍ਰਗਤੀ ਦਾ ਇਕ ਮੌਖਿਕ ਕਾਰਨ ਦੱਸਿਆ ਜਾਂਦਾ ਹੈ। ਰ੍ਹੀ ਨੇ ਪ੍ਰਧਾਨ ਬਣਦੇ ਸਾਰ ਦੇਸ਼ ਦੇ ਪ੍ਰਮੁੱਖ ਸਰਮਾਏਦਾਰ ਬੁਲਾਏ, ਕਹਿੰਦਾ-ਦੇਸ਼ 'ਚ ਪੂੰਜੀ ਨਿਵੇਸ਼ ਕਰੋ, ਨਹੀਂ ਮੈਂ ਸਾਰੇ ਅੰਦਰ ਕਰ ਦੇਣੇ ਹਨ) ਚੀਨ ਅਮਰੀਕਾ ਦੇ ਸੰਬੰਧ ਵੀ ਇਸੇ ਆਰਥਿਕ ਤੱਥ 'ਤੇ ਖਲੋਤੇ ਹਨ।



ਦੂਸਰੇ ਚੱਲ ਰਹੇ ਆਰਥਿਕ ਸੰਕਟ ਦਾ ਹੱਲ ਬੈਂਕਾਂ ਦੀ ਸਿਹਤਯਾਬੀ ਨਹੀਂ, ਸਗੋਂ ਬੈਂਕਾਂ ਦੀ ਕਾਰਕਰਦਗੀ ਦੀ ਸਿਹਤਮੰਦੀ ਦਾ ਸਵਾਲ ਹੈ। ਅਖ਼ਬਾਰ, ਟੈਲੀਵਿਜ਼ਨ, ਸਟਾਕ ਮਾਰਕੀਟ ਦੀ ਚੜ੍ਹਤ ਨੂੰ ਸੰਕਟ ਦੇ ਟਲਣ ਦੀ ਨਿਸ਼ਾਨੀ ਕਹੀ ਜਾਂਦੇ ਹਨ ਜਿਹੜੀ ਸਹੀ ਗੱਲ ਨਹੀਂ।

ਫ਼ਿਨਾਂਸ (finance) ਦੇ ਧੰਦੇ ਨੇ ਨਿਹ-ਯਥਾਰਥ ਨੂੰ ਵੀ ਵਪਾਰ ਦਾ ਅੰਗ ਬਣਾਇਆ ਹੋਇਆ। ਇਹ ਨਿਹ-ਯਥਾਰਥ ਹਨ : 1. futures on rates 2. futures on currencies 3. futures on stock market levels 4. options on rates 5.options on currencies 6.options on stock market levels

ਇਹ ਕੀ ਚੀਜ਼ਾਂ ਹਨ ਮੈਨੂੰ ਇਹਨਾਂ ਦੀ ਸਮਝ ਨਹੀਂ। ਇਹਨਾਂ ਛੋਆਂ ਦੀ ਮੰਡੀ ਦਾ 1987 ਵਿਚ 650 ਬਿਲੀਅਨ ਡਾਲਰ ਦਾ ਕਾਰੋਬਾਰ ਸੀ ਜਿਹੜਾ 1997 ਦੇ ਅੰਤ ਵਿਚ 12 ਟਰੀਲੀਅਨ ਦਾ ਹੋ ਗਿਆ।

ਵੀਹਵੀਂ ਸਦੀ ਦੇ ਅੰਗਰੇਜ਼ ਅਰਥ ਵਿਗਿਆਨੀ ਕੇਨਜ਼ (Keynes d. 1946) ਦੇ ਸਮੇਂ ਮਾਇਕ, ਫ਼ਿਨਾਂਸ, ਸਟਾਕ ਮਾਰਕੀਟ ਦਾ ਕਾਰੋਬਾਰ ਵਸਤਾਂ ਦੇ ਕਾਰੋਬਾਰ ਨਾਲੋਂ ਦੁੱਗਣੇ ਮੁੱਲ ਦਾ ਸੀ।

ਕਰੰਸੀ ਦੀ ਖਰੀਦ-ਓ-ਫਰੋਖਤ ਅਤੇ ਵਿਸ਼ਵ ਵਸਤਾਂ ਦੀ ਵੇਚ ਵੱਟ ਦਾ ਅਨੁਪਾਤ ਸਨ 1979 ਵਿਚ 6 ਸੀ, ਸਨ 1986 ਵਿਚ 20, ਸਨ 1995 ਵਿਚ 57 ਅਤੇ ਸਨ 2000 ਵਿਚ 100 ਸੰਭਾਵੀ ਹੈ।

ਸਟਾਕ ਮਾਰਕੀਟ ਦੀ ਬੱਲੇ ਬੱਲੇ ਕੇਵਲ ਸੱਟੇ ਲਈ ਸੂਚਨਾ ਹੁੰਦੀ ਹੈ। ਜੇ ਸ਼ੇਅਰ ਦੀ ਕੀਮਤ ਵਧਦੀ ਰਹੇ ਤਾਂ ਸ਼ੇਅਰ ਦਾ ਲਾਹਾ (dividend) ਮੁਕਾਬਲਤਨ ਘਟਦਾ ਹੈ। ਸਨ 1998 ਵਿਚ ਅਮਰੀਕੀ ਸ਼ੇਅਰ ਦਾ ਲਾਹਾ ਪਿਛਲੇ 30 ਸਾਲਾਂ ਤੋਂ ਨਿਮਨਤਮ ਸੀ, ਪੰਜ ਫੀਸਦੀ ਤੋਂ ਘੱਟ।

1973-1990 ਦੇ ਲੰਬੇ ਆਰਥਿਕ ਸੰਕਟ ਲਈ ਸੋਵੀਅਤ ਰੂਸ ਦਾ ਪਤਨ ਬੜਾ ਜੀ-ਆਇਆਂ ਸਿੱਧ ਹੋਇਆ। ਸੋਵੀਅਤ ਰੂਸ ਦੇ ਜੀਂਦਿਆਂ ਸਰਮਾਏਦਾਰੀ ਦਾ ਝੂਠਾ ਸੱਚਾ ਵਿਕਲਪ (ਬਦਲ) ਨਜ਼ਰ ਆਉਂਦਾ ਸੀ ਜਿਸ ਕਰਕੇ ਗਲੋਬਕਾਰੀ ਦੀ ਕਲਪਨਾ ਯੋਗ ਨਹੀਂ ਸੀ।

0 0 0

ਸਮਾਜਵਾਦ ਦੇ ਵਿਚਾਰ ਦਾ ਪਦਾਰਥਕ ਪਿਛੋਕੜ ਭਾਰੀ ਉਦਯੋਗ (heavy industry) ਸੀ, ਜਿਸਦੀ trade union ਸਰਗਰਮੀ ਨੇ ਸਿਧਾਂਤਕ ਵਿਕਲਪ ਪੈਦਾ ਕੀਤਾ ਕਿ ਮਜ਼ਦੂਰ ਜਮਾਤ ਹੀ ਸ਼ੋਸ਼ਨ-ਰਹਿਤ ਪ੍ਰਬੰਧ ਉਸਾਰ ਸਕਦੀ ਹੈ ਕਿਉਂਕਿ ਮਜ਼ਦੂਰ ਸ਼੍ਰੇਣੀ ਕਿਸੇ ਦਾ ਸ਼ੋਸ਼ਨ ਨਹੀਂ ਕਰਦੀ, ਇਹਦੀ ਚੜ੍ਹਤ ਨੂੰ ਕਿਸੇ ਸ਼ੋਸ਼ਤ ਸ਼੍ਰੇਣੀ ਦੀ ਲੋੜ ਨਹੀਂ। ਇਸ ਕਰਕੇ ਮਜ਼ਦੂਰ ਜਮਾਤ ਦੀ ਮੁਕਤੀ ਹੀ ਮਨੁੱਖ ਦੀ ਮੁਕਤੀ ਦਾ ਸਾਧਨ ਹੈ। ਵਿਚਾਰਧਾਰਕ ਦਲੀਲ ਤੋਂ ਉਪਰੰਤ 19ਵੀਂ-ਅੱਧੀ ਵੀਹਵੀਂ ਸਦੀ ਵਿਚ ਇਸਦੀ ਸਮਾਜ ਵਿਗਿਆਨਕ (sociological) ਹਮਾਇਤ ਵੀ ਹੁੰਦੀ ਸੀ।

ਸਨ 1973 ਤੋਂ ਭਾਰੀ ਉਦਯੋਗ, ਟਰੇਡ ਯੂਨੀਅਨ ਸਰਗਰਮੀ ਅਤੇ ਸਮਾਜਵਾਦ ਦਾ ਵਿਚਾਰ ਮਾਂਦ ਪੈਣ ਲੱਗਿਆ। ਉਦਯੋਗੀ ਮਜ਼ਦੂਰ ਸ਼੍ਰੇਣੀ ਦੀ ਆਬਾਦੀ ਦਾ ਘਟਣਾ ਹੀ ਸਮਾਜਵਾਦ ਦੀ ਮਾਂਦਗੀ ਦਾ ਜ਼ਾਹਰਾ ਤੱਥ ਸੀ।

ਸਨ 1950 ਤੋਂ ਲੈ ਕੇ 1987 ਤਕ ਉਦਯੋਗੀ ਰੋਜ਼ਗਾਰ (employment) ਬੈਲਜੀਅਮ ਵਿਚ 46.8 ਤੋਂ 27.7 ਹੋ ਗਈ, ਹਾਲੈਂਡ ਵਿਚ 40.2 ਤੋਂ 26.3 ਹੋ ਗਈ, ਬਰਤਾਨੀਆ ਵਿਚ 46.5 ਤੋਂ 29.8 ਹੋ ਗਈ।

ਇਹਦੇ ਉਲਟ (tertiary sector) ਸੇਵਾ ਸੈਕਟਰ ਦੀ ਵ੍ਰਿਧੀ ਹੁੰਦੀ ਰਹੀ। Organisation for Economic Cooperation and Development ਦੇ 16 ਮੁਲਕਾਂ ਵਿਚ ਸੇਵਾ ਆਧਾਰਤ ਰੋਜ਼ਗਾਰ ਸਨ 1870 ਵਿਚ 24.3%, ਸਨ 1950 ਵਿਚ 38.7%, ਸਨ 1973 ਵਿਚ 53.4% ਅਤੇ ਸਨ 1987 ਵਿਚ 63.5% ਸੀ।

ਭਾਰੀ ਉਦਯੋਗ ਸਟੀਲ, ਆਟੋ-ਵਾਹਨ ਅਤੇ ਬਿਜਲੀ ਦੇ ਸਾਮਾਨ 'ਤੇ ਆਧਾਰਤ ਸੰ ਜਿਸ ਦੀ ਥਾਉਂ ਕੰਪਿਊਟਰ, ਦੂਰ-ਸੰਚਾਰ, ਪੁਲਾੜੀ ਜੁਗਤ-ਵਿੱਦਿਆ, ਜੈਵਕ (bio) - ਜੁਗ ਲੈ ਰਹੇ ਹਨ। ਮਾਣਸ ਦੇ ਪਾਰ ਕਰਨ ਲਈ ਨਵੀਆਂ ਸਰਹੱਦਾਂ ਹੁਣ ਸਮੁੰਦਰ ਦੀ ਤਹਿ, ਪੁਲਾੜ ਨਵੇਂ ਮਾਦੇ (matter) ਦੀ ਉਪਜ, ਜੀਵਨ ਦੀ ਉਪਜ ਦੇ ਨਵੇਂ ਤਰੀਕੇ ਹਨ। ਪੈਟਰੋਲ ਦੀ ਥਾਉਂ ਨਵੀਂ ਊਰਜਾ ਗੈਸ ਅਤੇ ਪ੍ਰਮਾਣੂ ਦੀ ਹੈ।

ਕੇਵਲ ਕਾਰਪੋਰੇਸ਼ਨਾਂ ਦੀ ਸਮਰੱਥਾ ਹੈ ਕਿ ਉਹ ਨਵੇਂ ਉਦਯੋਗ ਦੀ ਪੈਦਾਵਾਰ, ਚ-ਪ੍ਰਬੰਧ, ਲੋੜੀਂਦੇ ਵਿੱਤ (ਫ਼ਿਨਾਂਸ) ਦਾ ਇੰਤਜ਼ਾਮ planetry scale 'ਤੇ ਕਰ ਸਕਦੀਆਂ ਹਨ। ਇਸੇ ਕਰਕੇ, ਜਿੱਥੇ ਨਵੇਂ ਮੁਲਕ ਸਮਾਜਵਾਦ ਦਾ ਰਾਹ ਅਪਣਾ ਰਹੇ ਹਨ ਉਥੇ ਸਮਾਜਵਾਦ ਆਧੁਨਿਕ ਆਧਾਰ ਦੀ ਖੋਜ ਹੋ ਰਹੀ ਹੈ।

ਟੈਕਨੋ-ਸਾਇੰਸ (techno-science) ਦੀ ਮਹੱਤਤਾ ਦਾ ਅਨੁਮਾਨ ਜਾਪਾਨ ਦੇ ਆਰਥਿਕ-ਵ੍ਰਿੱਧੀ ਵਿਚ ਇਹਦੇ ਯੋਗਦਾਨ ਤੋਂ ਪਤਾ ਲੱਗ ਸਕਦਾ ਹੈ ਜਿਹੜਾ ਸਨ 1970 ਵਿ 20% ਸੀ, ਸਨ 1985 ਵਿਚ 40% ਅਤੇ ਸਨ 1986-90 ਵਿਚ 60% ਸੀ।

ਸਨ 1990 ਵਿਚ ਵਿਸ਼ਵ ਪੱਧਰ 'ਤੇ Research & Development ਦਾ ਇ ਵੇਰਵਾ ਹੈ:

| ਦੇਸ਼ | % of World R&D spending | R&D spending % of GDP |
|---|---|---|
| ਅਮਰੀਕਾ | 37.9 | 2.5 |
| ਪੱਛਮੀ ਯੋਰਪ | 28.0 | 1.8 |
| ਜਾਪਾਨ, ਏਸ਼ੀਅਨ ਟਾਈਗਰ | 18.6 | 2.3 |
| ਚੀਨ | 4.9 | 0.5 |
| ਭਾਰਤ, ਕੇਂਦਰੀ ਏਸ਼ੀਆ | 2.2 | 0.6 |

ਇੰਝ ਸਰਮਾਏਦਾਰੀ ਦੀ ਬ੍ਰਹਮੰਡੀ ਜਕੜ ਦਾ ਸੁ-ਨਾਉਂ ਗਲੋਬਕਾਰੀ ਹੈ।

0 0 0

ਕਿਤਾਬ ਵਿਚ ਜਿਹੜੀ ਥੋੜ੍ਹੀ ਬਹੁਤ ਭਾਰਤ ਬਾਰੇ ਜਾਣਕਾਰੀ ਮਿਲਦੀ ਹੈ ਉਸ ਅਸੀਂ ਆਪਣੇ ਦੇਸ਼ ਨੂੰ ਗਲੋਬਕਾਰੀ ਦੇ ਸੰਦਰਭ 'ਚ ਦੇਖ ਸਕਦੇ ਹਾਂ।

ਪਹਿਲੀ ਗੱਲ ਤਾਂ ਇਹ ਕਿ ਚੀਨ ਅਤੇ ਭਾਰਤ ਮਹਾਂਦੀਪ ਦੇ ਆਕਾਰ ਦੇ ਰਾਸ਼ਟਰ ਹ ਜਿਹਨਾਂ ਦੀ ਆਰਥਿਕ ਪ੍ਰਗਤੀ ਅਜੇ ਸਿਖਰ 'ਤੇ ਨਹੀਂ ਪਹੁੰਚੀ।

ਸਨ 1980-97 ਵਿਚ ਵਿਸ਼ਵ ਆਰਥਿਕ ਵ੍ਰਿੱਧੀ ਦੀ ਦਰ ਇਸ ਤਰ੍ਹਾਂ ਸੀ:

| ਸਨ | ਵਿਸ਼ਵ | ਅਮਰੀਕਾ | ਯੌਰਪੀ ਸੰਘ | ਜਾਪਾਨ | ਚੀਨ | ਭਾਰਤ |
|---|---|---|---|---|---|---|
| 1980-90 | 3.1 | 2.9 | 2.6 | 4.0 | 10.2 | 5.8 |
| 1990-97 | 2.3 | 2.5 | 1.5 | 1.4 | 11.9 | 5.9 |

ਹਿੰਦੁਸਤਾਨ ਦੀ ਉਤਲੀ ਅਮੀਰ 1/10 ਵਸੋਂ ਮੰਡੀ ਦੇ ਪੱਖੋਂ ਕਿਸੇ ਵੀ ਯੌਰਪੀ ਮੁਲ ਤੋਂ ਵਧੇਰੇ ਮਹੱਤਵ ਰੱਖਦੀ ਹੈ ਜਿਸ ਕਰਕੇ ਪੱਛਮ ਸਾਡੀ ਬੱਲੇ ਬੱਲੇ ਕਰਦਾ ਹੈ। ਦੂਸਰੇ ਇਹ ਸੰਭਾਵੀ ਘਰੇਲੂ ਮਾਰਕੀਟ ਵਿਦੇਸ਼ੀ ਸਪਲਾਇਰਜ਼ Suppliers ਨੂੰ ਕਈ ਦਹਾਕਿਆਂ ਲਈ ਆਕਰਸ਼ ਕਰ ਸਕਦੀ ਹੈ ਅਤੇ ਘਰੇਲੂ ਖਪਤ ਲਈ ਘਰੇਲੂ ਪੈਦਾਵਾਰ ਦਾ ਲੰਬਾ ਭਵਿੱਖ ਹੈ।

ਭਾਰਤ ਦੀ ਕੋਸ਼ਿਸ਼ ਵਿਸ਼ਵ ਮਾਰਕੀਟ ਵਿਚ ਆਪਣਾ ਥਾਉਂ ਬਣਾਉਣ ਦੀ ਹੈ ਪ ਵਿਦੇਸ਼ੀ ਪੂੰਜੀ-ਨਿਵੇਸ਼ ਅਤੇ ਫ਼ਿਨਾਂਸ 'ਤੇ ਨਿਰਭਰਤਾ ਇਹਨੂੰ ਸਥਾਈ ਨਹੀਂ ਬਣਾ ਸਕਦੀ।

ਭੂਤਪੂਰਵ ਬਸਤੀਵਾਦ ਅਧੀਨ ਦੇਸ਼ਾਂ ਨੂੰ ਵਿਦੇਸ਼ੀ ਹਕੂਮਤ ਕਾਰਨ ਆਪਣੇ ਸ਼ੋਸ਼ ਪਛੜੇਪਨ ਅਤੇ ਗ਼ੁਰਬਤ ਦਾ ਖ਼ਿਆਲ ਤਾਂ ਹੈ ਪਰ ਰਾਸ਼ਟਰੀ ਅਪ-ਰਚਨਾ (destructuring)



ਬਹੁਤੀ ਚੇਤਨਾ ਨਹੀਂ, ਨਾ ਹੀ ਇਹਦੀ ਸੋਧ ਸੁਧਾਈ ਦਾ ਕੋਈ ਵਿਚਾਰ ਜਾਂ ਉੱਦਮ ਹੋਇਆ ਹੈ।

"ਪੰਦਰਵੀਂ ਸਦੀ ਦੇ ਅੰਤ ਤੋਂ ਲੈ ਕੇ ਵੀਹਵੀਂ ਸਦੀ ਦੇ ਆਰੰਭ ਤਕ ਪੱਛਮ ਇਤਿਹਾਸ ਦਾ ਨਿਰਮਾਤਾ ਸੀ। ਬਾਕੀ ਦੁਨੀਆਂ ਜਾਂ ਤਾਂ ਇਹਦੇ ਪਿੱਛੇ ਲੱਗ ਗਈ ਜਾਂ ਇਹਦੇ ਤਾਬੇ' ਹੋ ਗਈ।" ਸਾਡੇ ਚਿੰਤਕਾਂ ਨੂੰ ਇਤਿਹਾਸਕ ਜ਼ਿੰਮੇਵਾਰੀ ਦਾ ਖ਼ਿਆਲ ਤਾਂ ਕੀ ਹੋਣਾ ਸੀ ਬਲਕਿ ਫਜ਼ੂਲ ਸਮਝਦੇ ਹਨ ਕਿਉਂਕਿ ਅਸੀਂ ਵਿਸ਼ਵ ਮੰਡੀ 'ਚ ਘੁਸਣ ਲੱਗੇ ਹਾਂ।

0 0 0

ਗਲੋਬਕਾਰੀ ਦਾ ਇਕ ਹੋਰ ਮੁਆਮਲੇ ਨਾਲ ਜੋੜ ਪੈ ਗਿਆ। ਪੋਲਾਨੀ (Polanyi) ਅਨੁਸਾਰ ਸਰਮਾਏਦਾਰੀ ਪ੍ਰਕਿਰਤੀ ਨੂੰ ਸੰਪਤੀ 'ਚ ਬਦਲਦੀ ਹੈ। ਇਹਦੀ ਕਾਮਯਾਬੀ ਨੇ ਹੀ ecology - ਪ੍ਰਕਿਰਤੀ ਦੀ ਸੰਭਾਲ-ਦਾ ਮਸਲਾ ਪੈਦਾ ਕੀਤਾ ਹੈ। Economy ਦਾ ਮੁੱਢਲਾ ਅਰਥ household management ਅਰਥਾਤ ਘਰੇਲੂ ਸੰਭਾਲ ਹੈ ਜਿਹੜਾ ਹੁਣ ਅਰਥ ਵਿਵਸਥਾ ਹੋ ਗਿਆ ਹੈ। Ecology ਤਾਂ economy ਤੋਂ ਕਿਤੇ ਜ਼ਿਆਦਾ ਆਪਣੇ ਮੌਲਿਕ ਭਾਵ ਤੋਂ ਦੂਰ ਚਲੀ ਗਈ ਹੈ। ਅਸੀਂ ਰਸ ਤੋਂ ਰਸਾਇਣ (chemistry) ਵਾਂਗੂੰ ਇਹਨੂੰ ਪ੍ਰਕਿਰਤਾਇਣ ਕਹਿ ਸਕਦੇ ਹਾਂ।

ਪ੍ਰਕਿਰਤਾਇਣ ਦੀ ਮੁਸ਼ਕਲ ਕਈ ਭਾਂਤ ਦੀਆਂ ਵ੍ਰਿੱਧੀਆਂ ਕਾਰਨ ਹੋਈ ਹੈ, ਵਸੋਂ ਦੀ ਵ੍ਰਿਧੀ, ਉਪਜ ਦੀ ਵ੍ਰਿਧੀ, ਲੋੜਾਂ ਦੀ ਵ੍ਰਿਧੀ। ਇਹਦੇ ਉਲਟ ਸਾਧਨਾਂ ਦੀ ਵਧਦੀ ਘਾਟ ਨੇ ਇਹਨੂੰ ਸਾਡੇ ਗ੍ਰਹਿ ਦੀ ਸਮੱਸਿਆ ਬਣਾ ਦਿੱਤਾ ਹੈ। ਅਨੁਮਾਨ ਹੈ ਕਿ 20,000 ਪੂਰਵ ਈਸਾ ਦੁਨੀਆਂ ਦੀ ਵਸੋਂ 50 ਤੋਂ 80 ਲੱਖ ਸੀ। ਸਨ 0001 ਈਸਵੀ ਵਿਚ 25 ਕਰੋੜ, 1600 ਵਿਚ 60 ਕਰੋੜ, 1800 ਵਿਚ 100 ਕਰੋੜ (1 ਅਰਬ), 1927 ਵਿਚ 2 ਅਰਬ, 1999 ਵਿਚ 6 ਅਰਬ ਸੀ।

ਜੀਅ-ਪ੍ਰਤੀ ਪੈਦਾਵਾਰ ਦੀ ਵ੍ਰਿੱਧੀ 2000 ਪੂਰਵ ਈਸਾ-1500, ਅਥਵਾ 3500 ਸਾਲ ਵਿਚ 10 ਗੁਣੀ ਹੋਈ। 1500-1820, ਅਥਵਾ 320 ਸਾਲ ਵਿਚ 1.3 ਗੁਣੀ, 1820-2000, ਅਥਵਾ 180 ਸਾਲਾਂ ਵਿਚ 6 ਗੁਣੀ।

ਪਿਛਲੇ ਦੋ ਸੌ ਸਾਲਾਂ ਵਿਚ ਪੈਦਾਵਾਰ ਦਾ ਵਾਧਾ ਮਨੁੱਖੀ ਇਤਿਹਾਸ ਵਿਚ ਅਪਵਾਦ (exception) ਹੈ। ਪਤਾ ਨਹੀਂ ਸਦੀਵੀ ਪ੍ਰਗਤੀ ਦਾ ਆਰੰਭ ਹੈ ਜਾਂ ਫਿਰ ਅਰਥ-ਸਥਿਰਤਾ ਕਾਲ ਤੋਂ ਪਹਿਲਾਂ ਆਉਂਦਾ ਅੰਤ੍ਰਾਲ ਹੈ।

ਊਰਜਾ ਦੀ ਪੈਦਾਵਾਰ ਦਾ ਪ੍ਰਕਿਰਤਾਇਣ ਨਾਲ ਸਿੱਧਾ ਸੰਬੰਧ ਹੈ। ਵਿਸ਼ਵ ਦੀ ਵਪਾਰੀ ਊਰਜਾ ਕੋਇਲੇ ਦੀ ਇਕਾਈਆਂ ਅਨੁਸਾਰ ਸਨ 1800 ਵਿਚ 1 ਕਰੋੜ 6 ਲੱਖ ਟਨ ਦੀ ਸੀ, ਸਨ 1890 ਵਿਚ 5 ਕਰੋੜ 1 ਲੱਖ ਟਨ, ਸਨ 1913 ਵਿਚ 1 ਅਰਬ 33 ਕਰੋੜ 5 ਲੱਖ ਟਨ, ਸਨ 1950 ਵਿਚ 2 ਅਰਬ 49 ਕਰੋੜ 6 ਲੱਖ ਟਨ, ਸਨ 1990 ਵਿਚ 10 ਅਰਬ 87 ਕਰੋੜ 5 ਲੱਖ ਟਨ। ਜਿਸ ਕਰਕੇ ਸੋਮਿਆਂ ਦਾ ਪੁਨਰ-ਨਵੀਨਣ ਪ੍ਰਸ਼ਨ-ਜਨਕ ਹੋ ਗਿਆ ਹੈ। ਜੰਗਲਾਤ ਦਾ ਘਟਦਾ ਰਕਬਾ, ਭੂਮੀ ਦਾ ਰਸਾਇਣਨ, ਜਲ, ਵਾਯੂ, ਦਰਿਆਵਾਂ, ਸਮੁੰਦਰਾਂ ਦਾ ਪ੍ਰਦੂਸ਼ਨ ਉਸ ਹੱਦ ਨੂੰ ਪਹੁੰਚ ਰਿਹਾ ਹੈ ਜਿੱਥੇ ਅਨੁ-ਜੀਵਾਂ ਦਾ ਜੀਂਦੇ ਰਹਿਣਾ ਅਤੇ ਗ੍ਰਹਿ ਦੇ ਸਵਸਥ ਦਾ ਸਵਾਲ ਖੜ੍ਹਾ ਹੋ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਿਥਵੀ ਦੀ ਸੰਭਾਵੀ ਰੁਗਨਤਾ ਜਾਂ ਮਰਗ ਦੀ ਜ਼ਿੰਮੇਵਾਰੀ ਉੱਤਰ ਦੀ ਤ੍ਰਿਕੜੀ 'ਤੇ ਆਉਂਦੀ ਹੈ। ਕਹਿੰਦੇ ਹਨ ਕਿ ਉਦਯੋਗ ਹੀ ਆਪਣੇ ਦੁਰ-ਪਰਿਣਾਮਾਂ ਨੂੰ ਠੀਕ ਕਰਨ ਦੇ ਯੋਗ ਹੈ; ਦੁਰ - ਪਰਿਣਾਮਾਂ ਵਿਚ ਵਾਧਾ ਕਿਉਂ ਨਹੀਂ ਕਰੇਗਾ?

0 0 0

ਖੇਤੀ ਦਾ ਗਲੋਬਕਾਰੀ ਨਾਲ ਸਿੱਧਾ, ਨਯਾਯਸ਼ੀਲ ਸੰਬੰਧ ਨਹੀਂ। ਪਰ ਗਲੋਬਕਾਰੀ ਦੀਆਂ ਬਹੁਰਾਸ਼ਟਰੀ ਕੰਪਨੀਆਂ ਪੈਟਰੋਲ ਤੋਂ ਉਪਰੰਤ ਭੋਇੰ ਅਤੇ ਅੰਨ ਦੀ ਸੱਟੇਬਾਜ਼ੀ 'ਚ ਦਿਲਚਸਪੀ ਵਿਖਾ ਰਹੀਆਂ ਹਨ। ਸਰਮਾਏਦਾਰੀ ਦੀ ਇਤਿਹਾਸਕ ਆਕਾਂਖਾ ਕਿਸਾਨ ਨੂੰ ਮਜ਼ਦੂਰ ਬਣਾਉਣ ਦੀ ਹੈ। ਅਜਿਹੀ ਪ੍ਰਕਿਰਿਆ ਅਮਰੀਕਾ ਵਿਚ ਕਈ ਥਾਵਾਂ 'ਤੇ ਮੁਕੰਮਲ ਹੋ ਚੁੱਕੀ ਹੈ।

ਪਹਿਲੀ ਸਟੇਜ ਕਿਸਾਨ ਨੂੰ ਵਧੇਰੇ ਉਪਜ ਦਾ ਲਾਲਚ ਦੇ ਕੇ ਜਣਕ - ਪਰਿਵਰਤਿਤ genetic ਬੀਜ ਵੇਚਣੇ ਹਨ। ਦੂਜੀ ਸਟੇਜ ਜਣਕ ਬੀਜਾਂ ਲਈ ਵਿਸ਼ੇਸ਼ ਨਦੀਨਮਾਰ ਦੀ ਹੈ ਜਿਹੜਾ ਫਸਲ 'ਚ ਹੋਰ ਬੂਟੀਆਂ ਨੂੰ ਮਾਰ ਦਿੰਦਾ ਹੈ। ਤੀਜੀ ਸਟੇਜ ਕ੍ਰਿਸ਼ਕ ਪ੍ਰਕਿਰਿਆ 'ਤੇ ਨਿਗਰਾਨੀ ਰੱਖਣ ਦੀ ਹੈ ਜਿਵੇਂ ਪਾਣੀ ਆਦਿ ਕਿਵੇਂ, ਕਦੋਂ, ਕਿੰਨਾ ਦੇਣਾ ਹੈ; ਕ੍ਰਿਸ਼ਕ ਪ੍ਰਕਿਰਿਆ ਦੀ ਉਲੰਘਣਾ ਕਰਨ ਵਾਲੇ ਦੀ ਕਟੌਤੀ ਹੋ ਜਾਂਦੀ ਹੈ। ਇੰਝ ਕਿਸਾਨ ਆਪਣੇ ਹੀ ਖੇਤ ਵਿਚ ਮਜ਼ਦੂਰ ਹੋ ਜਾਂਦਾ ਹੈ। ਦੂਸਰੇ ਉਦਯੋਗੀ ਕ੍ਰਿਸ਼ੀ ਚੋਖੀ ਜ਼ਮੀਨ ਵਾਲਿਆਂ ਲਈ ਹੈ; ਉਦਯੋਗੀ ਕ੍ਰਿਸ਼ੀ ਨੂੰ ਸਵੈ-ਜੀਵੀ subsistence ਫ਼ਾਰਮਰ 'ਚ ਕੋਈ ਦਿਲਚਸਪੀ ਨਹੀਂ। ਸ਼ਹਿਰਾਂ 'ਚ ਖਪਤ ਜਾਂ ਨਿਰਯਾਤ ਕਰਨ ਵਾਲੀਆਂ ਕੰਪਨੀਆਂ ਦੀ ਉਪਜ ਦੀ ਅਜਿਹੀ ਆਰਥਿਕਤਾ, ਕੀਮਤ ਹੈ ਕਿ ਸਵੈ-ਜੀਵੀ ਕਿਸਾਨ ਜੀਂਦਾ ਨਹੀਂ ਰਹਿ ਸਕਦਾ। ਉਸਨੂੰ ਮਜਬੂਰਨ ਸ਼ਹਿਰਾਂ ਦੀਆਂ ਝੁੱਗੀਆਂ-ਝੌਂਪੜੀਆਂ ਦਾ ਰੁੱਖ ਕਰਨਾ ਪੈਂਦਾ ਹੈ।ਝੁੱਗੀ-ਝੌਂਪੜੀ ਦਾ ਦ੍ਰਿਸ਼ਟਮਾਨ ਅਸਲ 'ਚ ਕ੍ਰਿਸ਼ਕ ਸੰਕਟ ਦਾ ਪਰਿਣਾਮ ਹੈ।

ਤੀਸਰੇ ਉਦਯੋਗੀ ਕ੍ਰਿਸ਼ੀ ਸਦਕੇ ਸਵੈ-ਜੀਵੀ ਫਾਰਮਰ ਦੇ ਅੰਤ ਨਾਲ ਲੋਕ ਭਾਖਾ ਦਾ ਅੰਤ ਹੋ ਜਾਂਦਾ ਹੈ। ਜਿਵੇਂ ਪੁਰਾਤੱਤਵਿਗਿਆਨ (archaeology) ਭੂਤ ਕਾਲ ਦੇ ਪਦਾਰਥਕ ਸ਼ੇਸ਼ ਲੱਭ ਲੈਂਦਾ ਹੈ ਇੰਝ ਲੋਕ ਭਾਖਾ ਵਿਚ ਪੁਰਾਤੱਤਵਿਗਿਆਨਕ ਵਿਚਾਰ ਪਏ ਹਨ। ਲੋਕ ਭਾਖਾ ਦੇ ਪਤਨ ਨਾਲ ਪ੍ਰਾਚੀਨ ਪਰੰਪਰਾ ਨਾਲ ਸੰਬੰਧ ਖ਼ਤਮ ਹੋ ਜਾਂਦਾ ਹੈ। ਇੰਝ ਗਲੋਬਕਾਰੀ ਹੌਲੀ ਹੌਲੀ ਜਾਂ ਤੇਜ਼ੀ ਨਾਲ ਸਾਂਸਕ੍ਰਿਤਕ ਜਨ-ਘਾਤ ਕਰ ਰਹੀ ਹੈ।

ਵਧੇਰੇ ਜਾਣਕਾਰੀ ਲਈ ਖੜਗਪੁਰ ਤੋਂ ਛਪਦਾ ਜੁਲਾਈ-ਅਗਸਤ 2009 ਦਾ Analytical Monthly Review ਵੇਖੋ।

0 0 0

ਸਰਮਾਏਦਾਰੀ ਦਾ ਇਤਿਹਾਸ ਹੋਰ ਹੋਰ ਸ਼ੈਆਂ, ਕਾਰਜਾਂ ਨੂੰ ਕ੍ਰੀ-ਤ commodity ਬਣਾਉਣਾ ਹੈ। ਰਣਜੀਤ ਸਿੰਘ ਦੇ ਸਮੇਂ ਤਕ ਭੋਇੰ ਤਕਰੀਬਨ ਤਕਰੀਬਨ ਵਿਕਦੀ ਨਹੀਂ ਸੀ। 'ਦੁੱਧ ਪੁੱਤ ਵੇਚਣਾ' ਹੁਣ ਵਾਂਗੂੰ ਕਦੇ ਮੁਹਾਵਰਾ ਨਹੀਂ ਹੁੰਦਾ ਸੀ। ਮੇਰੇ ਵੇਖਦਿਆਂ ਵੇਖਦਿਆਂ ਪੀਣ ਵਾਲਾ ਪਾਣੀ ਵਿਕਣ ਲੱਗਿਆ ਹੈ। ਮੈਕਸੀਕੋ ਵਿਚ, ਜਿਵੇਂ ਮਸ਼ੀਨ 'ਚ ਰੁਪਈਆ ਪਾ ਕੇ ਭਾਰ ਜੋਖ ਲਈ ਦਾ, ਪੈਸੇ ਪਾ ਕੇ ਮਿਥੇ ਸਮੇਂ ਲਈ ਤਾਜ਼ਾ ਹਵਾ ਦਾ ਸਾਹ ਲਿਆ ਜਾ ਸਕਦਾ ਹੈ। ਹੁਣ ਮਨੋਰੰਜਨ ਵਿਕਣ ਲੱਗੇ ਹਨ, ਕ੍ਰਿਕਟ ਵਿਕਦੀ ਹੈ, ਸ਼ਾਇਦ ਕੱਲ ਨੂੰ ਕੁਸ਼ਤੀਆਂ ਅਤੇ ਰਾਏਪੁਰ ਬਲਦ-ਗੱਡੀਆਂ ਦੀ ਦੌੜ ਵੀ ਟਿਕਟ ਖਰੀਦ ਕੇ ਵੇਖਣੀ ਪਵੇ।

ਹੁਣ ਵਿੱਦਿਆ, ਸੁਅਸਥ, ਸੁਰਕਸ਼ਾ ਰਿਆਸਤ ਦੀ ਜ਼ਿੰਮੇਵਾਰੀ ਨਹੀਂ, ਸਗੋਂ ਵਪਾਰ ਦੇ ਸੰਸਥਾਨ ਹਨ। ਹਸਪਤਾਲਾਂ ਸਾਹਮਣੇ ਲਹੂ ਵਿਕਦਾ ਹੈ; ਚੋਰੀ ਛਪੋਰੀ ਗੁਰਦੇ ਖ਼ਰੀਦੇ ਜਾਂਦੇ ਹਨ। ਕੱਲ੍ਹ ਨੂੰ ਇਹਨਾਂ ਦੀ ਮਾਰਕੀਟ ਬਣ ਜਾਣੀ ਹੈ। ਗਰਭਾਧਾਨ ਦੇ ਵਿਗਿਆਨ ਸਦਕੇ ਮੀਆਂ ਬੀਵੀ ਕਿਸੇ ਔਰਤ ਦੀ ਬੱਚੇਦਾਨੀ ਕਿਰਾਏ 'ਤੇ ਲੈ ਸਕਦੇ ਹਨ (rent a womb)। ਕੁਝ ਪਤਾ ਨਹੀਂ ਜੀਵਨ ਅਤੇ ਪ੍ਰਕਿਰਤੀ 'ਤੇ ਸਰਮਾਏਦਾਰੀ ਦੀ ਜਕੜ ਕਿੱਥੋਂ ਤਾਈ ਪਹੁੰਚਣੀ ਹੈ, ਜਾਂ ਇਹਦੀ ਰੋਕ ਲਈ ਕੇਵਲ ਮਨੋਵਿਗਿਆਨਕ ਸੀਮਾ ਹੀ ਰਹਿ ਗਈ ਹੈ।

000

ਆਰਥਿਕ ਵ੍ਰਿੱਧੀ (growth) ਦੀ ਟੂਣੇਹਾਰ (fetish) ਸ਼ਰਧਾ ਹੈ। ਇਹੀ ਰਾਸ਼ਟਰੀ ਜੀਵਨ ਦਾ ਉਦੇਸ਼, ਇੰਜਨ ਅਤੇ ਮੰਜ਼ਲ ਹੈ। ਅਕਸਰ ਸੁਣਦੇ ਹਾਂ ਕਿ ਸਥਿਰਤਾ ਵੀ ਵ੍ਰਿੱਧੀ 'ਤੇ ਨਿਰਭਰ ਹੈ। ਇਹੀ ਲੌਕਿਕ ਖੁਸ਼ੀ ਦਾ ਸਾਧਨ ਹੈ। ਵ੍ਰਿੱਧੀ ਹੀ ਸਮੱਸਿਆਵਾਂ ਦਾ ਹੱਲ ਹੈ।

'ਵ੍ਰਿੱਧੀ' ਵੀ ਸ਼੍ਰੈਣਿਕ ਸਮਾਜ ਵਿਚ ਵਿਚਾਰਧਾਰਕ ਹਥਿਆਰ ਹੈ। ਪੱਛਮ ਦੀ ਪੰਜ ਸੌ ਸਾਲਾ ਵ੍ਰਿੱਧੀ ਨੇ ਦਰਿਦ੍ਰਤਾ ਖਤਮ ਨਹੀਂ ਕੀਤੀ। ਆਰਥਿਕ ਪ੍ਰਕਿਰਿਆ ਅਜਿਹਾ ਅਮਲ (process) ਹੈ ਜੋ ਇਕ ਪਾਸੇ ਖੁਸ਼ਹਾਲੀ ਪੈਦਾ ਕਰਦਾ ਹੈ ਅਤੇ ਦੂਸਰੇ ਬੰਨੇ ਦਰਿਦ੍ਰਤਾ ਵੀ ਉਪਜਾਉਂਦਾ ਹੈ।



ਸਾਡੇ ਅਖ਼ਬਾਰ ਅਤੇ ਸਾਡੀ ਸਰਕਾਰ ਵ੍ਰਿੱਧੀ ਦੀ ਇਕ ਪਾਸੜ ਗੱਲ ਕਰਦੀ ਹੈ। ਦੂਸਰੇ ਵ੍ਰਿੱਧੀ ਦਾ ਜਨਤਕ ਲਾਹਾ ਅਤੇ ਪ੍ਰਕਿਰਤਾਇਣ ਦੀ ਸੰਭਾਲ ਤਾਂ ਹੀ ਹੋ ਸਕਦੀ ਹੈ ਜੇ ਵ੍ਰਿੱਧੀ 'ਤੇ ਕੁੱਝ ਬੰਦਿਆਂ ਦੇ ਨਿੱਜੀ ਕੰਟਰੋਲ ਦੀ ਥਾਂ ਰਿਆਸਤ ਦਾ ਅਧਿਕਾਰ ਹੋਵੇ ਜਿਹੜਾ ਕਿ ਵਿਆਪਕ ਤੱਥ ਨਹੀਂ। ਨਾ ਤਾਂ ਵ੍ਰਿੱਧੀ 'ਤੇ ਰਿਆਸਤ ਦਾ ਇਖ਼ਤਿਆਰ ਹੈ, ਨਾ ਰਿਆਸਤ ਤਾਈਂ ਲੋੜਵੰਦਾਂ ਦੀ ਪਹੁੰਚ ਹੈ।

ਆਰਥਿਕ ਨੀਤੀ ਦੇ ਤੌਰ 'ਤੇ ਵ੍ਰਿੱਧੀ ਦਾ ਆਧਾਰ (ਗਲੋਬਕਾਰੀ ਦੀਆਂ ਸੰਸਥਾਵਾਂ, ਵਿਸ਼ਵ ਬੈਂਕ ਅਤੇ ਅੰਤਰ-ਰਾਸ਼ਟਰੀ ਮੁਦਰਾ ਕੋਸ਼ I.M.F. ਦੇ ਅਸਰ ਅਧੀਨ) ਨਿਰਯਾਤ ਨੂੰ ਹੀ ਮੰਨਿਆ ਜਾਂਦਾ ਹੈ ਅਤੇ ਰਾਸ਼ਟਰ ਦੀ ਅੰਤਰੀ ਮੰਡੀ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਅਜਿਹੀ ਨੀਤੀ ਵਿਸ਼ਵ ਸੰਕਟ ਸਮੇਂ ਦੇਸ਼ ਦੇ ਅੰਤਰੀ ਸੰਕਟ ਨੂੰ ਹੋਰ ਵੀ ਡੂੰਘਾ ਕਰ ਦਿੰਦੀ ਹੈ। ਅਜਿਹੀ ਦੂਰ-ਨੀਤੀ ਦਾ ਸਵਾਦ 1997 ਵਿਚ ਏਸ਼ੀਆਈ ਸ਼ੇਰਾਂ (Asian Tigers) ਨੇ ਵੇਖਿਆ ਹੋਇਆ। ਹੁਣ ਯੌਰਪ ਵੀ ਦੇਖਣ ਲੱਗਿਆ।

0 0 0

1960ਵਿਆਂ ਵਿਚ ਗੁਨਾਰ ਮਿਰਡਲ Asian Drama ਵਿਚ ਕਹਿੰਦਾ ਸੀ ਕਿ ਹਰ ਕਿਸੇ ਆਜ਼ਾਦ ਹੋਏ ਭੂਤਪੂਰਵ ਬਸਤੀਵਾਦਤ (colonized) ਮੁਲਕਾਂ ਦੀ ਸਰਕਾਰ 'ਨਰਮ ਰਿਆਸਤ' ਹੈ ਜਿਸ ਦਾ ਮੁੱਖ ਲੱਛਣ ਹੈ ਕਿ ਰਿਆਸਤ ਅਜਿਹੇ ਪ੍ਰੋਗਰਾਮ ਵੀ ਸਿਰੇ ਨਹੀਂ ਚੜ੍ਹਾ ਸਕਦੀ ਜਿਹਨਾਂ ਨੂੰ ਉਹ ਅਵੱਸ਼ਕ ਸਮਝਦੀ ਹੈ। ਗਲੋਬਕਾਰੀ ਸਦਕੇ ਰਿਆਸਤ ਦੀ ਕਾਰਜਤਾ 'ਤੇ ਅਸਰ ਤਾਂ ਬਹੁਤ ਪਿਆ ਪਰ ਇਹਦੀ ਚਰਚਾ ਥੋੜ੍ਹੀ ਹੋਈ ਹੈ। ਮਿਸ਼ੈੱਲ ਬੋ ਅਨੁਸਾਰ ਹੁਣ ਰਿਆਸਤ ਦਾ ਖਾਸਾ ਅ-ਤੰਤਰ (a-cracy) ਦਾ ਹੈ।

ਇਕ ਪਾਸੇ ਰਿਆਸਤ ਕਮਜ਼ੋਰ ਹੋ ਰਹੀ ਹੈ, ਦੂਸਰੇ ਸਰਕਾਰਾਂ ਦੀ ਮੁੱਖ ਚਿੰਤਾ ਰਿਆਸਤੀ ਕੰਮ ਕਾਜ ਨੂੰ ਘਟਾਉਣਾ ਹੈ। ਅੱਗੇ ਦੇਸਾਂ ਦੀਆਂ ਆਕਾਂਖਿਆਵਾਂ (ambitions) ਹੁੰਦੀਆਂ ਸਨ; ਹੁਣ ਗਲੋਬਕਾਰੀ 'ਚ ਘੁਸਣ ਤੋਂ ਵੱਧ ਕੋਈ ਆਕਾਂਖਾ ਨਹੀਂ। ਤਿੱਕੜੀ ਦੇ ਦੇਸ਼ਾਂ ਵਿਚ ਵੀ ਰਾਜ ਸਰਮਾਏ ਦੇ ਅਲਪਤੰਤਰ (oligarchy) ਦਾ ਹੈ। ਇੰਗਲੈਂਡ-ਫਰਾਂਸ, ਜਰਮਨੀ-ਸਵੀਡਨ ਨੂੰ ਜੋੜਦੀ ਸੁਰੰਗ ਰੇਲਵੇ (Tunnel Railway) ਦਾ ਫ਼ੈਸਲਾ ਯੌਰਪੀਅਨ ਚੈਂਬਰ ਆਫ਼ ਕਾਮਰਸ (European Chamber of Commerce) ਦਾ ਸੀ। ਅਮਰੀਕੀ ਗ੍ਰਿਹ ਅਤੇ ਵਿਦੇਸ਼ ਨੀਤੀ ਦਾ ਫ਼ੈਸਲਾ ਵੱਡੀਆਂ ਕੰਪਨੀਆਂ ਕਰਦੀਆਂ ਹਨ। ਅਮਰੀਕਾ ਪਹਿਲਾ ਮੁਲਕ ਹੈ ਜਿੱਥੇ ਮਦੱਬਰ (statesmen) ਬਿਜ਼ਨੈੱਸ ਖੰਡ 'ਚੋਂ ਪੈਦਾ ਹੁੰਦੇ ਹਨ।

ਗਲੋਬਕਾਰੀ ਦਾ ਉਦੇਸ਼ ਸਥਾਨਕ ਸਰਕਾਰਾਂ de-regulation, privatization ਨਾਲ ਪੂਰਾ ਕਰ ਰਹੀਆਂ ਹਨ। ਬਿਜ਼ਨਸ ਦੇ ਆਪਣੇ ਜ਼ਾਬਤੇ ਹੁੰਦੇ ਹਨ ਤਾਂ ਜੁ ਕਾਰੋਬਾਰ ਬੇ-ਇਖ਼ਤਿਆਰ ਨਾ ਹੋ ਜਾਵੇ। ਕਲਿੰਟਨ ਨੇ ਬੈਂਕਾਂ ਦੇ ਜ਼ਾਬਤੇ ਨੂੰ ਖਤਮ ਕੀਤਾ ਜਿਸ ਦਾ ਨਤੀਜਾ ਅੱਜੋਕਾ ਆਰਥਿਕ ਸੰਕਟ ਹੈ। ਬੀ. ਪੀ. ਨੇ ਸਮੁੰਦਰ 'ਚ ਕੱਚਾ ਤੇਲ ਡੁੱਲ੍ਹਦਾ ਕੀਤਾ ਕਿਉਂਕਿ ਇਹਦੇ 'ਤੇ ਨਿਗਰਾਨੀ ਘਟਦੀ ਗਈ ਅਤੇ ਜ਼ਾਬਤੇ ਦੀ ਜ਼ਿੰਮੇਵਾਰੀ ਆਪ ਲੈ ਲਈ। ਭੂਪਾਲ ਦੁਖਾਂਤ ਦਾ ਕਾਰਨ ਬੇ -ਜ਼ਾਬਤਗੀ ਸੀ।

ਸਾਡੀ ਰਿਆਸਤ ਵਿੱਦਿਆ, ਸੁਅਸਥ ਦੀ ਜ਼ਿੰਮੇਦਾਰੀ ਤੋਂ ਹੱਥ ਧੋ ਰਹੀ ਹੈ। ਰਿਆਸਤ ਨੂੰ ਵੱਧ ਤੋਂ ਵੱਧ ਨਿਹੱਥੇ ਕਰਨਾ ਆਰਥਿਕ ਨੀਤੀ ਹੋ ਗਈ ਹੈ। ਦੂਸਰੇ ਪਾਸੇ ਦਰਿਦ੍ਰ ਸੰਖਿਆ ਦੀ ਰਕਸ਼ਾ ਰੋਜ਼ ਬਰੋਜ਼ ਘਟ ਰਹੀ ਹੈ। ਸੁਣਦੇ ਹਾਂ ਕਿ ਝੁੱਗੀ ਝੌਂਪੜੀਆਂ ਵਿਚ ਮੁਫ਼ਤ ਪਾਣੀ ਦੀ ਵਿਵਸਥਾ ਖ਼ਤਮ ਕਰ ਦੇਣੀ ਹੈ।ਦੱਖਣੀ ਅਫ਼ਰੀਕਾ 'ਚ ਇਹ ਕੰਮ ਬੜੀ ਦੇਰ ਤੋਂ ਹੋ ਚੁੱਕਾ ਹੈ।

ਜਿਵੇਂ ਪਹਿਲਾਂ ਜ਼ਿਕਰ ਹੋਇਆ ਹੈ ਕਿ ਸਨ 1995 ਵਿਚ 500 ਬਹੁ-ਰਾਸ਼ਟਰੀ ਕੰਪਨੀਆਂ ਦੀ ਉਪਜ ਦੁਨੀਆਂ ਦੀ ਉਪਜ ਦਾ 47% ਸੀ ਜਿਹੜੀ 43 ਦਰਿਦ੍ਰਤਮ ਦੇਸ਼ਾਂ ਦੀ ਸਮੁੱਚੀ ਉਪਜ ਤੋਂ ਜ਼ਿਆਦਾ ਸੀ। ਇਸ ਗੱਲ ਦੀ ਕਲਪਨਾ ਕਰਨੀ ਕੋਈ ਮੁਸ਼ਕਲ ਨਹੀਂ ਕਿ

ਵਿਸ਼ਵਤੰਤਰ ਤਾਂ ਇਹਨਾਂ 500 ਕਾਨੂੰਨੀ ਵਿਅਕਤੀਆਂ (legal persons) ਦਾ ਹੈ ਅਤੇ 4 ਦਰਿਦ੍ਰਤਮ ਦੇਸ਼ਾਂ ਵਿਚ ਲੋਕਤੰਤਰ ਦੀ ਕੀ ਸੰਭਾਵਨਾ ਹੋ ਸਕਦੀ ਹੈ? ਕਈ ਅਫ਼ਰੀਕੀ ਦੇਸ਼ਾਂ ਨੂੰ ਅਸਫਲ ਰਿਆਸਤ (failed state) ਕਹਿ ਕੇ ਗਲੋਬਕਾਰੀ ਦੇ ਅ-ਤੰਤਰਵਾਦ 'ਤੇ ਪਰਦਾ ਨਹੀਂ ਪਾਇਆ ਜਾ ਸਕਦਾ, ਇਹਨਾਂ ਦੀ ਮਾੜੀ ਚੰਗੀ 'ਰਿਆਸਤ' ਹੁੰਦੀ ਤਾਂ ਸੀ।

ਪਾਕਿਸਤਾਨ ਅਸਫਲ ਰਿਆਸਤ ਹੁੰਦਾ ਜਾ ਰਿਹਾ, ਭਾਰਤ ਵਿਚ ਨਿਸਦਿਨ ਹਿੰਸਾ ਦ ਪੱਧਰ ਉੱਚਾ ਹੋ ਰਿਹਾ। ਇਕ ਤਰੀਕੇ ਨਾਲ ਨਕਸਲਵਾਦ ਦੀ ਚੜ੍ਹਤ 'ਅਸਫਲ ਰਿਆਸਤ' ਦੀ ਭੂਮਿਕਾ ਕਹੀ ਜਾ ਸਕਦੀ ਹੈ। ਕਿਹੜਾ ਥਾਉਂ ਹੈ ਜਿੱਥੇ ਮੁਜ਼ਾਹਰਾ ਕਰਨ ਵਾਲੇ ਰੇਲ ਦੀ ਆਵਾਜਾਈ ਜਾਂ ਸੜਕ 'ਤੇ ਯਾਤਾਯਾਤ ਨਹੀਂ ਰੋਕਦੇ? ਫੌਜ ਪੁਲਸ ਵਾਲੇ ਹੋਰਾਂ ਦੀ ਥਾਉਂ ਹੁ ਆਪਣਿਆਂ ਨੂੰ ਮਾਰ ਲੈਂਦੇ ਹਨ।

ਸਵੈ-ਜੀਵੀ ਕ੍ਰਿਸ਼ੀ (subsistence) ਨੂੰ ਖਤਮ ਕਰਕੇ ਅ-ਤੰਤਰਵਾਦ 'ਚ ਹੀ ਵਾਧ ਹੋਣਾ ਹੈ।

ਸੰਨ 1759 ਵਿਚ ਫਰਾਂਸੀਸੀ ਅਰਥਵਿਗਿਆਨੀ ਦਾ ਕਥਨ ਸੀ ਕਿ "ਧਨਾਢ ਨ ਕਿਸੇ ਬਾਦਸ਼ਾਹ ਅਤੇ ਨਾ ਕਿਸੇ ਮੁਲਕ ਦੇ ਹੁੰਦੇ ਹਨ"। ਹੁਣ ਪੰਜ ਸੌ ਬਹੁ-ਰਾਸ਼ਟਰੀਆਂ ਅੱਗੇ ਕੀਹਨੇ ਬੋਲਣਾ ਹੈ?

0000

ਮਨੁੱਖਤਾ ਦੀ ਵਾਗਡੋਰ ਬਹੁ-ਰਾਸ਼ਟਰੀ ਕੰਪਨੀਆਂ ਦੇ ਅਲਪਤੰਤਰ (oligarchy) ਦੇ ਹੱਥਾਂ 'ਚ ਹੋਣੀ ਖ਼ਤਰਨਾਕ ਹੈ ਜਿਹੜੀ ਇਤਿਹਾਸ ਦੀ ਵਿਸ਼ੇਸ਼ ਧਿਰ ਸਿਰਜਣ ਲੱਗੀ ਹੈ। ਇਹਦ ਦਰਸ਼ਨ ਮਾਰਕੀਟ ਤਕ ਸੀਮਤ ਹੈ; ਇਹਦਾ ਦ੍ਰਿਸ਼ਟੀਕੋਣ ਮੁਨਾਫ਼ੇ ਤੋਂ ਅੱਗੇ ਨਹੀਂ ਜਾਂਦਾ। ਇ ਸਮਾਜੀ ਸੰਬੰਧਾਂ ਨੂੰ ਕੇਵਲ ਆਰਥਿਕ ਸੰਬੰਧਾਂ 'ਚ ਬਦਲਣ ਲਈ ਤਤਪਰ ਹੈ। ਇਸੇ ਕਰਕੇ ਵਿਆਪਕ ਆਰਥਿਕ ਸੰਕਟ ਹੈ।

ਪੁਰਾਣੇ ਵਕਤਾਂ 'ਚ ਯੌਰਪੀ ਦਰ 'ਤੇ ਖੜ੍ਹੇ ਮੰਗਤੇ ਨੂੰ ਸ਼ਾਇਦ ਭੇਖ ਧਾਰਕੇ ਆਇਆ ਈਸਾ ਸਮਝਦੇ ਸੀ। ਗ਼ੁਰਬਤ ਦੀ ਅਜਿਹੀ ਇੱਜ਼ਤ ਅਤੇ ਸਹਾਨੁਭੂਤੀ ਪੰਦਰਵੀਂ ਸਦੀ 'ਚ ਉਪਜਦੀ ਸਰਮਾਏਦਾਰੀ ਨਾਲ ਜਾਂਦੀ ਰਹੀ ਜਦੋਂ ਦਰਿਦ੍ਰ ਜਨ ਆਵਾਰਾ, ਅਪਰਾਧੀ ਹੋ ਗਿਆ ਜਿਸਨੂੰ workhouse ਦੀ ਜੇਲ੍ਹ ਜਾਂ ਸਮੁੰਦਰੀ ਜਹਾਜ਼ਾਂ 'ਚ ਗ਼ੁਲਾਮੀ ਸ਼ੋਭਦੀ ਸੀ। ਜੇ ਵਿਅਕਤੀਆਂ ਦੇ ਸਮਾਜੀ ਸੰਬੰਧਾਂ ਦੀ ਥਾਉਂ ਕੇਵਲ ਆਰਥਿਕ ਸੰਬੰਧ ਹਨ - ਏਜੰਟ, ਖਰੀਦਦਾਰ, ਵਿਕਰੇਤਾ, ਕਰਜ਼ਦਾਰ, ਸੂਦਖੋਰ ਵਾਲੇ ਹੀ ਹਨ ਤਾਂ ਈਮਾਨਦਾਰੀ, ਨੇੜਤਾ, ਸੱਚਾਈ ਦੀ ਕੋਈ ਲੋੜ ਨਹੀਂ। ਅੱਜੋਕੀ ਵਿਸ਼ਵ ਅਵਸਥਾ ਵਿਚ ਨਿਰਣਾ-ਸਥਾਨ ਤੇ ਕਾਰਜ ਭੂਮੀ ਵਿਚ ਤਕੜਾ ਫ਼ਾਸਲਾ, ਪਾੜ ਵੀ ਹੈ ਜਿਸ ਕਰਕੇ ਜ਼ਿੰਮੇਦਾਰੀ ਦਾ ਅਹਿਸਾਸ ਖਤਮ ਹੁੰਦਾ ਜਾ ਰਿਹਾ ਹੈ।

ਗੁਰੂ ਅਰਜਨ ਅਨੁਸਾਰ ਧਰਮੀ ਬੰਦੇ ਨੂੰ ਵੇਖ ਕੇ ਵਿਅਕਤੀ ਹਰਾ ਹੋ ਜਾਂਦਾ ਹੈ - ਮੁਖਿ ਡਿੱਠੈ ਜਨ ਕੈ ਜੀਵੀਐ - ਪਰ ਜਿਹੜੀ ਦੁਨੀਆਂ ਵਿਚ ਨਾ ਈਮਾਨਦਾਰੀ, ਨਾ ਹਮਦਰਦੀ, ਨ ਜ਼ਿੰਮੇਵਾਰੀ ਦਾ ਅਹਿਸਾਸ ਹੈ ਉਥੇ ਕੱਲ੍ਹ ਨੂੰ ਜੀਣਜੋਗੇ ਭਾਲਿਆਂ ਨਹੀਂ ਲੱਭਣੇ।

ਗਲੋਬਕਾਰੀ ਦੀ ਵਿਚਾਰਧਾਰਕ ਕਾਮਯਾਬੀ

Myron Scholes ਅਤੇ Robert Merton ਨੂੰ options pricing ਦੇ ਮਾਡਲ ਬਣਾਉਣ ਕਰਕੇ ਆਰਥਿਕ Nobel Prize ਮਿਲੇ ਸੀ। ਇਹ Longtime Capital Management Hedge Fund ਦੇ ਡਾਇਰੈਕਟਰ ਵੀ ਸੀ। ਕੰਪਨੀ 1998 ਵਿਚ ਫੇਲ੍ਹ ਹੋ ਗਈ। (**Analytical Monthly Review**, September 2010)

[144,ਸੈਕਟਰ 65,ਫੇਜ਼ 11,ਐੱਸ.ਏ.ਐੱਸ.ਨਗਰ-160 062]



# ਮੜ੍ਹੀ ਦਾ ਦੀਵਾ : ਇਕ ਪ੍ਰੇਮ-ਕਥਾ

## ਸੁਰਜੀਤ ਮਾਨ

*"ਤੂੰ ਤਾਂ ਤੁਰ ਗਿਆ ਦਲਾਸੇ ਦੇ ਕੇ,*
*ਸਾਡਾ ਜੱਗੋਂ ਸੀਰ ਮੁੱਕ ਗਿਆ।"*

ਹਰ ਪੱਖੋਂ ਹੋਏ ਅਹਿਸਾਸ ਦਾ ਅਨੁਵਾਦ ਕਰਨ ਵਾਲੇ ਇਹਨਾਂ ਕੀਰਨੇ-ਨੁਮਾ ਸ਼ਬਦਾਂ ਨਾਲ ਪੂਰੀ ਹੁੰਦੀ ਹੈ ਪੰਜਾਬੀ ਦੇ ਸ਼ਾਇਦ ਸਭ ਤੋਂ ਵੱਧ ਪੜ੍ਹੇ-ਸੁਣੇ ਨਾਵਲ 'ਮੜ੍ਹੀ ਦਾ ਦੀਵਾ' ਦੀ ਕਿੱਸਿਆਂ ਵਰਗੀ ਕਥਾ। ਅਤੇ ਜਿਸਦੇ ਵਿਰਲਾਪ ਕਰਦੇ ਦਿਲ 'ਚੋਂ ਇਹ ਆਪ-ਮੁਹਾਰੇ ਨਿਕਲਦੇ ਹਨ, ਉਹ ਹੈ 'ਤੁਰ ਗਏ' ਦਾ ਇਕੋ ਇਕ ਦੋਸਤ, ਸਹਾਰਾ ਅਤੇ ਰੋਣ ਵਾਲਾ, ਜੋ ਖ਼ੁਦ ਵੀ ਨਿਰ-ਸਹਾਰਾ, 'ਕੱਲਾ-ਕਾਰਾ ਹੈ-ਰੌਣਕੀ। ਪਰੰਤੂ ਉਸਨੇ ਅਚੇਤ ਹੀ 'ਮੇਰਾ' ਦੀ ਥਾਂ 'ਸਾਡਾ' ਸ਼ਬਦ ਵਰਤਕੇ ਇਸ ਦੁਖਾਂਤ ਵਿਚ 'ਤੁਰ ਗਏ' ਦੀ ਬਦਕਿਸਮਤ ਪ੍ਰੇਮਿਕਾ ਭਾਨੋਂ ਨੂੰ ਵੀ ਸ਼ਾਮਲ ਕਰ ਲਿਆ ਹੈ - ਓਹੀ ਭਾਨੋਂ ਜਿਸਦੀ ਮਾਰੂ ਅਤੇ ਅਪਹੁੰਚ ਮੁਹੱਬਤ ਦੇ ਸੰਤਾਪ ਹੇਠ ਕਈ ਵਰ੍ਹੇ ਸੁਲਗ ਕੇ ਉਹ ਚੁੱਪਚਾਪ ਵਿਦਾ ਹੋ ਗਿਆ।

ਕਵਿਤਾ ਵਾਂਗ ਪੜ੍ਹਿਆ ਗਿਆ ਇਹ ਨਾਵਲ ਉਹਨਾਂ ਚੰਦ ਰਚਨਾਵਾਂ 'ਚੋਂ ਹੈ ਜਿਹਨਾਂ ਦੇ ਵਸੀਹ ਅਤੇ ਬਹੁ-ਪਰਤੀ ਸੁਭਾਅ ਵਾਲੇ ਵਿਸ਼ੇ ਦੇ ਇਕ ਤੋਂ ਜ਼ਿਆਦਾ ਅਰਥ ਨਿਕਲਦੇ ਰਹਿੰਦੇ ਹਨ ਅਤੇ ਇਸ ਨਿਰੰਤਰ ਹੁੰਦੀ ਆਲੋਚਨਾ (fruitful ambiguity) ਦਾ ਕੋਈ ਆਖਰੀ ਸ਼ਬਦ ਜਾਂ ਸਿਰਾ ਘੱਟ ਹੀ ਕਿਹਾ ਜਾ ਸਕਦਾ ਹੈ। ਇਸ ਕਬੀਲੇ ਦੀਆਂ ਰਚਨਾਵਾਂ ਦੀ ਸਿਖਰ ਸ਼ੈਕਸਪੀਅਰ ਦਾ 'ਹੈਂਮਲਟ' ਹੈ ਜਿਸਨੂੰ ਅੰਗਰੇਜ਼ੀ ਸਾਹਿਤ ਦਾ 'ਮੋਨਾ ਲੀਸਾ (Mona Lisa) ਕਿਹਾ ਜਾਂਦਾ ਹੈ।

ਸ਼ਰਤ ਚੰਦਰ ਦੇ 'ਸ੍ਰੀ ਕਾਂਤ', 'ਗ੍ਰੀ-ਦਾਹ' ਅਤੇ 'ਦੇਵਦਾਸ' ਵਰਗੇ ਨਾਵਲਾਂ ਅਤੇ ਬਿਮਲ ਰਾਇ ਦੀਆਂ ਗੰਭੀਰ ਅ-ਨਾਮ ਰਿਸ਼ਤਿਆਂ ਵਾਲੀਆਂ ਫਿਲਮਾਂ ਦੀ ਭੋਇੰ ਦਾ ਭੁਲੇਖਾ ਪਾਉਣ ਵਾਲੀ ਇਹ ਰਚਨਾ ਮੁੱਢਲੇ ਤੌਰ 'ਤੇ - ਮੇਰੀ ਅਦਨੀ ਪਹੁੰਚ ਅਨੁਸਾਰ - ਇਕ ਦੁਖਾਂਤ ਪ੍ਰੇਮ-ਕਥਾ ਹੈ; ਕਿੱਸਾ ਹੈ ਜਗਸੀਰ ਅਤੇ ਭਾਨੋਂ ਦੇ ਅਸਫਲ ਅਤੇ ਵਰਜਿਤ ਪਿਆਰ ਦਾ। (ਯਾਦ ਰਹੇ ਨਾਵਲਕਾਰ ਦੀ ਚੜ੍ਹਦੀ ਉਮਰੇ ਉਸ 'ਤੇ ਸਭ ਤੋਂ ਪਹਿਲਾ ਪ੍ਰਭਾਵ ਕਿੱਸਿਆਂ ਦਾ ਸੀ ਜੋ ਉਹ ਕੱਚੀ ਕੋਠੜੀ ਵਿਚ ਦੀਵੇ ਦੀ ਲੋਏ ਆਪਣੇ ਗੁਰੂ ਵਰਗੇ ਪੰਡਤ ਬ੍ਰਮਾ ਨੰਦ ਤੋਂ ਸੁਣਦਾ ਹੁੰਦਾ ਸੀ) ਬੰਗਾਲੀ ਸਾਹਿਤ, ਜਿਸਦੀਆਂ 'ਬਿਰਾਜ ਬਹੂ' ਵਰਗੀਆਂ ਉਦਾਸ ਅਤੇ ਅਣਕਹੇ ਰਿਸ਼ਤਿਆਂ ਵਾਲੀਆਂ ਰਚਨਾਵਾਂ ਉਸਨੇ ਪੰਜਾਬੀ 'ਚ ਅਨੁਵਾਦ ਵੀ ਕੀਤੀਆਂ, ਹਮੇਸ਼ਾ ਉਸ ਲਈ ਆਦਰਸ਼ ਸਾਹਿਤ ਰਿਹਾ ਹੈ। ਇਸੇ ਕਰਕੇ, ਅਚੇਤ ਪਤਾ ਨਹੀਂ ਸੁਚੇਤ ਪੱਧਰ 'ਤੇ, ਉਸਨੇ ਇਸ ਨਾਵਲ ਵਿਚਲਾ ਮੁਹੱਬਤ ਦਾ ਰਿਸ਼ਤਾ ਬੰਗਾਲੀ ਸੁਭਾਅ ਅਤੇ ਦੁੱਖ-ਦਰਦ ਵਾਲਾ ਚਿੱਤਰਿਆ ਹੈ। ਮੁੱਖ ਪਾਤਰ ਜਗਸੀਰ, ਧਰਮ ਸਿੰਘ ਅਤੇ ਰੌਣਕੀ ਤਾਂ ਸਿਰ ਤੋਂ ਪੈਰਾਂ ਤਕ ਬੰਗਾਲੀ ਲਗਦੇ ਹਨ।

ਇਸੇ ਕਰਕੇ ਜਦੋਂ 1964 ਵਿਚ ਇਹ ਨਾਵਲ ਛਪਿਆ, ਸੈਮੀਨਾਰਾਂ, ਸਾਹਿਤਕ ਬੈਠਕਾਂ ਅਤੇ ਮਹਿਫਲਾਂ ਵਿਚਲੀ ਚਰਚਾ ਦਾ ਵਿਸ਼ਾ ਬਣਿਆ, ਸਭ ਤੋਂ ਪਹਿਲਾਂ ਸੁਆਲੀਆ ਫਿਕਰਾ ਇਸਦੇ ਮੁੱਖ ਪਾਤਰ ਦੀ ਸ਼ਖ਼ਸੀਅਤ ਬਾਰੇ ਸੀ। ਬਹੁਤਿਆਂ ਨੇ ਉਸਨੂੰ ਓਪਰਾ, ਅਸੰਭਵ (Improbable and Impossible) ਪਾਤਰ ਕਿਹਾ; ਕਿਉਂਕਿ ਉਹਨਾਂ ਅਨੁਸਾਰ, ਉਹ ਆਪਣੀ 'ਜਮਾਤ' ਦਾ ਨਹੀਂ ਲਗਦਾ। ਪਿੰਡਾਂ ਵਿਚ ਗ਼ਰੀਬ ਮਜ਼ਬੀ ਸੀਰੀ ਉਹਦੇ ਵਰਗੇ ਸੂਖਮ ਸੁਭਾਅ ਦੇ ਹਰਗਿਜ਼ ਨਹੀਂ ਹੁੰਦੇ। ਉਸਦੇ ਹੱਦੋਂ ਜ਼ਿਆਦਾ ਅੰਤਰਮੁਖੀ, ਸੰਜੀਦਾ, ਸੰਵੇਦਨਸ਼ੀਲ, ਸੱਭਯ ਅਤੇ ਸੁਹਿਰਦ ਸੁਭਾਅ ਤੋਂ ਉਹ ਗੰਭੀਰ ਸ਼ਾਇਰੀ ਪੜ੍ਹਾਉਣ ਵਾਲਾ : ਦਰਿਆਵਾਂ ਦਿਆਂ ਕਿਨਾਰਿਆਂ 'ਤੇ ਮਨੁੱਖਤਾ ਦੇ ਜਟਿਲ ਮਰਹਮਾਂ ਬਾਰੇ ਸੋਚੀਂ ਡੁੱਬਿਆ ਹੱਸਾਸ ਇਨਸਾਨ ਲਗਦਾ ਹੈ, ਜ਼ਿਮੀਂਦਾਰਾਂ ਦਾ ਸੀਰੀ ਬਿਲਕੁਲ ਨਹੀਂ। ਉਹ ਸਭ ਕਾਸੇ ਨੂੰ ਤਕਦੀਰ ਦਾ ਦਿੱਤਾ, ਕਰਮਾਂ 'ਚ ਲਿਖਿਆ ਸਮਝ ਖਾਮੋਸ਼ ਰਹਿ ਬਰਦਾਸ਼ਤ ਕਰਦਾ ਹੈ। ਆਪਣੇ

ਅੰਦਰ ਸਦਾ ਸੁਲ੍ਹਘਦੀ ਮੁਹੱਬਤ, ਜੋ ਉਸਨੂੰ ਤਿਲ-ਤਿਲ ਖੋਰ ਰਹੀ ਹੈ, ਦਾ ਇਜ਼ਹਾਰ ਨਾ ਭਾਨੋਂ ਅਤੇ ਨਾ ਹੀ ਰੌਣਕੀ ਕੋਲ ਕਦੇ ਕਰਦਾ ਹੈ। ਪਹਿਲੀ 'ਤੱਕਣੀ' ਤੋਂ ਬਾਅਦ ਭਾਨੋਂ ਵੱਲ ਖੁੱਲ੍ਹ ਕੇ ਵੇਖਦਾ ਵੀ ਨਹੀਂ। ਉਹ ਸਿਰਫ ਚਾਰ ਵਾਰ, ਉਹ ਵੀ ਕੁਝ ਪਲਾਂ ਲਈ, ਉਸਨੂੰ ਮਿਲਦਾ ਹੈ ਅਤੇ ਇਕ ਸ਼ਬਦ ਵੀ ਆਪਣੀ ਮੁਹੱਬਤ ਬਾਰੇ ਨਹੀਂ ਬੋਲਦਾ, ਸਗੋਂ ਅਜਿਹੇ ਕਿਸੇ ਜ਼ਿਕਰ ਤੋਂ ਵੀ ਡਰਦਾ ਹੈ। ਇਸਦੇ ਉਲਟ ਭਾਨੋਂ ਹਮੇਸ਼ਾ ਨਿਡਰ, ਬੇਝਿਜਕ ਮੁਹਾਵਰੇ ਵਿਚ ਉਸਦੇ ਸੁਲ੍ਹਘਦੇ ਰਿਸ਼ਤੇ ਨੂੰ ਲੱਟ ਲੱਟ ਬਲਦਾ ਵੇਖਣ ਲਈ ਕਾਹਲੀ ਹੈ। ਉਸਦਾ ਅਜਿਹਾ ਵਿਚਰਨ ਵੇਖ ਪ੍ਰੋ: ਕਿਸ਼ਨ ਸਿੰਘ ਵਰਗੇ ਕੱਦਾਵਾਰ ਆਲੋਚਕ ਨੇ ਵੀ ਕੁਝ ਅਜਿਹੇ ਆਲੋਚਨਾ-ਸ਼ੈਲੀ ਤੋਂ ਵਿਛੁੰਨੇ ਸ਼ਬਦ ਕਹੇ ਹਨ:

"ਕੀ ਜਗਸੀਰ ਨਿਰਾ ਮਾਤਾ ਦਾ ਮਾਲ ਈ ਏ? ਕੀ ਨਾਵਲਕਾਰ ਨੇ ਉਸਤੇ ਤਰਸ ਕਰਾਉਣ ਖਾਤਰ ਈ ਉਸਨੂੰ ਕੇਂਦਰੀ ਪਾਤਰ ਬਣਾਇਆ ਹੈ? ਕੀ ਉਹ ਜਨਮੋਂ ਹੀ, ਅਸਲਿਉਂ ਹੀ ਹੀਜੜਾ ਹੈ?"

ਬੇਸ਼ੱਕ ਅਜਿਹੇ ਸ਼ਬਦ ਵਰਤਣੇ ਉਸ ਨਾਲ ਬੇਇਨਸਾਫੀ ਹੈ। ਉਸ ਸਮੁੱਚੀ ਮਿੱਟੀ, ਜਿਸਦਾ ਉਹ ਬਣਿਆ ਹੈ, ਦੀ ਤੌਹੀਨ ਕਰਨਾ ਹੈ, ਕਬੱਡੀ ਲਈ ਬਣਿਆ ਮੁਹਾਵਰਾ ਕਲਾ ਲਈ ਵਰਤਣਾ ਹੈ।

ਮੈਨੂੰ ਰੰਚਕ ਭਰ ਵੀ ਹੈਰਾਨੀ ਨਹੀਂ ਹੋਵੇਗੀ ਜੇ ਮੇਰੀ ਨਿਮਨਲਿਖਤ ਤੁਲਨਾ ਨੂੰ ਹੱਸ ਕੇ ਪਰ੍ਹਾਂ ਕਰ ਦਿੱਤਾ ਜਾਵੇ – ਉਹ ਇਹ ਕਿ ਜਗਸੀਰ ਸ਼ਰਤ ਚੰਦਰ ਦੇ ਪਾਤਰ ਦੇਵਦਾਸ ਦੇ ਕਬੀਲੇ ਨਾਲ ਸੰਬੰਧ ਰਖਦਾ ਹੈ। ਦੋਨੋਂ ਮੁਹੱਬਤ, ਉਹ ਵੀ ਵਰਜਿਤ, 'ਚੋਂ ਹੋਈ ਹਾਰ ਨੂੰ ਸਮੁੱਚੀ ਜ਼ਿੰਦਗੀ ਦੀ ਹਾਰ ਸਮਝ ਸਭ ਕਾਸੇ ਤੋਂ ਸਦਾ ਲਈ ਉਦਾਸ ਹੋ ਜਾਂਦੇ ਹਨ। ਉਧਰ ਦੋਨੋਂ ਪਾਰਬਤੀ ਅਤੇ ਭਾਨੋਂ ਆਪੋ ਆਪਣੇ ਪਿਆਰ ਖਾਤਰ ਹਰੇਕ ਅਤੇ ਹਰ ਤਰ੍ਹਾਂ ਦਾ ਕਦਮ ਚੁੱਕਣ ਲਈ ਤਿਆਰ ਹਨ, ਪਰ ਅੱਗਿਉਂ ਕੋਈ ਹੱਥ ਫੜਨ ਲਈ ਤਿਆਰ ਨਹੀਂ। ਪਾਰੋ ਅੱਧੀ ਰਾਤ, ਪਿਆਰ-ਅਗਨੀ ਵਿਚ ਬਲਦੀ ਹੋਈ। ਪਰ ਦੇਵਦਾਸ ਉਸਨੂੰ, 'ਯੇ ਤੂਨੇ ਅੱਛਾ ਨਹੀਂ ਕੀਆ ਪਾਰੋ; ਤੁਮ੍ਹੇਂ ਯਹਾਂ ਇਸ ਵਕਤ, ਮੇਰੇ ਪਾਸ ਨਹੀਂ ਆਨਾ ਚਾਹੀਏ ਥਾ।' ਐਧਰ ਜਗਸੀਰ-ਹਮੇਸ਼ਾ ਉਹੀਉ ਸਬਰ, ਬੇ-ਵਸੀ: 'ਭੁੱਬਲ ਫਰੋਲ ਕੇ ਈ ਥਿਔਣੈਂ ਭਾਨੋਂ.. ਮੇਰੇ 'ਚ ਏਨੀ ਝਾਲ ਝੱਲਣ ਜੋਗਾ ਬਲ ਹੈ ਨ੍ਹੀ...ਹੁਣ ਤਾਂ ਖਿੱਚ ਕੇ ਮੌਤ ਦੇ ਦਿਨ ਨੇੜੇ ਕਰਨੇ ਐ, ਸੋ ਹੋ ਜਾਣਗੇ।'

ਦੇਵਦਾਸ ਸਦਾ ਲਈ ਹਾਰ ਮੰਨ ਕਲਕੱਤੇ ਚੂੰਨੀ ਬਾਬੂ ਦੀ ਦਿਵਾਨੀ ਜ਼ਿੰਦਗੀ 'ਚ ਪਨਾਹ ਲੈਂਦਾ ਹੈ। ਇਕੋ ਇਕ 'ਮਕਸਦ' ਪਾਰੋ ਦੀ ਯਾਦ 'ਚ ਸੁਲ੍ਹਘਣਾ ਹੈ। ਜਗਸੀਰ ਲਈ ਦੀਵਾ ਸਿਰਫ ਹੁਣ ਰੌਣਕੀ ਦੀ ਕੁੱਲੀ 'ਚ ਹੀ ਬਲਦਾ ਹੈ, ਬਾਕੀ ਸਭ ਪਾਸੇ ਹਨੇਰ ਹੈ।

ਚੂੰਨੀ ਬਾਬੂ ਮਸਖਰਾ ਨਹੀਂ (ਜਿਵੇਂ ਕਿ ਭੰਸਾਲੀ ਨੇ ਆਪਣੇ 'ਮਹਿੰਗੀ' ਫਿਲਮ ਵਿਚ ਉਸਦਾ ਨਿਰਾਦਰ ਕੀਤਾ ਹੈ) ਉਹ ਤਾਂ ਦੇਵਦਾਸ ਦਾ ਹੀ ਇਕ ਹੋਰ ਵੱਖਰਾ ਰੂਪ ਹੈ। ਮੁਹੱਬਤ 'ਚ ਹੋਈ ਹਾਰ ਪ੍ਰਤੀ ਦਿਵਾਨਗੀ :

"ਯੇ ਤੋ ਭਾਈ ਜ਼ਿੰਦਗੀ ਕਾ ਮਾਮਲਾ ਹੈ, ਇਸੇ ਹੰਸਕੇ ਗੁਜ਼ਾਰ ਦੋ ਯਾ ਰੋ ਕੇ।"

"ਤਬ ਤੋ ਦੇਵਦਾਸ ਭੀ ਹਮਾਰਾ ਹੀ ਭਾਈ ਹੈ।"

ਵੇਖੋ, ਰੌਣਕੀ ਨੇ ਖਾਲੀ ਗੋਦ ਹੋਣ ਦੇ ਬਾਵਜੂਦ ਵੀ ਆਪਣੀ ਘਰਵਾਲੀ ਸੰਤੋ ਦਾ ਦਿਨ-ਰਾਤ ਗੋਲਪੁਣਾ ਕੀਤਾ। ਫਿਰ ਵੀ, ਲਿਖੀਆਂ ਨੂੰ ਕੌਣ ਟਾਲੇ, ਉਹ ਉਸਨੂੰ ਛੱਡਕੇ ਪਤਾ ਨਹੀਂ ਕਿਉਂ? ਕਿੱਥੇ? ਕੀਹਦੇ ਨਾਲ? ਚਲੀ ਗਈ। ਜਗਸੀਰ ਨਾਲ ਉਹਦਾ ਮੋਹ ਵੀ ਉਸਦੇ ਜਾਣ ਬਾਅਦ ਬਹੁਤ ਵਧ ਜਾਂਦਾ ਹੈ – ਦੁੱਖ ਦੀ ਸਾਂਝ ਅਤੇ ਸਾਂਝੇ ਦੁੱਖ ਦਾ ਰਿਸ਼ਤਾ ਹੈ ਇਹ, ਜਿਸਦਾ ਪ੍ਰਗਟਾਵਾ ਉਸ ਵਕਤ ਹੁੰਦਾ ਹੈ ਜਦੋਂ ਰੌਣਕੀ ਜਗਸੀਰ ਦਾ ਜੂਠਾ ਕੌਲਾ ਮਾਂਜਦਾ ਹੈ ਅਤੇ ਉਹ ਵੀ ਉਸਦੇ ਹੱਥੋਂ ਖੋਹਕੇ:

"ਛੱਡ ਯਾਰ ਕੀ ਕਮਲ਼ ਮਾਰਨ ਲੱਗਿਐਂ!" ਰੌਣਕੀ ਨੇ ਉਹਦੇ ਹੱਥੋਂ ਕੌਲਾ ਖੋਂਹਦਿਆਂ ਆਖਿਆ। "ਏਹੋ ਜੀ ਨਿੰਦ ਵਚਾਰ ਹੋਊ 'ਵੱਡੇ ਘਰਾਂ' ਨੂੰ। ਜੀਹਨੂੰ ਯਾਰ ਈ ਆਖਤਾ ਉਹਦੇ ਨਾਲ ਦਰੈਤ ਕਾਹਦੀ।"



ਘੀਲੇ ਅਤੇ ਗੇਬੇ ਦੇ ਲੱਖ ਜਗਸੀਰ ਨੇੜੇ ਰਿਹਾ, ਪਰ ਉਹਨਾਂ ਨੇ ਉਸਦੇ ਜੂਠੇ ਭਾਂਡੇ ਨਹੀਂ ਸਨ ਧੋਏ। ਆਖਰ ਉਹ ਜੱਟ ਸਨ ਅਤੇ ਰੌਣਕੀ ਝਿਊਰ।

ਨਾ ਦੇਵਦਾਸ ਨਾ ਜਗਸੀਰ ਕਦੇ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੇ ਹਨ। (ਹਾਂ, ਦੇਵਦਾਸ ਸ਼ਰਾਬ 'ਚ ਅੰਨ੍ਹਾ ਹੋ ਕੇ ਜ਼ਰੂਰ ਚੰਦਰਮੁਖੀ ਨਾਲ ਦੁੱਖ-ਸੁੱਖ ਸਾਂਝਾ ਕਰਦਾ ਹੈ) ਏਥੋਂ ਤਕ ਕਿ ਚੂੰਨੀ ਬਾਬੂ ਅਤੇ ਰੌਣਕੀ ਨਾਲ ਵੀ ਨਹੀਂ। ਇਹ ਵੱਖਰੀ ਗੱਲ ਹੈ ਕਿ ਉਹਨਾਂ ਨੂੰ ਸਭ ਕੁਝ ਪਤਾ ਹੈ। ਰੌਣਕੀ ਵੀ ਕਦੇ ਇਸਦਾ ਜ਼ਿਕਰ ਨਹੀਂ ਛੋਂਹਦਾ। ਸਿਰਫ ਇਕ ਵਾਰ 'ਜਾਗੋ' ਵਾਲੇ ਦ੍ਰਿਸ਼ 'ਚ ਆਖਦਾ ਹੈ : ਨਿਰੀ ਅਪਣੱਤ ਦਾ ਅਨੁਵਾਦ :

"ਆਹ ਬੋਲ ਤਾਂ 'ਆਪਣੀ' ਭਾਨ ਕੁਰ ਦਾ ਲਗਦੈ।"

ਦਰਅਸਲ, ਜਗਸੀਰ ਦਾ ਕਰੈਕਟਰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ: ਭਾਨੋਂ ਨੂੰ ਵੇਖਣ ਤੋਂ ਪਹਿਲਾਂ ਅਤੇ ਬਾਅਦ। ਪਹਿਲੇ ਹਿੱਸੇ ਵਿਚ ਨਾਵਲਕਾਰ ਦਾ ਕੈਮਰਾ ਜ਼ਿਆਦਾ ਉਹਦੀ ਦੇਹ ਦੀ ਸੁੰਦਰ ਸੁਡੌਲਤਾ 'ਤੇ ਰਹਿੰਦਾ ਹੈ। ਉਹੋ ਜਿਹੇ ਹੀ ਹਨ ਉਸਦੇ ਖੇਡਣ-ਕੁੱਦਣ, ਦਾਰੂ ਪੀਣ ਵਿਚ ਮਸਤ ਅਤੇ ਸੰਤੁਸ਼ਟ ਰਹਿਣ ਵਾਲੇ ਦੋਸਤ। ਜਗਸੀਰ ਸਭ ਤੋਂ ਮੋਹਰੀ ਰਹਿੰਦਾ ਹੈ ਆਪਣੀ ਪਾਲ਼ੀ ਹੋਈ ਸਿਹਤ ਕਾਰਨ। ਪਿੰਡ ਦੀਆਂ ਕੁੜੀਆਂ ਵੀ ਉਸਦੀ ਨਜ਼ਰ ਲੱਗਣ ਵਾਲੀ ਦੇਹ 'ਤੇ ਹੀ ਰਸ਼ਕ ਕਰਦੀਆਂ ਹਨ। ਉਸਦੇ ਸੁਭਾਅ ਅਤੇ ਨਾਵਲ ਦੇ ਪਲਾਟ ਵਿਚ ਮੋੜ ਲਿਆਉਣ ਵਾਲਾ ਕਾਰਜ ਹੈ ਨਿੱਕੇ ਨਾਈ ਦਾ ਵਿਆਹ। ਜਗਸੀਰ ਪਹਿਲੀ ਵਾਰ ਕਿਸੇ ਜੰਨ ਗਿਆ। ਉਥੇ ਵੀ ਕੁੜੀਆਂ ਦਾ ਕੇਂਦਰ ਉਸਦੀ ਬਾਹਰਲੀ ਦਿੱਖ ਹੀ ਸੀ।

"ਨੀਂ ਐਵੇਂ ਵੇਖਣੀ-ਪਾਖਣੀ ਸੁਹਣਾ ਲਗਦੈ, ਊਂ ਤਾਂ ਸੈਨਤਾਂ ਨਾਲ ਊਂ ਊਂ ਈ ਕਰਨ ਜੋਗਾ ਹੋਣੈਂ।"

ਜਗਸੀਰ, ਘੀਲੇ ਅਤੇ ਗੇਬੇ ਨਾਲ 'ਨਵੀਂ ਆਈ ਬਹੂ' ਦੀ ਘੁੰਡ ਚੁਕਾਈ ਦੀ ਰਸਮ ਕਰਨ ਜਾਂਦਾ ਹੈ। ਉਹ, ਜੋ ਵੈਸੇ ਉਸਦੇ ਸੁਭਾਅ 'ਚ ਨਹੀਂ, ਬੜੇ ਮਾਣ ਨਾਲ ਆਖਦਾ ਕਿ ਘੁੰਡ ਚੁਕਾਈ ਉਹ ਦੇਵੇਗਾ:

"ਅਸੀਂ ਦੇਵਾਂਗੇ ਯਾਰ, ਤੂੰ ਸਾਨੂੰ ਨੰਗ ਹੀ ਸਮਝ ਛੱਡਿਐ?"

ਇਸਤੋਂ ਬਾਅਦ ਫਿਰ ਸਾਰੀ ਉਮਰ 'ਘੁੰਡ ਚੁਕਾਈ' ਦੀ 'ਕੀਮਤ' ਹੀ ਅਦਾ ਕਰਦਾ ਰਹਿੰਦਾ ਹੈ, ਜੋ ਉਸਦੇ ਮਰਨ ਨਾਲ ਹੀ ਮੁਕਦੀ ਹੈ।

"ਏਡਾ ਚੌੜਾ, ਗੋਰਾ ਮੱਥਾ, ਏਡੀ ਸੁਹਣੀ ਅੱਖ ਤੇ ਏਡੀਆਂ ਲੰਮੀਆਂ ਝਿੰਮਣੀਆਂ ਉਸਨੇ ਕਦੇ ਨਹੀਂ ਸਨ ਵੇਖੀਆਂ। ਉਹ ਓਥੇ ਖੜ੍ਹਾ ਖੜੋਤਾ ਜਿਵੇਂ ਕੀਲਿਆ ਗਿਆ। ਅੱਖਾਂ ਅੱਗੇ ਹਨੇਰਾ ਜਿਹਾ ਆਉਣ ਲੱਗ ਪਿਆ।"

ਪਹਿਲੀ ਤੱਕਣੀ (Love at first sight) ਦਾ ਇਹ ਪਿਆਰ ਉਸਨੂੰ ਅੰਦਰੋਂ ਬਾਹਰੋਂ ਬਦਲ ਦਿੰਦਾ ਹੈ ਅਤੇ ਫਿਰ ਉਹ ਪਹਿਲਾਂ ਵਾਲਾ ਜਗਸੀਰ ਹੀ ਨਹੀਂ ਰਹਿੰਦਾ, ਜਿਸਦਾ ਕਾਰਨ ਉਸਦੀ ਆਰਥਿਕ ਗ਼ਰੀਬੀ ਨਹੀਂ, ਮਾਰੂ ਮੁਹੱਬਤ ਹੈ। ਮੰਨਿਆ, ਇਸ ਨਾਲ ਉਸਦੇ ਲਾਇਲਾਜ ਦੁੱਖ ਦਾ 'ਸੰਬੰਧ' ਹੈ। ਪਰ ਇਹ ਉਸਦਾ 'ਕਾਰਨ' ਨਹੀਂ। ਉਦਾਹਰਣ ਲਈ, ਜੇ ਭੰਤਾ ਉਸ ਨਾਲ ਦੁਰਵਿਹਾਰ ਨਾ ਕਰਦਾ, ਉਸਦੀ 'ਆਪਣੇ ਖੇਤੋਂ' ਟ੍ਰਾਹਲੀ ਨੂੰ ਨਾ ਪੁਟਦਾ – ਕੀ ਉਸਦੀ ਮੁਹੱਬਤ ਉਸਨੂੰ ਮਿਲ ਜਾਂਦੀ? ਉਹ ਖੁਦ ਜਾਣਦਾ ਹੈ ਕਿ ਉਸਦੀ ਮਰਜ਼ ਲਾ-ਇਲਾਜ ਹੈ। ਨਾ ਭਾਨੋਂ ਕਦੇ ਉਸਦੀ ਹੋ ਸਕਦੀ ਹੈ; ਨਾ ਉਹ ਉਸਨੂੰ ਦਿਲੋਂ ਭੁਲਾ ਸਕਦਾ ਹੈ। ਲੱਖ ਗਵਾਹੀਆਂ ਹਨ ਕਿ ਭੁਲਾਏ ਤਾਂ ਇਕ-ਤਰਫੇ ਪਿਆਰ ਨਹੀਂ ਗਏ, ਇਹ ਤਾਂ ਫਿਰ ਵੀ ਦੋ-ਤਰਫਾ ਹੈ- ਬਰਾਬਰ ਦੀ ਅੱਗ।

ਸਾਰੇ ਨਾਵਲ 'ਚ ਜਗਸੀਰ ਸਿਰਫ ਇਕ ਵਾਰ ਉੱਚੇ ਸਵਰ ਵਿਚ ਬੋਲਦਾ ਹੈ, ਉਹ ਵੀ

ਸ਼ਰਾਬ ਦੇ ਨਸ਼ੇ ਹੇਠਾਂ ਅਤੇ ਭਾਨੋਂ ਨਾਲ ਨਿੱਕੇ ਅਤੇ ਉਸਦੀ ਮਾਂ ਦਾ ਦੁਰਵਿਹਾਰ ਸੁਣਕੇ। ਜਦੋਂ ਉਸਦੇ ਮਾਪੇ ਉਸਨੂੰ ਵਾਸਤਾ ਪਾ ਸਮਝਾਉਂਦੇ ਹਨ, ਵਰਜਦੇ ਹਨ, ਉਹ ਸਦਾ ਲਈ ਅਜਿਹਾ ਮੁੜਕੇ ਨਾ ਕਰਨ ਦਾ ਬਚਨ ਦਿੰਦਾ ਹੈ, ਨਿਭਾਉਂਦਾ ਵੀ ਹੈ:

"ਜਾਹ ਪੈ ਜਾਉ ਬਾਪੂ, ਜੋ ਹੋਣੀ ਸੀ ਹੋਗੀ, ਅਗਾਂਹ ਨੂੰ ਕੁਸ਼ ਨੀ ਹੁੰਦਾ", ਜਗਸੀਰ ਨੇ ਬੜੀ ਨਰੋਈ ਆਵਾਜ਼ 'ਚ ਕਿਹਾ।

ਉਮੀਦ ਅਨੁਸਾਰ ਸਭ ਕੁਝ ਉਸਦੇ ਅੰਦਰ ਹੀ ਵਿਗਸਦਾ ਹੈ, ਬਣਦਾ ਹੈ, ਬਿਗੜਦਾ ਹੈ। ਵੱਧ ਤੋਂ ਵੱਧ ਉਹ ਜੁਆਕਾਂ ਨਾਲ 'ਓਹਦੀ' ਗੱਲ ਕਰਕੇ 'ਓਹਦੇ' ਬਾਰੇ ਸੁਣਕੇ ਇਕ ਖਾਸ, ਜੋ ਇਸ ਕਬੀਲੇ ਦਿਆਂ ਆਸ਼ਕਾਂ ਦਾ ਖਾਸਾ ਹੈ, ਖੁਸ਼ੀ ਪ੍ਰਾਪਤ ਕਰਦਾ ਹੈ, ਕਦੇ ਸੀਬੋ ਨਾਲ:

"ਕੁੜੇ ਸੀਬੋ ਤੇਰਾ ਬਾਈ ਤੇਰੀ ਭਾਬੀ ਨੂੰ ਲਿਆਇਆ?"

"ਵੇਖੀਂ ਬਾਈ ਮੇਰੀ ਭਾਬੀ ਕਿੰਨਾ ਕੁਸ਼ ਲਿਆਈ ਐ, ਨਾਲੇ ਬਾਈ, ਤੇਰੇ ਕੁੜਤੇ ਬਰਗੇ ਸਿਉਨੇ ਦੇ ਬਾਦਾਮ ਵੀ ਲੱਗੇ ਐ ਓਹਦੀ ਕੁੜਤੀ ਨੂੰ।"

ਅਤੇ ਕਦੇ ਚੀਟੂ ਨਾਲ:

"ਥੋੜੇ ਨਾਲ ਲੱਗਵਾਂ ਘਰ ਕੀਹਦੇ?"

ਭਾਨੋਂ ਦਾ ਕਿਰਦਾਰ ਅਤੇ ਸੁਭਾਅ ਜਗਸੀਰ ਤੋਂ ਵੱਖਰਾ ਹੀ ਨਹੀਂ, ਉਲਟ ਵੀ ਹੈ। 'ਨਾਈਆਂ ਦੀ ਨੈਣ ਖਚਰੀ, ਘੁੰਡ ਕਢਦੀ ਤਬੀਤ ਨੰਗਾ ਰਖਦੀ', ਪਖਾਣੇ ਅਨੁਸਾਰ ਉਹ ਆਪਣੀ ਜਮਾਤ ਦੀ ਪੂਰੀ ਪ੍ਰਤੀਨਿਧਤਾ ਕਰਦੀ ਹੈ। ਨਿਡਰ, ਮੱਛਰੀ ਹੋਈ, ਸਭ ਕੁਝ ਬਿਨਾਂ ਕਹੇ ਸਮਝਣ ਵਾਲੀ-ਜਗਸੀਰ ਨਾਲ ਪਹਿਲੀ ਮੁਲਾਕਾਤ, ਨਹੀਂ ਤੱਕਣੀ, 'ਚ ਹੀ ਉਸਦਾ ਅੰਦਰ ਪੜ੍ਹ ਲੈਂਦੀ ਹੈ। ਹਰ ਚੋਰੀ ਛੁਪੇ ਹੁੰਦੀ ਮੁਲਾਕਾਤ ਵੇਲੇ ਉਹ ਉਸਨੂੰ ਕੁਝ ਕਹਿਣ ਅਤੇ ਕਰਨ ਲਈ ਉਤਸ਼ਾਹਤ ਕਰਦੀ ਹੈ ਅਤੇ ਆਪਣਾ 'ਸਭ ਕੁਛ' ਉਸਦੀ ਝੋਲੀ 'ਚ ਅਰਪਣ ਕਰਨ ਲਈ ਤਿਆਰ ਹੀ ਨਹੀਂ, ਬਲਦੀ ਰਹਿੰਦੀ ਹੈ। ਉਸਦੀ ਸ਼ਬਦਾਵਲੀ ਉਸਦੀਆਂ ਭਾਵਨਾਵਾਂ ਨਾਲ ਢੁਕਦੀ ਹੈ:

"ਕੀ ਗੱਲ ਤੂੰ ਤਾਂ ਊਂ-ਈਂ ਗਿਆ ਢਾਡੀ ਵਾਂਗੂੰ ਭੂਤਰ ਗਿਆ?"

"ਜੇ ਕੋਈ ਹੈ ਕਣੀ ਤਾਂ ਸਿੱਧੀ ਅੱਖੀਂ ਮੱਥੇ ਲੱਗਿਆ ਕਰ...ਐਂ ਡਰ ਡਰ ਕੇ ਨਹੀਂ ਪੁੱਗਦੀਆਂ ਹੁੰਦੀਆਂ...ਚੰਦਰਿਆ ਜਿੰਨਾ ਰੱਬ ਨੇ ਰੂਪ ਦਿੱਤੈ, ਜੇ ਓਨਾ ਮਰਦਊਪੁਣਾ ਦਿੱਤਾ ਹੁੰਦਾ!...ਪੱਟ ਵੇਖ ਲਹਿ ਜਾਣੇ ਦੇ ਜਿਵੇਂ ਕਿਸੇ ਨੇ ਖਰਾਦ 'ਤੇ ਬਣਾਏ ਹੁੰਦੇ ਐ, ਜੀ ਕਰਦੈ ਖਰਬੂਜੇ ਵਾਂਗੂ ਦੰਦੀਆਂ ਵੱਢ ਵੱਢ ਕੇ ਖਾ ਲਾਂ।"

ਇਸੇ ਤਰ੍ਹਾਂ ਜਦੋਂ ਉਸਨੂੰ ਕੋਕਾ ਵਿਖਾਉਣ ਬਹਾਨੇ ਆਪਣੇ 'ਨੇੜੇ' ਲਾਉਣਾ ਚਾਹੁੰਦੀ ਹੈ, ਡੁੱਲ੍ਹ ਡੁੱਲ੍ਹ ਪੈਂਦੀ ਹੋਈ:

"ਵੇਖੀਂ ਜਗਸਿਆ ਮੇਰੇ ਆਹ ਕੋਕੇ ਦਾ ਨਗ ਤਾਂ ਨ੍ਹੀਂ ਉਖੜਨ ਵਾਲਾ...ਕਿਤੇ ਡਿੱਗ ਈ ਨ ਪਵੇ।"

ਅੱਗਿਉਂ ਜਗਸੀਰ ਓਹੀ, "ਹੀਰੇ ਇਸ਼ਕ ਨ ਮੂਲ ਸੁਆਦ ਦਿੰਦਾ ਨਾਲ ਚੋਰੀਆਂ ਅਤੇ ਉਧਾਲਿਆਂ ਦੇ" ਵਿਚਾਰਾਂ ਦਾ ਪੈਰੋਕਾਰ।

ਭਾਵੇਂ ਭਾਨੋਂ ਲੈ-ਦੇ ਕੇ 'ਮੋਟੀ ਮੱਤ' ਵਾਲੀ ਲਗਦੀ ਹੈ, ਪਰ ਜਗਸੀਰ ਦੀ ਮੁਹੱਬਤ ਦਾ ਉਸਨੂੰ ਪੂਰਾ ਅਹਿਸਾਸ ਹੈ ਅਤੇ ਝੋਰਾ ਵੀ- ਕਿੰਝ ਉਹ ਉਸ ਕਾਰਨ ਸਦਾ ਲਈ ਉਦਾਸ ਹੋ ਗਿਆ, ਹਾਰ ਗਿਆ। ਇਕ ਵਾਰ ਜਦੋਂ ਜਗਸੀਰ ਥੋੜ੍ਹਾ ਜਿਹਾ ਵਿਅੰਗਮਈ ਹੋ ਕੇ ਆਖਦਾ ਹੈ ਕਿ :

"ਬਸ ਚਲਦੇ ਆਂ, ਘਰੇ ਨਿਆਣੇ-ਨਿੱਕੇ ਉਡੀਕਦੇ ਹੋਣਗੇ, ਤੜਕੇ ਦੇ!"

ਉਹ ਇਹ ਸੁਣਕੇ ਅਤੇ ਛੁਪਿਆ ਦੁੱਖ ਇਕੱਲਪੁਣਾ ਮਹਿਸੂਸ ਕਰਕੇ ਇਕਦਮ ਗੰਭੀਰ ਅਤੇ



ਮੁਰਝਾ ਜਿਹਾ ਜਾਂਦੀ ਹੈ।

ਆਖਿਰ, ਰੌਣਕੀ ਦੇ ਬਿਨਾਂ ਕਹੇ, ਜਗਸੀਰ ਦੀ ਮੜ੍ਹੀ ਪੋਚਕੇ, ਅਤੇ ਉਹ ਵੀ ਚਿੱਟੇ ਕੱਪੜੇ ਪਾ ਕੇ- ਜੋ ਇਕ ਕਿਸਮ ਨਾਲ ਉਸਦੇ ਵਿਧਵਾ ਹੋਣ ਦਾ ਪ੍ਰਤੀਕ ਹੈ- ਉਸਦੀ ਮੁਹੱਬਤ ਦਾ ਥੋੜ੍ਹਾ ਮੋਟਾ ਕਰਜ਼ਾ ਲਾਹੁੰਦੀ ਹੈ। ਫਿਰ ਵੀ ਉਸਦੇ ਚਰਿੱਤਰ ਨੂੰ ਜ਼ਿਆਦਾ ਉਘਾੜਿਆ ਨਹੀਂ ਗਿਆ - ਜਿਵੇਂ ਕਿ ਗੁਰਦਿਆਲ ਸਿੰਘ ਦੇ ਬਹੁਤੇ ਇਸਤਰੀ ਪਾਤਰਾਂ ਬਾਰੇ ਹੁੰਦਾ ਹੈ, ਮਰਦ ਪਾਤਰਾਂ ਦੀ ਤੁਲਨਾ 'ਚ ਪਰਛਾਵਾਂ ਮਾਤਰ।

ਸੋਲਾਂ ਅਧਿਆਵਾਂ ਵਿਚ ਵੰਡੇ ਇਸ ਨਾਵਲ ਦੇ ਪੰਜਵਾਂ ਅਤੇ ਸੋਲ੍ਹਵਾਂ ਅਰਥਾਤ ਆਖਰੀ ਅਧਿਆਏ ਵਿਸ਼ੇਸ਼ ਵਿਲੱਖਣਤਾ ਅਤੇ ਸੁਭਾਅ ਦੇ ਹੋਣ ਕਾਰਨ ਵੱਖਰਾ ਜ਼ਿਕਰ ਮੰਗਦੇ ਹਨ। ਇਹਨਾਂ ਦੋਹਾਂ ਵਿਚ ਰੌਣਕੀ ਅਤੇ ਜਗਸੀਰ ਹੱਡਬੀਤੀ ਨੂੰ ਜੱਗਬੀਤੀ ਦੇ ਸੰਦਰਭ 'ਚ ਰੱਖਕੇ ਵੇਖਦੇ ਹਨ। ਸੰਵਾਦ ਚਲਦਾ ਹੈ, 'ਓਹਨਾਂ ਵਰਗਿਆਂ' ਦਾ ਜੋ ਸਸਤੇ ਭਾਅ ਈ ਜੱਗ 'ਤੇ ਰੁਲ ਜਾਂਦੇ ਹਨ, ਨਿਰੰਤਰ ਦੁੱਖ ਭੋਗਕੇ ਖਾਲੀ ਹੱਥ ਤੁਰ ਜਾਂਦੇ ਹਨ। ਜ਼ਿੰਦਗੀ ਦੇ ਇਸ ਸਫਰ ਵਿਚ ਇਕ ਪਾਸੇ ਤਾਂ 'ਜਾਗੋ' ਦੇ ਪ੍ਰਤੀਕ ਰਾਹੀਂ ਹੱਸਦੀ ਖੇਡਦੀ ਦੁਨੀਆਂ ਵਿਖਾਈ ਹੈ, ਦੂਜੇ ਪਾਸੇ ਉਹ ਹਨ ਜਿਹਨਾਂ ਲਈ ਇਹ ਉਮੰਗ ਕੋਈ ਅਰਥ ਨਹੀਂ ਰੱਖਦੀ। ਭਾਸ਼ਾ ਅਤਿ ਸਿੱਧੀ ਹੈ, ਪਰ ਸਮੱਸਿਆਵਾਂ ਅਤਿ ਜਟਿਲ, 'ਇਸ ਲੀਲੇ ਛੱਪਰ ਆਲੇ ਦੀ ਰਚੀ ਲੀਲਾ ਦੀਆਂ।'

"ਭਲਾ ਬੰਦਾ ਇਹ ਧੰਦ ਕੀਹਦੇ ਲਈ ਪਿਟਦਾ ਫਿਰਦੈ? ਤੂੰ ਸੋਚ, ਨ ਮੇਰੇ ਹੇਲ੍ਹਾ ਨਾ ਹੇਲ੍ਹੀ, ਉਹ ਵੀ ਛੱਡਕੇ ਉੱਠਗੀ!...ਜੇ ਮੈਂ ਮਰਜਾਂ ਕੋਈ ਭੂਕਣ ਵਾਲਾ ਨਹੀਂ, ਮੇਰੇ ਵਰਗੇ ਸੌ ਕੀੜੇ ਪਤੰਗੇ ਮਰਦੇ ਐ - ਆਪਾਂ ਕੀੜੇ ਪਤੰਗਿਆਂ ਵਰਗੇ ਈ ਐਂ...ਮਰਨ ਨੂੰ ਅਜੇ ਵੀ ਜੀਅ ਨੀਂ ਕਰਦਾ।"

ਇਕ ਨੂੰ 'ਓਹਦੇ' ਛੱਡਕੇ ਜਾਣ ਦਾ ਸਦਮਾ ਹੈ, ਦੂਜੇ ਨੂੰ 'ਓਹਦੇ' ਨਾ ਮਿਲਣ ਦਾ, ਜੋ ਉਸ ਲਈ ਬਣੀ ਹੀ ਨਹੀਂ ਸੀ। ਜਿਸ ਨੂੰ ਹੁਣ ਇਸ ਜ਼ਿੰਦਗੀ ਤੋਂ 'ਡਰ ਜਿਆ ਲਗਦਾ ਰਹਿੰਦੈ' ਜੋ ਦੁਖਾਂਤ ਦੀ ਗੱਲ ਸੁਣਨ ਤੋਂ ਵੀ ਭੈਅ ਖਾਂਦੈ:

"ਜੇ ਰੌਣਕਾ ਬੰਦੇ ਦਾ ਕੁਸ਼ ਨਾ ਹੋਵੇ - ਨ ਘਰ ਨ ਘਾਟ, ਨ ਬਾਲ-ਬੱਚੇ, ਨ ਅੱਗਾ ਨਾ ਪਿੱਛਾ - ਫੇਰ ਜਿਉਂਦਾ ਕਿਵੇਂ ਰਹਿੰਦੈ।"

"ਇਹ ਕਰਮ ਰੌਣਕਾ ਹੁੰਦੇ ਕੀ ਐ? ਲੈ ਭਲਾਂ ਕਿਸੇ ਨੂੰ ਸੁਫਨਾ ਆਉਂਦੈ ਬਈ ਪਿਛਲੇ ਜਰਮ 'ਚ ਕੋਈ ਕੀ ਕਰਕੇ ਆਇਐ...ਐਵੇਂ ਕੁੱਤੀ ਜਾਤ ਭੌਂਕਦੀ ਐ।"

"ਜਦੋਂ ਰੌਣਕਾ ਅਗਲੀ ਦਰਗਾਹ 'ਚ ਬੰਦੇ ਦਾ ਲੇਖਾ ਹੁੰਦੈ ਓਦੋਂ ਨਿਰਾ ਲੈਣ ਈ ਦੱਸਦੇ ਐ ਕਿ ਦੇਣੇ ਦਾ ਹਸਾਬ ਵੀ ਕਰਦੇ ਐ? ਦੇਣੇ ਦਾ ਕੀ ਕਰਦੇ ਹੋਣੇ ਐਂ, ਜਦੋਂ ਏਥੋਂ ਆਲ੍ਹੇ ਨੀਂ ਕਰਦੇ ਓਥੋਂ ਆਲ੍ਹਿਆਂ ਨੇ ਕੀ ਕਰਨਾ।"

ਨਿਰੀ ਉਦਾਸੀ (total despair) 'ਚ ਡੁੱਬੇ ਇਹ ਸ਼ੰਕੇ, ਹਰ ਯੁਗ ਵਿਚ ਆਪਣਾ ਜਵਾਬ ਮੰਗਦੇ ਰਹਿੰਦੇ ਹਨ ਪਰ...।ਅਜਿਹੇ ਸੰਵਾਦ ਨਾਟਕਾਂ 'ਚ ਆਮ ਤੌਰ 'ਤੇ ਮਨ-ਬਚਨੀਆਂ (soliloquies) ਰਾਹੀਂ ਪ੍ਰਗਟਾਏ ਜਾਂਦੇ ਹਨ, ਜਿਵੇਂ ਹੈਂਮਲਟ ਵਿਚ।

ਇਕ ਗਰੀਕ-ਦੁਖਾਂਤ ਵਰਗੇ ਨਾਵਲ ਦੇ ਮੁਹਰੇ ਇਹ ਕਹਾਵਤ 'ਬੰਦਿਆ ਤੇਰੀਆਂ ਦਸ ਦੇਹੀਆਂ, ਇਕੋ ਗਈ ਵਿਹਾ, ਨੌ ਕਿੱਧਰ ਗਈਆਂ?' ਮੁਖਤਲਿਫ ਅਰਥਾਂ ਦਾ ਵਿਸ਼ਾ ਰਹੀ ਹੈ। ਖੁਦ ਨਾਵਲਕਾਰ ਇਸ ਬਾਰੇ ਆਪਣੀ ਸਵੈ-ਜੀਵਨੀ 'ਦੂਜੀ ਦੇਹੀ' ਵਿਚ ਕੁਝ ਇਸ ਤਰ੍ਹਾਂ ਦੱਸਦਾ ਹੈ: 'ਪੰਜਾਬ ਦੇ ਲੋਕਾਂ ਦੇ ਵਿਚਾਰ ਅਨੁਸਾਰ ਬੰਦੇ ਦੇ ਜੀਵਨ ਵਿਚ (ਸੌ ਸਾਲ ਦਾ ਜੀਵਨ-ਕਾਲ ਮਿਥਣ ਮਗਰੋਂ) ਹਰ ਦਸ ਸਾਲ ਬਾਅਦ ਤਬਦੀਲੀ ਆਉਂਦੀ ਹੈ। ਪਰ ਆਮ ਲੋਕਾਂ ਦੇ ਜੀਵਨ ਵਿਚ ਸਿਰਫ ਸਰੀਰਕ ਤਬਦੀਲੀ ਹੀ ਆਉਂਦੀ ਹੈ, ਸੰਸਾਰਕ ਸਮਰਿਧੀ ਨਾਂ ਮਾਤਰ ਹੀ ਵਧਦੀ ਹੈ। ਸਾਰਾ ਜੀਵਨ

ਦੁੱਖਾਂ-ਕਸ਼ਟਾਂ, ਘੋਰ ਗ਼ਰੀਬੀ 'ਚ ਹੀ ਬੀਤ ਜਾਂਦਾ ਹੈ। ਜਗਸੀਰ ਦੇ ਜੀਵਨ 'ਤੇ ਇਸਨੂੰ ਵਿਅੰਗਾਤਮਕ ਢੰਗ ਨਾਲ ਢੁਕਾਇਆ ਗਿਆ ਹੈ'। ਪਹਿਲੀ ਦੇਹੀ ਨੇ ਹੀ ਜ਼ਿੰਦਗੀ ਤੋਂ ਡਰਨ ਲਾ ਦਿੱਤਾ। ਕਵੀ ਅਮਿਤੋਜ ਨੇ ਵੀ ਜਗਸੀਰ ਬਾਰੇ ਆਪਣੀ ਕਵਿਤਾ 'ਨਾਇਕ ਦੀ ਤਲਾਸ਼' ਵਿਚ ਇਹੋ ਲਿਖਿਆ ਹੈ: ਕਿੰਝ ਉਹ ਕੁਛ ਵੀ ਨ ਕਰ ਸਕਿਆ !

"ਉਹ ਭ਼ਾਨੋਂ ਦੀਆਂ ਪਾੜ-ਖਾਣੀਆਂ ਨਜ਼ਰਾਂ ਨਾਲ ਆਪਣੇ ਪੱਟ ਪੜਵਾਉਣਾ ਚਾਹੁੰਦਾ ਸੀ, ਉਹ ਰੌਣਕੀ ਦੀ ਸਾਰੀ ਚੁੱਪ ਨੂੰ ਡੀਕ ਲਾ ਪੀਣੀ ਚਾਹੁੰਦਾ ਸੀ, ਉਹ ਭੰਤੇ ਦੀ ਆਫਰੀ ਦੇਹ ਦੇ, ਗੰਡਾਸੀ ਨ਼ਾਲ ਡੱਕਰੇ ਕਰਨਾ ਚਾਹੁੰਦਾ ਸੀ, ਪਰ ਉਹ ਕੁਝ ਵੀ ਨ ਕਰ ਸਕਿਆ। ਉਸਨੂੰ ਬੰਦੇ ਦੀ ਦਸਵੀਂ ਦੇਹ ਦਾ ਸ਼ਰਾਪ ਸੀ।"

ਜਾਗੋ ਵਾਲਾ ਦ੍ਰਿਸ਼ ਨਾਵਲ ਦੇ ਵਿਸ਼ੇ ਵਿਚ ਇੰਝ ਉਣਿਆ ਹੋਇਆ ਹੈ ਜਿਵੇਂ ਕਿਸੇ ਰਕਾਨ ਦੇ 'ਉੱਚੇ' ਸਿਰ 'ਤੇ ਸੱਗੀ ਫੁੱਲ। ਜਦੋਂ ਜਗਸੀਰ ਅਤੇ ਰੌਣਕੀ ਜ਼ਿੰਦਗੀ ਦੇ ਅਸਮਝ ਮਰਹਮਾਂ, ਸਿਤਮਾਂ, ਬੇ-ਇਨਸਾਫੀਆਂ ਬਾਰੇ ਸੋਚ ਕੇ ਨਿਰਾਸ਼ਾ ਅਤੇ ਹਾਰ ਦੀਆਂ ਭਾਵਨਾਵਾਂ ਵਿਚ ਡੂੰਘੇ ਉੱਤਰੇ ਹੁੰਦੇ ਹਨ, ਜਾਗੋ ਵਾਲੀਆਂ ਦੇ ਖੁਸ਼ੀਆਂ ਭਰੇ ਬੋਲ : 'ਜੋਰੂ ਜਗਾ ਲੈ ਵੇ ਰੌਣਕਾ, ਜਾਗੋ ਆਈ ਐ', ਉਹਨਾਂ ਦੇ ਸੰਵਾਦ ਦੀ ਸਮਾਧੀ ਨੂੰ ਭੰਗ ਕਰ ਦਿੰਦੇ ਹਨ। ਇਕ ਪਾਸੇ ਉਹ ਹਨ ਜੋ ਖਾਲੀ ਹੱਥ ਜੱਗ ਤੋਂ ਤੁਰ ਜਾਂਦੇ ਹਨ, ਜ਼ਗਸੀਰ ਅਤੇ ਰੌਣਕੀ ਵਾਂਗ, ਅਤੇ ਦੂਜੇ ਪਾਸੇ ਉਹ ਜੋ ਕਥਿਤ ਖੁਸ਼ੀਆਂ ਮਾਣਦੇ ਹਨ 'ਸੁਹਣੇ ਟੁੰਡੇ ਦੇ ਧੁੰਦਲ ਬਲ੍ਹਦ ਵਰਗੇ ਹੱਡਲ ਮੁੰਡੇ ਵਾਂਗ' ਜਿਸਦੇ ਵਿਆਹ ਦੀ ਖੁਸ਼ੀ ਵਿਚ ਜਾਗੋ ਕੱਢੀ ਜਾਂਦੀ ਹੈ। ਇਹ ਅਹਿਸਾਸ ਉਹਨਾਂ ਦੀ ਉਦਾਸੀ ਨੂੰ ਹੋਰ ਵੀ ਮਾਰੂ ਬਣਾ ਦਿੰਦਾ ਹੈ।

ਇਕ ਅਰਜ਼-ਨੁਮਾ ਸਵਾਲ ਉਹਨਾਂ ਲਈ ਜੋ ਜਗਸੀਰ ਨੂੰ ਅਨਾਇਕ ਇਸ ਲਈ ਸਮਝਦੇ ਹਨ ਕਿਉਂਕਿ ਉਹ ਕਾਰਜ ਰਹਿਤ ਉਮਰ ਭੋਗਦਾ ਹੈ। ਸ਼ੇਕਸਪੀਅਰ ਦੇ ਓਥੈੱਲੋ, ਜੋ ਬਿਨਾਂ ਸੋਚੇ ਸਮਝੇ ਆਪਣੀ ਵਫਾ ਦੀ ਮੂਰਤ ਪਤਨੀ ਦਾ ਖੂਨ ਕਰ ਦਿੰਦਾ ਹੈ, ਨਾਲੋਂ ਉਸਦਾ ਨਾਇਕ ਹੈਮਲਟ, ਜੋ ਅੰਦਰੋਂ ਅੰਦਰੀ ਸੁਲ੍ਹਗ ਕੇ ਹੀ ਜਹਾਨੋਂ ਤੁਰ ਜਾਂਦਾ ਹੈ, ਲੱਖ ਗੁਣਾਂ ਜ਼ਿਆਦਾ ਪੜ੍ਹਿਆ ਅਤੇ ਵਿਚਾਰਿਆ ਗਿਆ ਹੈ। ਜਿਵੇਂ ਕਿ ਕਿਹਾ ਜਾਂਦਾ ਹੈ:

"Othello kills one whom he loves most; whereas Hamlet cannot kill one whom he hates most."

ਸੱਚ ਤਾਂ ਇਹ ਹੈ ਕਿ ਜ਼ਿੰਦਗੀ ਵਿਚ ਬਿਸ਼ਨੇ ਅਤੇ ਪਰਸੇ ਵਰਗੇ ਵੀ ਹਨ ਅਤੇ ਜਗਸੀਰ ਵਰਗੇ ਵੀ ਹੋਣੀ ਆਪੋ ਆਪਣੀ।

ਭਾਸ਼ਾ ਕਿਸੇ ਰਚਨਾ ਦਾ ਕੋਈ ਬਹੁਤ ਵੱਡਾ ਗੁਣ, ਔਗੁਣ ਨਹੀਂ ਹੁੰਦੀ। ਸੰਬੰਧਤ ਵਿਸ਼ੇ ਦੀ ਮੰਗ ਹੁੰਦੀ ਹੈ, ਮਜਬੂਰੀ ਹੁੰਦੀ ਹੈ। ਜਿਵੇਂ ਕਿ ਇਸ ਵਿਚ ਵਰਤੀ ਮਲਵਈ ਭਾਸ਼ਾ ਦਾ ਹਮੇਸ਼ਾ ਚਰਚਾ ਹੁੰਦਾ ਰਿਹਾ ਹੈ। ਗੁਰਦਿਆਲ ਸਿੰਘ ਤੋਂ ਬਿਨਾਂ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ ਅਤੇ ਰਾਮ ਸਰੂਪ ਅਣਖੀ ਨੇ ਵੀ ਇਸਨੂੰ ਆਪੋ ਆਪਣੀਆਂ ਰਚਨਾਵਾਂ ਵਿਚ ਸਫਲਤਾ ਸਹਿਤ ਵਰਤਿਆ ਹੈ, ਅਤੇ ਅਜਮੇਰ ਔਲਖ ਨੇ ਆਪਣੇ ਨ਼ਾਟਕਾਂ ਵਿਚ। ਇਹੋ ਜਿਹੀਆਂ ਆਂਚਲਿਕ ਕਿਰਤਾਂ 'ਤੇ ਇਹ ਇਲਜ਼ਾਮ ਵੀ ਲਗਦਾ ਹੈ ਕਿ ਇਹਨਾਂ ਦਾ ਵਿਸ਼ਾ ਵਸੀਹ ਨਹੀਂ ਸਗੋਂ ਸੰਕੀਰਨ ਹੁੰਦਾ ਹੈ। ਪਰ ਇਸਨੂੰ ਨਕਾਰਨ ਲਈ ਟੈਗੋਰ, ਸ਼ਰਤ ਚੰਦਰ, ਬਿਮਲ ਮਿੱਤਰ, ਰੇਣੂ ਦੀਆਂ ਕਰਮਵਾਰ 'ਪੋਸਟ ਮਾਸਟਰ', 'ਸ਼੍ਰੀਕਾਂਤ', 'ਸਾਹਿਬ, ਬੀਬੀ ਔਰ ਗ਼ੁਲਾਮ' ਅਤੇ 'ਮੈਲਾ ਆਂਚਲ' ਵਰਗੀਆਂ ਰਚਨਾਵਾਂ ਕਾਫੀ ਹਨ। ਅਤੇ ਸੱਤਯਜੀਤ ਰੇਅ ਦੀਆਂ ਆਂਚਲਿਕ ਫਿਲਮਾਂ ਵੀ ਜੋ ਉਪ-ਭਾਸ਼ਾ ਵਿਚ ਹੋਕੇ ਵੀ ਅੰਤਰ-ਰਾਸ਼ਟਰੀ ਪ੍ਰਸਿੱਧੀ ਅਤੇ ਚਰਚਾ ਖੱਟਦੀਆਂ ਰਹੀਆਂ ਹਨ। ਵੱਖ-ਵੱਖ ਜ਼ੁਬਾਨਾਂ 'ਚ ਇਸ ਨਾਵਲ ਦਾ ਅਨੁਵਾਦ ਪੜ੍ਹਨ ਉਪਰੰਤ ਇਹ ਲਗਦਾ ਹੈ ਕਿ ਇਹ ਮਲਵਈ ਭਾਸ਼ਾ 'ਚ ਹੀ ਸ਼ੋਭਦਾ ਹੈ। ਇਥੋਂ ਤਕ



ਕਿ ਮਾਝੀ ਵਿਚ ਵੀ ਇਸਨੂੰ ਕਿਆਸਿਆ ਨਹੀਂ ਜਾ ਸਕਦਾ। ਪ੍ਰਤੱਖ ਨੂੰ ਪ੍ਰਮਾਣ ਕੀ: ਇਕ ਵਾਰ ਇਸਨੂੰ ਪੰਜਾਬੀ ਯੂਨੀਵਰਸਿਟੀ ਵਿਚ ਮਾਝੀ ਵਿਚ ਨਾਟਕ ਰੂਪ ਦਿੱਤਾ ਗਿਆ। ਅਤੇ ਇਹ ਦੁਖਾਂਤ ਕਾਮਦੀ ਬਣਦਾ ਬਣਦਾ ਰਹਿ ਗਿਆ। ਜਗਸੀਰ ਦਾ ਨੰਦੀ ਦੇ ਪੁੱਛਣ 'ਤੇ ਮਰਨਊ, ਮੱਧਮ ਆਵਾਜ਼ ਵਿਚ ਜੁਆਬ ਦੇਣਾ, "ਮੈਂ ਆਂ ਬੇਬੇ" ਹਰਭਜਨ ਜੱਬਲ (ਜਗਸੀਰ) ਦੀ ਖੜਕਵੀਂ ਆਵਾਜ਼ ਚ, "ਮੈਂ ਆਂ ਕਿ ਬੇਬੇ" ਸੁਣਕੇ ਦਰਸ਼ਕ ਹੱਸ ਪਏ ਸਨ। ਮੈਂ ਆਪਣੇ ਮਝੈਲ ਦੋਸਤਾਂ ਜੁਗਿੰਦਰ ਕੈਰੋਂ ਅਤੇ ਰਣਜੀਤ ਬਾਜਵੇ ਨੂੰ ਜਦੋਂ ਕਦੇ ਇਸ ਨਾਵਲ ਵਿਚਲੇ ਦੁਖਾਂਤ ਬਾਰੇ ਗੱਲਬਾਤ ਕਰਦੇ ਸੁਣਿਆ ਹੈ, ਲੱਗਿਆ ਹੈ ਜਿਵੇਂ ਉਹ ਸ਼ਾਹ ਮੁਹੰਮਦ ਦੇ 'ਜੰਗ ਨਾਮੇ' ਵਿਚਲੇ 'ਬੀਰ ਰਸ' ਬਾਰੇ ਵਾਰ ਸਾਹਿਤ ਲਈ ਬਣੀ ਖੜਕਵੀਂ ਬੋਲੀ ਬੋਲ ਰਹੇ ਹੋਣ।

ਨਾਨਕ ਸਿੰਘ ਦੇ 'ਪਵਿੱਤਰ ਪਾਪੀ' ਬਾਅਦ 'ਮੜ੍ਹੀ ਦਾ ਦੀਵਾ' ਦੂਸਰਾ ਪੰਜਾਬੀ ਨਾਵਲ ਹੈ ਜਿਸਨੂੰ ਹਿੰਦੀ ਫਿਲਮ ਰੂਪ ਦਿੱਤਾ ਗਿਆ। ਇਸਦਾ ਨਿਰਮਾਤਾ ਸੀ ਸੁਰਿੰਦਰ ਸਿੰਘ ਜਿਸ ਨੇ ਨਾਵਲ ਦੇ ਰਚਣਹਾਰ ਨਾਲ ਗੱਲਬਾਤ ਕਰਨ ਬਾਅਦ ਫਿਲਮ ਨੂੰ ਆਖਰੀ ਰੂਪ ਦਿੱਤਾ ਸੀ। ਅਤੇ ਇਹ ਫਿਲਮ ਸ਼ੁਰੂ ਤੋਂ ਅੰਤ ਤਕ ਪ੍ਰੇਮ-ਕਥਾ ਹੈ, ਅਣਪੁੱਗੇ ਇਸ਼ਕ ਦਾ ਕਿੱਸਾ। ਫਿਲਮ ਦੇ 'ਅੰਤ' 'ਤੇ ਇਹ ਸਤਰ ਦੁਹਰਾਈ ਜਾਂਦੀ ਹੈ:

"ਇਸ਼ਕ ਕਾ ਰੋਗ ਬੁਰਾ, ਨਾ ਜਾਨੇ ਕਬ ਲਗ ਜਾਏ।"

ਕੀ ਇਹ ਜ਼ਾਮਨੀ ਨਹੀਂ ਇਸ ਸੱਚ ਦੀ ਕਿ ਬੁਨਿਆਦੀ ਤੌਰ 'ਤੇ ਇਹ ਇਕ ਪ੍ਰੇਮ-ਕਥਾ ਹੈ? ਬਾਕੀ ਸਭ ਵਿਸ਼ੇ-ਕਿੰਝ ਭਲਿਆਂ ਵੇਲਿਆਂ ਵਿਚ ਬੁੱਕਲ ਦੇ ਸੀਰੀਆਂ ਦਾ ਮਾਲਕਾਂ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੁੰਦਾ ਸੀ (ਧਰਮ ਸਿੰਘ ਦੇ ਬਾਪ ਅਤੇ ਜਗਸੀਰ ਦੇ ਬਾਪ ਦਾ ਇਕੱਠੇ ਠੂਠੀ 'ਚ ਦਾਰੂ ਪੀਣਾ) ਜੋ ਕਮਰਸ਼ੀਅਲ ਜੀਵਨ ਨੂੰ ਸਭ ਕੁਝ ਮੰਨਣ ਵਾਲਿਆਂ (ਭੰਤਾਂ ਅਤੇ ਉਸਦੀ ਮਾਂ) ਲਈ ਕੋਈ ਅਰਥ ਨਹੀਂ ਰਖਦਾ। ਜਗਸੀਰ ਦੀ ਚਾਰ-ਵਿੱਘਿਆਂ ਦੀ ਕਥਿਤ ਮਾਲਕੀ ਦਾਨ ਰਹਿਣਾ, ਉਹਦੇ ਬਾਪ ਦੀ ਮੜ੍ਹੀ ਦਾ ਢਾਹ ਦੇਣਾ ਅਤੇ ਉਹ ਵੀ ਅਤਿ ਨਿਰਾਦਰ ਭਰੇ ਢੰਗ ਨਾਲ; 'ਓਹਦੀ' ਪੁੱਤਾਂ ਵਾਂਗੂੰ ਪਾਲੀ ਟ੍ਰਾਹਲੀ ਦਾ ਸ਼ਾਹੂਕਾਰਾਂ ਨੂੰ ਵੇਚ ਦੇਣਾ; ਏਥੋਂ ਤਕ ਕਿ ਉਸਨੂੰ ਬਲ੍ਹਦਾਂ ਨਾਲ ਮੋਹ ਜਿਤਾਉਣ ਦੀ ਵੀ ਮਨਾਹੀ ਹੋਣਾ - ਇਹ ਸਭ ਟੁੱਟ ਰਹੀਆਂ ਕਦਰਾਂ-ਕੀਮਤਾਂ ਦੇ ਪ੍ਰਤੀਕ ਹਨ। ਪਿੰਡ ਤਾਂ ਇਸਦਾ ਇਕ (micro) ਰੂਪ ਹੈ, ਹੋ ਤਾਂ ਇਹ ਸਮੁੱਚੇ ਸੰਸਾਰ 'ਚ ਰਿਹਾ ਹੈ। ਨਿਰਲਬੁ ਨੇਹੁ ਅਤੇ ਰਿਸ਼ਤਿਆਂ ਦੀ ਥਾਂ ਪੈਸੇ ਦੀ ਦੁਨੀਆਂ ਦਾ ਲੈ ਲੈਣਾ - ਮੁੱਖ ਵਿਸ਼ੇ ਨਾਲ ਸੰਬੰਧਤ ਹਨ। ਅਤੇ ਮੁੱਖ ਪਲਾਟ ਦੇ ਨਾਲ ਨਾਲ ਸਬ-ਪਲਾਟ ਬਣ ਚਲਦੇ ਹਨ।

ਇਸ ਯਾਦਗਾਰੀ ਨਾਵਲ ਦੇ ਰਚਣਹਾਰ ਦੇ ਰਚਨਾ ਅਤੇ ਜੀਵਨ ਸੰਸਾਰ ਦਾ ਸੰਖੇਪ ਸਾਰ ਦਿੰਦਿਆਂ ਰੂਸੀ ਕਵੀ 'ਰਾਇਲੈਂਨਕੋਵ' ਦੀਆਂ ਸਤਰਾਂ ਯਾਦ ਆਉਂਦੀਆਂ ਹਨ:

"ਬਚਪਨ ਵਿਚ ਹੀ ਕਰੜੀ ਕਿਸਮਤ ਪੇਸ਼ ਪੈ ਗਈ
ਸਿੱਕੇ ਦੇ ਸਨ ਸਾਡੇ ਅੰਬਰ ਰੰਗ ਬਰੂਦੀ
ਜ਼ਾਲਮ ਕਿਸਮਤ ਝੂਣੇਂ ਝੰਬੇ
ਅਸੀਂ ਪਲ਼ੇ ਹਾਂ ਨੰਗ-ਮੁਨੰਗੇ, ਬਿਰਛਾਂ ਵਾਂਗੂੰ, ਛਾਂ ਵਿਹੂਣੇ
ਸਰਕੜਿਆਂ ਦੇ ਵਾਂਗੂੰ ਜੰਮੇ, ਸਰਕੜਿਆਂ ਦੇ ਵਾਂਗ ਪਲ਼ੇ ਹਾਂ।"

ਬੇਸ਼ੱਕ ਤਿੰਨ ਨਾਵਲ 'ਅੱਧ ਚਾਨਣੀ ਰਾਤ', 'ਅਣਹੋਏ' ਅਤੇ 'ਪਰਸਾ'; ਇਹਨਾਂ ਵਿਚਲੇ ਤਿੰਨ ਪਾਤਰ ਮੋਦਨ, ਬਿਸ਼ਨਾਂ, ਅਤੇ ਪਰਸਾ ਵਿਸ਼ਾਲ ਪੱਧਰ 'ਤੇ ਸਰਾਹੇ ਗਏ ਹਨ; ਫਿਰ ਵੀ ਗੁਰਦਿਆਲ ਸਿੰਘ ਦੀ ਸਾਹਿਤਕ ਸ਼ਨਾਖਤ ਹਮੇਸ਼ਾ 'ਮੜ੍ਹੀ ਦਾ ਦੀਵਾ' ਅਤੇ ਇਸਦੇ ਅਮਰ ਪਾਤਰ ਜਗਸੀਰ ਕਰਕੇ ਜ਼ਿਆਦਾ ਹੁੰਦੀ ਹੈ, ਸ਼ਾਇਦ ਹੁੰਦੀ ਵੀ ਰਹੇਗੀ।

[ਸੀ-241, ਅਫਸਰ ਕਾਲੋਨੀ, ਸੰਗਰੂਰ]

# ਪਰਵਾਸੀ ਪੰਜਾਬੀ ਸਭਿਆਚਾਰ ਦਾ ਭਵਿੱਖ : ਭਾਸ਼ਾਈ ਪ੍ਰਸੰਗ

ਅਮਨਦੀਪ ਸਿੰਘ

ਪੰਜਾਬੀ ਸਭਿਆਚਾਰ ਦਾ ਵਿਦੇਸ਼ਾਂ ਵਿਚ ਕਿਸ ਤਰ੍ਹਾਂ ਦਾ ਭਵਿੱਖ ਹੋਵੇਗਾ, ਇਸਦੀ ਕੋਈ ਭਵਿੱਖਬਾਣੀ ਕਰਨੀ ਬੜਾ ਮੁਸ਼ਕਿਲ ਕੰਮ ਹੈ। ਇਸ ਮੁਸ਼ਕਿਲ ਦਾ ਪਹਿਲਾ ਮਹੱਤਵਪੂਰਨ ਕਾਰਨ ਇਹ ਹੈ ਕਿ ਪੰਜਾਬੀਆਂ ਦਾ ਪਰਵਾਸ ਕੇਵਲ ਇਕ ਦੇਸ਼ ਵੱਲ ਸੇਧਤ ਹੋਣ ਦੀ ਬਜਾਏ ਵੱਖੋ ਵੱਖਰੇ ਦੇਸ਼ਾਂ ਵੱਲ ਕਦੇ ਹੌਲੀ ਅਤੇ ਕਦੇ ਤੇਜ ਰਫਤਾਰ ਨਾਲ ਹੁੰਦਾ ਰਿਹਾ ਹੈ। ਆਪਣੀਆਂ ਸਹੂਲਤਾਂ ਅਤੇ ਵੀਜ਼ਾ ਨਿਯਮਾਂ ਦੀ ਔਖ-ਸੌਖ ਦੇ ਆਧਾਰ 'ਤੇ ਕਦੇ ਇੰਗਲੈਂਡ, ਕਦੇ ਅਮਰੀਕਾ, ਕਦੇ ਕੈਨੇਡਾ ਅਤੇ ਨੇੜਲੇ ਸਮੇਂ ਵਿਚ ਆਸਟ੍ਰੇਲੀਆ ਪੰਜਾਬੀਆਂ ਦੇ ਮਨਪਸੰਦ ਰਹਿਣ ਸਥਾਨ ਬਣਦੇ ਰਹੇ ਹਨ। ਇਸ ਕਾਰਨ ਪੰਜਾਬੀ ਪਰਵਾਸੀਆਂ ਦਾ ਕੋਈ ਇਕ ਸਮੂਹ ਸਾਹਮਣੇ ਆਉਣ ਦੀ ਬਜਾਏ ਸਾਰੇ ਸੰਸਾਰ ਵਿਚ ਫੈਲੇ ਪੰਜਾਬੀ ਮਿਲ ਜਾਂਦੇ ਹਨ ਜਿਨ੍ਹਾਂ ਨੇ ਆਪੋ ਆਪਣੀਆਂ ਲੋੜਾਂ ਅਤੇ ਆਪੋ ਆਪਣੀ ਸਮਰੱਥਾ ਮੁਤਾਬਕ ਮੂਲ ਪੰਜਾਬੀ ਸਭਿਆਚਾਰ ਨਾਲ ਆਪਣੀ ਸਾਂਝ ਬਰਕਰਾਰ ਰੱਖੀ ਹੋਈ ਹੈ। ਦੂਸਰਾ ਨੁਕਤਾ ਇਹ ਹੈ ਕਿ ਪਿਛਲੇ ਦਸ-ਬਾਰਾਂ ਸਾਲਾਂ ਵਿਚ ਸੰਚਾਰ ਤਕਨਾਲੋਜੀ ਵਿਚ ਆਈ ਕ੍ਰਾਂਤੀ ਨੇ ਸਾਰੇ ਸੰਸਾਰ ਨੂੰ ਬਹੁਤ ਨੇੜੇ ਲੈ ਆਂਦਾ ਹੈ। ਇਸ ਨੇੜਤਾ ਦੇ ਪਰਵਾਸੀ ਪੰਜਾਬੀ ਸਮਾਜ ਅਤੇ ਪਰਵਾਸੀ ਪੰਜਾਬੀ ਸਭਿਆਚਾਰ ਉਪਰ ਕੀ ਪ੍ਰਭਾਵ ਪੈਣਗੇ, ਇਹ ਵੀ ਧਿਆਨ ਦੇਣ ਯੋਗ ਮਸਲਾ ਹੈ।

ਇਸ ਪ੍ਰਸੰਗ ਵਿਚ ਪਰਵਾਸੀ ਪੰਜਾਬੀ ਸਭਿਆਚਾਰ ਦੀਆਂ ਭਵਿੱਖੀ ਦਿਸ਼ਾਵਾਂ ਦਾ ਅਨੁਮਾਨ ਲਾਉਣ ਲਈ ਪੰਜਾਬੀ ਭਾਸ਼ਾ ਦੇ ਭਵਿੱਖ ਦਾ ਅਧਿਐਨ ਕਰਨਾ ਸਹਾਈ ਹੋ ਸਕਦਾ ਹੈ। ਇਹ ਅਧਿਐਨ ਕਰਨ ਸਮੇਂ ਸਮੂਹ ਪਰਵਾਸੀਆਂ ਨੂੰ ਕਿਸੇ ਇਕ ਸਾਂਚੇ ਵਿਚ ਫਿੱਟ ਨਹੀਂ ਕੀਤਾ ਜਾ ਸਕਦਾ। ਇਹਨਾਂ ਵਿਚੋਂ ਕੁਝ ਅਜਿਹੇ ਪਰਵਾਸੀ ਹਨ ਜੋ ਆਪਣਾ ਬਚਪਨ ਤੇ ਜਵਾਨੀ ਪੰਜਾਬ ਵਿਚ ਬਿਤਾਉਣ ਤੋਂ ਬਾਅਦ ਪਰਵਾਸ ਕਰਦੇ ਹਨ, ਜਿਹਨਾਂ ਨੂੰ ਅਸੀਂ ਪਹਿਲੀ ਪੀੜ੍ਹੀ ਦੇ ਪਰਵਾਸੀ ਕਹਿ ਸਕਦੇ ਹਾਂ। ਦੂਸਰੇ ਪਾਸੇ ਇਹਨਾਂ ਪਰਵਾਸੀਆਂ ਦੀ ਔਲਾਦ ਪਰਵਾਸੀਆਂ ਦੀ ਦੂਸਰੀ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹੈ ਜਿਸਦਾ ਪਾਲਣ ਪੋਸ਼ਣ ਪਰਦੇਸ ਵਿਚ ਹੀ ਹੋਇਆ ਹੈ। ਪਰਵਾਸੀਆਂ ਦੀ ਪੀੜ੍ਹੀ ਵਿਚ ਅੰਤਰ ਦੇ ਨਾਲ ਹੀ ਉਨ੍ਹਾਂ ਦੀ ਭਾਸ਼ਾ ਵਿਚ ਵੀ ਸੁਭਾਵਕ ਹੀ ਅੰਤਰ ਆ ਜਾਂਦਾ ਹੈ। ਪੰਜਾਬ ਤੋਂ ਗਏ ਪਹਿਲੀ ਪੀੜ੍ਹੀ ਦੇ ਬਹੁਗਿਣਤੀ ਪਰਵਾਸੀਆਂ ਲਈ ਪੰਜਾਬੀ ਉਨ੍ਹਾਂ ਦੀ ਪਹਿਲੀ ਭਾਸ਼ਾ ਹੈ, ਜਦੋਂ ਕਿ ਦੂਸਰੀ ਪੀੜ੍ਹੀ ਦੇ ਪਰਵਾਸੀਆਂ ਲਈ ਅੰਗਰੇਜ਼ੀ ਆਮ ਤੌਰ 'ਤੇ ਉਹਨਾਂ ਦੀ ਪਹਿਲੀ ਭਾਸ਼ਾ ਬਣ ਜਾਂਦੀ ਹੈ।

ਪਰਵਾਸੀਆਂ ਦੀਆਂ ਪੀੜ੍ਹੀਆਂ ਵਿਚ ਇਸ ਵਖਰੇਵੇਂ ਤੋਂ ਬਾਅਦ ਸਵਾਲ ਪੈਦਾ ਹੁੰਦਾ ਹੈ ਕਿ ਇੰਨ੍ਹਾਂ ਵੱਖੋ ਵੱਖ ਪੀੜ੍ਹੀਆਂ ਵਾਲੇ ਪਰਵਾਸੀਆਂ ਦਾ ਵੱਖੋ ਵੱਖ ਭਾਸ਼ਾਵਾਂ ਨਾਲ ਕੀ ਰਿਸ਼ਤਾ ਹੈ, ਇਸਦਾ ਅਧਿਐਨ ਕਿਵੇਂ ਕੀਤਾ ਜਾਵੇ। ਇਸ ਸੰਬੰਧ ਵਿਚ ਵਰਤਮਾਨ ਦੀ ਤਸਵੀਰ ਪ੍ਰਾਪਤ ਕਰਨ ਲਈ ਪਰਵਾਸੀ ਸਾਹਿਤ ਵਿਚੋਂ ਕੁਝ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ, ਜਦੋਂ ਕਿ ਭਵਿੱਖ ਬਾਰੇ ਅਨੁਮਾਨ ਲਗਾਉਣ ਲਈ ਸਾਨੂੰ ਸਾਹਿਤ ਦੇ ਨਾਲ ਹੀ ਸਾਹਿਤ-ਬਾਹਰਲੇ ਹੋਰ ਸਾਧਨਾਂ 'ਤੇ ਵੀ ਨਜ਼ਰ ਮਾਰਨੀ ਪਵੇਗੀ।

ਭਾਸ਼ਾ ਨਾ ਕੇਵਲ ਸਭਿਆਚਾਰ ਦਾ ਅਨਿੱਖੜ ਅੰਗ ਹੈ ਸਗੋਂ ਭਾਸ਼ਾ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਵਿਅਕਤੀ ਆਪਣੇ ਸਭਿਆਚਾਰ ਨਾਲ ਜੁੜਦਾ ਅਤੇ ਅਗਲੀਆਂ ਪੀੜ੍ਹੀਆਂ ਵਿਚ ਉਸਨੂੰ ਅੱਗੇ ਤੋਰਦਾ ਹੈ। ਪੰਜਾਬੀ ਪਰਵਾਸੀ ਸਾਹਿਤ ਤੋਂ ਇਹ ਗੱਲ ਆਸਾਨੀ ਨਾਲ ਜ਼ਾਹਿਰ ਹੁੰਦੀ ਹੈ ਕਿ ਵਿਦੇਸ਼ਾਂ ਵਿਚ ਮੁੱਖ ਤੌਰ 'ਤੇ ਪਹਿਲੀ ਪੀੜ੍ਹੀ ਦੇ ਪਰਵਾਸੀ ਪੰਜਾਬੀ ਭਾਸ਼ਾ ਨਾਲ ਜੁੜੇ ਹੋਏ ਹਨ, ਜਦੋਂ ਕਿ ਪੰਜਾਬੀ ਪਰਵਾਸੀਆਂ ਦੀ ਦੂਸਰੀ ਪੀੜ੍ਹੀ ਤੇਜ਼ੀ ਨਾਲ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਹੈ। ਸਵਰਨ ਚੰਦਨ ਦੇ ਨਾਵਲ **ਕੰਜਕਾਂ**, ਦਰਸ਼ਨ ਧੀਰ ਦੇ ਨਾਵਲ **ਪੈੜਾਂ ਦੇ ਆਰ ਪਾਰ** ਸਮੇਤ ਹੋਰ ਬਹੁਤ ਸਾਰੀਆਂ ਪੰਜਾਬੀ ਰਚਨਾਵਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪਰਾਏ ਮੁਲਕ ਵਿਚ ਜਾ ਕੇ ਪਰਵਾਸੀ ਦੀ ਪਹਿਲੀ ਮੁਸ਼ਕਲ ਉਥੋਂ ਦੀ ਭਾਸ਼ਾ ਸਿੱਖਣ ਦੀ ਹੁੰਦੀ ਹੈ। ਪਰਦੇਸ ਗਈ ਪਹਿਲੀ ਪੀੜ੍ਹੀ ਆਪਣੀਆਂ



ਭਾਰਤੀ ਭਾਸ਼ਾਵਾਂ ਵਿਚ ਤਾਂ ਪ੍ਰਵੀਨ ਹੁੰਦੀ ਹੈ ਪਰ ਪੱਛਮੀ ਦੇਸਾਂ ਦੀ ਭਾਸ਼ਾ ਭਾਵ ਅੰਗਰੇਜ਼ੀ ਤੋਂ ਆਮ ਕਰਕੇ ਕੋਰੀ ਹੁੰਦੀ ਹੈ। ਰੋਜ਼ਾਨਾ ਜੀਵਨ ਵਿਚ ਤੁਰਦਿਆਂ ਫਿਰਦਿਆਂ ਕੰਮ ਚਲਾਊ ਅੰਗਰੇਜ਼ੀ ਤਾਂ ਉਹ ਸਿੱਖ ਜਾਂਦੇ ਹਨ ਪਰ ਸੰਚਾਰ ਤੋਂ ਅੱਗੇ ਭਾਵਨਾਵਾਂ ਅਤੇ ਮਨੋਭਾਵਾਂ ਦੇ ਪ੍ਰਗਟਾਅ ਸਮੇਂ ਇਹ ਥੋੜ੍ਹੀ ਜਿਹੀ ਅੰਗਰੇਜ਼ੀ ਉਨ੍ਹਾਂ ਦਾ ਸਾਥ ਛੱਡ ਜਾਂਦੀ ਹੈ। ਵਡੇਰੀ ਉਮਰ ਵਿਚ ਪਰਦੇਸ ਪਹੁੰਚਣ ਵਾਲਿਆਂ ਨੂੰ ਤਾਂ ਭਾਸ਼ਾ ਦੀ ਇਹ ਸਮੱਸਿਆ ਹੋਰ ਵੀ ਜ਼ਿਆਦਾ ਤੰਗ ਕਰਦੀ ਹੈ। ਇਸ ਸਮੱਸਿਆ ਦੇ ਹੱਲ ਦੀ ਕੋਸ਼ਿਸ਼ ਵਜੋਂ ਜਿੱਥੇ ਅੰਗਰੇਜ਼ੀ ਸਿੱਖਣ ਦੀ ਕੋਸ਼ਿਸ਼ ਆਰੰਭ ਹੁੰਦੀ ਹੈ, ਉਥੇ ਹੀ ਦੂਸਰੇ ਪਾਸੇ ਪਰਵਾਸੀ ਆਪਣੀਆਂ ਸਮਾਜਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਲਈ ਆਪਣੇ ਵਰਗੇ ਲੋਕਾਂ 'ਤੇ ਆਧਾਰਤ ਬਸਤੀਆਂ (ਗੈਟੋ) ਬਣਾਉਣੀਆਂ ਸ਼ੁਰੂ ਕਰ ਦਿੰਦੇ ਹਨ, ਜਿਸ ਦੀ ਇਕ ਝਲਕ ਹਰਜੀਤ ਅਟਵਾਲ ਦੇ ਨਾਵਲ **ਸਾਊਥਾਲ** ਵਿਚ ਦੇਖੀ ਜਾ ਸਕਦੀ ਹੈ, ਜਿੱਥੇ ਅੰਗਰੇਜ਼ੀ ਦੀ ਲੋੜ ਨਾਂਹ-ਮਾਤਰ ਹੀ ਪੈਂਦੀ ਹੈ।

ਪਹਿਲੀ ਪੀੜ੍ਹੀ ਦੇ ਪਰਵਾਸੀਆਂ ਦੀਆਂ ਅੰਗਰੇਜ਼ੀ ਨਾਲ ਜੁੜੀਆਂ ਸਮੱਸਿਆਵਾਂ ਦੀਆਂ ਉਪਰੋਕਤ ਉਦਾਹਰਨਾਂ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ ਭਾਸ਼ਾ ਸਿੱਖਣ ਵਾਲੀ ਇਹ ਮੁਸ਼ਕਿਲ ਤਾਂ ਆਸਾਨੀ ਨਾਲ ਦੂਰ ਕੀਤੀ ਜਾ ਸਕਦੀ ਹੈ ਅਤੇ ਵਿਸ਼ੇਸ਼ ਤੌਰ 'ਤੇ ਦੂਸਰੀ ਪੀੜ੍ਹੀ ਦੇ ਪਰਵਾਸੀ ਤਾਂ ਚੰਗੀ ਅੰਗਰੇਜ਼ੀ ਸਿੱਖ ਕੇ ਉਥੋਂ ਦੇ ਮਾਹੌਲ ਵਿਚ ਪੂਰੀ ਤਰ੍ਹਾਂ ਰਚ ਮਿਚ ਸਕਦੇ ਹਨ। ਪੰਜਾਬੀ ਪਰਵਾਸੀ ਸਾਹਿਤ ਦੀ ਪੜ੍ਹਤ ਤੋਂ ਇਸ ਤਰ੍ਹਾਂ ਜਾਪਦਾ ਵੀ ਹੈ ਕਿ ਦੂਸਰੀ ਪੀੜ੍ਹੀ ਵਾਲੇ ਪਰਵਾਸੀ ਅੰਗਰੇਜ਼ੀ ਸਿੱਖਦੇ ਜਾ ਰਹੇ ਹਨ ਅਤੇ ਅੰਗਰੇਜ਼ਾਂ ਵਰਗੇ ਹੀ ਹੁੰਦੇ ਜਾ ਰਹੇ ਹਨ। ਪਰ ਕੀ ਪੰਜਾਬੀਆਂ ਦਾ ਪੂਰੀ ਤਰ੍ਹਾਂ ਅੰਗਰੇਜ਼ ਬਣ ਸਕਣਾ ਸੰਭਵ ਹੈ? ਕੀ ਦੂਸਰੀ ਪੀੜ੍ਹੀ ਏਨੀ ਆਸਾਨੀ ਨਾਲ ਆਪਣੇ ਮਾਪਿਆਂ ਦੀ ਭਾਸ਼ਾ ਤੇ ਸਭਿਆਚਾਰ ਤੋਂ ਪਿੱਛਾ ਛੁਡਾ ਸਕਦੀ ਹੈ? ਇਹਨਾਂ ਸਵਾਲਾਂ ਦੇ ਜਵਾਬ ਲਈ ਸਾਨੂੰ ਦੂਸਰੀ ਪੀੜ੍ਹੀ ਦੇ ਪਰਵਾਸੀਆਂ ਦੇ ਪਰਦੇਸ ਵਿਚ ਤਜ਼ਰਬੇਨੂੰ ਧਿਆਨ ਵਿਚ ਰੱਖਣਾ ਪਵੇਗਾ ਜਿਸ ਲਈ ਸਾਨੂੰ ਪੰਜਾਬੀ ਭਾਸ਼ਾ ਵਿਚ ਰਚੇ ਸਾਹਿਤ ਤੋਂ ਬਾਹਰ ਦੇਖਣ ਦੀ ਲੋੜ ਪਵੇਗੀ।

ਸਭਿਆਚਾਰ ਅਤੇ ਭਾਸ਼ਾ ਦਾ ਅਧਿਐਨ ਪਰਵਾਸੀ ਪੰਜਾਬੀ ਸਾਹਿਤ ਦੇ ਆਧਾਰ 'ਤੇ ਕਰਨ ਸਮੇਂ ਇਕ ਵੱਡੀ ਮੁਸ਼ਕਿਲ ਖੜ੍ਹੀ ਹੁੰਦੀ ਹੈ ਕਿ ਪਰਵਾਸੀ ਸਾਹਿਤ ਵੀ ਪਹਿਲੀ ਪੀੜ੍ਹੀ ਦੇ ਪਰਵਾਸੀ ਲੇਖਕਾਂ ਵੱਲੋਂ ਹੀ ਰਚਿਆ ਜਾ ਰਿਹਾ ਹੈ, ਜਿਸ ਕਾਰਨ ਦੂਸਰੀ ਪੀੜ੍ਹੀ ਕਿਸ ਤਰ੍ਹਾਂ ਸੋਚਦੀ ਹੈ, ਉਸਦੀਆਂ ਕੀ ਮੁਸ਼ਕਲਾਂ ਹਨ, ਉਹ ਭਵਿੱਖ ਵਿਚ ਕਿੱਧਰ ਜਾਵੇਗੀ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਨ ਦੀ ਇਸ ਸਾਹਿਤ ਵਿਚ ਕੋਸ਼ਿਸ਼ ਤਾਂ ਕੀਤੀ ਜਾਂਦੀ ਹੈ ਪਰ ਇਸ ਕੋਸ਼ਿਸ਼ ਵਿਚ ਦੂਸਰੀ ਪੀੜ੍ਹੀ ਦੇ ਨਜ਼ਰੀਏ ਦੀ ਕਿੰਨੀ ਕੁ ਪੇਸ਼ਕਾਰੀ ਹੋ ਸਕੀ ਹੈ, ਇਸ ਉਪਰ ਕਾਫੀ ਸ਼ੰਕੇ ਉਠਾਏ ਜਾ ਸਕਦੇ ਹਨ। ਦੂਸਰੇ ਪਾਸੇ ਹਾਲੇ ਤਕ ਦੂਸਰੀ ਪੀੜ੍ਹੀ ਦੇ ਪਰਵਾਸੀ ਪੰਜਾਬੀ ਲੇਖਕਾਂ ਵੱਲੋਂ ਸਾਹਿਤ ਵਿਚ ਕੋਈ ਜ਼ਿਕਰਯੋਗ ਕੰਮ ਨਹੀਂ ਕੀਤਾ ਗਿਆ ਜਿਸਦੇ ਆਧਾਰ 'ਤੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਨਜ਼ਰੀਏ ਨੂੰ ਸਮਝਿਆ ਜਾ ਸਕੇ।

ਇਸ ਸਮੱਸਿਆ ਦਾ ਇਕ ਹੱਲ ਭਾਰਤ ਤੋਂ ਪਰਵਾਸ ਧਾਰਨ ਕਰਨ ਵਾਲੇ ਦੂਸਰੇ ਭਾਸ਼ਾਈ ਭਾਈਚਾਰਿਆਂ ਦੀ ਦੂਸਰੀ ਪੀੜ੍ਹੀ ਦੇ ਸਾਹਿਤ ਦੇ ਅਧਿਐਨ ਰਾਹੀਂ ਕੱਢਿਆ ਜਾ ਸਕਦਾ ਹੈ। ਬੰਗਾਲੀ ਜਾਂ ਗੁਜਰਾਤੀ ਭਾਸ਼ਾ ਨਾਲ ਸੰਬੰਧ ਰੱਖਣ ਵਾਲੇ ਪਰਵਾਸੀ ਭਾਈਚਾਰਿਆਂ ਦੀ ਦੂਸਰੀ ਪੀੜ੍ਹੀ ਦਾ ਸਾਹਿਤ ਅੰਗਰੇਜ਼ੀ ਭਾਸ਼ਾ ਵਿਚ ਸਾਹਮਣੇ ਆ ਰਿਹਾ ਹੈ। ਇਸ ਸਾਹਿਤ ਵਿਚ ਦੂਸਰੀ ਪੀੜ੍ਹੀ ਨਾਲ ਜੁੜੇ ਮੁੱਦਿਆਂ ਦੀ ਪੇਸ਼ਕਾਰੀ ਹੋ ਰਹੀ ਹੈ। ਇਸ ਸਾਹਿਤ ਦੀ ਭਾਸ਼ਾ ਭਾਵੇਂ ਅੰਗਰੇਜ਼ੀ ਹੈ, ਪਰ ਉਸ ਵਿਚ ਵਿਚਾਰੀਆਂ ਗਈਆਂ ਸਮੱਸਿਆਵਾਂ ਅਤੇ ਸਮੱਸਿਆਵਾਂ ਨੂੰ ਦੇਖਣ ਦਾ ਨਜ਼ਰੀਆ ਬਹੁਤ ਹੱਦ ਤਕ ਆਪਣੇ ਮੂਲ ਸਥਾਨ ਜਾਂ ਆਪਣੀ ਮੂਲ ਪਛਾਣ ਲੱਭਣ 'ਤੇ ਹੀ ਕੇਂਦਰਤ ਹੈ।

ਪਰਵਾਸੀ ਸਮਾਜ ਵਿਚ ਭਾਸ਼ਾ ਦੀ ਕੀ ਸਥਿਤੀ ਹੈ ਅਤੇ ਉਥੋਂ ਦੇ ਜੀਵਨ ਉਪਰ ਭਾਸ਼ਾ ਦਾ ਕੀ ਪ੍ਰਭਾਵ ਪੈ ਰਿਹਾ ਹੈ ਅਤੇ ਖੁਦ ਭਾਸ਼ਾ ਕਿੰਨੀ ਕੁ ਪ੍ਰਭਾਵਤ ਹੋ ਰਹੀ ਹੈ, ਇਸਦਾ ਵਰਤਮਾਨ ਸਰੂਪ ਦੇਖਣ ਲਈ ਅੰਗਰੇਜੀ ਭਾਸ਼ਾ ਵਿਚ ਰਚੇ ਗਏ ਕੁਝ ਨਾਵਲਾਂ ਦੀ ਸਹਾਇਤਾ ਲਈ ਜਾ ਸਕਦੀ ਹੈ। ਤਨੂਜਾ ਦੇਸਾਈ ਦੇ ਨਾਵਲ **ਬੌਰਨ ਕਨਫਿਊਜ਼ਡ** Born Confused ਚਿਤਰਾ ਦਿਵਾਕਰੂਣੀ ਦੇ ਨਾਵਲ **ਕੁਈਨ ਆਫ ਡਰੀਮਜ਼** Queen of Dreams ਅਤੇ ਝੁੰਪਾ ਲਹਿਰੀ ਦੇ ਨਾਵਲ **ਦਿ ਨੇਮਸੇਕ** The Namesake ਨੂੰ ਉਦਾਹਰਨ ਵਜੋਂ ਲੈਂਦੇ ਹੋਏ ਦੇਖਿਆ ਜਾ

ਸਕਦਾ ਹੈ ਕਿ ਵਿਦੇਸ਼ੀ ਸਮਾਜ ਵਿਚ ਜ਼ਜ਼ਬ ਹੋ ਸਕਣਾ ਆਸਾਨ ਨਹੀਂ ਹੈ, ਖਾਸ ਤੌਰ 'ਤੇ ਉਸ ਸਮੇਂ ਜਦੋਂ ਮਹਿਮਾਨ ਸਮਾਜ ਤੁਹਾਨੂੰ ਬੇਗਾਨਾ Other ਹੀ ਸਮਝਦਾ ਹੋਵੇ। ਇਸ ਲਿਖਤ ਵਿਚ ਇੰਗਲੈਂਡ ਵਸਦੇ ਪਰਵਾਸੀ ਪੰਜਾਬੀ ਲੇਖਕ ਸਵਰਨ ਚੰਦਨ ਦੇ ਨਾਵਲ ਕੰਜਕਾਂ ਅਤੇ ਅਮਰੀਕਾ ਜੰਮੀ-ਪਲੀ ਅਤੇ ਹੁਣ ਇੰਗਲੈਂਡ ਰਹਿੰਦੀ ਭਾਰਤੀ ਮੂਲ ਦੀ ਲੇਖਿਕਾ ਤਨੂਜਾ ਦੇਸਾਈ ਦੇ ਅੰਗਰੇਜ਼ੀ ਨਾਵਲ ਬੋਰਨ ਕਨਫਿਊਜ਼ਡ Born Confused ਦੇ ਆਧਾਰ 'ਤੇ ਪਰਵਾਸੀ ਜੀਵਨ ਵਿਚ ਭਾਸ਼ਾ ਦੇ ਵੱਖ ਵੱਖ ਪ੍ਰਭਾਵੀ ਪੱਖਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਜਦੋਂ ਕੋਈ ਵਿਅਕਤੀ ਪਰਵਾਸ ਧਾਰਨ ਕਰਦਾ ਹੈ ਤਾਂ ਪਰਾਏ ਮੁਲਕ ਵਿਚ ਜਾ ਕੇ ਉਸਦੀ ਪਹਿਲੀ ਮੁਸ਼ਕਲ ਉਥੋਂ ਦੀ ਭਾਸ਼ਾ ਸਿੱਖਣ ਦੀ ਹੁੰਦੀ ਹੈ। ਪਰਦੇਸ ਗਈ ਪਹਿਲੀ ਪੀੜ੍ਹੀ ਆਪਣੀਆਂ ਭਾਰਤੀ ਭਾਸ਼ਾਵਾਂ ਵਿਚ ਤਾਂ ਪ੍ਰਵੀਨ ਹੁੰਦੀ ਹੈ ਪਰ ਪੱਛਮੀ ਦੇਸ਼ਾਂ ਦੀ ਭਾਸ਼ਾ ਭਾਵ ਅੰਗਰੇਜ਼ੀ ਤੋਂ ਆਮ ਕਰਕੇ ਕੋਰੀ ਹੁੰਦੀ ਹੈ। ਰੋਜ਼ਾਨਾ ਜੀਵਨ ਵਿਚ ਤੁਰਦਿਆਂ ਫਿਰਦਿਆਂ ਕੰਮ-ਚਲਾਊ ਅੰਗਰੇਜ਼ੀ ਤਾਂ ਉਹ ਸਿੱਖ ਜਾਂਦੇ ਹਨ ਪਰ ਸੰਚਾਰ ਤੋਂ ਅੱਗੇ ਭਾਵਨਾਵਾਂ ਅਤੇ ਮਨੋਭਾਵਾਂ ਦੇ ਪ੍ਰਗਟਾਅ ਸਮੇਂ ਇਹ ਥੋੜ੍ਹੀ ਜਿਹੀ ਅੰਗਰੇਜ਼ੀ ਉਨ੍ਹਾਂ ਦਾ ਸਾਥ ਛੱਡ ਜਾਂਦੀ ਹੈ। ਵਡੇਰੀ ਉਮਰ ਵਿਚ ਪਰਦੇਸ ਪਹੁੰਚਣ ਵਾਲਿਆਂ ਨੂੰ ਤਾਂ ਭਾਸ਼ਾ ਦੀ ਇਹ ਸਮੱਸਿਆ ਹੋਰ ਵੀ ਜ਼ਿਆਦਾ ਤੰਗ ਕਰਦੀ ਹੈ। ਇਸਦੇ ਉਲਟ ਪਰਵਾਸੀਆਂ ਦੀ ਨਵੀਂ ਪੀੜ੍ਹੀ ਜੋ ਉਥੇ ਹੀ ਜੰਮੀ ਪਲੀ ਹੁੰਦੀ ਹੈ, ਉਹ ਆਪਣੇ ਸਮਾਜਕ ਵਾਤਾਵਰਣ ਵਿਚੋਂ ਹਰ ਵਕਤ ਅੰਗਰੇਜ਼ੀ ਗ੍ਰਹਿਣ ਕਰਦੀ ਰਹਿੰਦੀ ਹੈ, ਪਰ ਆਪਣੇ ਮਾਪਿਆਂ ਦੀ ਭਾਸ਼ਾ ਨਾਲ ਉਨ੍ਹਾਂ ਦਾ ਵਾਹ ਘਰ ਵਿਚ ਹੀ ਪੈਂਦਾ ਹੈ ਅਤੇ ਉਹ ਵੀ ਕੁਝ ਸੀਮਤ ਸਮੇਂ ਲਈ, ਜਿਸ ਕਾਰਨ ਉਨ੍ਹਾਂ ਲਈ ਪਹਿਲੀ ਭਾਸ਼ਾ ਅੰਗਰੇਜ਼ੀ ਹੀ ਬਣ ਜਾਂਦੀ ਹੈ। ਸ਼ੁਰੂ ਸ਼ੁਰੂ ਵਿਚ ਪਰਵਾਸੀ ਮਾਪੇ ਵੀ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਅੰਗਰੇਜ਼ੀ ਬੋਲਦਿਆਂ ਸੁਣਨਾ ਚਾਹੁੰਦੇ ਹਨ ਤਾਂ ਕਿ ਆਪ ਅੰਗਰੇਜ਼ੀ ਨਾ ਸਿੱਖ ਸਕਣ ਕਾਰਨ ਆਈਆਂ ਮੁਸ਼ਕਲਾਂ ਦੀ ਪੀੜ ਘਟਾ ਸਕਣ, ਪਰੰਤੂ ਜਦੋਂ ਬੱਚੇ ਦੇਸੀ ਭਾਸ਼ਾ ਵਿਚ ਸਾਧਾਰਨ ਵਾਰਤਾਲਾਪ ਕਰਨ ਤੋਂ ਵੀ ਅਸਮਰੱਥ ਹੋ ਜਾਂਦੇ ਹਨ ਤਾਂ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਾਲੇ ਭਾਸ਼ਾ ਇੱਕ ਅਜਿਹੀ ਦੀਵਾਰ ਬਣ ਜਾਂਦੀ ਹੈ ਜਿਸਦੇ ਪਾਰ ਲੰਘ ਸਕਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਬਣ ਜਾਂਦਾ ਹੈ।

## ਭਾਸ਼ਾਈ ਪਛਾਣ ਦਾ ਆਰਥਿਕ ਪੱਖ

ਸਵੈ-ਇੱਛਤ ਪਰਵਾਸ ਲਈ ਜ਼ਿੰਮੇਵਾਰ ਕਾਰਨਾਂ ਵਿਚੋਂ ਇਕ ਮੁੱਖ ਕਾਰਨ ਆਪਣੀ ਆਰਥਿਕਤਾ ਵਿਚ ਸੁਧਾਰ ਕਰਨ ਦੀ ਇੱਛਾ ਹੁੰਦੀ ਹੈ। ਪਰਦੇਸ ਵਿਅਕਤੀ ਨੂੰ ਅਜਿਹਾ ਸਥਾਨ ਮੁਹੱਈਆ ਕਰਵਾਉਂਦਾ ਹੈ ਜਿੱਥੇ ਉਹ ਨਵੇਂ ਸਿਰੇ ਤੋਂ ਸ਼ੁਰੂਆਤ ਕਰ ਸਕਦਾ ਹੈ ਅਤੇ ਪੁਰਾਣੇ ਸਮਾਜ ਦੀਆਂ ਦਰਜੇਬੰਦੀਆਂ ਤੋਂ ਪਾਰ ਆਪਣੀ ਇੱਛਾ ਅਨੁਸਾਰ ਕੰਮ ਕਰਨ ਲਈ ਆਜ਼ਾਦ ਹੁੰਦਾ ਹੈ। ਪਰ ਨਵੇਂ ਸਮਾਜ ਵਿਚ ਕੰਮ ਲੱਭਣ ਲਈ ਉਥੋਂ ਦੀ ਭਾਸ਼ਾ ਦੀ ਜਾਣਕਾਰੀ ਹੋਣੀ ਲਾਜ਼ਮੀ ਹੋ ਹੁੰਦੀ ਹੈ। ਜਿਸ ਵਿਅਕਤੀ ਨੂੰ ਸਮਾਜ ਵਿਚ ਪ੍ਰਚਲਤ ਭਾਸ਼ਾ ਦਾ ਗਿਆਨ ਨਹੀਂ ਹੈ, ਉਸ ਲਈ ਬਹੁਤ ਸਾਰੇ ਰਸਤੇ ਆਪਣੇ ਆਪ ਬੰਦ ਹੋ ਜਾਂਦੇ ਹਨ ਤੇ ਉਹ ਸੀਮਤ ਹੋ ਕੇ ਰਹਿ ਜਾਂਦਾ ਹੈ। ਸੀਮਤ ਹੋ ਜਾਣ ਦੀ ਇਹ ਭਾਵਨਾ ਜਿੱਥੇ ਉਸਨੂੰ ਨਵੀਂ ਭਾਸ਼ਾ ਸਿੱਖਣ ਲਈ ਉਤਸ਼ਾਹਤ ਕਰਦੀ ਹੈ, ਉਥੇ ਹੀ ਭਾਸ਼ਾ ਸਿੱਖਣ ਵਿਚ ਆਉਂਦੀਆਂ ਕਠਿਨਾਈਆਂ ਉਸਨੂੰ ਨਿਰਾਸ਼ਾ ਵੱਲ ਧੱਕਣ ਦੇ ਵੀ ਸਮਰੱਥ ਹੁੰਦੀਆਂ ਹਨ।

ਸਵਰਨ ਚੰਦਨ ਦਾ ਨਾਵਲ ਕੰਜਕਾਂ ਇੰਗਲੈਂਡ ਵਿਚਲੀ ਮਜ਼ਦੂਰ ਸ਼੍ਰੇਣੀ ਦੇ ਸੰਘਰਸ਼ ਦਾ ਬ੍ਰਿਤਾਂਤ ਪੇਸ਼ ਕਰਦਾ ਹੈ। ਪੰਜਾਬ ਵਿਚੋਂ ਪੜ੍ਹੇ ਲਿਖੇ ਲੋਕਾਂ ਨੇ ਜਦੋਂ ਇੰਗਲੈਂਡ ਵੱਲ ਪਰਵਾਸ ਕੀਤਾ ਤਾਂ ਉਥੇ ਉਨ੍ਹਾਂ ਦੀ ਭਾਰਤ ਵਿਚ ਗ੍ਰਹਿਣ ਕੀਤੀ ਸਿੱਖਿਆ ਦਾ ਕੋਈ ਮੁੱਲ ਨਾ ਪਿਆ ਅਤੇ ਉਨ੍ਹਾਂ ਨੂੰ ਪਹਿਲਾਂ ਪਹਿਲ ਫੈਕਟਰੀਆਂ, ਫਾਉਂਡਰੀਆਂ ਆਦਿ ਵਿਚ ਹੀ ਕੰਮ ਕਰਨਾ ਪਿਆ। ਇਨ੍ਹਾਂ ਕੰਮਾਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਉਥੋਂ ਦੀ ਸਿੱਖਿਆ ਹਾਸਲ ਕਰਨ। ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਸੀ। ਸੋ ਸਿੱਖਿਆ ਹਾਸਲ ਕਰਨ ਲਈ ਅੰਗਰੇਜ਼ੀ ਭਾਸ਼ਾ ਵੀ ਆਉਣੀ ਲਾਜ਼ਮੀ ਸੀ। ਇਸ ਕਾਰਨ ਪਰਵਾਸੀਆਂ ਲਈ ਪਹਿਲੀ ਮੁਸ਼ਕਲ ਇਹ ਬਣ ਜਾਂਦੀ ਹੈ ਕਿ ਉਹ ਅੰਗਰੇਜ਼ੀ ਸਿੱਖਣ ਦੀ ਕੋਸ਼ਿਸ਼ ਕਰਨ। ਕੰਜਕਾਂ ਨਾਵਲ ਵਿਚਲੇ ਸੁਜਾਨ ਦੀ ਪਤਨੀ ਭੁਪਿੰਦਰ ਜਦੋਂ ਲਾਇਬਰੇਰੀ ਦਾ ਕੋਰਸ ਕਰਨ ਜਾਂਦੀ ਹੈ ਤਾਂ ਭਾਸ਼ਾ ਦੀ ਸਮੱਸਿਆ ਕਾਰਨ ਉਸਨੂੰ ਆਰੰਭ ਵਿਚ ਬਹੁਤ ਮੁਸ਼ਕਲਾਂ ਆਉਂਦੀਆਂ ਹਨ।



ਸਿੱਖਿਆ ਹਾਸਲ ਕਰਨ ਦੇ ਨਾਲ ਹੀ ਦੂਸਰਿਆਂ ਤਕ ਆਪਣੀ ਗੱਲ ਪਹੁੰਚਾਉਣ ਲਈ ਵੀ ਅੰਗਰੇਜ਼ੀ ਵਿਚ ਮੁਹਾਰਤ ਹੋਣੀ ਜ਼ਰੂਰੀ ਹੈ। ਕੰਜਕਾਂ ਨਾਵਲ ਵਿਚ ਫੈਕਟਰੀਆਂ ਵਿਚ ਕੰਮ ਕਰਦੀਆਂ ਔਰਤਾਂ ਅੰਗਰੇਜ਼ੀ ਬੋਲਣੋਂ ਅਸਮਰੱਥ ਹੋਣ ਕਾਰਨ ਮੈਨੇਜਮੈਂਟ ਤਕ ਆਪਣੀ ਗੱਲ ਪਹੁੰਚਾਉਣ ਵਿਚ ਅਸਮਰੱਥ ਹੁੰਦੀਆਂ ਹਨ। ਅਜਿਹੇ ਸਮੇਂ ਜੋ ਔਰਤ ਥੋੜ੍ਹੀ ਬਹੁਤ ਅੰਗਰੇਜ਼ੀ ਜਾਣਦੀ ਹੈ, ਉਸਦੀ ਪਹੁੰਚ ਅਤੇ ਪ੍ਰਭਾਵ ਵਧ ਜਾਂਦਾ ਹੈ। ਅੰਗਰੇਜ਼ੀ ਬੋਲਣ ਤੋਂ ਅਸਮਰੱਥ ਔਰਤਾਂ ਮਹਿਸੂਸ ਕਰਦੀਆਂ ਹਨ ਕਿ ਜੇ ਉਨ੍ਹਾਂ ਨੂੰ ਅੰਗਰੇਜ਼ੀ ਆਉਂਦੀ ਹੋਵੇ ਤਾਂ ਉਹ ਕਿਤੇ ਹੋਰ ਕੰਮ ਲੱਭ ਲੈਣ, ਪਰ ਹੁਣ ਵਾਲੀ ਹਾਲਤ ਵਿਚ ਤਾਂ ਜੋ ਵੀ ਕੰਮ ਮਿਲਿਆ ਹੋਇਆ ਹੈ, ਉਸੇ ਨੂੰ ਬਚਾ ਕੇ ਰੱਖਣ ਵਿਚ ਫਾਇਦਾ ਹੈ। ਮਾਲਕ ਨੂੰ ਇਸ ਗੱਲ ਦਾ ਫਾਇਦਾ ਹੁੰਦਾ ਹੈ ਕਿਉਂਕਿ ਅਨਪੜ੍ਹ ਵਰਕਰ ਯੂਨੀਅਨਾਂ ਦੇ ਮਹੱਤਵ ਅਤੇ ਵਰਕਰਾਂ ਦੇ ਹਿਤਾਂ ਨੂੰ ਨਹੀਂ ਸਮਝਦੇ ਅਤੇ ਕਿਸੇ ਬਹਿਸ ਵਿਚ ਨਹੀਂ ਪੈਂਦੇ।

ਭਾਸ਼ਾ ਨਾ ਆਉਣ ਕਾਰਨ ਪਰਵਾਸੀ ਵਿਅਕਤੀ ਆਪਣੀ ਯੋਗਤਾ ਅਤੇ ਸਮਰੱਥਾ ਤੋਂ ਬਹੁਤ ਥੋੜ੍ਹਾ ਕੰਮ ਕਰ ਸਕਦਾ ਹੈ ਅਤੇ ਉਸਦੀ ਆਰਥਿਕ ਹਾਲਤ ਵੀ ਡਾਵਾਂਡੋਲ ਹੀ ਰਹਿੰਦੀ ਹੈ। ਕੰਮ ਦੇ ਸਥਾਨਾਂ 'ਤੇ ਭਾਸ਼ਾ ਇਕ ਅਜਿਹੀ ਦੀਵਾਰ ਦਾ ਕੰਮ ਕਰਦੀ ਹੈ ਜਿਸ ਰਾਹੀਂ ਲੋਕ ਦੋ ਭਾਸ਼ਾਈ ਸਮੂਹਾਂ ਵਿਚ ਵੰਡੇ ਜਾਂਦੇ ਹਨ। ਪੰਜਾਬੀਆਂ ਵਿਚ ਅੰਗਰੇਜ਼ੀ ਦਾ ਨਾ ਆਉਣਾ ਹੀਣ ਭਾਵ ਪੈਦਾ ਕਰਦਾ ਹੈ। ਦੂਸਰੇ ਪਾਸੇ ਗੋਰਿਆਂ ਨੂੰ ਪੰਜਾਬੀ ਹਮੇਸ਼ਾ ਅਨਪੜ੍ਹ ਅਤੇ ਪਛੜੇ ਹੋਏ ਜਾਪਦੇ ਰਹਿੰਦੇ ਹਨ ਕਿਉਂਕਿ ਉਹ ਚੰਗੀ ਤਰ੍ਹਾਂ ਅੰਗਰੇਜ਼ੀ ਨਹੀਂ ਬੋਲ ਸਕਦੇ। ਇਸ ਤਰ੍ਹਾਂ ਭਾਸ਼ਾ ਸਭਿਆਚਾਰਕ ਦਰਜੇਬੰਦੀਆਂ ਦਾ ਕਾਰਨ ਬਣ ਜਾਂਦੀ ਹੈ ਜਿਸ ਵਿਚ ਇਕ ਭਾਸ਼ਾ ਨਾਲ ਜੁੜਿਆ ਸਮਾਜ ਤੇ ਸਭਿਆਚਾਰ ਉਚਾ ਸਥਾਨ ਗ੍ਰਹਿਣ ਕਰ ਜਾਂਦਾ ਹੈ ਅਤੇ ਦੂਸਰਾ ਨੀਵੇਂ ਦਰਜੇ 'ਤੇ ਸਮਝ ਲਿਆ ਜਾਂਦਾ ਹੈ।

## ਭਾਸ਼ਾਈ ਪਛਾਣ ਦਾ ਪਰਿਵਾਰਕ-ਸਮਾਜਕ ਪੱਖ

ਭਾਸ਼ਾ ਰਾਹੀਂ ਵਿਅਕਤੀ ਦੂਸਰਿਆਂ ਨਾਲ ਆਪਣੀ ਸਾਂਝ ਸਥਾਪਤ ਕਰਦਾ ਹੈ ਅਤੇ ਇਕ ਦੂਸਰੇ ਦੇ ਸੁੱਖ-ਦੁੱਖ ਦਾ ਭਾਈਵਾਲ ਬਣਦਾ ਹੈ। ਪਰਵਾਸ ਦੌਰਾਨ ਪਰਿਵਾਰ ਵਿਚ ਬੋਲੀ ਜਾਂਦੀ ਭਾਸ਼ਾ ਅਤੇ ਸਮਾਜ ਵਿਚ ਬੋਲੀ ਜਾਂਦੀ ਭਾਸ਼ਾ ਵਿਚ ਆਮ ਤੌਰ 'ਤੇ ਅੰਤਰ ਆ ਜਾਂਦਾ ਹੈ। ਭਾਰਤ ਤੋਂ ਆਏ ਹੋਏ ਪਰਵਾਸੀ ਲਈ ਉਸਦੀ ਮਾਤਭਾਸ਼ਾ ਪੰਜਾਬੀ, ਹਿੰਦੀ, ਬੰਗਾਲੀ ਆਦਿ ਦਾ ਮਹੱਤਵ ਜ਼ਿਆਦਾ ਹੁੰਦਾ ਹੈ ਅਤੇ ਅੰਗਰੇਜ਼ੀ ਨੂੰ ਉਹ ਪਰਦੇਸੀ ਸਮਾਜ ਨਾਲ ਥੋੜ-ਚਿਰੇ ਸੰਵਾਦ ਲਈ ਹੀ ਵਰਤਦਾ ਹੈ। ਇਸਦੇ ਉਲਟ ਉਨ੍ਹਾਂ ਦੇ ਬੱਚੇ ਜੋ ਪਰਦੇਸ ਵਿਚ ਹੀ ਜੰਮਦੇ-ਪਲਦੇ ਤੇ ਵੱਡੇ ਹੁੰਦੇ ਹਨ, ਉਨ੍ਹਾਂ ਲਈ ਮੁੱਖ ਭਾਸ਼ਾ ਅੰਗਰੇਜ਼ੀ ਹੁੰਦੀ ਹੈ ਅਤੇ ਉਨ੍ਹਾਂ ਦਾ ਬੋਲਚਾਲ ਦਾ ਢੰਗ, ਲਹਿਜਾ ਤੇ ਮੁਹਾਰਤ ਵੀ ਅੰਗਰੇਜ਼ਾਂ ਵਾਂਗ ਹੀ ਹੁੰਦੀ ਹੈ। ਘਰ ਵਿਚ ਵੀ ਬੱਚੇ ਆਮ ਤੌਰ 'ਤੇ ਅੰਗਰੇਜ਼ੀ ਬੋਲਣਾ ਹੀ ਪਸੰਦ ਕਰਦੇ ਹਨ ਅਤੇ ਆਪਣੇ ਮਾਪਿਆਂ ਦੀ ਭਾਸ਼ਾ ਦੀ ਸਮਝ ਉਨ੍ਹਾਂ ਨੂੰ ਬਹੁਤ ਘੱਟ ਹੁੰਦੀ ਹੈ। ਅਜਿਹੇ ਸਮੇਂ ਦੋਹਾਂ ਪੀੜ੍ਹੀਆਂ ਵਿਚ ਸੰਚਾਰ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਜੇਕਰ ਦੂਸਰੀ ਪੀੜ੍ਹੀ ਆਪਣੇ ਵਿਰਸੇ ਨਾਲ ਜੁੜਨਾ ਵੀ ਚਾਹੁੰਦੀ ਹੈ ਤਾਂ ਉਸ ਲਈ ਭਾਸ਼ਾ ਵੱਡੀ ਰੁਕਾਵਟ ਬਣ ਜਾਂਦੀ ਹੈ।

ਪਰਿਵਾਰਕ ਸਾਂਝਾਂ ਵਿਚ ਭਾਸ਼ਾ ਦਾ ਰੋਲ ਅਮਰੀਕਾ ਵਸਦੀ ਪਰਵਾਸੀ ਭਾਰਤੀ ਲੇਖਿਕਾ ਤਨੂਜਾ ਦੇਸਾਈ ਦੇ ਨਾਵਲ ਬੋਰਨ ਕਨਫਿਊਜ਼ਡ Born Confused ਵਿਚ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਇਸ ਰਚਨਾ ਵਿਚ ਕਲਕੱਤੇ ਤੋਂ ਨਿਊਜਰਸੀ ਪਰਵਾਸ ਕਰ ਗਏ ਰੋਹਿਤ ਅਤੇ ਸ਼ਿਲਪਾ ਦੀ ਅਮਰੀਕਾ ਵਿਚ ਹੀ ਜੰਮੀ ਪਲੀ ਲੜਕੀ ਡਿੰਪਲ ਦੀ ਪਛਾਣ ਦੇ ਸੰਕਟ ਦੀ ਪੇਸ਼ਕਾਰੀ ਕੀਤੀ ਗਈ ਹੈ। ਭਾਸ਼ਾਈ ਵਖਰੇਵਾਂ ਦੋਹਾਂ ਪੀੜ੍ਹੀਆਂ ਨੂੰ ਵੱਖਰੇ ਵੱਖਰੇ ਸਮੂਹਾਂ ਵਿਚ ਸੀਮਤ ਕਰ ਦਿੰਦਾ ਹੈ ਜਿੱਥੇ ਕਈ ਵਾਰ ਇਕ ਦੂਸਰੇ ਨਾਲ ਸੰਵਾਦ ਰਚਾ ਸਕਣਾ ਅਸੰਭਵ ਹੋ ਜਾਂਦਾ ਹੈ। ਡਿੰਪਲ ਦੇ ਮਾਤਾ ਪਿਤਾ ਡਿੰਪਲ ਨਾਲ ਆਮ ਤੌਰ 'ਤੇ ਅੰਗਰੇਜ਼ੀ ਵਿਚ ਹੀ ਗੱਲ ਕਰਦੇ ਹਨ ਪਰ ਜਦੋਂ ਉਹ ਆਪਸ ਵਿਚ ਗੱਲ ਕਰਦੇ ਹਨ ਤਾਂ ਭਾਵਨਾਵਾਂ ਦੇ ਵੇਗ ਵਿਚ ਵਹਿ ਕੇ ਆਪਣੀਆਂ ਮੂਲ ਭਾਸ਼ਾਵਾਂ ਮਰਾਠੀ ਜਾਂ ਗੁਜਰਾਤੀ ਵਿਚ ਗੱਲ ਬਾਤ ਕਰਨ ਲੱਗ ਪੈਂਦੇ ਹਨ। ਅਜਿਹੇ ਸਮੇਂ ਉਨ੍ਹਾਂ ਦੀ ਭਾਸ਼ਾ ਸਮਝਣ ਤੋਂ ਅਸਮਰੱਥ ਡਿੰਪਲ ਨੂੰ ਲਗਦਾ ਹੈ ਕਿ ਉਸ ਦੇ ਮਾਪਿਆਂ ਦੀ ਆਪਣੀ ਵੱਖਰੀ ਦੁਨੀਆ ਹੈ ਜਿਸ ਵਿਚ ਉਹ ਪ੍ਰਵੇਸ਼ ਨਹੀਂ ਪਾ ਸਕਦੀ। ਜਦੋਂ ਸ਼ਿਲਪਾ ਦੀ ਸਹੇਲੀ ਰਾਧਾ ਉਸ ਨੂੰ ਮਿਲਣ ਆਉਂਦੀ ਹੈ ਤਾਂ ਪੁਰਾਣੀਆਂ ਗੱਲਾਂ ਯਾਦ ਕਰਦੇ ਹੋਏ ਉਹ ਯਾਦਾਂ ਵਿਚ ਗੁਆਚ ਜਾਂਦੇ ਹਨ, ਅਜਿਹੇ ਭਾਵੁਕ ਸਮਿਆਂ

ਵਿਚ ਅੰਗਰੇਜ਼ੀ ਪਾਸੇ ਹੋ ਜਾਂਦੀ ਹੈ ਅਤੇ ਆਪਣੀ ਬੋਲੀ ਪ੍ਰਮੁੱਖਤਾ ਹਾਸਲ ਕਰ ਜਾਂਦੀ ਹੈ। ਪਰ ਡਿੰਪਲ ਇਸ ਬੋਲੀ ਨੂੰ ਸਮਝਣ ਤੋਂ ਅਸਮਰੱਥ ਹੋਣ ਕਾਰਨ ਉਨ੍ਹਾਂ ਤੋਂ ਅਲੱਗ ਥਲੱਗ ਰਹਿ ਗਈ ਮਹਿਸੂਸ ਕਰਦੀ ਹੈ।

ਅੰਗਰੇਜ਼ੀ ਦੇ ਲਗਪਗ ਲੁਪਤ ਹੋਣ ਜਾਣ ਤਕ ਵੱਧ ਤੋਂ ਵੱਧ ਹਿੰਦੀ, ਮਰਾਠੀ ਅਤੇ ਗੁਜਰਾਤੀ ਸ਼ਬਦ ਉਨ੍ਹਾਂ ਦੀ ਗੱਲਬਾਤ ਵਿਚ ਸ਼ਾਮਲ ਹੋਣ ਲੱਗੇ ਜਿਸ ਤਰ੍ਹਾਂ ਗੁਆਚੇ ਪੰਛੀ ਘਰ ਵਾਪਸੀ ਕਰ ਰਹੇ ਹੋਣ। ਉਨ੍ਹਾਂ ਨੂੰ ਸੁਣਦੇ ਹੋਏ ਬੜਾ ਅਜੀਬ ਜਿਹਾ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਕਿਸੇ ਹੋਰ ਸਮੇਂ, ਕਿਸੇ ਹੋਰ ਗ੍ਰਹਿ ਵਿਚ ਰਹਿ ਰਹੇ ਹੋਣ ਤੇ ਉਹਨਾਂ ਵਿਚ ਸ਼ਾਮਲ ਹੋਣ ਲਈ ਤੁਹਾਡਾ ਉਥੇ ਹੋਣਾ ਜ਼ਰੂਰੀ ਹੋਵੇ।

ਇਥੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਜਿੱਥੇ ਪਹਿਲੀ ਪੀੜ੍ਹੀ ਅੰਗਰੇਜ਼ੀ ਵਿਚ ਮੁਹਾਰਤ ਦੀ ਘਾਟ ਕਾਰਨ ਪੱਛਮੀ ਸਮਾਜ ਵਿਚ ਝਿਜਕ ਅਤੇ ਇਕੱਲਾਪਣ ਮਹਿਸੂਸ ਕਰਦੀ ਹੈ ਉਥੇ ਹੀ ਦੂਸਰੀ ਪੀੜ੍ਹੀ ਦੇ ਸੰਬੰਧ ਵਿਚ ਇਹ ਰਿਸ਼ਤਾ ਉਲਟ ਜਾਂਦਾ ਹੈ। ਉਨ੍ਹਾਂ ਲਈ ਘਰ ਤੋਂ ਬਾਹਰ ਦਾ ਪੱਛਮੀ ਸਮਾਜ ਤਾਂ ਆਪਣਾ ਸਮਾਜ ਜਾਪਦਾ ਹੈ ਜਿਸ ਦੀ ਭਾਸ਼ਾ ਅਤੇ ਆਚਾਰ-ਵਿਹਾਰ ਨੂੰ ਉਹ ਸਮਝ ਸਕਦੇ ਹਨ ਅਤੇ ਅਪਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਪਰੰਤੂ ਘਰ ਦੇ ਅੰਦਰ ਆ ਕੇ ਉਨ੍ਹਾਂ ਨੂੰ ਸਮਝ ਨਹੀਂ ਲਗਦਾ ਕਿ ਉਹ ਕੀ ਕਰਨ, ਕਿਉਂਕਿ ਉਨ੍ਹਾਂ ਦੇ ਮਾਪੇ ਜਿਸ ਰੂਪ ਵਿਚ ਭਾਰਤ ਨਾਲ ਜੁੜੇ ਹੋਏ ਹਨ, ਉਸ ਤਕ ਉਨ੍ਹਾਂ ਦੀ ਪਹੁੰਚ ਹੋ ਸਕਣੀ ਸੰਭਵ ਨਹੀਂ ਹੈ। ਡਿੰਪਲ ਦੇ ਆਪਣੇ ਦਾਦਾ ਜੀ ਨਾਲ ਸੰਬੰਧਾਂ ਵਿਚ ਵੀ ਭਾਸ਼ਾ ਵੱਡੀ ਰੁਕਾਵਟ ਬਣਦੀ ਹੈ। ਜਦੋਂ ਡਿੰਪਲ ਇੰਡੀਆ ਜਾਂਦੀ ਹੈ ਤਾਂ ਉਸਨੂੰ ਜਾਪਦਾ ਹੈ ਕਿ ਕੇਵਲ ਉਸਦਾ ਦਾਦਾ ਹੀ ਉਸਦੀਆਂ ਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਹੈ, ਪਰ ਇਕ ਦੂਸਰੇ ਦੀ ਭਾਸ਼ਾ ਨਾ ਸਮਝ ਸਕਣ ਕਾਰਨ ਉਹ ਦੁੱਖ ਮਹਿਸੂਸ ਕਰਦੇ ਹਨ। ਡਿੰਪਲ ਦਾ ਦਾਦਾ ਉਸਦੇ ਮਾਤਾ ਪਿਤਾ ਨੂੰ ਗਾਲ੍ਹਾਂ ਕੱਢਦਾ ਹੈ ਜਿਨ੍ਹਾਂ ਦੀ ਆਪਣੀ ਬੋਲੀ ਪ੍ਰਤੀ ਅਣਗਹਿਲੀ ਵਾਲੇ ਵਤੀਰੇ ਕਾਰਨ ਉਹ ਆਪਣੀ ਪੋਤਰੀ ਨਾਲ ਗੱਲਬਾਤ ਕਰ ਸਕਣ ਤੋਂ ਵੀ ਵਾਂਝਾ ਰਹਿ ਗਿਆ ਸੀ।

ਕੁਝ ਅਜਿਹਾ ਹੀ ਵਰਤਾਰਾ **ਕੰਜਕਾਂ** ਨਾਵਲ ਦੇ ਸਤਨਾਮ ਨਾਲ ਵਾਪਰਦਾ ਹੈ। ਪੰਜਾਬੀ ਮਾਪਿਆਂ ਦੀ ਇੰਗਲੈਂਡ ਵਿਚ ਜੰਮੀ ਪਲੀ ਧੀ ਬਲਬੀਰ ਉਰਫ ਬੈਰਲ ਦਾ ਵਿਆਹ ਜਦੋਂ ਪੰਜਾਬ ਤੋਂ ਹੁਣੇ ਹੀ ਆਏ ਲੜਕੇ ਸਤਨਾਮ ਨਾਲ ਕਰ ਦਿੱਤਾ ਜਾਂਦਾ ਹੈ ਤਾਂ ਇਹ ਵਿਆਹ ਕੁਝ ਸਮੇਂ ਵਿਚ ਹੀ ਟੁੱਟ ਜਾਂਦਾ ਹੈ। ਸਤਨਾਮ ਪੰਜਾਬ ਦਾ ਪੜ੍ਹਿਆ ਹੋਇਆ ਹੈ ਅਤੇ ਅੰਗਰੇਜ਼ੀ ਵਿਚ ਉਸਦਾ ਹੱਥ ਤੰਗ ਹੈ। ਦੂਸਰੇ ਪਾਸੇ ਇੰਗਲੈਂਡ ਦੀ ਜੰਮਪਲ ਬੈਰਲ ਅੰਗਰੇਜ਼ਾਂ ਵਾਲੇ ਲਹਿਜੇ ਵਿਚ ਹੀ ਅੰਗਰੇਜ਼ੀ ਬੋਲਦੀ ਹੈ ਜਿਸਨੂੰ ਸਮਝ ਸਕਣ ਤੋਂ ਸਤਨਾਮ ਅਸਮਰੱਥ ਹੈ। ਜਦੋਂ ਬੈਰਲ ਆਪਣੇ ਦੋਸਤਾਂ ਨਾਲ ਗੱਲ ਕਰ ਰਹੀ ਹੁੰਦੀ ਹੈ ਤਾਂ ਸਤਨਾਮ ਨੂੰ ਉਸਦਾ ਕੁਝ ਵੀ ਸਮਝ ਨਹੀਂ ਆਉਂਦਾ ਤੇ ਉਹ ਸਭ ਤੋਂ ਅਲੱਗ ਥਲੱਗ ਰਹਿ ਗਿਆ ਮਹਿਸੂਸ ਕਰਦਾ ਹੈ। ਕੁਝ ਹੀ ਮਹੀਨਿਆਂ ਵਿਚ ਬੈਰਲ ਆਪਣੇ ਵਿਆਹ ਦੇ ਮੈਟੀਰੀਅਲਾਈਜ਼ ਨਾ ਹੋਣ ਬਾਰੇ ਹੋਮ ਆਫਿਸ ਨੂੰ ਲਿਖ ਦਿੰਦੀ ਹੈ ਅਤੇ ਹੋਮ ਆਫਿਸ ਸਤਨਾਮ ਨੂੰ ਵਾਪਸ ਜਾਣ ਦੇ ਆਦੇਸ਼ ਜਾਰੀ ਕਰ ਦਿੰਦਾ ਹੈ। ਭਾਸ਼ਾ ਨਾ ਆਉਣ ਕਾਰਨ ਸਤਨਾਮ ਬੈਰਲ ਦੇ ਸਮਾਜਕ ਘੇਰੇ ਦਾ ਹਿੱਸਾ ਬਣ ਸਕਣ ਤੋਂ ਅਸਮਰੱਥ ਹੋ ਜਾਂਦਾ ਹੈ।

ਇਸ ਰਚਨਾ ਵਿਚ ਇਕ ਪਾਸੇ ਅੰਗਰੇਜ਼ੀ ਭਾਸ਼ਾ ਪੰਜਾਬ ਤੋਂ ਆਏ ਹੋਏ ਪਰਵਾਸੀਆਂ ਲਈ ਪੱਛਮੀ ਸਮਾਜ ਵਿਚ ਆਪਣੀ ਪਛਾਣ ਸਿਰਜ ਸਕਣ ਵਿਚ ਮੁਸ਼ਕਲਾਂ ਖੜ੍ਹੀਆਂ ਕਰਦੀ ਹੈ, ਉਥੇ ਹੀ ਦੂਸਰੀ ਪੀੜ੍ਹੀ ਦੀ ਪੰਜਾਬੀ ਤੋਂ ਅਣਜਾਣਤਾ ਉਨ੍ਹਾਂ ਨੂੰ ਆਪਣੇ ਵਿਰਸੇ, ਆਪਣੇ ਮੂਲ ਨਾਲ ਜੁੜਨ ਤੋਂ ਅਸਮਰੱਥ ਕਰ ਦਿੰਦੀ ਹੈ।

## ਭਾਸ਼ਾਈ ਪਛਾਣ ਦਾ ਭਾਵਨਾਤਮਕ ਪੱਖ

ਮਨੁੱਖੀ ਜਜ਼ਬਿਆਂ ਦੀ ਤਰਜਮਾਨੀ ਕਰਨ ਲਈ ਸਭ ਤੋਂ ਯੋਗ ਸਾਧਨ ਭਾਸ਼ਾ ਹੀ ਹੈ। ਸੂਚਨਾ ਦੇ ਆਦਾਨ-ਪ੍ਰਦਾਨ ਸਮੇਂ ਤਾਂ ਭਾਸ਼ਾਈ ਵਖਰੇਵੇਂ ਦਾ ਜ਼ਿਆਦਾ ਪ੍ਰਭਾਵ ਨਹੀਂ ਪੈਂਦਾ ਪਰੰਤੂ ਭਾਵਨਾਵਾਂ ਦੇ ਸੰਚਾਰ ਸਮੇਂ ਬੋਲੀਆਂ ਦਾ ਵਖਰੇਵਾਂ ਵੱਡੀ ਰੁਕਾਵਟ ਬਣ ਜਾਂਦਾ ਹੈ। ਹਰ ਭਾਸ਼ਾ ਦਾ ਆਪਣਾ ਸੰਚਾਰ ਪ੍ਰਬੰਧ ਹੁੰਦਾ ਹੈ ਜਿਸ ਅਧੀਨ ਹਰ ਉਚਾਰ ਵਿਚ ਕੋਸ਼ਗਤ ਅਰਥਾਂ ਤੋਂ ਅੱਗੇ ਸਮਾਜਕ, ਸਭਿਆਚਾਰਕ ਅਰਥ ਭਰੇ ਪਏ ਹੁੰਦੇ ਹਨ। ਪਰਵਾਸ ਦੌਰਾਨ ਭਾਸ਼ਾਵਾਂ ਦੇ ਵਖਰੇਵੇਂ ਕਾਰਨ ਕੋਸ਼ਗਤ ਅਰਥਾਂ ਤੋਂ ਅਗਾਂਹ ਜਾ ਕੇ ਰਚਨਾਤਮਕ ਸੰਵਾਦ ਰਚਾ ਸਕਣਾ ਮੁਸ਼ਕਿਲ ਹੋ ਜਾਂਦਾ ਹੈ। ਜਿਸ



ਭਾਸ਼ਾ ਵਿਚ ਵਿਅਕਤੀ ਸਹਿਜ ਨਹੀਂ ਹੁੰਦਾ, ਉਸ ਰਾਹੀਂ ਉਸ ਦੀ ਸ਼ਖਸ਼ੀਅਤ ਵੀ ਨਿੱਖਰ ਕੇ ਸਾਹਮਣੇ ਨਹੀਂ ਆਉਂਦੀ। ਪਰਵਾਸੀ ਜੀਵਨ ਵਿਚ ਅਕਸਰ ਹੀ ਅਜਿਹਾ ਵਾਪਰਦਾ ਹੈ ਕਿ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਰਵਾਸੀ ਵਿਅਕਤੀ ਅੰਗਰੇਜ਼ੀ ਭਾਸ਼ਾ ਤਾਂ ਸਿੱਖ ਲੈਂਦਾ ਹੈ ਪਰ ਉਸ ਨਾਲ ਮਾਨਸਿਕ ਤੌਰ 'ਤੇ ਜੁੜ ਨਹੀਂ ਪਾਉਂਦਾ। ਪਰਵਾਸ ਦੀ ਭਾਸ਼ਾ ਉਸ ਲਈ ਪਰਾਏ ਵਿਅਕਤੀਆਂ ਦੀ ਭਾਸ਼ਾ ਹੀ ਰਹਿੰਦੀ ਹੈ।

ਭਾਸ਼ਾ ਨਾਲ ਜੁੜੀਆਂ ਭਾਵਨਾਵਾਂ ਕਾਰਨ ਹੀ ਵਿਅਕਤੀ ਆਪਣੀ ਭਾਸ਼ਾ ਵਾਲੇ ਵਿਅਕਤੀਆਂ ਨਾਲ ਪਛਾਣ ਦੀ ਸਾਂਝ ਮਹਿਸੂਸ ਕਰਦਾ ਹੈ ਤੇ ਦੂਸਰੀ ਭਾਸ਼ਾ ਬੋਲਣ ਵਾਲੇ ਵਿਅਕਤੀ ਉਸਨੂੰ ਪਰਾਏ ਜਾਪਦੇ ਹਨ। ਇਸੇ ਭਾਵਨਾ ਦਾ ਪ੍ਰਭਾਵ ਸਵਰਨ ਚੰਦਨ ਦੇ ਨਾਵਲ **ਕੰਜਕਾਂ** ਵਿਚ ਦੇਖਿਆ ਜਾ ਸਕਦਾ ਹੈ। ਇਸ ਰਚਨਾ ਵਿਚਲੇ ਅਨੂ ਵਰਗੇ ਪਾਤਰ ਜੋ ਲੇਖਕ ਦੀ ਸੋਚ ਅਨੁਸਾਰ ਪੰਜਾਬੀ ਪਛਾਣ ਤੋਂ ਭਟਕ ਚੁੱਕੇ ਹਨ, ਉਨ੍ਹਾਂ ਦੀ ਗੱਲਬਾਤ ਦੀ ਪੇਸ਼ਕਾਰੀ ਲਈ ਗੁਰਮੁਖੀ ਵਿਚ ਲਿਖੀ ਅੰਗਰੇਜ਼ੀ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਗੁਰਬੰਤ ਅਤੇ ਫਿਲਿਪ ਵਰਗੇ ਪਾਤਰ ਜੋ ਆਪਣੇ ਸਭਿਆਚਾਰ ਪ੍ਰਤੀ ਚੇਤੰਨ ਹਨ, ਉਨ੍ਹਾਂ ਦੀ ਗੱਲਬਾਤ ਪੰਜਾਬੀ ਵਿਚ ਦਿੱਤੀ ਗਈ ਹੈ, ਹਾਲਾਂਕਿ ਫਿਲਿਪ ਆਇਰਲੈਂਡ ਨਾਲ ਸੰਬੰਧ ਰਖਦਾ ਹੈ।

ਸਪਸ਼ਟ ਹੈ ਕਿ ਪਰਵਾਸੀ ਜੀਵਨ ਵਿਚ ਭਾਸ਼ਾ ਦਾ ਪ੍ਰਭਾਵ ਵੱਖ ਵੱਖ ਤਰ੍ਹਾਂ ਨਾਲ ਪੈਂਦਾ ਹੈ। ਪਰਵਾਸੀ ਜੀਵਨ ਦੇ ਮੁੱਢਲੇ ਸਮੇਂ ਵਿਚ ਪਰਦੇਸ ਦੀ ਭਾਸ਼ਾ ਉਪਰ ਪਕੜ ਨਾ ਹੋਣ ਕਾਰਨ ਸੰਚਾਰ ਦੀ ਸਮੱਸਿਆ ਆਉਂਦੀ ਹੈ। ਸਮਾਂ ਬੀਤਣ ਨਾਲ ਪਰਵਾਸੀ ਲੋੜ ਜੋਗੀ ਭਾਸ਼ਾ ਸਿੱਖ ਲੈਂਦਾ ਹੈ ਪਰ ਨਾਲ ਹੀ ਆਪਣੀ ਮਾਂ-ਬੋਲੀ ਪ੍ਰਤੀ ਉਸਦੇ ਮਨ ਵਿਚ ਚਾਹਤ ਬਣੀ ਰਹਿੰਦੀ ਹੈ। ਪਰਵਾਸੀ ਦੀ ਅਗਲੀ ਪੀੜ੍ਹੀ ਦੀ ਭਾਸ਼ਾ ਪਰਦੇਸ ਦੀ ਭਾਸ਼ਾ ਹੀ ਹੁੰਦੀ ਹੈ ਅਤੇ ਉਸੇ ਵਿਚ ਉਹ ਸਹਿਜ ਮਹਿਸੂਸ ਕਰਦਾ ਹੈ ਪਰ ਜਦੋਂ ਕਦੇ ਇਹ ਪੀੜ੍ਹੀ ਪਹਿਲੀ ਪੀੜ੍ਹੀ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਮਾਪਿਆਂ ਦੀ ਭਾਸ਼ਾ ਉਪਰ ਉਸਦੀ ਪਕੜ ਨਾ ਹੋਣ ਕਾਰਨ ਇਕ ਵਾਰ ਫੇਰ ਭਾਸ਼ਾਈ ਰੁਕਾਵਟ ਪੈਦਾ ਹੋ ਜਾਂਦੀ ਹੈ।

ਮਨੁੱਖੀ ਪਛਾਣ ਅਤੇ ਆਪਸੀ ਸੰਵਾਦ ਲਈ ਭਾਸ਼ਾ ਦੇ ਇਸ ਮਹੱਤਵ ਕਾਰਨ ਇਸਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਪੰਜਾਬੀ ਅਤੇ ਅੰਗਰੇਜ਼ੀ ਨਾਵਲਾਂ ਵਿਚ ਭਾਸ਼ਾਈ ਸਮੱਸਿਆ ਦਾ ਹੱਲ ਵੱਖੋ ਵੱਖਰੇ ਤਰੀਕੇ ਨਾਲ ਕੀਤਾ ਸਾਹਮਣੇ ਆਉਂਦਾ ਹੈ। ਪੰਜਾਬੀ ਨਾਵਲਾਂ ਵਿਚ ਅੰਗਰੇਜ਼ੀ ਸਿੱਖਣ ਦੀ ਲੋੜ ਉਪਰ ਜ਼ੋਰ ਦਿੱਤਾ ਗਿਆ ਹੈ। **ਕੰਜਕਾਂ** ਵਿਚਲੇ ਪਾਤਰ ਅੰਗਰੇਜ਼ੀ ਸਿੱਖਦੇ ਹਨ ਅਤੇ ਅੰਗਰੇਜ਼ੀ ਵਿੱਦਿਆ ਹਾਸਲ ਕਰਦੇ ਹਨ। ਇਸਦੇ ਉਲਟ ਅੰਗਰੇਜ਼ੀ ਨਾਵਲ **ਬੌਰਨ ਕਨਫਿਊਜ਼ਡ** Born Confused ਵਿਚਲੇ ਪਾਤਰ ਅੰਗਰੇਜ਼ੀ ਤਾਂ ਜਾਣਦੇ ਹਨ ਅਤੇ ਕਿਤੇ ਕਿਤੇ ਆਪਣੇ ਮਾਪਿਆਂ ਦੀ ਭਾਸ਼ਾ ਸਿੱਖਣ ਦੀ ਕੋਸ਼ਿਸ਼ ਵੀ ਕਰਦੇ ਹਨ ਪਰ ਇਸਦੇ ਨਾਲ ਹੀ ਭਾਸ਼ਾਈ ਸੰਚਾਰ ਦੀ ਥਾਂ ਸੰਗੀਤ ਜਾਂ ਫੋਟੋਗ੍ਰਾਫੀ ਆਦਿ ਨੂੰ ਹੀ ਆਪਸੀ ਸੰਚਾਰ ਦੇ ਸਾਧਨ ਵਜੋਂ ਵੀ ਪੇਸ਼ ਕਰਦੇ ਹਨ।

**ਬੌਰਨ ਕਨਫਿਊਜ਼ਡ** Born Confused ਨਾਵਲ ਦੀ ਡਿੰਪਲ ਭਾਰਤ ਰਹਿੰਦੇ ਆਪਣੇ ਦਾਦਾ ਜੀ ਦੀ ਭਾਸ਼ਾ ਸਮਝਣ ਤੋਂ ਅਸਮਰੱਥ ਹੈ। ਉਹ ਆਪਣੇ ਦਾਦਾ ਜੀ ਨੂੰ ਫੋਟੋਆਂ ਖਿੱਚ ਕੇ ਭੇਜਦੀ ਰਹਿੰਦੀ ਹੈ, ਅਤੇ ਮੋੜਵੇਂ ਰੂਪ ਵਿਚ ਉਹ ਵੀ ਸਕੈਚਾਂ ਰਾਹੀਂ ਜਾਂ ਫੋਟੋਆਂ ਉਪਰ ਆਪਣੇ ਵਿਚਾਰਾਂ ਰਾਹੀਂ ਉਸ ਨਾਲ ਸੰਪਰਕ ਬਣਾਈ ਰਖਦੇ ਹਨ। ਫੋਟੋਗ੍ਰਾਫੀ ਦੇ ਨਾਲ ਹੀ ਸੰਗੀਤ ਵੀ ਭਾਸ਼ਾਈ ਹੱਦਾਂ ਤੋਂ ਪਾਰ ਜਾਣ ਦੀ ਸਮਰੱਥਾ ਰਖਦਾ ਹੈ। ਡਿੰਪਲ ਦਾ ਦੋਸਤ ਕਰਸ਼ ਡੀ.ਜੇ. ਦਾ ਕੰਮ ਕਰਦਾ ਹੈ ਅਤੇ ਵੱਖ ਵੱਖ ਸੰਗੀਤਕ ਤਜਰਬਿਆਂ ਨਾਲ ਭਾਰਤੀਆਂ ਤੋਂ ਬਿਨਾਂ ਹੋਰ ਏਸ਼ੀਅਨਾਂ ਅਤੇ ਗੋਰਿਆਂ ਨੂੰ ਵੀ ਆਪਣੇ ਨਾਲ ਜੋੜਨ ਵਿਚ ਸਫਲ ਹੁੰਦਾ ਹੈ। ਸੰਗੀਤ ਨਾਲ ਇਕਸੁਰ ਹੋਇਆ ਵਿਅਕਤੀ ਆਪਣੇ ਆਲੇ ਦੁਆਲੇ ਨਾਲ ਵੀ ਇਕਸੁਰਤਾ ਪ੍ਰਾਪਤ ਕਰਨ ਵੱਲ ਤੁਰ ਪੈਂਦਾ ਹੈ। ਇਸ ਤਰ੍ਹਾਂ ਅੰਗਰੇਜ਼ੀ ਪਰਵਾਸੀ ਸਾਹਿਤ ਵਿਚ ਸੰਗੀਤ ਮਨੁੱਖੀ ਵਲਗਣਾਂ ਦੇ ਟੁੱਟਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪਰਵਾਸੀ ਸਪੇਸ ਵਿਚ ਇਕ ਦੂਸਰੇ ਤੋਂ ਵੱਖਰੇ ਸਭਿਆਚਾਰਾਂ ਦੇ ਆਪਸੀ ਸੰਪਰਕ ਵਿਚੋਂ ਸੰਚਾਰ ਦੀਆਂ ਨਵੀਆਂ ਸੰਭਾਵਨਾਵਾਂ ਉਪਜ ਰਹੀਆਂ ਹਨ। ਦੂਸਰੀ ਪੀੜ੍ਹੀ ਜਿਸ ਲਈ ਪਰਦੇਸ ਹੀ ਉਸਦਾ ਪਹਿਲਾ ਘਰ ਹੈ, ਆਪਣੇ ਪਿਛੋਕੜ ਨਾਲ ਸਾਂਝ ਬਣਾਈ ਰੱਖਣ ਲਈ ਉਥੋਂ ਦੀ ਭਾਸ਼ਾ ਸਿੱਖਣ ਵਿਚ ਵੀ ਰੁਚੀ ਲੈ ਰਹੀ ਹੈ ਅਤੇ ਭਾਸ਼ਾ ਤੋਂ ਅੱਗੇ ਸੰਚਾਰ ਦੇ ਹੋਰ ਢੰਗ ਤਰੀਕੇ ਵੀ ਖੋਜ ਰਹੀ ਹੈ।

o o o

ਉਪਰੋਕਤ ਚਰਚਾ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਜ਼ਿਆਦਾ ਵਧੀਆ ਨਹੀਂ ਹੈ ਅਤੇ ਦੂਸਰੀ ਪੀੜ੍ਹੀ ਦੀ ਮੂਲ ਭਾਸ਼ਾ ਅੰਗਰੇਜ਼ੀ ਹੀ ਬਣਨੀ ਹੈ। ਪਰ ਇਹ ਮਸਲਾ ਇੰਨਾ ਸਿੱਧਾ ਨਹੀਂ ਹੈ। ਕਈ ਅਜਿਹੇ ਕਾਰਨ ਹਨ ਜਿੰਨ੍ਹਾਂ ਤੋਂ ਜਾਪਦਾ ਹੈ ਕਿ ਪੰਜਾਬੀ ਦਾ ਭਵਿੱਖ ਉਜਵਲ ਹੈ।

ਪਹਿਲਾ ਨੁਕਤਾ ਇਹ ਹੈ ਕਿ ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਦਾ ਭਵਿੱਖ ਪਹਿਲੀ ਪੀੜ੍ਹੀ ਦੇ ਪਰਵਾਸੀਆਂ 'ਤੇ ਟਿਕਿਆ ਹੋਇਆ ਹੈ ਅਤੇ ਨੇੜ ਭਵਿੱਖ ਵਿਚ ਇਹਨਾਂ ਦੀ ਗਿਣਤੀ ਵਿਚ ਕਮੀ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਅਮਰੀਕਾ, ਕੈਨੇਡਾ ਵਰਗੇ ਵਿਕਸਤ ਦੇਸ਼ਾਂ ਵਿਚ ਮੂਲ ਵਸੋਂ ਦੀ ਜਨਮ ਦਰ ਸਥਿਰ ਹੁੰਦੀ ਜਾ ਰਹੀ ਹੈ, ਬਜ਼ੁਰਗਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਵਿਕਾਸ ਵਿਚ ਖੜੋਤ ਆ ਰਹੀ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਤੇ ਆਰਥਿਕ ਵਾਧੇ ਦੀ ਦਰ ਬਣਾਈ ਰੱਖਣ ਲਈ ਬਾਹਰੋਂ ਵੱਡੀ ਗਿਣਤੀ ਵਿਚ ਨੌਜਵਾਨਾਂ ਦੀ ਜ਼ਰੂਰਤ ਹੈ ਅਤੇ ਨੇੜ ਭਵਿੱਖ ਵਿਚ ਰਹੇਗੀ। ਇਸਦੇ ਨਾਲ ਹੀ ਵਿਕਸਤ ਦੇਸ਼ਾਂ ਅਤੇ ਭਾਰਤ ਵਿਚਲੇ ਜੀਵਨ ਪੱਧਰ ਵਿਚਲਾ ਵੱਡਾ ਪਾੜਾ ਪਰਵਾਸ ਨੂੰ ਉਤਸ਼ਾਹਤ ਕਰਦਾ ਰਹੇਗਾ।

ਦੂਸਰਾ ਨੁਕਤਾ ਇਹ ਹੈ ਕਿ ਦੂਸਰੀ ਪੀੜ੍ਹੀ ਜਾਂ ਤੀਸਰੀ ਪੀੜ੍ਹੀ ਦੇ ਪਰਵਾਸੀਆਂ ਦੀ ਵੀ ਮਹਿਮਾਨ ਸਮਾਜ ਵਿਚ ਪੂਰੀ ਤਰ੍ਹਾਂ ਰਲ ਸਕਣ ਦੀ ਹਾਲੇ ਤਕ ਕੋਈ ਉਦਾਹਰਨ ਨਹੀਂ ਮਿਲਦੀ। ਮਹਿਮਾਨ ਸਮਾਜ ਦੀ ਇਹ ਇੱਛਾ ਹੁੰਦੀ ਹੈ ਕਿ ਬਾਹਰੋਂ ਆਏ ਪਰਵਾਸੀ ਉਨ੍ਹਾਂ ਅਨੁਸਾਰ ਢਲ ਜਾਣ ਪਰ ਇਕ ਖਾਸ ਹੱਦ ਤੋਂ ਅੱਗੇ ਉਹ ਪਰਵਾਸੀਆਂ ਨੂੰ ਆਪਣੇ ਵਿਚ ਜਜ਼ਬ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਨੂੰ ਅਹਿਸਾਸ ਕਰਵਾਉਂਦਾ ਰਹਿੰਦਾ ਹੈ ਕਿ ਉਹ ਬਾਹਰੋਂ ਆਏ ਹੋਏ ਹਨ। ਅਜਿਹੇ ਸਮੇਂ ਪਰਵਾਸੀਆਂ ਦੀ ਵੀ ਮਜਬੂਰੀ ਬਣ ਜਾਂਦੀ ਹੈ ਕਿ ਉਹ ਆਪਣੇ ਮੂਲ ਨਾਲ ਜੁੜਦੀਆਂ ਅਜਿਹੀਆਂ ਤੰਦਾਂ ਦੀ ਭਾਲ ਕਰਨ ਜਿੰਨ੍ਹਾਂ ਦੇ ਸਹਾਰੇ ਉਹ ਆਪਣੀ ਮਜ਼ਬੂਤ ਪਹਿਚਾਣ ਬਣਾਈ ਰੱਖ ਸਕਣ ਜਾਂ ਦੇਸ ਵਿਚੋਂ ਸਹਾਇਤਾ ਪ੍ਰਾਪਤ ਕਰ ਸਕਣ। ਸੋ ਚਾਹੇ ਮਜਬੂਰੀ ਵਿਚ ਹੀ ਸਹੀ, ਪਰ ਪਰਵਾਸੀ ਲਈ ਆਪਣੇ ਮੂਲ ਸਮਾਜ ਨਾਲ ਰਾਬਤਾ ਬਣਾਈ ਰੱਖਣਾ ਜ਼ਰੂਰੀ ਹੋ ਜਾਂਦਾ ਹੈ ਤੇ ਇਸੇ ਰਾਬਤੇ ਵਿਚੋਂ ਹੀ ਭਾਸ਼ਾ ਤੇ ਸਭਿਆਚਾਰ ਦੇ ਨਵੇਂ ਪਾਸਾਰ ਸਾਹਮਣੇ ਆਉਂਦੇ ਹਨ।

ਤੀਸਰਾ ਨੁਕਤਾ ਇਹ ਹੈ ਕਿ ਪੰਜਾਬੀਆਂ ਦੇ ਲਗਾਤਾਰ ਪਰਵਾਸ ਦੇ ਨਾਲ ਹੀ ਪਿਛਲੇ ਇਕ ਦਹਾਕੇ ਵਿਚ ਸੰਚਾਰ ਦੇ ਨਵੇਂ ਸਾਧਨਾਂ ਤਕ ਪੰਜਾਬੀਆਂ ਅਤੇ ਪੰਜਾਬੀ ਪਰਵਾਸੀਆਂ, ਦੋਹਾਂ ਦੀ ਪਹੁੰਚ ਹੋਈ ਹੈ। ਟੈਲੀਫੋਨ, ਈ-ਮੇਲ, ਇੰਟਰਨੈਟ, ਫੋਟੋ-ਸ਼ੇਅਰਿੰਗ (ਤਸਵੀਰਾਂ ਦਾ ਆਦਾਨ ਪ੍ਰਦਾਨ), ਅਤੇ ਵੀਡੀਓ-ਕਾਲਿੰਗ ਆਦਿ ਦੀਆਂ ਸਹੂਲਤਾਂ ਨਾਲ ਪਰਵਾਸੀਆਂ ਦਾ ਦੇਸ ਵਾਸੀਆਂ ਨਾਲ ਰਾਬਤਾ ਬਹੁਤ ਵਧ ਗਿਆ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਇਹ ਹੈ ਕਿ ਪਹਿਲਾਂ ਜਿੱਥੇ ਪੰਜਾਬੀ ਬਾਹਰ ਜਾ ਕੇ ਪੰਜਾਬੀ ਬੰਦੇ ਨੂੰ ਮਿਲਣ ਤੇ ਪੰਜਾਬੀ ਬੋਲਣ ਨੂੰ ਹੀ ਤਰਸ ਜਾਂਦੇ ਸਨ, ਉਥੇ ਹੁਣ ਮਾਤ ਭੂਮੀ ਨਾਲ ਨਿਰੰਤਰ ਸੰਵਾਦ ਚਲਦੇ ਰਹਿਣ ਕਾਰਨ ਘੱਟੋ ਘੱਟ ਬੋਲਚਾਲ ਦੀ ਪੱਧਰ 'ਤੇ ਭਾਸ਼ਾ ਦੀ ਵਰਤੋਂ ਪੂਰੀ ਤਰ੍ਹਾਂ ਹੁੰਦੀ ਰਹਿੰਦੀ ਹੈ। ਇਸੇ ਤਰ੍ਹਾਂ ਪੰਜਾਬੀ ਮੀਡੀਆ ਵੀ ਰੇਡੀਓ, ਟੀ.ਵੀ. ਅਤੇ ਫਿਲਮਾਂ ਦੇ ਰੂਪ ਵਿਚ ਸੰਸਾਰ ਦੇ ਲਗਪਗ ਸਾਰੇ ਉਨ੍ਹਾਂ ਖੇਤਰਾਂ ਵਿਚ ਪਹੁੰਚ ਰਿਹਾ ਹੈ ਜਿੱਥੇ ਜਿੱਥੇ ਪੰਜਾਬੀ ਰਹਿ ਰਹੇ ਹਨ। ਸੋ ਨਵੇਂ ਸੰਚਾਰ ਸਾਧਨ ਜਿੱਥੇ ਇਕ ਪਾਸੇ ਪੱਛਮੀ ਢੰਗ ਦੇ ਸਭਿਆਚਾਰ ਨੂੰ ਉਤਸ਼ਾਹਤ ਕਰ ਰਹੇ ਹਨ, ਉਥੇ ਹੀ ਸਾਡੇ ਲਈ ਵੀ ਇਕ ਮੌਕਾ ਹੈ ਕਿ ਇਸ ਦੀ ਯੋਗ ਵਰਤੋਂ ਕਰਦੇ ਹੋਏ ਅਸੀਂ ਆਪਣੀਆਂ ਜ਼ਰੂਰਤਾਂ ਅਨੁਸਾਰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਲਈ ਇਸਦੀ ਵਰਤੋਂ ਕਰ ਸਕਦੇ ਹਾਂ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਸਮੁੱਚੇ ਸੰਸਾਰ ਵਿਚ ਫੈਲਾਅ ਅਤੇ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਪਈਆਂ ਹੋਈਆਂ ਹਨ। ਜੇਕਰ ਪੰਜਾਬੀ ਚੇਤਨ ਹੋ ਕੇ ਭਵਿੱਖੀ ਲੋੜਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਆਪਣੀ ਭਾਸ਼ਾ ਅਤੇ ਸਭਿਆਚਾਰ ਦੀ ਸੰਭਾਲ ਲਈ ਸਰਗਰਮ ਹੋ ਜਾਂਦੇ ਹਨ ਅਤੇ ਨਿੱਤ ਦਿਨ ਬਦਲ ਰਹੇ ਸਮਾਜਕ, ਰਾਜਨੀਤਕ, ਆਰਥਿਕ ਅਤੇ ਤਕਨੀਕੀ ਹਾਲਾਤ ਨੂੰ ਆਪਣੀ ਲੋੜ ਅਨੁਸਾਰ ਵਰਤਣ ਵਿਚ ਸਫਲ ਹੋ ਜਾਂਦੇ ਹਨ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਸਭਿਆਚਾਰ ਦੀ ਉਮਰ ਬਹੁਤ ਲੰਮੀ ਹੋਵੇਗੀ।

[ਰੀਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]



# ਸ਼ਬਦਾਂ ਦਾ ਮੁਸਾਫਿਰ

## ਬਲਜੀਤ ਬਾਸੀ

ਉਹ ਬੁਨਿਆਦੀ ਤੌਰ 'ਤੇ ਹਿੰਦੀ ਦਾ ਪੱਤਰਕਾਰ ਹੈ। ਪਿਛਲੇ ਪੱਚੀ ਵਰ੍ਹਿਆਂ ਤੋਂ ਉਹ ਪ੍ਰਿੰਟ ਤੇ ਟੀਵੀ ਨਾਲ ਜੁੜਿਆ ਹੋਇਆ ਹੈ। ਉਸਦਾ ਪਿੱਛਾ ਮਰਾਠੀ ਹੈ, ਰਹਿੰਦਾ ਭੁਪਾਲ ਵਿਚ ਹੈ, ਨਾਨਕੇ ਹਰਿਦਵਾਰ ਵਿਚ ਹਨ ਤੇ ਬਚਪਨ ਦੇ ਕਈ ਮਹੀਨੇ ਪੰਜਾਬ ਦੇ ਟਾਂਡਾ ਕਸਬੇ ਵਿਚ ਰਹਿਕੇ ਏਥੋਂ ਦੇ ਰਾਜਮਾਂਹ, ਛੋਲੇ ਤੇ ਸਾਗ ਦਾ ਸੁਆਦ ਚਖ ਚੁੱਕਾ ਹੈ। ਹਰਿਦਵਾਰ ਉਸਦੇ ਨਾਨਕੇ ਘਰ ਦੇ ਗੁਆਂਢ ਵਿਚ ਗੁਰਦਵਾਰਾ ਹੁੰਦਾ ਸੀ, ਜਿਥੋਂ ਬਚਪਨ ਵਿਚ ਗੁਰਬਾਣੀ ਦੇ ਕੀਰਤਨ ਦਾ ਰਸ ਉਸਦੇ ਕੰਨਾਂ ਵਿਚ ਦਿਨ ਰਾਤ ਘੁਲਦਾ ਰਹਿੰਦਾ ਸੀ। ਉਹ ਹਿੰਦੀ ਦੀ ਅਖਬਾਰ 'ਦੈਨਿਕ ਭਾਸਕਰ' ਦੇ ਭੁਪਾਲ ਐਡੀਸ਼ਨ ਵਿਚ ਸੀਨੀਅਰ ਪੱਤਰਕਾਰ ਵਜੋਂ ਕੰਮ ਕਰ ਰਿਹਾ ਹੈ। ਐਪਰ ਸ਼ਬਦਾਂ ਦੀਆਂ ਤਿਤਲੀਆਂ ਫੜਨਾ ਉਸਦਾ ਚਸਕਾ ਹੈ। ਸ਼ਬਦਾਂ ਦੀ ਨਿਰੁਕਤੀ ਦਰਸਾਉਂਦਾ 'ਸ਼ਬਦਾਵਲੀ' ਨਾਂ ਦਾ ਉਸਦਾ ਚਿੱਠਾ (ਹਿੰਦੀ ਵਾਲੇ ਬਲਾਗ ਨੂੰ ਚਿੱਠਾ ਕਹਿੰਦੇ ਹਨ) ਲਗਪਗ ਹਰ ਰੋਜ਼ ਅਪਡੇਟ ਹੁੰਦਾ ਹੈ, ਜਿਸਦੇ ਪਾਠਕਾਂ ਦੀ ਗਿਣਤੀ ਇਕ ਹਜ਼ਾਰ ਟੱਪ ਚੁੱਕੀ ਹੈ। 15000 ਦੇ ਆਸਪਾਸ ਹਿੰਦੀ ਦੇ ਬਲਾਗਾਂ ਵਿਚੋਂ ਪਾਠਕਾਂ ਦੀ ਤਾਦਾਦ ਦੇ ਪੱਖ ਤੋਂ ਉਸਦਾ ਨੰਬਰ ਦੂਜੇ ਸਥਾਨ 'ਤੇ ਹੈ। ਇਹ ਇਕ ਚਮਤਕਾਰ ਹੀ ਹੈ ਕਿ ਨਿਰੇ ਸ਼ਬਦਾਂ ਦੁਆਲੇ ਘੁੰਮਦੇ ਚਿੱਠਿਆਂ ਦੇ ਏਨੇ ਰਸੀਏ ਹਨ। ਪੰਜਾਬੀ ਦੇ ਕਿਸੇ ਮਾਸਿਕ ਤ੍ਰੈਮਾਸਕ ਦੀ ਏਨੀ ਗਿਣਤੀ ਨਹੀਂ ਹੈ ਜਿੰਨੀ ਇਸ ਰੋਜ਼ਾਨਾ ਬਲਾਗ ਦੀ ਹੈ। ਏਥੇ ਹੀ ਬੱਸ ਨਹੀਂ, ਕਈ ਹੋਰ ਬਲਾਗ ਤੇ ਵੈੱਬਸਾਈਟਾਂ ਉਸਦੇ ਆਲੇਖਾਂ ਨੂੰ ਲਗਾਤਾਰ ਪ੍ਰਕਾਸ਼ਤ ਕਰਦੇ ਰਹਿੰਦੇ ਹਨ। ਹਰ ਰੋਜ਼ ਬੇਸਬਰੀ ਨਾਲ ਅਪਡੇਟ ਉਡੀਕਦੇ ਉਸਦੇ ਪਾਠਕਾਂ ਵਿਚ ਹਿੰਦੀ ਦੇ ਉੱਘੇ ਸਾਹਿਤਕਾਰ, ਭਾਸ਼ਾਵਿਗਿਆਨੀ, ਕੰਪਿਊਟਰ ਵਿਸ਼ੇਸ਼ੱਗ ਤੇ ਬੁੱਧੀਜੀਵੀ ਸ਼ਾਮਿਲ ਹਨ। ਉਸਨੇ ਆਪਣੇ ਵਿਸ਼ਾਲ ਗਿਆਨ, ਤਾਰਕਿਕ ਵਿਵੇਚਨ ਅਤੇ ਕ੍ਰਿਸ਼ਮਈ ਸ਼ੈਲੀ ਨਾਲ ਪਾਠਕਾਂ ਦੇ ਪੱਲੇ ਇਹ ਗੱਲ ਪਾ ਦਿੱਤੀ ਹੈ ਕਿ ਨਿਮਾਣੇ ਜਿਹੇ ਸ਼ਬਦਾਂ ਦੇ ਆਵਰਣ ਹੇਠਾਂ ਸਾਡੀ ਸੰਸਕ੍ਰਿਤੀ, ਇਤਿਹਾਸ ਅਤੇ ਪੁਰਾਤਤਵ ਆਦਿ ਦਾ ਕਿੰਨਾ ਕੁਝ ਲੁਕਿਆ ਪਿਆ ਹੈ।

ਇਸ ਪ੍ਰਤਿਭਾਸ਼ਾਲੀ ਸ਼ਬਦਾਰਥੀ ਦਾ ਨਾਂ ਹੈ ਅਜਿਤ ਵਡਨੇਰਕਰ।

ਦੋ ਕੁ ਸਾਲ ਪਹਿਲਾਂ ਮੈਨੂੰ ਕਿਸੇ ਲੇਖ ਲਈ ਸਾਗ ਦੇ ਚਿੱਤਰ ਦੀ ਲੋੜ ਸੀ। ਚਿੱਤਰ ਲੱਭਣ ਲਈ ਮੈਂ ਗੂਗਲ ਬਾਣ ਛੱਡ ਦਿੱਤਾ। ਅਜਿਤ ਵਡਨੇਰਕਰ ਦੇ ਬਲਾਗ ਦਾ ਹਵਾਲਾ ਮੇਰੇ ਸਾਹਮਣੇ ਆ ਖੜ੍ਹਾ ਹੋਇਆ। ਉਦੋਂ ਹਿੰਦੀ ਮੈਥੋਂ ਝੌਲੀ ਝੌਲੀ ਹੀ ਪੜ੍ਹੀ ਜਾਂਦੀ ਸੀ ਪਰ ਉਸਦੀ ਲੇਖਣੀ ਏਨੀ ਰੌਚਿਕ, ਗਿਆਨ ਭਰਪੂਰ ਤੇ ਤਾਰਕਿਕ ਸੀ ਕਿ ਮੈਨੂੰ ਪਤਾ ਹੀ ਨਾ ਲੱਗਾ, ਕਦੋਂ ਹਿੰਦੀ ਮੇਰੇ ਅੱਗੇ ਪਾਣੀ ਵਾਂਗ ਫਿਰਨ ਲੱਗ ਪਈ। ਹੋਰ ਤਾਂ ਹੋਰ ਮੈਂ ਉਸਦੀਆਂ ਪੋਸਟਾਂ 'ਤੇ ਟਿੱਪਣੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਅਜਿਤ ਭਾਈ ਨੇ ਗੰਭੀਰਤਾ ਨਾਲ ਮੇਰਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ। ਕਦੇ ਕਦੇ ਸਾਡੇ ਵਿਚ ਤਲਖੀ ਵੀ ਹੋਣ ਲੱਗੀ। ਉਹ ਮੇਰੇ 'ਤੇ ਨਾਰਾਜ਼ ਹੋ ਜਾਂਦਾ, ਮੈਂ ਕਾਹਲਾ ਵਗਦਾ ਹਾਂ, ਧਿਆਨ ਨਾਲ ਨਹੀਂ ਪੜ੍ਹਦਾ। ਉਸ ਦੀ ਗੱਲ ਅਕਸਰ ਠੀਕ ਹੁੰਦੀ ਪਰ ਮੈਂ ਵੀ ਸ਼ਬਦਾਂ ਤੇ ਦੋ ਕੋੜੀਆਂ ਤੋਂ ਵਧ ਸਾਲ ਗਾਲ੍ਹੇ ਹਨ। ਉਹ ਮੇਰੀਆਂ ਟਿੱਪਣੀਆਂ ਦਾ ਵਿਸਤ੍ਰਿਤ ਜਵਾਬ ਦਿੰਦਾ -ਈਮੇਲ ਰਾਹੀਂ ਨਿੱਜੀ ਤੌਰ 'ਤੇ ਵੀ ਤੇ ਬਲਾਗ ਰਾਹੀਂ ਵੀ। ਕੋਸ਼ ਮਹਿਕਮੇ ਦੇ ਲੰਮੇ ਤਜਰਬੇ ਨੇ ਮੈਨੂੰ ਸਿਖਾਇਆ ਸੀ ਕਿ ਗੰਢੇ ਦੀ ਤਰ੍ਹਾਂ ਸ਼ਬਦ ਦੀਆਂ ਬੇਅੰਤ ਪਰਤਾਂ ਹਨ, ਇਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਫੋਲਣਾ ਚਾਹੀਦਾ ਹੈ। ਟੁੱਟੇ-ਭੱਜੇ ਜਿਹੇ ਜਟਕੇ ਸ਼ਬਦ ਭਾਵੇਂ ਪਿੰਡ ਦੀਆਂ ਬੀਹੀਆਂ ਤੇ ਪੈਲੀਆਂ ਵਿੱਚ ਫਿਰਦੇ ਦਿਸਦੇ ਹੋਣ, ਉਨ੍ਹਾਂ ਦੀ ਆਤਮਾ ਅੰਤਰਰਾਸ਼ਟਰੀ ਹੁੰਦੀ ਹੈ, ਇਨ੍ਹਾਂ ਦੇ ਮਰਮ ਤਕ ਪਹੁੰਚਣ ਲਈ ਅੰਤਰਰਾਸ਼ਟਰੀ ਦ੍ਰਿਸ਼ਟੀ ਲੋੜੀਂਦੀ ਹੈ। ਵਡਨੇਰਕਰ ਕਈ ਵਾਰੀ ਮੇਰੀ ਗੱਲ ਮੰਨਕੇ ਆਪਣੇ ਲੇਖ ਨੂੰ ਸੋਧ ਲੈਂਦਾ। ਪਰ ਮੈਨੂੰ ਵੀ ਬਹੁਤ ਵਾਰ ਨਮੋਸ਼ੀ ਸਹਿਣੀ ਪਈ। ਅੰਤ ਸਾਡੇ ਸੰਬੰਧਾਂ ਵਿੱਚ ਸੁਖਾਵਾਂਪਣ ਆ ਗਿਆ।

ਵਡਨੇਰਕਰ ਦੀ ਸ਼ਬਦ ਨਿਭਾਉਣ ਦੀ ਖੂਬਸੂਰਤੀ ਇਸ ਗੱਲ ਵਿੱਚ ਹੈ ਕਿ ਉਹ ਨਿਰੁਕਤੀ

ਸੁਲਝਾਉਣ ਲਈ ਸ਼ਬਦ ਦੇ ਮੂਲ ਵਿਚ ਡੂੰਘਾ ਉੱਤਰ ਜਾਂਦਾ ਹੈ। ਉਸ ਦਾ ਸ਼ਬਦ-ਗਿਆਨ ਕੋਸ਼-ਸੀਮਿਤ ਨਹੀਂ ਬਲਕਿ ਵਿਸਤ੍ਰਿਤ ਅਧਿਐਨ ਤੋਂ ਉਪਜਿਆ ਹੈ ਜਿਸ ਵਿੱਚ ਵੇਦ, ਸ਼ਾਸਤਰ, ਪੁਰਾਣ ਤੇ ਵਿਸ਼ਵ ਭਰ ਦਾ ਕਿਤਾਬੀ ਘਸਮਾਣ ਸ਼ਾਮਿਲ ਹੈ। ਬਹੁਤ ਸਾਰੇ ਭਾਸ਼ਾਵਿਗਿਆਨੀ ਵਿਰਾਟ ਜੀਵਨ ਤੋਂ ਨਿਖੁੱਟੇ ਸ਼ਬਦ ਜਾਲ ਵਿਚ ਹੀ ਘੁਸੇ ਰਹਿੰਦੇ ਹਨ, ਜਿਸ ਕਰਕੇ ਭਾਸ਼ਾਵਿਗਿਆਨ-ਉਨਮੁਖ ਲਿਖਤਾਂ ਖੁਸ਼ਕ ਜਿਹੀਆਂ ਪ੍ਰਤੀਤ ਹੁੰਦੀਆਂ ਹਨ। ਸੁਲਝੇ ਹੋਏ ਵਡਨੇਰਕਰ ਦੀ ਸ਼ੈਲੀ ਬੋਝਲ ਨਹੀਂ ਬਲਕਿ ਮੰਜੀ ਹੋਈ, ਪ੍ਰੌੜ, ਲੌਕਿਕ ਤੇ ਅਕਸਰ ਉਦਾਤ ਹੈ ਜਿਸ ਵਿਚੋਂ ਇਕ ਨਿਵੇਕਲੀ ਵਿਧਾ ਉਦੈ ਹੋ ਰਹੀ ਪ੍ਰਤੀਤ ਹੁੰਦੀ ਹੈ। ਉਹ ਭਾਰਤ ਦੀਆਂ ਤਕਰੀਬਨ ਸਾਰੀਆਂ, ਖਾਸ ਤੌਰ 'ਤੇ ਉੱਤਰੀ ਭਾਸ਼ਾਵਾਂ ਦੀ ਨਿਰਾਲੀ ਰੂਹ ਦਾ ਵਾਕਿਫ਼ ਹੈ। ਮੇਰੇ ਦੇਖਦੇ ਦੇਖਦੇ ਹੀ ਉਹ ਕਿਤੇ ਦੀ ਕਿਤੇ ਅੱਪੜ ਗਿਆ ਹੈ; ਹੁਣ ਤਾਂ ਦੁਨੀਆ ਭਰ ਦੀਆਂ ਬੋਲੀਆਂ ਨੂੰ ਸਹਿਜ ਭਾ ਹੀ ਆਪਣੇ ਕਲੇਵਰ ਵਿਚ ਲੈ ਲੈਂਦਾ ਹੈ। ਹੋਰ ਤਾਂ ਹੋਰ, ਹੁਣ ਉਹ ਗ਼ੈਰ-ਭਾਰੋਪੀ ਭਾਸ਼ਾਵਾਂ ਦੀ ਭਾਰੋਪੀ ਭਾਸ਼ਵਾਂ ਨਾਲ ਸਾਂਝ ਵੀ ਪ੍ਰਮਾਣਿਤ ਕਰਨ ਲੱਗ ਪਿਆ ਹੈ। ਅਕਸਰ ਜੀਵ-ਵਿਕਾਸ ਸਿਧਾਂਤ ਅਨੁਸਾਰ ਮੁੱਢ ਕਦੀਮ ਵਿੱਚ ਸਾਰੀ ਮਨੁੱਖ ਜਾਤੀ ਦੀ ਇਕ ਹੀ ਭਾਸ਼ਾ ਹੋਣੀ ਚਾਹੀਦੀ ਹੈ। ਨਿਰੁਕਤੀ ਵਿਸ਼ਾ ਹੀ ਐਸਾ ਹੈ, ਇਸਦਾ ਸਾਧਕ ਇਕ ਸਮੇਂ ਸਥਾਨ ਤੇ ਸਥਿਰ ਹੋ ਗਿਆ, ਸਮਝੋ ਗਿਆ। ਵਡਨੇਰਕਰ ਜਾਤ ਦਾ ਬ੍ਰਾਹਮਣ ਹੈ ਤੇ ਉਸਦਾ ਮੰਨਣਾ ਹੈ ਕਿ ਬ੍ਰਾਹਮਣਾਂ ਦਾ ਅਸਲੀ ਕੰਮ ਗਿਆਨ ਢੂੰਡਣਾ ਤੇ ਆਮ ਲੋਕਾਂ ਵਿੱਚ ਵੰਡਣਾ ਹੈ। ਉਹ ਰਾਤ ਡੇਢ ਵਜੇ ਡਿਊਟੀ ਤੋਂ ਫਾਰਗ ਹੁੰਦੇ ਸਾਰ ਘਰ ਵੱਲ ਭੱਜ ਤੁਰਦਾ ਹੈ ਜਿੱਥੇ ਮੇਜ਼ 'ਤੇ ਅਠਾਰਾਂ ਖੁਲ੍ਹੇ ਕੋਸ਼ ਤੇ ਢੇਰ ਸਾਰੀਆਂ ਹੋਰ ਪੁਸਤਕਾਂ ਉਸਨੂੰ ਉਡੀਕ ਰਹੀਆਂ ਹੁੰਦੀਆਂ ਹਨ। ਉਹ ਪੰਜ ਵਜੇ ਤਕ ਲਿਖਦਾ ਹੈ। ਫਿਰ ਨੌਂ ਵਜੇ ਉਠਕੇ ਪੋਸਟਿੰਗ ਦੀਆਂ ਕਮੀਆਂ ਦੂਰ ਕਰਦਾ ਹੈ। ਬੱਸ, ਇਸ ਤੋਂ ਬਾਅਦ ਘੰਟਾ ਡੇਢ ਘੰਟਾ ਹੋਰ ਸੌਂ ਕੇ ਪਰਿਵਾਰ ਨਾਲ ਖਾਣਾ ਖਾਂਦਾ ਤੇ ਫਿਰ ਦਫ਼ਤਰ ਦੌੜ ਜਾਂਦਾ ਹੈ। ਟੁਕੜਿਆਂ ਵਿਚ ਵੰਡੀ ਨੀਂਦ ਕਦੇ ਪੂਰੀ ਨਹੀਂ ਹੁੰਦੀ। 'ਸ਼ਹਿਰ ਸੂਤਾ ਬ੍ਰਹਮ ਜਾਗੇ' ਦੀ ਨਾਥਾਂ ਜੋਗੀਆਂ ਵਾਲੀ ਕਹਾਵਤ ਉਸ ਤੇ ਲਾਗੂ ਹੁੰਦੀ ਹੈ।

ਵਡਨੇਰਕਰ ਨੇ ਸ਼ਬਦਾਂ ਦਾ ਇਹ ਪੰਗਾ ਕੋਈ ਸੱਤ ਅੱਠ ਸਾਲ ਤੋਂ ਲਿਆ ਹੋਇਆ ਹੈ। 'ਦੈਨਿਕ ਭਾਸਕਰ' ਵਿੱਚ ਉਸ ਦਾ ਇਹ ਕਾਲਮ ਲਗਾਤਾਰ ਛਪ ਰਿਹਾ ਹੈ। ਉਸ ਦਾ ਕਹਿਣਾ ਹੈ, "ਆਪਣੇ ਕਰਮ ਹੀ ਸਾਨੂੰ ਮਾਰਦੇ ਹਨ, ਉਨ੍ਹਾਂ ਨੂੰ ਹੀ ਭੁਗਤਣਾ ਹੈ। ਬੱਸ, ਗਲਤ ਨਹੀਂ ਕਰ ਰਹੇ, ਇਹ ਸਕੂਨ ਹੈ। ਜੋ ਲਿਆ-ਸਿੱਖਿਆ, ਉਹ ਸਭ ਨੂੰ ਮੋੜਨਾ ਵੀ ਚਾਹੀਦਾ ਹੈ, ਇਸ ਲਈ ਏਨੀ ਮਿਹਨਤ। ਬਦਲੇ ਮਾਹੌਲ ਵਿੱਚ ਪਹਾੜ 'ਤੇ ਜਾ ਕੇ ਸੰਨਿਆਸੀ ਤਾਂ ਬਣ ਨਹੀਂ ਸਕਦੇ। ਧੰਨ ਸੰਪਤੀ ਹੈ ਨਹੀਂ ਜਿਸਦੇ ਜ਼ਰੀਏ ਲੋਕਾਂ ਦਾ ਭਲਾ ਕਰ ਸਕੀਏ। ਜਨਮ ਤੋਂ ਬ੍ਰਾਹਮਣ, ਕਰਮ ਤੋਂ ਬ੍ਰਾਹਮਣ... ਏਹੀ ਕਰ ਸਕਦਾ ਹਾਂ।" ਸ਼ਬਦਾਂ ਨੂੰ ਹੀ ਪ੍ਰਣਾਏ ਇਸ ਸ਼ਖਸ ਨੇ ਦੋਸਤਾਂ ਮਿੱਤਰਾਂ ਨੂੰ ਮਿਲਣ-ਗਿਲਣ ਤੇ ਜ਼ਿੰਦਗੀ ਦੇ ਹੋਰ ਝਮੇਲਿਆਂ ਤੋਂ ਇਕ ਤਰ੍ਹਾਂ ਸੰਨਿਆਸ ਲਿਆ ਹੋਇਆ ਹੈ। ਉਸ ਦੇ ਇਸ ਜਨੂੰਨ ਬਾਰੇ ਕਿਸੇ ਨੇ ਕਟਾਖਸ਼ ਕੀਤਾ ਸੀ ਕਿ 26 ਨਵੰਬਰ, 2008 ਨੂੰ ਬੰਬਈ ਵਿਚ ਦਹਿਸ਼ਤਗਰਦਾਂ ਦੇ ਹਮਲੇ ਦੌਰਾਨ ਜਦ ਸਾਰੇ ਭਾਰਤ ਵਿਚ ਹਾਹਾਕਾਰ ਮੱਚ ਗਈ ਸੀ, ਉਸਨੇ ਮੇਜ਼ ਤੋਂ ਉਠਕੇ ਆਪਣਾ ਚਿੱਠਾ ਲਿਖਣਾ ਨਾ ਛੱਡਿਆ। ਉਹ ਤ੍ਰੈਕਾਲ ਤੇ ਸਮੁੱਚੇ ਬਹ੍ਰਿਮੰਡ ਦੇ ਦਰਸ਼ਨ ਸ਼ਬਦਾਂ ਤੋਂ ਹੀ ਕਰ ਲੈਂਦਾ ਹੈ। ਆਪਣੀ ਭਾਸ਼ਾ ਪ੍ਰਤੀ ਏਨੀ ਲਗਨ ਤੇ ਪ੍ਰਤੀਬੱਧਤਾ ਘੱਟ ਹੀ ਦੇਖਣ ਨੂੰ ਮਿਲਦੀ ਹੈ। ਸ਼ਬਦ-ਨਿਰੁਕਤੀ ਪ੍ਰਤੀ ਇਹੋ ਜਿਹਾ ਸ਼ੈਦਾਅ ਮੈਨੂੰ ਆਪਣੇ ਸਾਬਕਾ ਸਹਿਕਰਮੀ ਜੀ.ਐਸ. ਰਿਆਲ ਵਿਚ ਦੇਖਣ ਨੂੰ ਮਿਲਿਆ ਸੀ, ਜਿਸਨੇ ਇਸ ਕੰਮ ਵਿੱਚ ਮੇਰੀ ਵੀ ਚੇਟਕ ਲਾਈ ਪਰ ਰਿਆਲ ਸਾਹਿਬ ਦਾ ਵਧੇਰੇ ਗਿਆਨ ਕੋਸ਼ਾਂ ਤਕ ਹੀ ਸੀਮਿਤ ਸੀ ਜਦ ਕਿ ਵਡਨੇਰਕਰ ਨੇ ਇਸਨੂੰ ਮੌਲਿਕ ਅਧਿਐਨ ਨਾਲ ਸਮ੍ਰਿੱਧ ਬਣਾਇਆ ਹੈ। ਕਈ ਵਾਰ ਤਾਂ ਇੰਝ ਲਗਦਾ ਹੈ ਕਿ ਇਕ ਹੀ ਸ਼ਬਦ ਨੂੰ ਡੂੰਘਾਈ ਵਿਚ ਸਮਝਣ ਲਈ ਉਸ ਨੇ ਘੱਟੋ ਘਟ ਇਕ ਕਿਤਾਬ ਜ਼ਰੂਰ ਪੜ੍ਹੀ ਹੈ।

ਇਕ ਦੂਜੇ ਤੋਂ ਵਿਸੰਗਤ ਜਾਪਦੇ ਸ਼ਬਦ ਉਹ ਆਪਣੇ ਕਮਾਲ ਦੇ ਨਿਰੁਕਤਕ ਜਾਦੂ ਨਾਲ ਜੋੜ ਦਿੰਦਾ ਹੈ। ਕੀ ਕੋਈ ਸੋਚ ਸਕਦਾ ਹੈ ਕਿ 'ਠਾਠ-ਬਾਠ' ਜਿਹਾ ਸ਼ਬਦ ਟੱਟੀ ਤੋਂ ਵਿਕਸਿਤ ਹੋਇਆ ਹੈ? ਗਰੀਬਾਂ ਦੀ ਬਸਤੀ ਠੱਠੀ ਇਸੇ ਨਾਲ ਸੰਬੰਧਤ ਹੈ, ਸਾਡੇ ਕਈ ਪਿੰਡਾਂ ਦਾ ਨਾਂ ਠੱਠੀਆਂ ਹੈ। 'ਵਰ' ਸ਼ਬਦ ਦਾ



ਅਰਥ ਹੁੰਦਾ ਹੈ ਮੰਗ ਜਾਂ ਚੋਣ। ਇਸਦਾ ਸਭ ਤੋਂ ਪ੍ਰਚਲਤ ਅਰਥ ਹੈ ਪਤੀ ਦਾ ਵਰ ਰੂਪ। ਪੂਰਵ ਵੈਦਿਕ ਕਾਲ ਵਿਚ ਕੰਨਿਆ ਜਾਂ ਉਸਦੇਂ ਘਰ ਵਾਲੇ ਖੁਦ ਪਤੀ-ਪਾਤਰ ਨੂੰ ਚੁਣਦੇ ਸਨ। ਵਰਣ ਜਾਂ ਸਵੰਬਰ ਸ਼ਬਦ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ। ਬਰਾਤ ਸ਼ਬਦ ਵੀ ਇਧਰ ਹੀ ਸੰਕੇਤ ਕਰਦਾ ਹੈ। 'ਵਰ' ਜਾਂ ਇਸ ਤੋਂ ਬਣਨ ਵਾਲੇ ਵਰਦਾਨ ਤੋਂ ਮੰਗਣਾ ਵਾਲੇ ਅਰਥ ਸਪੱਸ਼ਟ ਹੋ ਜਾਂਦੇ ਹਨ ਕਿਉਂਕਿ ਕਿਸੇ ਦੇਵਤਾ ਰਿਸ਼ੀ-ਮੁਨੀ ਜਾਂ ਰਾਜੇ ਤੋਂ ਇਸਦੇ ਜਾਚਕ ਵਰ ਹੀ ਮੰਗਦੇ ਹਨ। ਵਰ ਸ਼ਬਦ ਦੀ ਵਿਉਤਪਤੀ ਤੋਂ ਪਤਾ ਲਗਦਾ ਹੈ ਕਿ ਮਾਤਾ-ਪ੍ਰਧਾਨ ਉਸ ਕਾਲ ਵਿਚ ਲੜਕੀਆਂ ਆਪਣੇ ਪਤੀ ਦੀ ਚੋਣ ਕਰਦੀਆਂ ਸਨ। ਅਰਬੀ ਤੋਂ ਆਏ ਸ਼ਬਦ ਰਕਮ ਤੇ ਕ੍ਰਿਸ਼ਨ ਦੀ ਪਤਨੀ ਰੁਕਮਣੀ ਵਿਚ ਸਾਂਝ ਹੈ। ਖੁਦ ਕ੍ਰਿਸ਼ਨ ਆਕ੍ਰਸ਼ਣ, ਕ੍ਰਿਸ਼ੀ ਨਾਲ ਜੁੜਿਆ ਹੋਇਆ ਹੈ। ਕ੍ਰਿਸ਼ਨ ਕਾਲਾ ਹੈ ਕਿਉਂਕਿ ਉਹ ਸਾਰੇ ਰੰਗਾਂ ਨੂੰ ਆਕ੍ਰਸ਼ਤ ਕਰਕੇ ਆਪਣੇ ਅੰਦਰ ਸਮੋ ਲੈਂਦਾ ਹੈ। ਸਿਰ ਦੇ ਵਾਲ, ਕਣਕ ਦੀ ਬੱਲੀ, ਬਾਲਕੋਨੀ, ਬਾਲਾਖਾਨਾ, ਬਾਲਮ, ਬਲਮਾ, ਬਾਲਸ਼ਵਿਕ ਤੇ ਹੋਰ ਕਿੰਨੇ ਸਾਰੇ ਇਕ ਦੂਜੇ ਤੋਂ ਦੁਰਾਡੇ ਪ੍ਰਤੀਤ ਹੁੰਦੇ ਸ਼ਬਦ ਇਕ ਹੀ ਮੂਲ ਕਾਰਨ ਜੁੜੇ ਹੋਏ ਹਨ। ਪੰਜਾਬ ਦੇ ਸ਼ਹਿਰ ਕਸੂਰ ਦੇ ਨਾਂ ਬਾਰੇ ਪ੍ਰਚਲਤ ਧਾਰਨਾ ਹੈ ਕਿ ਇਹ ਰਾਮ ਦੇ ਬੇਟੇ ਕੁਸ਼ ਤੋਂ ਬਣਿਆ ਹੈ। ਪਰ ਵਡਨੇਰਕਰ ਦੀ ਦਲੀਲ ਹੈ ਕਿ ਇਸਦਾ ਮੁੱਢ ਅਰਬੀ ਦਾ ਧਾਤੂ ਕਸਰ ਹੈ, ਜਿਸ ਦਾ ਮਤਲਬ ਕੱਟਣਾ, ਛਿਲਣਾ ਤਰਾਸ਼ਣਾ ਹੁੰਦਾ ਹੈ, ਇਸੇ ਤੋਂ ਵਿਕਸਿਤ ਹੋਕੇ ਅਰਥ ਕਿਲੇ ਬਣਾਉਣ ਵੱਲ ਚਲੇ ਗਿਆ ਹੈ। ਇਹ ਗੱਲ ਮੰਨਣਯੋਗ ਹੈ, ਕਸੂਰ ਵਿਚ 12 ਵੱਡੇ ਗੜ੍ਹੇ ਹਨ ਜੋ ਏਥੋਂ ਦੇ ਸ਼ਾਸਕਾਂ ਨੇ ਅਫਗਾਨ ਹਮਲਿਆਂ ਤੋਂ ਰੋਕਣ ਲਈ ਬਣਾਏ। ਇਤਿਹਾਸ ਵਿਚ ਹੋਰ ਵੀ ਕਈ ਕਸੂਰ ਆਉਂਦੇ ਹਨ। ਸਿੱਖਾਂ ਨੂੰ ਇਹ ਜਾਣਕੇ ਅਚੰਭਾ ਹੋਵੇਗਾ ਕਿ ਜਿਸ ਕਾਰਸੇਵਾ ਨੂੰ ਉਹ ਆਪਣੇ ਧਰਮ ਦੀ ਵਿਸ਼ੇਸ਼ਤਾ ਸਮਝਦੇ ਹਨ, ਉਹ 'ਕਰਸੇਵਾ' ਦੇ ਰੂਪ ਵਿਚ ਮਹਾਰਾਸ਼ਟਰ ਦੇ ਮੰਦਿਰਾਂ 'ਚ ਪੁਰਾਣੇ ਸਮੇਂ ਤੋਂ ਚਲ ਰਹੀ ਹੈ। ਕਾਰਸੇਵਾ ਤੋਂ ਭਾਵ ਕਾਰਜਸੇਵਾ ਜਾਂ ਸਰੋਵਰ 'ਚੋਂ 'ਕ਼ਅਰ' (ਅਰਬੀ ਸ਼ਬਦ, ਭਾਵ ਗਾਰ) ਕੱਢਣ ਦੀ ਸੇਵਾ ਨਹੀਂ ਜਿਵੇਂ 'ਮਹਾਨ ਕੋਸ਼' ਦੇ ਕਰਤਾ ਨੇ ਬਿਆਨਿਆ ਹੈ, ਬਲਕਿ ਹੱਥਾਂ (ਕਰ = ਹੱਥ) ਦੀ ਸੇਵਾ ਹੈ। ਸ਼ਬਦਾਂ ਦੇ ਅਤੀਤ ਤੋਂ ਇਹ ਗੱਲ ਭਲੀ ਭਾਂਤ ਦ੍ਰਿੜ ਹੋ ਜਾਂਦੀ ਹੈ ਕਿ ਸ਼ਬਦ ਸਹੀ ਮਾਅਨਿਆਂ ਵਿੱਚ ਮਾਨਵਜਾਤੀ ਦੀ ਏਕਤਾ ਪ੍ਰਤੱਖ ਕਰਦੇ ਹਨ। ਇਨ੍ਹਾਂ ਦੀ ਪੇਸ਼ਕਦਮੀ ਅੱਗੇ ਦੇਸ, ਧਰਮ, ਭਾਸ਼ਾ ਦੀਆਂ ਹੱਦਾਂ ਅੜਿੱਕਾ ਨਹੀਂ। ਸੋਲਾਂ ਆਨੇ ਖਰੇ ਇਹ ਝੂਠੀ ਹਉਮੈਂ 'ਤੇ ਠਾਹ ਸੋਟਾ ਮਾਰ ਦੇਂਦੇ ਹਨ। ਸੁਰਤ ਟਿਕਾਣੇ ਲਿਆਉਣ ਲਈ ਵਡਨੇਰਕਰ ਦੇ ਚਿੱਠਿਆਂ ਵਿੱਚ ਬੇਸ਼ੁਮਾਰ ਮਸਾਲਾਂ ਮੌਜੂਦ ਹਨ। ਮੈਨੂੰ ਇਹ ਲਿਖਣ ਵਿੱਚ ਕੋਈ ਹਿਚਕਚਾਹਟ ਨਹੀਂ ਕਿ ਮੈਂ ਆਪਣੇ ਲੇਖਾਂ ਵਿੱਚ ਉਸ ਦੀਆਂ ਲਿਖਤਾਂ ਤੋਂ ਵੀ ਸਹਾਇਤਾ ਲੈਂਦਾ ਹਾਂ।

ਇਹ ਨਿਬੰਧ ਲਿਖਣ ਦਾ ਸਬੱਬ ਇਸ ਲਈ ਬਣਿਆ ਕਿ ਪੜ੍ਹਨ ਵਾਲਿਆਂ ਦੀ ਸਹੂਲਤ ਲਈ ਵਡਨੇਰਕਰ ਨੇ ਬਹੁਤ ਸਾਰੇ ਚਿੱਠਿਆਂ ਨੂੰ ਸੰਕਲਿਤ ਕਰਕੇ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰ ਦਿੱਤਾ ਹੈ। ਉਸ ਦੀ ਇਹ ਪ੍ਰਾਪਤੀ ਸਿਰਫ ਹਿੰਦੀ ਲਈ ਹੀ ਲਾਹੇਵੰਦ ਨਹੀਂ ਬਲਕਿ ਭਾਰਤ ਦੀਆਂ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਲਈ ਹੈ ਕਿਉਂਕਿ ਸਭਨਾਂ ਦੀ ਮੁੱਢਲੀ ਸ਼ਬਦਾਵਲੀ ਇਕ ਹੈ। ਉਂਝ ਵੀ ਉਸਦੀਆਂ ਲਿਖਤਾਂ ਵਿਚ ਥਾਂ ਥਾਂ 'ਤੇ ਕਈ ਠੁਕਦਾਰ ਨਿਰੋਲ ਪੰਜਾਬੀ ਸ਼ਬਦਾਂ ਦੀ ਵੀ ਵਿਆਖਿਆ ਕੀਤੀ ਮਿਲਦੀ ਹੈ। ਭਾਰਤ ਵਿਚ ਅੰਗਰੇਜ਼ ਵਿਦਵਾਨ ਮੋਨੀਅਰ ਵਿਲੀਅਮਜ਼ ਨੇ ਸੰਸਕ੍ਰਿਤ ਸ਼ਬਦਾਂ ਦਾ ਇਕ ਵਿਸਤ੍ਰਿਤ ਨਿਰੁਕਤ ਤਿਆਰ ਕੀਤਾ ਸੀ ਪਰ ਸਾਡੇ ਕਿਸੇ ਦੇਸੀ ਵਿਦਵਾਨ ਨੇ ਇਸ ਪਾਸੇ ਧਿਆਨ ਘੱਟ ਹੀ ਦਿੱਤਾ ਹੈ। ਪੰਜਾਬੀ ਵਿਚ ਤਾਂ ਬਹੁਤ ਹੀ ਮਾਮੂਲੀ ਕੰਮ ਹੋਇਆ ਹੈ। ਵਡਨੇਰਕਰ ਦੇ ਇਸ ਗ੍ਰੰਥ ਵਿੱਚ ਕੋਈ 1500 ਸ਼ਬਦਾਂ ਦੀ ਨਿਰੁਕਤੀ ਉਪਲਭਦ ਹੈ। ਉਸ ਦੀ ਯੋਜਨਾ ਦਸ ਹਜ਼ਾਰ ਸ਼ਬਦਾਂ ਦੀ ਵਿਉਤਪਤੀ ਅਤੇ ਵਿਵੇਚਨਾ ਦੀ ਹੈ ਜਿਸ ਲਈ ਦੋ ਹੋਰ ਖੰਡ ਵੀ ਛਪਣ ਹਿੱਤ ਤਿਆਰ ਪਏ ਹਨ। ਨੀਲਕਮਲ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਤ ਇਸ ਪੁਸਤਕ ਦੀ ਕੀਮਤ 600 ਰੁਪਏ ਹੋਣ ਦੇ ਬਾਵਜੂਦ ਵਿਮੋਚਨ ਸਮਾਰੋਹ ਦੌਰਾਨ ਰੱਖੀਆਂ ਸਾਰੀਆਂ ਕਿਤਾਬਾਂ ਹੱਥੋ ਹੱਥ ਵਿਕ ਗਈਆਂ।

**[400-M4, Plymouth Road, Plymouth MI 48170 U.S.A.]**

# ਬੁਝਾਰਤ[ਦਰਸ਼ਨ ਸਿੰਘ]

ਦਰਸ਼ਨ ਸਿੰਘ ਦਾ ਹਰ ਨਾਵਲ ਵੱਖਰੀ ਕਿਸਮ ਦਾ ਹੁੰਦਾ ਹੈ। ਉਹ ਸਦਾ ਨਵੀਂ ਤਕਨੀਕ ਅਪਣਾਉਂਦਾ ਹੈ। ਸ਼ਾਇਦ ਉਸਦੇ ਨਾਵਲਾਂ ਦਾ ਧਰਾਤਲ ਇਕ ਦੂਜੇ ਤੋਂ ਏਨਾ ਵੱਖਰਾ ਹੁੰਦਾ ਹੈ ਕਿ ਤਕਨੀਕ ਆਪਣੇ ਆਪ ਹੀ ਬਦਲ ਜਾਂਦੀ ਹੈ। 'ਬੁਝਾਰਤ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 156, ਮੁੱਲ 175 ਰੁਪਏ) ਕਿਸੇ ਫਰਾਂਸ ਦੀ ਜੰਮੀ-ਜਾਈ ਦੋਮੇਨੀਕ ਦੀ ਕਹਾਣੀ ਹੈ ਜਿਹੜੀ ਨਾਵਲ ਦੇ ਮੈਂ ਪਾਤਰ (ਮੈਂ ਉਸਨੂੰ ਲੇਖਕ ਮੰਨਦਾ ਹਾਂ) ਨੂੰ ਸਾਇਪ੍ਰੈੱਸ ਵਿਚ ਮਿਲਦੀ ਹੈ। ਲੇਖਕ ਦੀ ਰੂਸ ਰਹਿਣ ਵੇਲੇ ਦੀ ਜਾਣੂ ਤੋਮਾ ਦੀ ਧੀ, ਮਾਸ਼ਾ ਰਾਹੀਂ ਦੋਮੇਨੀਕ ਵੀਹ ਵਰ੍ਹਿਆਂ ਦੀ ਅੱਲ੍ਹੜ ਤੇ ਮਸਤਾਨੀ ਕੁੜੀ ਸੀ ਜਦੋਂ ਉਸਦਾ ਮੋਂਤੇ ਕਾਰਲੋ ਵਿਚ ਘੁੰਮਦਿਆਂ ਚਾਲੀ ਸਾਲਾਂ ਦੇ ਜਾਰਜ ਨਾਲ ਪਿਆਰ ਪੈ ਗਿਆ। ਦੋਨਾਂ ਦਾ ਵਿਆਹ ਹੋ ਗਿਆ। ਆਪ ਜਿੰਨੀ ਅੱਲ੍ਹੜ ਸੀ, ਜਾਰਜ ਉਨਾ ਹੀ ਸਹਿਜ। ਸਮੁੰਦਰ ਦੇ ਮਸਤ ਪਾਣੀਆਂ 'ਚੋਂ ਸਹਿਜ ਸੁਭਾਅ ਲੰਘਣ ਵਾਲਾ। ਇਕ ਦਾ ਮੂਲ ਫਰਾਂਸ ਤੇ ਦੂਜੇ ਦਾ ਬਰਤਾਨੀਆ ਅਤੇ ਉਮਰਾਂ ਵਿਚ ਦੂਣੇ ਦੂਣੀ ਦਾ ਫਰਕ ਹੋਣ ਦੇ ਬਾਵਜੂਦ ਉਨ੍ਹਾਂ ਦਾ ਵਿਆਹੁਤਾ ਜੀਵਨ ਬੜਾ ਨਿੱਘਾ ਸੀ, ਅਣਪੱਤ ਵਾਲਾ, ਜਿਸਨੂੰ ਲੇਖਕ ਏਸ ਤਰ੍ਹਾਂ ਬਿਆਨ ਕਰਦਾ ਹੈ:

> ਜਾਰਜ ਬੜਾ ਬਾਂਕਾ ਹੁੰਦਾ ਸੀ। ਉਹ ਛੋਟੀ ਉਮਰੇ ਹੀ ਜਹਾਜ਼ ਦਾ ਕੈਪਟਨ ਲੱਗਾ ਹੋਇਆ ਸੀ। ਇਹ ਰਿਕਾਰਡ ਸੀ। ਪੈਂਤੀ ਵਰ੍ਹਿਆਂ ਦੀ ਉਮਰ 'ਚ ਹੀ ਕੈਪਟਨ। ਅਜੇ ਤਕ ਵੀ ਕੋਈ ਅੰਗਰੇਜ਼ ਏਡੀ ਛੋਟੀ ਉਮਰੇ ਕੈਪਟਨ ਨਹੀਂ ਲੱਗਾ। ਦੋਮੇਨੀਕ ਨੂੰ ਵੈਸੇ ਵੀ ਜਹਾਜ਼ੀ ਬੜੇ ਚੰਗੇ ਲਗਦੇ ਸਨ। ਉਹਨਾਂ ਦਾ ਸਦਾ ਮੁਹਿੰਮਾ 'ਤੇ ਚੜ੍ਹੇ ਰਹਿਣਾ, ਮੱਛਰੇ ਤੱਤਾਂ ਨਾਲ ਘੁਲਦੇ ਰਹਿਣਾ, ਸਮੁੰਦਰ ਨੂੰ ਹੰਘਾਲਦੇ ਫਿਰਨਾ, ਉਹਦੀਆਂ ਲਹਿਰਾਂ 'ਤੇ ਅਸਵਾਰ ਰਹਿਣਾ, ਦੁਮੇਲਾਂ ਨੂੰ ਨੀਝਦੇ ਰਹਿਣਾ, ਉਹਨੂੰ ਮੋਹਿਤ ਕਰਦਾ ਸੀ। ਦੋਮੇਨੀਕ ਜਾਰਜ ਨੂੰ ਮਿਲੀ ਤੇ ਮਿਲਦਿਆਂ ਹੀ ਉਹਦੇ 'ਤੇ ਫਿਦਾ ਹੋ ਗਈ। ਫੇਰ ਜਾਰਜ ਨੇ ਹੀ ਉਹਦੀਆਂ ਡਰੱਗਜ਼ ਛੁਡਾਈਆਂ। ਛੱਡੀਆਂ ਤਾਂ ਦੋਮੇਨੀਕ ਨੇ ਆਪੇ, ਪਰ ਜਾਰਜ ਨੇ ਮਦਦ ਕੀਤੀ। ਆਪਣੇ ਪਿਆਰ ਤੇ ਪਰਵਾਹ ਨਾਲ। ਦੋਮੇਨੀਕ ਏਸ ਗੱਲੋਂ ਉਹਦੀ ਬੜੀ ਸ਼ੁਕਰਗੁਜ਼ਾਰ ਏ।

ਮੈਂ ਪਾਤਰ ਵਿਚਲੇ ਲੇਖਕ ਦੇ ਮਨ ਵਿਚ ਵੀ ਦੋਮੇਨੀਕ ਵਸੀ ਹੋਈ ਸੀ, ਭਾਵੇਂ ਉਹ ਹਰ ਪੱਖੋਂ ਹੋਰ ਤਰ੍ਹਾਂ ਦੀ ਸੀ। ਉਹਦਾ ਇਕ ਪੈਰ ਅੱਗੇ ਸੀ ਤੇ ਇਕ ਪਿੱਛੇ। ਜਗਦੀ ਸੀ ਤੇ ਬੁਝਦੀ ਸੀ। ਚਾਹੁੰਦਿਆਂ, ਨਾ-ਚਾਹੁੰਦਿਆਂ, ਅਚੇਤੇ ਸੁਚੇਤੇ, ਜ਼ਿੰਦਗੀ ਦਾ ਬੜਾ ਕੁਝ ਪਰਖ ਰਹੀ ਸੀ। ਵਟਾ-ਵਟਾ ਉਹਦਾ ਅਸਰ ਵੇਖਦੀ ਸੀ। ਇਕ ਰੂਪ ਸੀ: ਅਲਗਰਜ਼, ਬੇ-ਪਰਵਾਹ, ਹਵਾ 'ਚ ਜ਼ੁਲਫਾਂ ਉਡਾਣ ਵਾਲਾ। ਇਕ ਗਹਿਰ, ਗੰਭੀਰ, ਜ਼ਿੰਮੇਵਾਰ, ਜਹਾਜ਼ਾਂ ਦੀ ਕੰਪਨੀ ਚਲਾਣ ਵਾਲਾ। ਇਕ ਸੀ ਗੱਟ-ਗੱਟ ਜਿੰਨ ਪੀਣ ਵਾਲਾ, ਸਿਗਰਟਾਂ ਫੂਕਣ ਵਾਲਾ। ਇਕ ਸੀ, ਸਰੂਰੇ ਜਾਣ 'ਤੇ ਸਭ ਕੁਝ ਭੁੱਲ ਜਾਣ ਵਾਲਾ। ਇਕ ਹੋਰ ਸੀ ਖੁਸ਼ੀ ਦੇ ਕੁਝ ਵਰਜਿਤ ਪਲ ਚੁਰਾਣ ਵਾਲਾ। ਇਕ ਰੂਪ ਮਾਂ ਬਣਨ ਦੀ ਲਾਲਸਾ ਵਾਲਾ ਸੀ। ਬੜੇ ਹੀ ਰੂਪ ਸਨ। ਲੇਖਕ ਨੂੰ ਦੋਮੇਨੀਕ ਦੀ ਇਹ ਬਹੁਰੂਪਤਾ ਖਿੱਚ ਪਾਉਂਦੀ ਸੀ।

ਲੇਖਕ ਨੂੰ ਉਸਦੇ ਬਹੁਤ ਨੇੜੇ ਹੋਣ ਦਾ ਅਵਸਰ ਉਦੋਂ ਮਿਲਿਆ ਜਦੋਂ ਉਹ ਸਾਇਪ੍ਰੈਸ ਵਿਚ ਉਸਦੇ ਤੇ ਮਾਸ਼ਾ ਦੇ ਅੰਗ ਸੰਗ ਰਿਹਾ। ਉਦੋਂ ਜਦੋਂ ਉਹ ਚਾਲੀ ਵਰ੍ਹੇ ਦੀ ਹੋ ਗਈ ਸੀ ਤੇ ਜਾਰਜ ਸੱਠਾਂ ਦਾ। ਜਦੋਂ ਚਾਲੀ ਦੀਆਂ ਪੱਛਮੀ ਔਰਤਾਂ ਨੂੰ ਸੱਠਾਂ ਦੇ ਮਰਦ ਬੁੱਢੇ ਲੱਗਣ ਲੱਗ ਜਾਂਦੇ ਨੇ। ਜਦੋਂ ਉਹ ਸਾਂਝੇ ਮਿੱਤਰਾਂ ਦੇ ਘਰ ਪਾਰਟੀ 'ਤੇ ਗਈਆਂ ਲੋੜ ਤੋਂ ਵੱਧ ਦਾਰੂ ਪੀਣ ਲੱਗ ਜਾਂਦੀਆਂ ਨੇ। ਜਦੋਂ ਉਹਨਾਂ ਦਾ ਇਹ ਵਤੀਰਾ ਉਹਨਾਂ ਦੇ ਪਤੀਆਂ ਤੇ ਪੁੱਤਰਾਂ ਨੂੰ ਪ੍ਰੇਸ਼ਾਨ ਕਰਨ



ਲਗਦਾ ਹੈ। ਉਦੋਂ ਜਦੋਂ ਚੰਗਾ ਭਲਾ ਬੰਦਾ ਬੁਝਾਰਤ ਬਣ ਜਾਂਦਾ ਹੈ।

ਦਰਸ਼ਨ ਸਿੰਘ ਆਪਣੇ ਨਾਵਲ ਦੀ ਕਹਾਣੀ ਨੂੰ ਏਸ ਥਾਂ ਤੋਂ ਚੁੱਕਦਾ ਹੈ। ਉੱਤਮ ਪੁਰਖ ਵਿਚ ਸਾਰੀ ਕਹਾਣੀ ਆਪ ਦੱਸਦਾ ਹੈ। ਪਰਦੇਸੀ ਘਟਨਾਵਾਂ ਨੂੰ ਦੇਸੀ ਪੁੱਠ ਦੇ ਕੇ। ਆਪਣੇ ਸਫਰਾਂ ਨੂੰ ਪਾਤਰਾਂ ਦੇ ਸਫਰਾਂ ਨਾਲ ਤੋਰ ਕੇ ਤੇ ਆਪਣੀ ਬੀਵੀ, ਬੀਰੀ, ਦੀਆਂ ਟਿੱਪਣੀਆਂ ਵਿਚ ਸੰਜੋ ਕੇ। ਇਸਨੂੰ ਪੜ੍ਹਨ ਤੇ ਮਾਨਣ ਲਈ ਪਾਠਕਾਂ ਨੂੰ ਪਾਤਰਾਂ ਦੇ ਨਾਲ ਤੁਰਨਾ ਪੈਂਦਾ ਹੈ। ਲੇਖਕ ਇਹਨਾਂ ਪਾਤਰਾਂ ਨੂੰ ਕਿਵੇਂ ਦੇਖਦਾ ਹੈ, ਉਸਦੀਆਂ ਮਾਸ਼ਾ ਤੇ ਉਸਦੀ ਮਾਂ ਤੋਮਾ ਬਾਰੇ ਅੰਕਤ ਟਿੱਪਣੀਆਂ ਤੋਂ ਵੀ ਸਪਸ਼ਟ ਹੈ:

> ਮੈਨੂੰ ਮਾਸ਼ਾ ਦੀ ਸ਼ੈਲੀ ਖਿੱਚ ਪਾਉਂਦੀ ਹੈ। ਉਸਦੀ ਪਹਿਲੀਆਂ ਦੀ ਮੁਥਾਜੀ ਤੇ ਗ਼ੁਰਬਤ ਤੋਂ ਬਦਲਾ ਲੈਣ ਦੀ ਸ਼ੈਲੀ। ਉਹਨਾਂ ਨੂੰ ਸਬਕ ਸਿਖਾਣ ਦੀ ਸ਼ੈਲੀ। ਜ਼ਿੰਦਗੀ ਨੂੰ ਪੂਰਾ ਜਿਊਣ ਦੀ ਸ਼ੈਲੀ। ਉਹਦਾ ਸਾਰਾ ਸਤ ਕਢ ਲੈਣ ਦੀ ਸ਼ੈਲੀ। ਦਿਨੇ-ਰਾਤੀਂ ਤਿੰਨ ਵਾਰੀ ਸਜਣ-ਸਜਾਣ ਦੀ ਸ਼ੈਲੀ। ਦਿਨ-ਰਾਤ ਨੂੰ ਤਿੰਨ ਤਿੰਨ ਵਾਰੀ ਭੋਗਣ ਦੀ ਸ਼ੈਲੀ। ਪੈਸੇ ਨੂੰ ਰੋਲਣ, ਬੇਇੱਜ਼ਤ ਕਰਨ, ਉਹਨੂੰ ਉਹਦੀ ਔਕਾਤ ਵਿਖਾਣ ਦੀ ਸ਼ੈਲੀ। ਮੇਰਾ ਜੀਅ ਕਰਦਾ, ਏਸ ਸ਼ੈਲੀ ਦੀਆਂ ਝਲਕਾਂ ਫਿਰ ਵੇਖਾਂ। ਉਹਦੇ 'ਚ ਮੇਰੇ ਲਈ ਜੋ ਸੁਨੇਹੇ ਹਨ, ਉਹਨਾਂ ਨੂੰ ਬਾਰ ਬਾਰ ਸੁਣਾਂ।

ਉਂਝ ਮਾਸ਼ਾ ਤੇ ਤੋਮਾ ਦੀ ਆਵਾਜ਼, ਰਹਿਣੀ-ਸਹਿਣੀ, ਸਜ ਧਜ ਤੇ ਪਹਿਨਣ ਖਾਣ ਵਿਚ ਬੜਾ ਅੰਤਰ ਸੀ। ਉਹ ਰੂਸ ਵੇਲੇ ਦੀ ਸਾਂਝ ਕਾਰਨ ਲੇਖਕ ਨਾਲ ਜੁੜੀਆਂ ਹੋਈਆਂ ਸਨ। ਲੇਖਕ ਤੇ ਉਸਦੀ ਬੀਵੀ ਉਨ੍ਹਾਂ ਦੇ ਬੀਤੇ ਸਮੇਂ ਅਤੇ ਅੱਜ ਵਿਚਕਾਰ ਇਕ ਤਰ੍ਹਾਂ ਦਾ ਪੁਲ ਸਨ। ਉਹ ਇਸ ਪੁਲ ਉੱਤੋਂ ਦੀ ਅੱਗੇ ਪਿੱਛੇ ਜਾ ਸਕਦੀਆਂ ਸਨ। ਉਹ ਕੁਝ ਲੱਭ ਸਕਦੀਆਂ ਸਨ ਜੋ ਉਨ੍ਹਾਂ ਕੋਲ ਨਹੀਂ ਸੀ ਰਿਹਾ।

ਲੇਖਕ ਦੀ ਦਿਲਚਸਪੀ ਹੋਰ ਸੀ। ਉਸ ਨੂੰ ਉਹਨਾਂ ਕੋਲੋਂ ਦੋਮੇਨੀਕ ਬਾਰੇ ਜਾਣਕਾਰੀ ਮਿਲਦੀ ਸੀ। ਉਸ ਬਾਰੇ ਜੋ ਸਭ ਤੋਂ ਵੱਖਰੀ ਸੀ। ਇਹੋ ਕਾਰਨ ਹੈ ਕਿ ਲੇਖਕ ਨੂੰ ਆਪਣੇ ਸ਼ਹਿਰ ਦਿੱਲੀ ਆ ਕੇ ਵੀ ਮੁੜ ਸਾਇਪ੍ਰੈੱਸ ਜਾਣ ਦੀ ਧੁਖਧੁਖੀ ਲੱਗੀ ਰਹਿੰਦੀ। ਉਸਨੇ ਸਾਇਪ੍ਰੈੱਸ ਵਿਚ ਪੰਜ ਸਾਲ ਵਾਸਤੇ ਟੂਰਿਸਟ ਕਲੱਬ ਦੀ ਮੈਂਬਰੀ ਲੈ ਰੱਖੀ ਸੀ। ਜਾਣਾ ਤਾਂ ਹੁੰਦਾ ਹੀ ਸੀ ਪਰ ਮਾਸ਼ਾ ਤੇ ਦੋਮੇਨੀਕ ਦੀ ਸੰਗਤ ਵਿਚ ਵਕਤ ਚੰਗਾ ਲੰਘ ਜਾਂਦਾ ਸੀ।

ਇਹਨਾਂ ਪਾਤਰਾਂ ਤੋਂ ਬਿਨਾਂ ਲੇਖਕ ਨੂੰ ਸਮੁੰਦਰ ਵੀ ਵਾਜਾਂ ਮਾਰਦਾ ਰਹਿੰਦਾ ਸੀ। ਲੇਖਕ ਤੇ ਉਸਦੀ ਬੀਵੀ ਬੀਰੀ ਨੰਗੇ ਪੈਰੀਂ ਸਮੁੰਦਰ ਦੇ ਕੰਢੇ ਘੁੰਮਦੇ ਸਨ। ਉਹਦੀਆਂ ਛੱਲਾਂ ਨੂੰ ਵੇਖ ਦੇ ਸਨ। ਛੱਲਾਂ ਵੀ ਉਨ੍ਹਾਂ ਵੱਲ ਝਪਟ ਕੇ ਸਮੁੰਦਰ ਦੇ ਕੰਢੇ ਬੈਠਿਆਂ ਦੇ ਤਲਿਆਂ ਨੂੰ ਛੂਹ ਜਾਂਦੀਆਂ ਸਨ। ਗਿੱਟਿਆਂ ਨੂੰ ਜੀਭ ਲਾ ਜਾਂਦੀਆਂ। ਪਿੰਡਲੀਆਂ ਨੂੰ ਭਿਉਂ ਜਾਂਦੀਆਂ। ਏਸ ਤਰ੍ਹਾਂ ਉੱਪਰ ਦੱਸੇ ਪਾਤਰਾਂ ਤੋਂ ਬਿਨਾਂ ਲੇਖਕ ਲਈ ਸਮੁੰਦਰ ਵੀ ਇਕ ਪਾਤਰ ਸੀ। ਉਹ ਮੱਛਰੇ ਹੋਏ ਸਮੁੰਦਰ ਨੂੰ ਟੂਰਿਸਟਾਂ ਦੇ ਮੋਹ ਵਿਚ ਪਸੀਜਦਾ ਦਿਖਾਉਂਦਾ ਹੈ। ਪਸੀਜਿਆ ਹੋਇਆ ਸਮੁੰਦਰ ਹਵਾ ਦੇ ਕੰਨ ਵਿਚ ਕੁਝ ਕਹਿੰਦਾ ਹੈ ਤਾਂ ਹਵਾ ਮੱਠੀ ਪੈ ਜਾਂਦੀ ਹੈ ਤੇ ਸਮੁੰਦਰ ਵੀ ਛੱਲਾਂ ਦੀਆਂ ਲਗਾਮਾਂ ਕੱਸ ਲੈਂਦਾ ਹੈ।

ਲੇਖਕ ਨੇ ਆਪਣੀ ਨਾਇਕਾ ਨੂੰ ਇਹਨਾਂ ਸਾਰਿਆਂ ਦੇ ਨਾਲ ਵਿਚਰਦੇ ਵਿਖਾਇਆ ਹੈ। ਟੈਂਕਰ ਦੇ ਉਸ ਕਪਤਾਨ ਨਾਲ ਵੀ ਜਿਸਦਾ ਨਾਂ ਗਿਆਰਗੀ ਹੈ ਤੇ ਜਿਹੜਾ ਦੋਮੇਨੀਕ ਨਾਲ ਕੰਮ ਕਰਦਾ ਹੋਇਆ ਉਸਦੇ ਬਹੁਤ ਨੇੜੇ ਰਿਹਾ ਹੈ। ਉਸਦੇ ਸਾਇਪ੍ਰੈੱਸ ਆ ਜਾਣ ਤੋਂ ਪਿੱਛੋਂ ਵੀ ਦੂਰ ਦੁਰਾਡੇ ਦੇਸ਼ਾਂ ਵਿਚ ਉਸਨੂੰ ਮਿਲਣ ਦਾ ਹੀਲਾ ਤੇ ਵਸੀਲਾ ਬਣਾਉਂਦਾ ਰਿਹਾ ਹੈ। ਉਦੋਂ ਵੀ ਜਦੋਂ ਦੋਮੇਨੀਕ ਪਤੀ ਜਾਰਜ ਤੋਂ ਉਪਰਾਮ ਹੋ ਕੇ ਹੋਰਨਾਂ ਨਾਲ ਉਲਝੀ ਰਹਿੰਦੀ ਸੀ। ਏਨੀ ਜ਼ਿਆਦਾ ਕਿ ਉਸਦੀ ਸਹੇਲੀ ਮਾਸ਼ਾ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਸੀ। ਦੋਮੇਨੀਕ ਨੇ ਮਾਸ਼ਾ ਦੀ ਇਕ ਨਹੀਂ ਸੀ ਸੁਣੀ ਤੇ ਤੋੜ ਕੇ ਉੱਤਰ ਦਿੱਤਾ ਸੀ, 'ਮੈਨੂੰ ਫਰਕ ਨਹੀਂ ਪੈਂਦਾ। ਮੈਂ ਫ੍ਰਾਂਸੀਸਣ ਹਾਂ।

ਮੇਰੇ ਲਈ ਇਹ ਕੋਈ ਏਡੀ ਗੱਲ ਨਹੀਂ।' ਦਿਲਚਸਪ ਗੱਲ ਇਹ ਕਿ ਤਣਾ ਤਣੀ ਦੇ ਏਸ ਮਾਹੌਲ ਵਿਚ ਦੋਮੇਨੀਕ ਨੇ ਜਾਰਜ ਨੂੰ ਬੁੱਢੇ-ਵਾਰੇ ਇਕ ਹੋਰ ਬੱਚਾ ਪੈਦਾ ਕਰਨ ਲਈ ਵੀ ਰਾਜ਼ੀ ਕਰ ਲਿਆ। ਸ਼ਾਇਦ ਉਹ ਸਮਝਦੀ ਸੀ ਕਿ ਬੱਚੇ ਦੀ ਆਮਦ ਤ੍ਰੇੜਾਂ ਮੇਟ ਦੇਵੇਗੀ। ਤ੍ਰੇੜਾਂ ਨੇ ਮਿਟਣਾ ਸੀ ਜਾਂ ਨਹੀਂ ਲੇਖਕ ਨੇ ਦੋਮੇਨੀਕ ਦੀ ਉਮੀਦਵਾਰੀ ਦੇ ਦਿਨਾਂ ਵਿਚ ਜਾਰਜ ਨੂੰ ਅੰਤਾਂ ਦਾ ਖੁਸ਼ ਦਿਖਾਇਆ ਹੈ। ਜੌਹਨੀ ਦੇ ਆਉਣ ਤੋਂ ਪਿੱਛੋਂ ਦੋਮੇਨੀਕ ਤੇ ਜਾਰਜ ਦੀਆਂ ਤ੍ਰੇੜਾਂ ਮਿਟਦੀਆਂ ਸਨ ਜਾਂ ਨਹੀਂ ਕਿਸੇ ਨੂੰ ਵਿਸ਼ਵਾਸ ਨਹੀਂ ਸੀ। ਮਾਸ਼ਾ ਤੇ ਲੇਖਕ ਦੀ ਬੀਵੀ ਬੀਰੀ ਨੂੰ ਵੀ ਨਹੀਂ। ਏਥੋਂ ਤਕ ਕਿ ਜਦੋਂ ਬੀਰੀ ਆਪਣੇ ਮਨ ਦਾ ਸ਼ੰਕਾ ਲੇਖਕ ਨਾਲ ਸਾਂਝਾ ਕਰਦੀ ਹੈ ਤਾਂ ਲੇਖਕ ਉਸਨੂੰ ਝਿੜਕ ਦਿੰਦਾ ਹੈ, 'ਕੁਝ ਨਹੀਂ ਹੁੰਦਾ। ਜੋ ਕਰੇਗੀ ਸੋ ਭਰੇਗੀ।'

ਬੀਵੀ ਤਾਂ ਚੁੱਪ ਹੋ ਗਈ ਪਰ ਲੇਖਕ ਦੇ ਮਨ ਵਿਚ ਆਪਣੀ ਮਾਂ ਤੋਂ ਸੁਣੀ ਹੋਈ ਉਹ ਬੁਝਾਰਤ ਖੌਰੂ ਪਾਉਣ ਲੱਗੀ ਜਿਸ ਵਿਚ ਕਿਸੇ ਨੇ ਬੇੜੀ ਚੜ੍ਹ ਕੇ ਦਰਿਆ ਦੇ ਪਾਰ ਜਾਣਾ ਸੀ। ਉਹਦੇ ਕੋਲ ਇਕ ਬੱਕਰੀ ਸੀ। ਇਕ ਸ਼ੇਰ ਤੇ ਇਕ ਘਾਹ ਦੀ ਪੰਡ। ਬੇੜੀ ਵਾਲੇ ਦੀ ਸ਼ਰਤ ਸੀ ਕਿ ਉਹ ਇਕ ਸਮੇਂ ਆਪਣੇ ਨਾਲ ਇਕ ਹੀ ਚੀਜ਼ ਲਿਜਾ ਸਕਦਾ ਸੀ। ਜੇ ਉਹ ਪੰਡ ਲੈ ਕੇ ਜਾਂਦਾ ਸੀ ਤਾਂ ਪਿੱਛੋਂ ਸ਼ੇਰ ਬਕਰੀ ਨੂੰ ਖਾ ਜਾਂਦਾ ਸੀ, ਜੇ ਸ਼ੇਰ ਲੈ ਕੇ ਜਾਂਦਾ ਸੀ ਤਾਂ ਬੱਕਰੀ ਘਾਹ ਦੀ ਪੰਡ ਖਾ ਜਾਂਦੀ ਸੀ। ਪਰਲੇ ਕੰਢੇ ਵੀ ਸ਼ੇਰ ਤੇ ਬੱਕਰੀ ਜਾਂ ਬੱਕਰੀ ਤੇ ਘਾਹ ਇਕੱਲੇ ਨਹੀਂ ਸੀ ਛੱਡੇ ਜਾ ਸਕਦੇ। ਜਦੋਂ ਲੇਖਕ ਨੂੰ ਪੂਰਾ ਜ਼ੋਰ ਲਾਉਣ 'ਤੇ ਵੀ ਇਸ ਮਸਲੇ ਦਾ ਕੋਈ ਹੱਲ ਨਾ ਲੱਭਦਾ ਤਾਂ ਮਾਂ ਅਜਿਹਾ ਤਰੀਕਾ ਦੱਸਦੀ ਜਿਸ ਨਾਲ ਬੱਕਰੀ ਤੇ ਸ਼ੇਰ ਵੀ ਇਕੱਲੇ ਨਾ ਰਹਿੰਦੇ ਅਤੇ ਬੱਕਰੀ ਤੇ ਘਾਹ ਵੀ।

ਲੇਖਕ ਦੇ ਸ਼ਬਦਾਂ ਵਿਚ 'ਜ਼ਿੰਦਗੀ ਨੇ ਦੋਮੇਨੀਕ ਨੂੰ ਵੀ ਕੋਈ ਏਸ ਤਰ੍ਹਾਂ ਦੀ ਬੁਝਾਰਤ ਪਾਈ ਹੋਈ ਸੀ। ਪਰ ਇਹ ਮਾਂ ਦੀ ਬੁਝਾਰਤ ਜਿੰਨੀ ਸਰਲ ਨਹੀਂ ਸੀ ਲਗਦੀ। ਇਹਦੇ 'ਚ ਇਕ ਨਹੀਂ ਕਈ ਘੁੰਡੀਆਂ ਸਨ। ਮੈਂ ਸੋਚ ਰਿਹਾ ਸਾਂ, ਦੋਮੇਨੀਕ ਇਹ ਘੁੰਡੀਆਂ ਕਿਵੇਂ ਖੋਲ੍ਹੇਗੀ। ਮੇਰੀ ਮਦਦ ਤਾਂ ਮੇਰੀ ਮਾਂ ਨੇ ਕੀਤੀ। ਦੋਮੇਨੀਕ ਦੀ ਮਦਦ ਕੌਣ ਕਰੇਗਾ? ਉਹਦੇ ਦਰਿਆ 'ਚ ਤਾਂ ਕਾਂਗ ਆਈ ਹੋਈ ਏ। ਉਹਦਾ ਪਾਰ ਵੀ ਨਹੀਂ ਦਿਸਦਾ। ਉਹਦੀ ਬੇੜੀ 'ਚ ਛੇਕ ਨੇ। ਉਹਦੇ ਚੱਪੂ ਸਾਬਤ ਨਹੀਂ। ਉਹਦੇ 'ਤੇ ਇਕ ਨਹੀਂ, ਕਈ ਬੰਦਸ਼ਾਂ ਨੇ। ਉਹਦਾ ਸਾਮਾਨ ਵੀ ਜ਼ਿਆਦਾ ਏ। ਕੰਢੇ 'ਤੇ ਕਈ ਢੇਰੀਆਂ ਲੱਗੀਆਂ ਹੋਈਆਂ ਨੇ।

ਇਸ ਤੋਂ ਪਿੱਛੋਂ ਲੇਖਕ ਅੱਖਾਂ ਬੰਦ ਕਰ ਦੋਮੇਨੀਕ ਤੇ ਉਹਦੀਆਂ ਫੇਰੀਆਂ ਨੂੰ ਚਿਤਵਣ ਲਗਦਾ ਹੈ: ਸਭ ਤੋਂ ਪਹਿਲਾਂ ਜਾਰਜ ਏ। ਨਹੀਂ, ਜਾਰਜ ਨਹੀਂ, ਪਹਿਲੋਂ ਤਾਂ ਗਿਆਰਗੀ ਏ, ਉਹਦਾ ਪ੍ਰੇਮੀ। ਫੇਰ ਜਾਰਜ ਏ। ਉਹਦੇ ਬੜੇ ਸਾਰੇ ਅਹਿਸਾਨ ਨੇ, ਜਿਹੜੇ ਉਹਨੇ ਦੋਮੇਨੀਕ ਸਿਰ ਚੜ੍ਹਾਏ ਹੋਏ ਨੇ। ਉਹਨੇ ਹੀ ਕਦੀ ਉਹਨੂੰ ਜ਼ਿੰਦਗੀ ਦੇ ਖੋਭਿਆਂ 'ਚੋਂ ਕੱਢਿਆ ਸੀ ਤੇ ਹਰੀਆਂ ਚਰਾਂਦਾ 'ਚ ਲੈ ਆਂਦਾ ਸੀ। ਹੁਣ ਉਹ ਬੀਮਾਰ ਏ। ਬੁੱਢਾ ਏ। ਬੁਸਿਆ ਹੋਇਆ ਏ। ਬੋਲਦਾ ਬੜਾ ਏ। ਸਭ ਤੋਂ ਪਹਿਲਾਂ ਉਹਨੂੰ ਹੀ ਪਾਰ ਲਿਜਾਣਾ ਚਾਹੀਦੈ। ਪਰ ਇਕ ਵਾਰੀ ਪਾਰ ਲਿਜਾ, ਪਤਾ ਨਹੀਂ, ਉਹਨੂੰ ਕਿੰਨੀ ਵਾਰ ਉਰਾਰ ਲਿਆਣਾ ਪਵੇ। ਸ਼ਾਇਦ ਉਹਨੂੰ ਪਹਿਲੇ ਫੇਰੇ ਪਾਰ ਲਿਜਾਣਾ ਹੀ ਨਹੀਂ ਚਾਹੀਦਾ। ਠੀਕ ਸਮਝ ਨਹੀਂ ਸੀ ਪੈ ਰਹੀ।

ਫੇਰ ਟਾਮ ਏ। ਉਹਦਾ ਵੱਡਾ ਪੁੱਤਰ। ਜਾਰਜ ਉਹਦੇ ਨਾਲ ਬੜਾ ਸਖਤ ਏ। ਦੋਮੇਨੀਕ ਉਹਨੂੰ ਕਦੀ ਵੀ ਜਾਰਜ ਕੋਲ 'ਕੱਲਿਆਂ ਨਹੀਂ ਛੱਡਣਾ ਚਾਹੁੰਦੀ। ਬਿਲਕੁਲ ਸ਼ੇਰ ਤੇ ਬੱਕਰੀ ਜਾਂ ਬੱਕਰੀ ਤੇ ਘਾਹ ਵਾਲਾ ਮਾਮਲਾ ਏ। ਟਾਮ ਨੇ ਉਹਦੇ ਨਾਲ ਵਾਇਦਾ ਕੀਤਾ ਹੋਇਆ ਏ ਕਿ ਹੁਣ ਜਦੋਂ ਅਗਲੀ ਜਮਾਤ ਤੋਂ ਉਹ ਫਰਾਂਸੀਸੀ ਪੜ੍ਹਨ ਲੱਗ ਪਏਗਾ, ਉਹ ਉਹਦੇ ਨਾਲ ਫਰਾਂਸੀਸੀ ਬੋਲੇ ਗਾ। ਹਮੇਸ਼ਾ ਉਹਦੇ ਨਾਲ ਫਰਾਂਸੀਸੀ 'ਚ ਹੀ ਗੱਲ ਕਰਿਆ ਕਰੇਗਾ। ਉਹਨੇ ਟਾਮ ਨੂੰ ਕਿਹਾ ਵੀ



ਹੋਇਆ ਸੀ, ਜਦੋਂ ਉਹ ਫਰਾਂਸੀਸੀ ਬੋਲਣ ਲੱਗ ਪਏਗਾ, ਉਹ ਉਹਨੂੰ ਫਰਾਂਸ ਲੈ ਜਾਵੇਗੀ। ਪੜਨਾਨੀ, ਨਾਨੇ ਨਾਨੀ ਤੇ ਮਾਸੀ ਨਾਲ ਮਿਲਾਏਗੀ। ਕੀ ਅਜੇ ਉਹ ਆਪਣੇ ਏਸ ਟਾਮ ਨੂੰ ਉਰਾਰ ਹੀ ਰਹਿਣ ਦੇਵੇ? ਪਹਿਲੋਂ ਅਜੇ ਫਰਾਂਸੀਸੀ ਬੋਲਣੀ ਸਿੱਖ ਲੈਣ ਦੇਵੇ?

ਫੇਰ ਜੋਹਨੀ ਏ। ਉਹਦਾ ਛੋਟਾ ਪੁੱਤਰ। ਸਿੱਕ-ਸਿੱਕ ਹੋਇਆ। ਤੋਤਲਾ। ਉਹਦਾ ਖਿਡੌਣਾ। ਉਹਦੇ ਨਾਲ ਉਹ ਫਰਾਂਸੀਸੀ ਬੋਲਦੀ ਏ। ਉਹ ਸਮਝ ਲੈਂਦਾ ਏ। ਜਵਾਬ 'ਚ ਉਹ ਆਪਣੀ ਊਂ-ਊਂ ਫਰਾਂਸੀਸੀ 'ਚ ਹੀ ਕਰਦਾ ਏ। ਪਰ ਅਜੇ ਪੂਰੀ ਗੱਲ ਨਹੀਂ ਕਰਦਾ। ਉਹਦੇ ਹੁੰਦਿਆਂ ਹੀ ਉਹਦਾ ਪਿਉ ਬੁੱਢਾ ਹੋ ਗਿਆ ਏ ਤੇ ਮਾਂ ਜਵਾਨ। ਇਹ ਕੀ ਕੌਤਕ ਏ? ਦੋਮੇਨੀਕ ਨੇ ਉਹਨੂੰ ਜ਼ਿੱਦ ਕਰਕੇ ਏਸ ਦੁਨੀਆਂ 'ਚ ਲਿਆਂਦਾ ਏ। ਜਾਰਜ ਤਾਂ ਮੰਨਦਾ ਨਹੀਂ ਸੀ। ਅਜੇ ਉਹ ਵਿਚਾਰਾ ਆਪੇ ਠੀਕ ਤਰ੍ਹਾਂ ਖਾ ਵੀ ਨਹੀਂ ਸਕਦਾ। ਦੋਮੇਨੀਕ ਨੂੰ ਉਹ ਯਾਦ ਵੀ ਬੜਾ ਆਉਂਦੈ। ਹਰ ਥਾਂ। ਦਫਤਰ ਵੀ। ਹਰ ਵਕਤ। ਉਦੋਂ ਵੀ, ਜਦੋਂ ਉਹ ਟੂਰ 'ਤੇ ਗਈ ਹੁੰਦੀ ਏ। ਉਦੋਂ ਸਗੋਂ ਜ਼ਿਆਦਾ ਯਾਦ ਆਉਂਦੈ। ਉਹ ਉਹਨੂੰ ਪਹਿਲ ਫੇਰੇ ਪਾਰ ਲਿਜਾਣਾ ਚਾਹੁੰਦੀ ਏ। ਬੇੜੀ 'ਚ ਬਿਠਾ ਕੇ ਨਹੀਂ। ਕੁੱਛੜ ਚੁੱਕ ਕੇ। ਝੂੰਗੇ ਵਾਂਗ। ਪਰ ਬੰਦਸ਼ਾਂ ਨੇ। ਝੂੰਗਾ ਵਰਜਿਤ ਏ। ਉਹ ਉਹਨੂੰ ਬਿਠਾ ਸਕਦੀ ਏ, ਜਾਂ ਕਿਸੇ ਹੋਰ ਨੂੰ।

ਫੇਰ ਗਿਆਰਗੀ ਏ। ਪਤਾ ਨਹੀਂ ਸੀ ਲਗਦਾ, ਉਹ ਆਰ ਏ ਕਿ ਪਾਰ। ਉਹ ਪੱਕਾ ਪੱਲਾ ਨਹੀਂ ਫੜਾਂਦਾ। ਕਹਿੰਦਾ ਏ, ਪਹਿਲੋਂ ਮੈਨੂੰ ਵਹੁਟੀ ਨੂੰ ਕਿਸੇ ਪਾਰ ਛੱਡ ਆਉਣ ਦੇ। ਕਦੋਂ ਛੱਡੇਗਾ, ਇਹ ਵੀ ਨਹੀਂ ਦੱਸਦਾ। ਕਦੀ-ਕਦੀ ਉਹ ਆਪਣੀ ਧੀ ਦਾ ਝੂੰਗਾ ਵੀ ਮੰਗਦਾ ਏ। ਇਹ ਵੀ ਨਹੀਂ ਸੋਚਦਾ, ਦੋਮੇਨੀਕ ਬਹੁਤਾ ਉਡੀਕ ਨਹੀਂ ਸਕਦੀ। ਪਾਣੀ ਵਹਿੰਦਾ ਜਾ ਰਿਹਾ ਏ। ਜਿਹੜਾ ਇਕ ਵਾਰੀ ਵਹਿ ਗਿਆ ਏ, ਉਹਨੇ ਪਰਤ ਕੇ ਨਹੀਂ ਆਉਣਾ। ਗਿਆਰਗੀ ਹੈ ਵੀ ਬੜਾ ਤਿਲਕਣਾ ਏ। ਜੇ ਦੋਮੇਨੀਕ ਉਹਨੂੰ ਏਸ ਕੰਢੇ ਛੱਡ ਕਿਸੇ ਹੋਰ ਨੂੰ ਪਾਰ ਲੈ ਜਾਵੇ ਤਾਂ ਹੋ ਸਕਦਾ ਏ ਕਿ ਜਦੋਂ ਉਹ ਵਾਪਸ ਉਰਾਰ ਆਵੇ, ਓਥੇ ਗਿਆਰਗੀ ਹੋਵੇ ਹੀ ਨਾ। ਪਿੱਛੇ ਪਰਤ ਗਿਆ ਹੋਵ। ਜਾਂ ਕਿਸੇ ਹੋਰ ਬੇੜੀ ਚੜ੍ਹ ਗਿਆ ਹੋਵੇ।

ਇਸ ਗੁੰਝਲਾਂ ਦੋਮੇਨੀਕ ਨਾਲੋਂ ਲੇਖਕ ਦੇ ਮਨ ਵਿਚ ਵਧੇਰੇ ਵਸੀਆਂ ਹੋਈਆਂ ਹਨ। ਇਹਨਾਂ ਦਾ ਹੱਲ ਦੋਮੇਨੀਕ ਨੇ ਖੁਦ ਹੀ ਲੱਭਣਾ ਹੈ। ਲੇਖਕ ਦੀ ਬੀਵੀ ਵੱਲੋਂ ਕੀਤੇ ਪ੍ਰਸ਼ਨ ਦੇ ਉਸ ਉੱਤਰ ਵਾਂਗ ਜਿਹੜਾ ਲੇਖਕ ਦੇ ਹੀ ਚੁੱਕਾ ਹੈ। ਲੇਖਕ ਦੀ ਖਿਝ ਵਿਚ ਦੋਮੇਨੀਕ ਦੀ ਸਮਰੱਥਾ ਛੁਪੀ ਹੋਈ ਹੈ। ਉਸਨੇ ਇਹਨਾਂ ਉਲਝਣਾਂ ਵਿਚੋਂ ਨਿਕਲ ਆਉਣਾ ਹੈ।

ਮੈਂ ਵੀ ਲੇਖਕ ਦੇ ਨਾਲ ਵਹਿ ਤੁਰਿਆ ਹਾਂ। ਏਸ ਬੁਝਾਰਤ ਨੂੰ ਬੁਝਾਰਤ ਨਹੀਂ ਜੀਵਨ ਦੀ ਜਾਚ ਵਜੋਂ ਦੇਖਣਾ ਚਾਹੀਦਾ। ਕਿਸੇ ਹੋਰ ਭਾਈਚਾਰੇ, ਕਿਸੇ ਹੋਰ ਦੇਸ਼, ਕਿਸੇ ਹੋਰ ਕਿੱਤੇ ਦੀ ਉਪਜ। ਇਕ ਨਵੀਂ ਤੇ ਨਿਵੇਕਲੀ ਜੀਵਨ ਜਾਚ।

ਮੇਰੇ ਲਈ ਇਸ ਨਾਵਲ ਵਿਚ ਕੱਢੇ ਗਏ ਕੁਝ ਤੱਤ ਹੋਰ ਵੀ ਮਹੱਤਵਪੂਰਨ ਹਨ। ਇਹ ਤੱਤ ਦਰਸ਼ਨ ਸਿੰਘ ਦੇ ਅੰਦਾਜ਼-ਏ-ਬਿਆਨ ਦਾ ਹਿੱਸਾ ਹਨ। ਇਹ ਤੱਤ ਹੀ ਨਾਵਲ ਦੀ ਜਿੰਦ-ਜਾਨ ਹਨ। ਇਹ ਆਰੰਭ ਤੋਂ ਅੰਤ ਤਕ ਪੂਰੇ ਦੇ ਪੂਰੇ ਨਾਵਲ ਵਿਚ ਵਿਖਰੇ ਹੋਏ ਹਨ। ਮੇਰੇ ਲਈ ਇਹ ਤੱਤ ਕਹਾਣੀ ਨਾਲੋਂ ਵੀ ਮੁੱਲਵਾਨ ਹਨ। ਮੈਂ ਆਪਣੀ ਗੱਲ ਸਮੇਟਣ ਤੋਂ ਪਹਿਲਾਂ ਇਕ ਵਾਰਤਾਲਾਪ ਦਾ ਨਮੂਨਾ ਦੇਣਾ ਚਾਹਾਂਗਾ।

'ਵੇਖ, ਕਿਸੇ ਦੀ ਮੌਤ ਨਹੀਂ ਮੰਗਣੀ ਚਾਹੀਦੀ। ਮੌਤ ਤਾਂ ਭੁੱਖੀ ਹੁੰਦੀ ਏ। ਹਾਬੜੀ ਹੋਈ। ਸਦਾ ਬਿੜਕਾਂ ਲੈਂਦੀ ਰਹਿੰਦੀ ਹੈ। ਉਹਨੂੰ ਰੋਜ਼ ਆਪਣੀ ਗਰਾਹੀ ਚਾਹੀਦੀ ਹੁੰਦੀ ਏ। ਉਹ ਇਹ ਨਹੀਂ ਵੇਖਦੀ ਕਿਸੇ ਨੂੰ ਕੀ ਫਰਕ ਪਏਗਾ। ਇਹ ਨਹੀਂ ਵੇਖਦੀ, ਕਿਹਦੇ ਸੁਪਨੇ ਟੁੱਟਣਗੇ, ਕਿਹਦੀਆਂ ਅੱਖਾਂ ਬੋਲਣੋਂ ਹਟ ਜਾਣਗੀਆਂ...'

ਮੈਂ ਦਰਸ਼ਨ ਸਿੰਘ ਦੇ ਅੰਦਾਜ਼-ਏ-ਬਿਆਨ ਤੇ 'ਬੁਝਾਰਤ' ਵਿਚਲੀ ਉਤਸੁਕਤਾ ਨੂੰ ਬਣਾਈ ਰੱਖਣ ਦੀ ਅਲੌਕਿਕ ਵਿਧੀ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਹਾਂ। ਅੱਜ ਦੀ ਦੁਨੀਆਂ ਦੇ ਮੱਧ ਸ਼੍ਰੇਣੀ ਮਨੁੱਖ ਨੇ ਅਕਸਰ ਦੁਨੀਆਂ ਦਾ ਕੋਈ ਨਾ ਕੋਈ ਦੇਸ਼ ਵੇਖਿਆ ਹੁੰਦਾ। ਉਸ ਵਿਚ ਸਾਲਾਂ ਬੱਧੀ ਰਿਹਾ ਵੀ ਹੁੰਦਾ ਹੈ। ਪਰ ਦਰਸ਼ਨ ਸਿੰਘ ਦੀ ਨੀਝ ਤੇ ਸੂਝ ਬੂਝ ਦਾ ਕੋਈ ਮੁਕਾਬਲਾ ਨਹੀਂ। ਇਸ ਨਾਵਲ ਵਿਚ ਉਸਨੇ ਸਾਇਪ੍ਰੈੱਸ ਦੀ ਨਬਜ਼ ਪਛਾਣੀ ਹੈ ਤੇ ਸੁਆਦ ਲੈ ਲੈ ਕੇ ਪੇਸ਼ ਕੀਤੀ ਹੈ।

-ਗੁਲਜ਼ਾਰ ਸਿੰਘ ਸੰਧੂ

## ਦਲਿਤ ਚੇਤਨਾ : ਸਰੋਤ ਤੇ ਸਰੂਪ [ਡਾ. ਰੌਣਕੀ ਰਾਮ]

ਅੱਜਕਲ ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦਾ ਮੁਖੀ ਡਾ. ਰੌਣਕੀ ਰਾਮ ਰਾਜਨੀਤੀ ਵਿਗਿਆਨ ਦਾ ਵਿਦਵਾਨ ਪ੍ਰੋਫੈਸਰ ਹੈ। ਉਸਦੀ ਵਿਸ਼ੇਸ਼ੱਗਤਾ ਦਾ ਖੇਤਰ ਅੰਤਰਰਾਸ਼ਟਰੀ ਰਾਜਨੀਤੀ ਹੈ ਅਤੇ ਪਹੁੰਚ ਵਿਧੀ ਮਾਰਕਸਵਾਦੀ। ਲਗਪਗ ਪਿਛਲੇ ਡੇਢ ਦਹਾਕੇ ਤੋਂ ਉਹ ਪੰਜਾਬ ਦੀ ਦਲਿਤ-ਸਥਿਤੀ, ਸਾਹਿਤ ਅਤੇ ਸਿਆਸਤ ਨੂੰ ਸਮਝਣ ਵਿਚ ਲੱਗਾ ਹੋਇਆ ਹੈ। ਇਸ ਕਾਰਜ ਲਈ ਉਸਨੇ ਅੰਗਰੇਜ਼ੀ ਦੇ ਨਾਲ ਨਾਲ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਵੀ ਮਾਧਿਅਮ ਬਣਾਇਆ ਹੈ। ਪੰਜਾਬ ਦੇ ਸੰਦਰਭ ਵਿਚ ਵਿਚ ਲਿਖੀ 'ਦਲਿਤ ਚੇਤਨਾ : ਸਰੋਤ ਤੇ ਸਰੂਪ [ਮੁੱਲ ਦੋ ਸੌ ਰੁਪਏ, ਪੰਨੇ 264, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ] ਪੰਜਾਬੀ ਵਿਚ ਲਿਖੀ ਉਸਦੀ ਪਹਿਲੀ ਵਿਸ਼ਲੇਸ਼ਣਾਤਮਕ ਪੁਸਤਕ ਹੈ।

ਇਸ ਪੁਸਤਕ ਵਿਚ ਦਲਿਤ ਚੇਤਨਾ ਦੇ ਉਦੈ ਹੋਣ ਦਾ ਮੁੱਢਲਾ ਸਰੋਤ ਦਲਿਤ ਵਰਗ ਦੇ ਖੁਦ ਦੇ ਜੀਵਨ-ਅਨੁਭਵ ਨੂੰ ਮੰਨਿਆ ਗਿਆ ਹੈ। ਦਲਿਤ ਵਰਗ ਸਮਾਜਕ, ਸਭਿਆਚਾਰਕ, ਰਾਜਨੀਤਕ ਤੇ ਆਰਥਿਕ ਪੱਧਰਾਂ ਉੱਤੇ ਕ੍ਰਮਵਾਰ ਲਿਤਾੜਿਆ, ਦੱਬਿਆ, ਵੰਡਿਆ ਤੇ ਲੁੱਟਿਆ ਕਿਉਂ ਜਾ ਰਿਹਾ ਹੈ? ਇਸ 'ਕਿਉਂ' ਦੀ ਸਮਝ ਹੀ ਉਸਨੂੰ ਪ੍ਰਾਪਤ ਸਮਾਜਕ ਵਰਤਾਰੇ ਵਿਰੁੱਧ ਵਿਦਰੋਹ ਕਰਨ ਲਈ ਉਕਸਾਏਗੀ। ਇੱਥੋਂ ਹੀ ਦਲਿਤ ਚੇਤਨਾ ਦੀ ਸੁਰ ਉਪਜੇਗੀ, ਜਿਸਦਾ ਮੂਲ ਆਧਾਰ ਦਲਿਤਾਂ ਦਾ ਪੀੜਤ ਜੀਵਨ-ਅਨੁਭਵ ਬਣੇਗਾ। ਕਾਰਲ ਮਾਰਕਸ ਦੇ ਸ਼੍ਰੇਣੀ ਸਿਧਾਂਤ ਨੂੰ ਲਾਗੂ ਕਰਦਿਆਂ ਡਾ. ਰੌਣਕੀ ਰਾਮ ਦਾ ਕਹਿਣਾ ਹੈ ਕਿ 'ਜਦ ਤਕ ਕਲਾਸ ਫ਼ਾਰ ਇੱਟਸੈਲਫ਼ ਦੀ ਚੇਤਨਾ ਨਹੀਂ ਬਣਦੀ ਤਦ ਤਕ ਮਜ਼ਦੂਰ ਸ਼੍ਰੇਣੀ ਵਿਚ ਇਨਕਲਾਬ ਦੀ ਚਿਣਗ ਪੈਦਾ ਨਹੀਂ ਹੋ ਸਕਦੀ। ਏਸੇ ਤਰ੍ਹਾਂ ਦਲਿਤ ਚੇਤਨਾ ਦੇ ਉਭਾਰ ਲਈ ਦਲਿਤਾਂ ਨੂੰ ਉਹਨਾਂ ਹਾਲਾਤ ਬਾਰੇ ਗਿਆਨ ਹੋਣਾ ਅਤਿ ਜ਼ਰੂਰੀ ਹੈ।' ਏਸੇ ਪ੍ਰਸੰਗ 'ਚ ਉਸਨੇ ਡਾ. ਅੰਬੇਦਕਰ ਦੇ ਇਸ ਕਥਨ ਦੀ ਵੀ ਵਰਤੋਂ ਕੀਤੀ ਹੈ ਕਿ 'ਗੁਲਾਮਾਂ ਨੂੰ ਉਹਨਾਂ ਦੀ ਗੁਲਾਮੀ ਦਾ ਅਹਿਸਾਸ ਕਰਾ ਦਿਓ ਤਾਂ ਉਹ ਗੁਲਾਮੀ ਵਿਰੁੱਧ ਬਗ਼ਾਵਤ ਕਰ ਦੇਣਗੇ।' ਇਸ ਸੰਦਰਭ ਨੂੰ ਹੋਰ ਸਪਸ਼ਟ ਕਰਨ ਲਹੀ ਅਲੰਕ੍ਰਿਤ ਭਾਸ਼ਾ ਦਾ ਪ੍ਰਯੋਗ ਕਰਦਿਆਂ ਵਿਦਵਾਨ ਲੇਖਕ ਲਿਖਦਾ ਹੈ, "ਜੁੱਤੀ ਕਿੱਥੋਂ ਕੱਟਦੀ ਹੈ ਇਸ ਦਾ ਪਤਾ ਤਾਂ ਪਹਿਨਣ ਵਾਲੇ ਨੂੰ ਹੀ ਹੁੰਦਾ ਹੈ, ਉਸਨੂੰ ਕਿਸੇ ਦੂਸਰੇ ਤੋਂ ਅਜਿਹੇ ਬੋਧ ਬਾਰੇ ਪੁੱਛਣ ਦੀ ਜ਼ਰੂਰਤ ਨਹੀਂ ਪੈਂਦੀ।" ਸ਼ਾਇਦ ਇਸੇ ਲਈ ਲੇਖਕ ਦੀ ਪਾਰਦਰਸ਼ੀ ਦ੍ਰਿਸ਼ਟੀ ਵਿਚ ਗੁਰੂ ਰਵਿਦਾਸ, ਆਦਿ ਧਰਮ ਲਹਿਰ, ਡਾ. ਅੰਬੇਦਕਰ ਦੀਆਂ ਸਿੱਖਿਆਵਾਂ, ਰਿਪਬਲਿਕਨ ਅੰਦੋਲਨ, ਦਲਿਤ ਪਰਵਾਸ, ਦਲਿਤ ਲੇਖਕ ਤੇ ਬੁੱਧੀਜੀਵੀ, ਦਲਿਤ ਸਾਹਿਤ, ਦਲਿਤ ਮੀਡੀਆ ਅਤੇ ਦਲਿਤ ਡੇਰੇ, ਦਲਿਤ ਚੇਤਨਾ ਦੇ ਵਿਭਿੰਨ ਪਾਸਾਰ ਹੀ ਹਨ।

ਆਦਿ ਧਰਮ ਲਹਿਰ ਦੇ ਇਤਿਹਾਸ ਤੇ ਵਰਤਮਾਨ ਵਿਚ ਕਾਰਜ ਕਰਦੇ ਇਸਦੇ ਅੰਸ਼ਾਂ ਬਾਰੇ ਵਿਸਥਾਰ ਨਾਲ ਚਰਚਾ ਕਰਦੀ ਇਸ ਪੁਸਤਕ ਦੀ ਇਸ ਲਹਿਰ ਬਾਰੇ ਬੁਨਿਆਦੀ ਸਥਾਪਨਾ ਇਹ ਹੈ ਕਿ ਜਿੱਥੇ ਇਸਨੇ ਦਲਿਤਾਂ ਨੂੰ ਪੀੜਤ ਕਰਦੀਆਂ ਸਮਾਜਕ ਕੁਰੀਤੀਆਂ ਦੇ ਖਾਤਮੇ ਲਈ ਬਿਗਲ ਵਜਾਇਆ ਉਥੇ ਰਾਜਨੀਤਕ ਸ਼ਕਤੀ ਨੂੰ ਆਪਣੇ ਹੱਥ ਵਿਚ ਲੈ ਕੇ ਦਲਿਤਾਂ ਦੀ ਸਮਾਜਕ ਰਾਜਨੀਤਕ ਅਤੇ



ਆਰਥਿਤ ਸਥਿਤੀ ਨੂੰ ਤਬਦੀਲ ਕਰਨ ਵਾਲੀਆਂ ਚੇਤਨਾਮਈ ਗਤੀਵਿਧੀਆਂ ਨੂੰ ਭਰਪੂਰ ਹੁਲਾਰਾ ਵੀ ਦਿੱਤਾ। ਇਸ ਦਾ ਇਕ ਪ੍ਰਗਟਾਅ ਆਦਿ ਧਰਮ ਨੂੰ ਹਿੰਦੂ, ਮੁਸਲਿਮ ਤੇ ਸਿੱਖ ਕੌਮਾਂ ਵਾਂਗ ਇਕ ਵੱਖਰੀ ਕੌਮ ਦੀ ਪਛਾਣ ਵਜੋਂ ਉਭਾਰਨਾ ਵੀ ਹੈ। ਆਦਿ ਧਰਮ ਕਿਸੇ ਜਾਤੀ ਵਿਸ਼ੇਸ਼ ਦਾ ਧਰਮ ਨਾ ਹੋ ਕੇ ਪੂਰੀ ਦਲਿਤ ਬਰਾਦਰੀ ਦਾ ਧਰਮ ਹੋ ਨਿਬੜਦਾ ਹੈ। ਫਲਸਰੂਪ ਆਦਿ ਧਰਮ ਲਹਿਰ ਦੇ ਰੂਪ ਵਿਚ ਸੰਸਥਾਗਤ ਦਲਿਤ ਚੇਤਨਾ ਦਾ ਪ੍ਰਸਾਰ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਦੇ ਦੂਸਰੇ ਅੱਧ ਤੋਂ ਸ਼ੁਰੂ ਹੋ ਜਾਂਦਾ ਹੈ।

ਪੁਸਤਕ ਵਿਚ ਜਿਸ ਤੀਸਰੇ ਸਰੋਤ ਦੀ ਗੱਲ ਕੀਤੀ ਗਈ ਹੈ ਉਸਦਾ ਸੰਬੰਧ ਡਾ.ਅੰਬੇਦਕਰ ਦੀਆਂ 1932, 1936 ਅਤੇ 1951 ਵਿਚਲੀਆਂ ਤਿੰਨ ਪੰਜਾਬ ਫੇਰੀਆਂ ਨਾਲ ਜੋੜਿਆ ਗਿਆ ਹੈ। ਡਾ. ਅੰਬੇਦਕਰ ਦੀਆਂ ਸਮਾਜਕ ਤੇ ਰਾਜਨੀਤਕ ਗਤੀਵਿਧੀਆਂ ਸਦਕਾ ਪੰਜਾਬ ਵਿਚ ਵੀ ਦਲਿਤ ਚੇਤਨਾ ਪ੍ਰਚੰਡ ਰੂਪ ਧਾਰਨ ਕਰਦੀ ਹੈ। ਡਾ.ਅੰਬੇਦਕਰ ਦਾ ਜਦੋਂ ਪੰਜਾਬ ਨਾਲ ਨਾਤਾ ਜੁੜਦਾ ਹੈ ਉਸ ਵੇਲੇ ਤਕ ਆਦਿ ਧਰਮ ਲਹਿਰ ਰਾਹੀਂ ਪੰਜਾਬ ਦਾ ਦਲਿਤ ਵਰਗ ਉਸਦੇ ਤਰਕਸ਼ੀਲ ਫ਼ਲਸਫ਼ੇ ਨੂੰ ਸਮਝਣ ਦੇ ਸਮਰੱਥ ਹੋ ਚੁੱਕਾ ਸੀ । ਡਾ. ਅੰਬੇਦਕਰ ਦੇ ਵਿਚਾਰਾਂ ਨੇ ਪੰਜਾਬ ਵਿਚ ਦਲਿਤ ਚੇਤਨਾ ਦੇ ਪ੍ਰਵਾਹ ਨੂੰ ਹੋਰ ਤੇਜ਼ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਸਨੇ ਦਲਿਤ ਸਮਾਜ ਦੀ ਮੁਕਤੀ ਲਈ ਹਰ ਇਕ ਦਲਿਤ ਨੂੰ ਸਵੈਮਾਣ ਲਈ ਜੰਗ ਲੜਨ ਦਾ ਸਬਕ ਪੜ੍ਹਾਇਆ ਹੈ। ਇਹ ਸਬਕ ਵਿਅਕਤੀਗਤ ਸਰੂਪ ਵਾਲੀ ਦਲਿਤ ਚੇਤਨਾ ਨੂੰ ਸੰਸਥਾਗਤ ਸਰੂਪ ਵਾਲੀ ਦਲਿਤ ਚੇਤਨਾ ਨਾਲ ਜੋੜਦਾ ਹੈ। ਡਾ.ਅੰਬੇਦਕਰ ਨੇ ਇਤਿਹਾਸਕ ਸੋਝੀ ਦੁਆਰਾ ਕਾਂਗਰਸ ਤੇ ਹਿੰਦੂ ਸਮਾਜ ਵੱਲੋਂ ਦਲਿਤ ਵਰਗ ਉੱਤੇ ਕੀਤੇ ਜਾ ਰਹੇ ਅੱਤਿਆਚਾਰਾਂ, ਵਧੀਕੀਆਂ ਅਤੇ ਬੇਇਨਸਾਫ਼ੀਆਂ ਦਾ ਖੁੱਲ੍ਹ ਕੇ ਭਾਂਡਾ ਭੰਨਿਆ । ਸਿੱਟੇ ਵਜੋਂ ਉਹ ਮਹਾਤਮਾ ਗਾਂਧੀ ਦੇ ਟਾਕਰੇ ਭਾਰਤ ਵਿਚ ਅਛੂਤਾਂ ਦਾ ਅਸਲ ਨੇਤਾ ਬਣ ਗਿਆ।

ਡਾ. ਅੰਬੇਦਕਰ ਦੀ ਪੰਜਾਬ ਦੇ ਦਲਿਤ ਸਮਾਜ ਵਿਚ ਸਮਾਜਕ ਅਤੇ ਰਾਜਨੀਤਕ ਚੇਤਨਾ ਪੈਦਾ ਕਰਨ ਵਿਚ ਅਹਿਮ ਭੂਮਿਕਾ ਰਹੀ ਹੈ। ਪੰਜਾਬੀ ਦਲਿਤ ਸਮਾਜ ਉੱਤੇ ਉਸ ਨੇ ਤਿੰਨ ਤਰ੍ਹਾਂ ਦੇ ਉਪਕਾਰ ਕੀਤੇ। ਪਹਿਲਾ, ਪੰਜਾਬ ਦੇ ਦਲਿਤ ਲੋਕਾਂ ਨੂੰ ਪੂਨਾ ਪੈਕਟ ਦੌਰਾਨ ਚੋਣ ਹਲਕਿਆਂ ਵਿਚ ਰਾਖਵੀਆਂ ਸੀਟਾਂ ਦਵਾਉਣ ਦਾ। ਦੂਸਰਾ, 1947 ਵਿਚ ਲਹਿੰਦੇ ਪੰਜਾਬੋਂ ਉੱਜੜ ਕੇ ਚੜ੍ਹਦੇ ਪੰਜਾਬ ਵਿਚ ਆਏ ਦਲਿਤ ਲੋਕਾਂ ਦੇ ਮੁੜ ਵਸੇਬੇ ਲਈ ਜਤਨ ਕਰਨ ਦਾ। ਤੀਸਰਾ, ਇੰਤਕਾਲ ਇਰਾਜ਼ੀ ਐਕਟ ਅਤੇ ਰੱਜਤਨਾਮੇ ਜਿਹੇ ਪ੍ਰਚੱਲਤ ਕਾਨੂੰਨਾਂ ਨੂੰ ਰੱਦ ਕਰਵਾ ਕੇ ਇਨ੍ਹਾਂ ਦੇ ਸ਼ੋਸ਼ਣ ਤੋਂ ਮੁਕਤ ਕਰਵਾਉਣ ਦਾ। ਡਾ. ਅੰਬੇਦਕਰ ਦੇ ਇਹਨਾਂ ਤਿੰਨਾਂ ਉਪਕਾਰਾਂ ਦੀਆਂ ਇਤਿਹਾਸਕ ਯਾਦਾਂ ਪੰਜਾਬ ਦੇ ਦਲਿਤ ਵਰਗ ਦੇ ਅਵਚੇਤਨ ਉਤੇ ਗੂੜ੍ਹੀ ਛਾਪ ਬਣਾਉਂਦੀਆਂ ਹਨ । ਅਤੇ ਪੁਸਤਕ ਦੇ ਰਚਣਹਾਰੇ ਨੇ ਇਨ੍ਹਾਂ ਦੀ ਪਛਾਣ ਦਲਿਤ ਚੇਤਨਾ ਦੇ ਤਿੱਖੇ ਸਰੋਤ ਵਜੋਂ ਕੀਤੀ ਹੈ।

ਡਾ. ਅੰਬੇਦਕਰ ਦੇ ਦੇਹਾਂਤ ਤੋਂ ਬਾਅਦ ਪੰਜਾਬ ਦੇ ਰਿਪਬਲਿਕਨ ਅੰਦੋਲਨ ਨੂੰ ਦਲਿਤ ਚੇਤਨਾ ਦੇ ਸਰੋਤ ਵਜੋਂ ਪਛਾਣ ਕੇ ਲੇਖਕ ਲਿਖਦਾ ਹੈ : ਬਾਬਾ ਸਾਹਿਬ ਦੇ ਮਿਸ਼ਨ ਨੂੰ ਅਗਾਂਹ ਵਧਾਉਣ ਹਿੱਤ ਪੰਜਾਬ ਦੀ ਰਿਪਬਲਿਕਨ ਪਾਰਟੀ ਨੇ ਲਾਹੌਰੀ ਰਾਮ ਬਾਲੀ ਤੇ ਚਰਨ ਦਾਸ ਨਿਧੜਕ ਦੀ ਅਗਵਾਈ ਹੇਠ 15 ਜੂਨ 1964 ਅਤੇ 6 ਦਸੰਬਰ 1964 ਦੌਰਾਨ ਦੋ ਸ਼ਲਾਘਾਯੋਗ ਸੰਘਰਸ਼ ਕੀਤੇ। ਇਹਨਾਂ ਸੰਘਰਸ਼ਾਂ ਦਾ ਮੂਲ ਮੁੱਦਾ ਨਿਕਾਸੀ ਭੂਮੀ (ਜੋ ਜ਼ਮੀਨ ਦੇਸ਼-ਵੰਡ ਵੇਲੇ ਮੁਸਲਮਾਨ ਪੰਜਾਬ ਵਿਚ ਛੱਡ ਗਏ) ਨੂੰ ਪੰਜਾਬ ਦੀਆਂ ਬੇਜ਼ਮੀਨੀਆਂ ਦਲਿਤ ਜਾਤਾਂ ਨਾਲ ਸੰਬੰਧਤ ਖੇਤ ਮਜ਼ਦੂਰਾਂ ਨੂੰ ਅਲਾਟ ਕਰਨ ਨਾਲ ਸੀ। ਰਿਪਬਲਿਕਨਾਂ ਦੇ ਇਹਨਾਂ ਸੰਘਰਸ਼ਾਂ ਸਦਕਾ ਪੰਜਾਬ ਵਿਚ ਦਲਿਤ ਚੇਤਨਾ ਦੇ ਚੱਲ ਰਹੇ ਪ੍ਰਵਾਹ ਵਿਚ ਬਹੁਤ ਵਾਧਾ ਹੋਇਆ।

ਪੰਜਾਬੀ ਦਲਿਤਾਂ ਦੇ ਪਰਵਾਸ ਦਾ ਦੌਰ ਵੀ ਲਗਪਗ ਏਸੇ ਸਮੇਂ (1950 ਤੋਂ 1960) ਵਿਚ ਜ਼ੋਰ ਫੜਦਾ ਹੈ। ਪੰਜਾਬੀ ਦਲਿਤ ਵਿਦੇਸ਼ ਨੂੰ 'ਹੋਰ ਜ਼ਮੀਨਾਂ ਖਰੀਦਣ' ਜਾਂ 'ਵੱਡੇ ਘਰ ਬਣਾਉਣ'

ਵਾਸਤੇ ਨਹੀਂ ਜਾਂਦੇ ਬਲਕਿ ਜ਼ਮੀਨਾਂ ਖਰੀਦਣ ਜੋਗੇ ਬਣਨ ਜਾਂ ਚੰਗੇ ਘਰ ਪਾਉਣ ਵਾਲੇ ਬਣਨ ਲਈ ਜਾਂਦੇ ਹਨ। ਐਪਰ ਹਿੰਦੂ ਸਮਾਜ ਦੀ ਵਰਣ-ਵਿਵਸਥਾ ਦਾ ਜਾਤ-ਪਾਤੀ ਕੋਹੜਮਈ ਸਿਧਾਂਤ ਉਹਨਾਂ ਨੂੰ ਪਰਵਾਸੀ ਜੀਵਨ ਹੰਢਾਉਂਦਿਆਂ ਵੀ ਤੰਗ ਕਰਦਾ ਹੈ। ਇੰਝ ਪਰਵਾਸੀ ਪੰਜਾਬੀ ਦਲਿਤ ਵਰਗ ਪਰਵਾਸ 'ਚ ਰਹਿੰਦੇ ਵੀ ਆਪਣੀ ਚੇਤਨਾ ਨੂੰ ਤਿੱਖਾ ਕਰਦਿਆਂ ਅਜਿਹੇ ਜ਼ਾਤ-ਪਾਤੀ ਸਿਧਾਂਤ ਦੇ ਵਿਰੁੱਧ ਵਿਦਰੋਹ ਕਰਦਾ ਹੈ। ਪਰਵਾਸੀ ਦਲਿਤ ਵਰਗ ਦੀ ਅਜਿਹੀ ਵਿਦਰੋਹੀ ਸੁਰ ਜਿੱਥੇ ਦਲਿਤ ਚੇਤਨਾ ਦੇ ਸਰੂਪ ਨੂੰ ਨਿਰਧਾਰਤ ਕਰਦੀ ਹੈ ਉੱਥੇ ਇਸਦਾ ਸਰੋਤ ਵੀ ਬਣ ਜਾਂਦੀ ਹੈ।

ਦਲਿਤ ਚੇਤਨਾ ਦੇ ਸਰੂਪ ਨੂੰ ਨਿਰਧਾਰਤ ਕਰਨ ਲਈ ਪੰਜਾਬ ਦੇ ਦਲਿਤ ਵਰਗ ਵਿਚ ਸਮਾਜਕ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਸਾਰਨ ਵਾਲੇ ਦਲਿਤ ਤੇ ਗੈਰ-ਦਲਿਤ ਵਿਅਕਤੀਆਂ ਦੇ ਯਤਨਾਂ ਨੂੰ ਵੀ ਦਲਿਤ ਚੇਤਨਾ ਦੇ ਸਰੋਤ ਵਿਚ ਸ਼ਾਮਲ ਕੀਤਾ ਗਿਆ ਹੈ। ਬਾਬੂ ਮੰਗੂ ਰਾਮ ਮੁਗੋਵਾਲੀਆ, ਸੇਠ ਕਿਸ਼ਨ ਦਾਸ, ਚਰਨ ਦਾਸ ਨਿਧੜਕ, ਰਾਮ ਚੰਦ ਖੇੜਾ, ਸੰਤ ਰਾਮ ਬੀ.ਏ., ਪ੍ਰੀਤਮ ਰਾਮਦਾਸਪੁਰੀ, ਆਰ. ਡੀ. ਪਵਾਰ, ਨਾਨਕ ਚੰਦ ਰੱਤੂ, ਤੇਲੂ ਰਾਮ ਬੇਦਵਾਨ, ਗੁਰਦਾਸ ਰਾਮ ਆਲਮ, ਲਾਹੌਰੀ ਰਾਮ ਬਾਲੀ, ਕੇ ਸੀ ਸੁਲੇਖ, ਸੋਹਣ ਲਾਲ ਸ਼ਾਸਤਰੀ, ਬੀ.ਆਰ ਸਾਂਪਲਾ, ਡੀ.ਸੀ.ਅਹੀਰ, ਭਗਵਾਨ ਦਾਸ, ਕਰਮ ਚੰਦ ਸੁਨਮਾਰ, ਗੁਰਨਾਮ ਸਿੰਘ ਮੁਕਤਸਰ, ਐੱਸ ਐੱਲ ਵਿਰਦੀ, ਸੋਹਣ ਸਹਿਜਲ, ਗਿਆਨ ਸਿੰਘ ਬੱਲ, ਰਾਜ ਕੁਮਾਰ ਹੰਸ, ਦਵਾਰਕਾ ਭਾਰਤੀ, ਅਸ਼ੋ ਸਿੱਧੂ, ਸੀ. ਐੱਨ. ਚੁੰਬਰ ਅਤੇ ਪ੍ਰੇਮ ਕੁਮਾਰ ਚੁੰਬਰ ਲੇਖਕ ਵੱਲੋਂ ਗਿਣਾਏ ਗਏ ਦਲਿਤ ਸਮਾਜ ਨਾਲ ਸੰਬੰਧਤ ਬੁੱਧੀਜੀਵੀ ਤੇ ਲੇਖਕ ਹਨ। ਗੈਰ-ਦਲਿਤ ਬੁੱਧੀਜੀਵੀਆਂ ਵਿਚ ਉਸਨੇ ਮਾਰਕ ਜੁਰਜ਼ਨਸਮੇਅਰ, ਹਰੀਸ਼. ਕੇ.ਪੁਰੀ, ਪਰਮਜੀਤ ਸਿੰਘ ਜੱਜ, ਸੁਰਿੰਦਰ ਅਜਨਾਤ, ਸੁਰਿੰਦਰ ਸਿੰਘ ਜੋਧਕਾ, ਜੋਹਨ ਸੀ.ਵੈਬਸਟਰ ਅਤੇ ਸਤੀਸ਼ ਕੁਮਾਰ ਸ਼ਰਮਾ ਦਾ ਜ਼ਿਕਰ ਕੀਤਾ ਹੈ। ਗ਼ੈਰ-ਦਲਿਤ ਲੇਖਕਾਂ ਦੀਆਂ ਖੋਜ-ਕਿਰਤਾਂ ਨੂੰ ਵੀ ਦਲਿਤ ਚੇਤਨਾ ਦੇ ਸਰੋਤ ਵਜੋਂ ਉਲੇਖਿਆ ਗਿਆ ਹੈ।

ਦਲਿਤ ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਦੀਆਂ ਕਿਰਤਾਂ ਦੀ ਪੁਣ-ਛਾਣ ਰਾਹੀਂ ਵੀ ਦਲਿਤ ਚੇਤਨਾ ਦੇ ਸਰੂਪ ਨੂੰ ਪਛਾਣਿਆ ਗਿਆ ਹੈ। ਇੰਝ ਹੀ ਪੰਜਾਬੀ ਦਲਿਤ ਮੀਡੀਆ ਦਾ ਦਲਿਤ ਚੇਤਨਾ ਨੂੰ ਉਭਾਰਨ ਲਈ ਮਹੱਤਵਪੂਰਨ ਯੋਗਦਾਨ ਮੰਨਿਆ ਗਿਆ ਹੈ। 'ਆਦੀ ਡੰਕਾ', 'ਭੀਮ ਪੱਤ੍ਰਿਕਾ' ਤੇ 'ਉਜਾਲਾ' ਵਰਗੀਆਂ ਪੁਰਾਣੀਆਂ ਅਤੇ 'ਰਵਿਦਾਸ ਪੱਤ੍ਰਿਕਾ', 'ਕੌਮੀ ਉਡਾਰੀਆਂ', 'ਰਵਿਦਾਸ ਜੈਕਾਰਾ', 'ਬੇਗਮਪੁਰਾ ਸ਼ਹਿਰ', 'ਬੇਗਮ ਸ਼ਹਿਰ', 'ਬੇਗਮਪੁਰੇ ਦਾ ਵਾਸੀ', 'ਹਾਸ਼ੀਆ', 'ਬੇਗਮਪੁਰ ਟਾਈਮਜ਼ ਕੁਆਟਰਲੀ', 'ਅੰਬੇਡਕਰ ਟਾਈਮਜ਼ ਡਾਟ ਕਾਮ', 'ਅੰਬੇਡਕਰ ਟਾਈਮਜ਼ ਡਾਟ-ਓ-ਆਰ-ਜੀ', 'ਭੀਮ ਪੱਤ੍ਰਿਕਾ ਔਨ ਲਾਈਨ ਡਾਟ ਕਾਮ' ਜਿਹੀਆਂ ਨਵੀਆਂ ਸਪਤਾਹਕ, ਮਾਸਕ, ਤ੍ਰੈਮਾਸਕ ਦਲਿਤ ਪੱਤ੍ਰਿਕਾਵਾਂ ਅਤੇ ਵੈੱਬਸਾਈਟਾਂ ਹਨ ਜੋ ਰਵਿਦਾਸ ਵਿਚਾਰਧਾਰਾ ਅਤੇ ਆਦਿ ਧਰਮ ਲਹਿਰ ਦੇ ਪਿਛੋਕੜ ਵਿਚ ਦਲਿਤ ਚੇਤਨਾ ਦੇ ਉਸਾਰ ਤੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹੋਈਆਂ ਇਸਦੇ ਸਰੋਤ ਬਣ ਜਾਂਦੀਆਂ ਹਨ।

ਪੰਜਾਬ ਵਿਚ ਦਲਿਤ ਡੇਰਾਵਾਦ ਨਵੀਂ ਸਮਾਜਕ ਸਭਿਆਚਾਰਕ ਦਲਿਤ ਲਹਿਰ ਨੂੰ ਪੈਦਾ ਕਰ ਰਿਹਾ ਹੈ। ਇਸ ਪ੍ਰਸੰਗ ਵਿਚ 'ਡੇਰਾ ਸੱਚ ਖੰਡ ਬੱਲਾਂ' ਦਾ ਨਾਂ ਲਿਆ ਜਾ ਸਕਦਾ ਹੈ ਜੋ ਉੱਤਰ-ਪੱਛਮੀ ਭਾਰਤ ਵਿਚ ਰਵਿਦਾਸ ਲਹਿਰ ਦੇ ਕੇਂਦਰੀ ਧੁਰੇ ਵਜੋਂ ਸਾਹਮਣੇ ਆਇਆ ਹੈ ਅਤੇ ਜੋ ਸਮਾਜ ਦੇ ਲਿਤਾੜੇ ਦਲਿਤ ਵਰਗ ਦੇ ਰਿਸਦੇ ਜ਼ਖਮਾਂ ਉੱਤੇ ਮੱਲ੍ਹਮ ਲਗਾਉਣ ਲਈ ਕਾਰਜਸ਼ੀਲ ਹੈ। ਐਪਰ ਪਿਛਲੇ ਕੁਝ ਸਾਲਾਂ ਤੋਂ ਵਧ ਰਹੇ ਰਵਿਦਾਸ ਡੇਰਿਆਂ ਨੇ ਜਿੱਥੇ ਦਲਿਤ ਸਮਾਜ ਦੀ ਸਮਾਜਕ ਤੇ ਧਾਰਮਿਕ ਪੱਧਰ ਉੱਤੇ ਅਗਵਾਈ ਕੀਤੀ ਹੈ ਉਥੇ ਇਹਨਾਂ ਦੇ ਵਾਧੇ ਨੇ ਪੰਜਾਬ ਅੰਦਰ ਮੁੱਖਧਾਰਾ ਧਰਮ (ਸਿੱਖ ਧਰਮ) ਨਾਲ ਟਕਰਾਉ ਦੀ ਸਥਿਤੀ ਵੀ ਪੈਦਾ ਕਰ ਦਿੱਤੀ ਹੈ। ਅਜਿਹੇ ਟਕਰਾਉ ਦੇ ਦੋ ਬੁਨਿਆਦੀ ਕਾਰਣ ਹਨ। ਪਹਿਲਾ, ਰਵਿਦਾਸ ਡੇਰਿਆਂ ਦੇ ਮੁਖੀਆਂ ਦਾ ਇਹ ਮੰਨਣਾ ਕਿ ਸਿੱਖ ਧਰਮ



ਦੀ ਮਰਯਾਦਾ ਉਹਨਾਂ ਉੱਤੇ ਉਸ ਤਰ੍ਹਾਂ ਲਾਗੂ ਨਹੀਂ ਹੁੰਦੀ ਜਿਸ ਤਰ੍ਹਾਂ ਕਿ ਸਿੱਖ ਭਾਈਚਾਰੇ ਉੱਤੇ। ਉਹ ਤਾਂ ਆਪਣੇ ਆਪ ਨੂੰ ਇਸ ਤੋਂ ਵੱਖਰੀ ਪਛਾਣ ਦੇ ਮਾਲਕ ਸਮਝਦੇ ਹਨ। ਦੂਸਰਾ, ਸਿੱਖ ਸੰਸਥਾਵਾਂ ਦਾ ਪੰਜਾਬ ਦੇ ਸਿੱਖ ਧਰਮ ਨਾਲ ਸੰਬੰਧਤ ਡੇਰਿਆਂ ਉੱਤੇ ਆਪਣੇ ਪ੍ਰਭੁਤਵ ਨੂੰ ਕਾਇਮ ਕਰਨਾ। ਸਿੱਖ ਸੰਸਥਾਵਾਂ ਅਤੇ ਰਾਜਨੀਤਕ ਜਥੇਬੰਦੀਆਂ ਜਾਤੀਵਾਦ ਦਾ ਸ਼ਿਕਾਰ ਹਨ। ਪੰਜਾਬ ਵਿਚ ਡੇਰਾਵਾਦ ਦੇ ਫੈਲਣ ਦਾ ਵੱਡਾ ਕਾਰਨ ਜਾਤੀ ਆਧਾਰਤ ਵਿਤਕਰੇ ਤੇ ਆਰਥਿਕ ਮੰਦਹਾਲੀ ਨੂੰ ਮੰਨਦਿਆਂ ਡਾ. ਰੌਣਕੀ ਰਾਮ ਨੇ ਇਹ ਤਰਕਸੰਗਤ ਦ੍ਰਿਸ਼ਟੀ ਦਿੱਤੀ ਹੈ ਕਿ ਧਰਮ ਦਲੀਲ ਨੂੰ ਤਰਜੀਹ ਨਾ ਦੇ ਕੇ ਆਸਥਾ ਦੀ ਮੰਗ ਕਰਦਾ ਹੈ ਅਤੇ ਆਸਥਾ ਤਬਦੀਲੀ ਦੀ ਗੱਲ ਨਾ ਕਰਕੇ ਹਾਲਾਤ ਨੂੰ ਜਿਉਂ ਦਾ ਤਿਉਂ ਦੀ ਸਥਿਤੀ ਰੱਖਣ ਦਾ ਪੱਖ ਪੂਰਦੀ ਹੈ। ਇਸ ਲਈ ਧਰਮ ਨੂੰ ਉਸ ਦੀਆਂ ਪਰੰਪਰਾਗਤ ਰਵਾਇਤਾਂ ਤੋਂ ਅਲੱਗ ਕਰਕੇ ਸਮਝਿਆ ਜਾਵੇ। ਇਸ ਤਰ੍ਹਾਂ ਸਮਾਜ ਵਿਚ ਪਨਪ ਰਹੇ ਸਮਾਜਕ ਦੁਖਾਂਤ ਦੇ ਵਿਭਿੰਨ ਪਹਿਲੂਆਂ ਨੂੰ ਆਪਣੇ ਹੱਕ ਵਿਚ ਵਰਤਣ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਦਾ ਪਤਾ ਲੱਗ ਸਕੇਗਾ। ਧਰਮ ਦੀ ਰਾਜਨੀਤਕ ਤੌਰ 'ਤੇ ਵਰਤੋਂ ਅਤੇ ਰਾਜਨੀਤਕ ਜੱਥੇਬੰਦੀਆਂ ਤੇ ਡੇਰਾ ਮੁਖੀਆਂ ਵਿਚਕਾਰ ਨੇੜਲੇ ਰਿਸ਼ਤਿਆਂ ਦੀ ਸਮਝ ਵੀ ਪੈ ਸਕੇਗੀ। ਪੰਜਾਬ ਬਾਰੇ ਸਮੁੱਚੀ ਸਮਝ ਬਣਾਉਣ ਵੇਲੇ ਜਾਤੀ ਆਧਾਰਤ ਹੁੰਦੇ ਵਿਭਿੰਨ ਪ੍ਰਕਾਰ ਦੇ ਵਿਤਕਰਿਆਂ ਦੀ ਸਮਝ ਜ਼ਰੂਰੀ ਹੈ।

ਹੱਥਲੀ ਪੁਸਤਕ ਬਾਰੇ ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਪੁਸਤਕ ਦਾ ਸਿਰਲੇਖ 'ਦਲਿਤ ਚੇਤਨਾ : ਸਰੋਤ ਤੇ ਸਰੂਪ' ਇਸਦੀ ਸਮੁੱਚੀ ਵਸਤੂ-ਸਮੱਗਰੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਲੇਖਕ ਦੀ ਸੋਚ ਸਪਸ਼ਟ ਤੇ ਲਿਖਣ-ਸ਼ੈਲੀ ਗੁੰਦਵੀਂ ਹੈ। ਸਰਲ ਤੇ ਸੁਬੋਧ ਰੂਪ ਵਿਚ ਤੱਥਾਂ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਇਨ੍ਹਾਂ ਬਾਰੇ ਇਕ ਸਮਝ ਬਣਾਉਂਦੀ ਹੈ। ਪੰਜਾਬ ਦੇ ਦਲਿਤ ਵਰਗ ਉੱਤੇ ਖੋਜ ਕਰਨ ਵਾਲਿਆਂ ਲਈ ਇਹ ਪੁਸਤਕ ਮਾਰਗ ਦਰਸ਼ਕ ਹੋ ਨਿਬੜਦੀ ਹੈ।

-ਚੰਦਰ ਮੋਹਨ

## ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ [ਬਲਬੀਰ ਮਾਧੋਪੁਰੀ]

'ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ' (ਪੰਨੇ 211, ਮੁੱਲ 150 ਰੁਪਏ, ਏਸ਼ੀਅਨ ਕਮਯੂਨਿਕੇਸ਼ਨ ਸੈਂਟਰ, ਨਵਾਂ ਸ਼ਹਿਰ) ਪੁਸਤਕ ਰਾਹੀਂ ਬਲਬੀਰ ਮਾਧੋਪੁਰੀ ਨੇ ਐਸੇ ਲੇਖਕ ਦਾ ਪ੍ਰਮਾਣ ਦਿੱਤਾ ਹੈ ਜਿਸ ਕੋਲ ਰਾਜਨੀਤੀ ਨੂੰ ਸਮਝਣ ਤੇ ਪਰਖਣ ਵਾਲੀ ਪੁਖ਼ਤਾ ਰਾਜਨੀਤਕ ਸੂਝ, ਇਤਿਹਾਸ ਨੂੰ ਫਰੋਲਣ ਵਾਲੀ ਖੋਜੀ ਇਤਿਹਾਸਕ ਬਿਰਤੀ ਅਤੇ ਵਿਅਕਤੀ-ਵਿਸ਼ੇਸ਼ ਦੇ ਜੀਵਨ ਨੂੰ ਬਿਰਤਾਂਤ ਵਿਚ ਪਰੋਣ ਵਾਲੀ ਕਲਾਤਮਕ ਪ੍ਰਬੀਨਤਾ ਹੋਵੇ।

ਹੱਥਲੀ ਪੁਸਤਕ ਦਾ ਸਿਰਲੇਖ ਪੁਸਤਕ ਦੇ ਕੇਂਦਰ ਵਿਚ ਰਹਿੰਦਾ ਹੈ। ਅਤੇ ਕੇਂਦਰੀ ਬਿੰਦੂ ਪੰਜਾਬ ਦੇ ਅਛੂਤ ਆਗੂਆਂ ਦੇ ਮੋਹਰੀ ਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲ ਦੇ ਜੀਵਨ ਦੀ ਕਾਰਗੁਜ਼ਾਰੀ ਨੂੰ ਦਰਸਾਉਣਾ ਬਣਦਾ ਹੈ। ਲੇਖਕ ਨੇ ਬਾਬੂ ਮੰਗੂ ਰਾਮ ਨੂੰ ਨਾ ਕੇਵਲ ਪੰਜਾਬ ਬਲਕਿ ਪੰਜਾਬੋਂ ਬਾਹਰਲੇ ਅਛੂਤਾਂ ਦੇ ਵੀ ਸਮਾਜਕ, ਆਰਥਿਕ ਤੇ ਰਾਜਨੀਤਕ ਜੀਵਨ ਦਾ ਸਰਵੇਖਣ ਤੇ ਮੁਲੰਕਣ ਕਰਨ ਵਾਲੀ ਅਜਿਹੀ ਸ਼ਖ਼ਸੀਅਤ ਵਜੋਂ ਉਭਾਰਿਆ ਹੈ ਜਿਸਦਾ ਦਿਲ ਅਛੂਤ ਕੌਮਾਂ ਲਈ ਧੜਕਦਾ ਹੋਵੇ ਤੇ ਦਿਮਾਗ਼ ਸਮੁੱਚੀ ਲੋਕਾਈ ਦਾ ਭਲਾ ਚਾਹੁੰਦਾ ਹੋਵੇ।

ਪੁਸਤਕ ਵਿਚ ਮੰਗੂ ਰਾਮ ਦੇ ਮੂੰਹੋਂ ਹੀ ਗਵਾਹੀ ਪੁਵਾਈ ਗਈ ਹੈ ਕਿ ਉਹ ਸੰਨ 1912 ਵਿਚ ਗ਼ਦਰ ਪਾਰਟੀ ਵਿਚ ਸ਼ਾਮਲ ਹੋਇਆ ਅਤੇ ਉਸਨੇ ਗ਼ਦਰ ਪਾਰਟੀ ਦੇ ਪ੍ਰੋਗਰਾਮਾਂ ਨੂੰ 1925 ਤਕ ਨਿਭਾਇਆ। ਉਚ-ਨੀਚ ਤੇ ਛੂਤ-ਛਾਤ ਦੀ ਬੀਮਾਰੀ ਨੂੰ ਦੂਰ ਕਰਨ ਲਈ ਉਹ ਵਾਪਸ ਦੇਸ਼ ਪੁੱਜਾ। ਦੇਸ਼ ਪੁੱਜ ਕੇ ਉਸਨੇ ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤਕ ਛੂਤ-ਛਾਤ ਦੀ ਬੀਮਾਰੀ ਦੂਰ ਨਹੀਂ ਹੁੰਦੀ, ਉਦੋਂ ਤਕ ਹਿੰਦੁਸਤਾਨ ਆਜ਼ਾਦ ਨਹੀਂ ਹੋ ਸਕਦਾ। ਲਾਲਾ ਹਰਦਿਆਲ

ਦੇ ਜਵਾਬੀ ਹੁਕਮ ਅਨੁਸਾਰ ਉਸਨੇ ਭਾਰਤ ਦੀਆਂ ਅਛੂਤ ਕੌਮਾਂ ਨੂੰ ਜਾਗ੍ਰਿਤ ਕਰਨ ਤੇ ਉਭਾਰਨ ਲਈ ਜਨਵਰੀ 1926 ਨੂੰ ਅਛੂਤ ਸੁਧਾਰ ਪ੍ਰੋਗਰਾਮ ਤਿਆਰ ਕੀਤਾ। ਅਤੇ ਏਸੇ ਵਰ੍ਹੇ ਜੂਨ ਵਿਚ ਪਹਿਲੀ ਆਦਿ ਧਰਮ ਅਛੂਤ ਕਾਨਫਰੰਸ, ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੰਜਾਬ ਦੀਆਂ ਸਾਰੀਆਂ ਅਛੂਤ ਬਰਾਦਰੀਆਂ ਵੱਲੋਂ ਕੀਤੀ ਗਈ।

ਬਾਬੂ ਮੰਗੂ ਰਾਮ ਮੁੱਗੋਵਾਲ ਦੇ ਗ਼ਦਰ ਪਾਰਟੀ ਤੋਂ ਅਗਾਂਹ ਆਦਿ ਧਰਮ ਲਹਿਰ ਵੱਲ ਪਰਤਣ ਦਾ ਕਾਰਨ ਉਸ ਦੀ ਵਿਚਾਰਧਾਰਾ ਵਿਚ ਰਮਿਆ ਪਿਆ, ਜਿਸ ਵਿਚਾਰਧਾਰਾ ਨੂੰ ਪੁਸਤਕ ਵਿਚ ਦਰਜ ਇਹਨਾਂ ਸਤਰਾਂ ਰਾਹੀਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ, *"ਬਾਬੂ ਮੰਗੂ ਰਾਮ ਦਾ ਕਹਿਣਾ ਸੀ ਕਿ 85 ਫੀਸਦੀ ਆਦਿ ਲੋਕ/ਆਦਿਧਰਮੀ 15 ਫੀਸਦੀ ਹਿੰਦੂਆਂ ਨੇ ਗ਼ੁਲਾਮ ਬਣਾਏ ਹੋਏ ਹਨ ਤੇ ਉਹਨਾਂ ਤੋਂ ਛੁਟਕਾਰਾ ਪਾਉਣਾ ਪਹਿਲੀ ਤਰਜੀਹ ਹੈ। ਜੇ ਅੰਗਰੇਜ਼ ਅਛੂਤਾਂ ਨੂੰ ਅਧਿਕਾਰ ਦਿੱਤੇ ਬਿਨਾਂ ਹੀ ਮੁਲਕ ਛੱਡ ਗਏ ਤਾਂ ਹਿੰਦੂਆਂ ਨੇ ਜ਼ਾਲਮੀ ਜਾਤਪਾਤ ਤੇ ਛੂਤਛਾਤ ਦਾ ਸ਼ਿਕੰਜਾ ਹੋਰ ਕੱਸ ਦੇਣਾ ਹੈ। ਜੇ ਅਛੂਤ ਸਰਕਾਰ ਤੋਂ ਬਰਾਬਰੀ ਦੇ ਅਧਿਕਾਰ ਮੰਗਦੇ ਹਨ ਤਾਂ ਹਿੰਦੂ ਸਮਾਜ ਨੂੰ ਕਿਉਂ ਪ੍ਰੇਸ਼ਾਨੀ ਹੋ ਰਹੀ ਹੈ।"*

ਬਾਬੂ ਮੰਗੂ ਰਾਮ ਵੱਲੋਂ ਚਲਾਏ 'ਆਦਿ ਧਰਮ' ਦਾ ਮੁੱਖ ਨਿਸ਼ਾਨਾ ਸਮਾਜ ਵਿਚ ਅਛੂਤਾਂ ਦੀ ਸਮਾਜਕ ਪਛਾਣ ਬਣਾਉਣਾ ਸੀ। ਰਾਇਲ ਕਮਿਸ਼ਨ ਦੀ ਹਿੰਦੁਸਤਾਨ ਫੇਰੀ ਅਤੇ 1931 ਦੀ ਮਰਦਮਸ਼ੁਮਾਰੀ ਤੋਂ ਬਾਅਦ ਚੋਣ ਸੁਧਾਰਾਂ ਲਈ ਲਾਰਡ ਲੋਥੀਅਨ ਦੀ ਚੇਅਰਮੈਨਸ਼ਿਪ ਹੇਠ ਬਣਾਈ ਇਕ ਫਰੈਂਚਾਈਜ਼ ਕਮੇਟੀ ਅੱਗੇ ਪੇਸ਼ ਹੋ ਕੇ ਬਾਬੂ ਮੰਗੂ ਰਾਮ ਮੁੱਗੋਵਾਲ ਦੀ ਅਗਵਾਈ ਵਿਚ ਆਦਿ ਧਰਮ ਮੰਡਲ ਦੇ ਪ੍ਰਤਿਨਿਧਾ ਨੇ ਇਹ ਦੱਸਿਆ ਕਿ ਉਹ ਨਾ ਹਿੰਦੂ ਹਨ, ਨਾ ਸਿੱਖ, ਨਾ ਮੁਸਲਮਾਨ, ਤੇ ਨਾ ਹੀ ਈਸਾਈ ਹਨ। ਉਹ ਹਿੰਦੁਸਤਾਨ ਦੇ ਮੂਲ ਨਿਵਾਸੀਆਂ ਦੀ ਸੰਤਾਨ ਹਨ, ਆਦਿ ਵਾਸੀ ਯਾਨੀ ਆਦਿ ਧਰਮੀ। ਇਸ ਲਈ ਉਹਨਾਂ ਨੂੰ ਵੱਖਰੇ ਰਾਜਨੀਤਕ ਅਧਿਕਾਰ ਦਿੱਤੇ ਜਾਣ। ਜੋ ਕਿ ਮਿਲੇ ਵੀ। ਬਾਬੂ ਮੰਗੂ ਰਾਮ ਇਸ ਗੱਲੋਂ ਚੇਤੰਨ ਸੀ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਛੂਤਾਂ ਨੂੰ ਆਪਣੇਹਿੱਤਾਂ ਦੀ ਪੂਰਤੀ ਅਤੇ ਰਾਜਸੀ ਲਾਭਾਂ ਲਈ ਉੱਚ ਜਾਤਾਂ ਦੇ ਲੋਕ ਆਪਣੇ ਆਪਣੇ ਧਰਮਾਂ ਨਾਲ ਜੋੜ ਕੇ ਵਰਤ ਰਹੇ ਸਨ। ਇਸ ਲਈ ਉਸਨੇ ਨਾਅਰਾ ਲਗਾਇਆ ਸੀ ਕਿ ਆਦਿ ਧਰਮ ਦੇ ਆਦਿ ਗੁਰੂ ਰਵਿਦਾਸ, ਕਬੀਰ, ਨਾਮਦੇਵ ਤੇ ਰਿਸ਼ੀ ਬਾਲਮੀਕ ਹਨ। ਇੰਝ, ਕਿਹਾ ਜਾ ਸਕਦਾ ਹੈ ਕਿ ਆਦਿ ਧਰਮ ਮੰਡਲ ਧਾਰਮਿਕ ਭਾਵਨਾਵਾਂ ਨੂੰ ਕੰਟਰੋਲ ਕਰਕੇ ਅਤੇ ਰਾਜਸੀ ਤਾਕਤ ਪ੍ਰਾਪਤ ਕਰਕੇ ਅਛੂਤਾਂ ਨੂੰ ਸਮਾਜ ਵਿਚ ਸਨਮਾਨ ਵਾਲਾ ਦਰਜਾ ਦਿਵਾਉਣ ਵਾਲੀ ਅਜਿਹੀ ਸੰਸਥਾ ਦੇ ਰੂਪ ਵਿਚ ਉਭਰ ਕੇ ਸਾਹਵੇਂ ਆਇਆ, ਜਿਸਦਾ ਮੰਤਵ ਪੰਜਾਬ ਦੇ ਅਛੂਤਾਂ ਨੂੰ ਭਰਮਾਉਣ ਵਾਲੀਆਂ ਲਹਿਰਾਂ/ ਸੰਸਥਾਵਾਂ ਤੋਂ ਬਚਾ ਕੇ ਉਹਨਾਂ ਨੂੰ ਉਹਨਾਂ ਦੇ ਅਸਲ 'ਆਦਿ' ਨਾਲ ਜੋੜਨਾ ਸੀ।

ਸ਼ਾਇਦ ਇਸੇ ਲਈ ਹੱਥਲੀ ਪੁਸਤਕ ਵਿਚ ਵਿਸ਼ੇਸ਼ ਵਿਅਕਤੀਆਂ ਦੀ ਅਛੂਤਾਂ ਪ੍ਰਤੀ ਵਿਚਾਰਧਾਰਾ ਨੂੰ ਸਾਹਵੇਂ ਲਿਆ ਕੇ ਕੁਝ ਨਤੀਜੇ ਕੱਢੇ ਗਏ ਹਨ। ਜਿਵੇਂ: ਮਹਾਤਮਾ ਗਾਂਧੀ ਅਛੂਤਾਂ ਦੇ ਨੇਤਾ ਨਹੀਂ ਸਨ। ਕਾਂਗਰਸੀਆਂ ਤੇ ਆਰੀਆ ਸਮਾਜ ਦੇ ਸਾਂਝੇ ਲੀਡਰ ਲਾਲਾ ਲਾਜਪਤ ਰਾਏ ਨੇ ਵੀ ਆਦਿ ਧਰਮ ਦਾ ਡਟ ਕੇ ਵਿਰੋਧ ਕੀਤਾ ਸੀ, ਆਰੀਆ ਸਮਾਜ ਨਾਂ ਦੀ ਸੰਸਥਾ ਨੂੰ ਸਥਾਪਤ ਕਰਨ ਵਾਲੇ ਸਵਾਮੀ ਦਇਆ ਨੰਦ ਨੇ 'ਸ਼ੁੱਧੀ ਅੰਦੋਲਨ' ਜ਼ਰੀਏ ਅਛੂਤਾਂ ਨੂੰ ਹਿੰਦੂਆਂ ਦੇ ਜਾਲ ਵਿਚ ਫਸਾਈ ਰੱਖਣ ਅਤੇ ਅਛੂਤਾਂ ਨੂੰ ਉਹਨਾਂ ਦੇ ਅਸਲ ਨਾਲੋਂ ਤੋੜਨ ਦੇ ਜਤਨ ਕੀਤੇ। ਸਰਦਾਰ ਭਗਤ ਸਿੰਘ ਦੀ ਧਰਮ ਨਿਰਪੇਖ ਨੀਤੀ 'ਚੋਂ ਉਪਜੀ ਇਸ ਟਿੱਪਣੀ, "ਉੱਠੋ, ਆਪਣੀ ਤਾਕਤ ਪਛਾਣੋ। ਸੰਗਠਤ ਹੋਵੋ। ਅਸਲ ਵਿਚ ਖੁਦ ਜਤਨ ਕੀਤੇ ਬਿਨਾਂ ਤੁਹਾਨੂੰ ਕੁਝ ਵੀ ਮਿਲ ਨਹੀਂ ਸਕੇਗਾ" ਨੇ ਜਿੱਥੇ ਆਦਿਧਰਮੀਆਂ ਦੇ ਹੌਂਸਲੇ ਨੂੰ ਵਧਾਇਆ ਉਥੇ ਕਾਂਗਰਸ ਦੀ ਮਨੂਵਾਦੀ ਸੋਚ ਨੂੰ ਵੀ ਝਟਕਾ ਲਾਇਆ। 'ਆਦਿਧਰਮ' ਦੇ ਬਾਨੀ ਮੰਗੂ ਰਾਮ ਨੇ ਡਾ. ਅੰਬੇਦਕਰ ਦੀ ਉਸ



ਤਜਵੀਜ਼ ਨੂੰ ਮੰਨਣ ਤੋਂ ਇਨਕਾਰ ਕੀਤਾ, ਜਿਸ ਅਨੁਸਾਰ ਪੰਜਾਬ ਦੀ ਅਛੂਤ ਲੀਡਰਸ਼ਿਪ ਨੂੰ ਮੁਸਲਿਮ ਲੀਗ ਨੂੰ ਵੋਟ ਦੇ ਕੇ ਪਾਕਿਸਤਾਨ ਬਣਾਏ ਜਾਣ ਅਤੇ ਉਸ ਨਵੇਂ ਮੁਲਕ ਵਿਚ ਅਛੂਤਾਂ ਨੂੰ ਸ਼ੁਮਾਰ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ।

ਇਉਂ ਇਹ ਪੁਸਤਕ ਭਾਰਤ ਦੀਆਂ ਤਤਕਾਲੀਨ ਤੇ ਸਮਕਾਲੀਨ ਰਾਜਸੀ ਸਥਿਤੀਆਂ ਨੂੰ ਪਛਾਣਨ ਲਈ ਕਈ ਪ੍ਰਸ਼ਨ ਵੀ ਖੜ੍ਹੇ ਕਰਦੀ ਹੈ ਜਿਵੇਂ, ਮਹਾਤਮਾ ਗਾਂਧੀ ਅਤੇ ਡਾ. ਅੰਬੇਦਕਰ ਦਾ ਪੂਨਾ ਪੈਕਟ ਯਾਨੀ ਦੋਹਾਂ ਵਿਚਾਲੇ ਸਮਝੌਤਾ ਆਦਿ ਭਾਈਚਾਰਿਆਂ ਵਿਚ ਅੱਜ ਵੀ ਬਹਿਸ ਦਾ ਵਿਸ਼ਾ ਕਿਉਂ ਬਣਿਆ ਹੋਇਆ ਹੈ? ਕਾਲਿਆਂ ਤੋਂ ਗੋਰਿਆਂ ਨੇ ਮਾਫੀ ਮੰਗ ਲਈ ਕਿ ਉਹਨਾਂ ਨੇ ਕਾਲੇ ਲੋਕਾਂ ਉੱਤੇ ਅਣਮਨੁੱਖੀ ਅਤਿਆਚਾਰ ਕੀਤੇ ਹਨ ਪਰ ਹਿੰਦੂ-ਆਰੀਆ ਆਦਿ ਵਾਸੀ ਲੋਕਾਂ ਤੋਂ ਕਦ ਮਾਫੀ ਮੰਗਣਗੇ? ਆਦਿ ਧਰਮ ਦੀ ਵਿਚਾਰਧਾਰਾ ਤੇ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਸਹੀ, ਸੰਤੁਲਤ ਤੇ ਯਥਾਰਥਕ ਦ੍ਰਿਸ਼ਟੀਕੋਣ ਤੋਂ ਪਛਾਣਨਾ ਕਿਉਂ ਜ਼ਰੂਰੀ ਹੈ?

ਬਲਬੀਰ ਮਾਧੋਪੁਰੀ ਨੇ ਮਿਸ਼ਨਰੀ ਭਾਵਨਾ ਤਹਿਤ ਆਦਿ ਧਰਮ ਅਥਵਾ ਇਸਦੇ ਬਾਨੀ ਉੱਤੇ ਲੱਗੇ ਦੋਸ਼ਾਂ ਦਾ ਤਰਕਸ਼ੀਲ ਢੰਗ ਨਾਲ ਜਵਾਬ ਦੇ ਕੇ ਲੇਖਕ ਹੋਣ ਦੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਮਿਸਾਲ ਵਜੋਂ ਇਹ ਦੋਸ਼ ਕਿ ਆਦਿ ਧਰਮ ਮੰਡਲ ਮੁਸਲਮਾਨਾਂ ਤੋਂ ਪੈਸੇ ਲੈਂਦਾ ਹੈ ਤੇ ਹਿੰਦੂਆਂ ਵਿਚਾਲੇ ਪਾੜਾ ਪਾ ਰਿਹਾ ਹੈ। ਜਾਂ ਇਹ ਧਾਰਨਾ ਕਿ ਇਹਨਾਂ ਨੂੰ ਵੱਖਰੇ ਰਾਜਨੀਤਕ ਅਧਿਕਾਰਾਂ ਦੀ ਲੋੜ ਨਹੀਂ ਹੈ। ਵਾਸਤਵ ਵਿਚ ਬਰਤਾਨਵੀ ਹਕੂਮਤ ਦੇ ਆਦਿ ਧਰਮ ਪੱਖੀ ਰਵੱਈਏ ਕਾਰਨ ਉੱਚ ਜਾਤਾਂ ਨੇ ਉੱਚੀ ਉੱਚੀ ਦੁਹਾਈ ਦੇਣੀ ਸ਼ੁਰੂ ਕਰ ਦਿੱਤੀ ਸੀ ਕਿ ਆਦਿ ਧਰਮ ਸਰਕਾਰ ਤੋਂ ਪੈਸੇ ਲੈ ਕੇ ਉਹਨਾਂ ਦਾ ਵਿਰੋਧ ਕਰ ਰਿਹਾ ਹੈ।

'ਆਦਿ ਧਰਮ' ਦੇ ਇਤਿਹਾਸ ਤੇ ਵਰਤਮਾਨ ਨੂੰ ਪਛਾਣਦੀ ਤੇ ਦਰਸਾਉਂਦੀ ਹੱਥਲੀ ਪੁਸਤਕ ਵਿਚੋਂ ਸੰਕੇਤ ਮਿਲਦੇ ਹਨ ਕਿ ਇਸ ਲਹਿਰ ਦੇ ਬਾਨੀ ਬਾਬੂ ਮੰਗੂ ਰਾਗ ਨੇ ਆਦਿ ਧਰਮ ਪ੍ਰਤੀ ਆਪਣੀਆਂ ਸਰਗਰਮੀਆਂ ਨੂੰ ਦੇਸ਼-ਵੰਡ ਤਕ ਬਾਖੂਬੀ ਨਿਭਾਇਆ, ਜਦ ਕਿ ਇਕ ਸਮੇਂ ਉੱਤੇ ਉਸਦਾ ਜੋਸ਼ ਮੱਠਾ ਪੈ ਗਿਆ ਸੀ। ਜੋਸ਼ ਦੇ ਮੱਠਾ ਪੈਣ ਦੇ ਕਾਰਨਾਂ ਵੱਲ ਵੀ ਇਸ਼ਾਰੇ ਕੀਤੇ ਗਏ ਹਨ। ਐਪਰ, ਉਸਦੇ ਮੱਠੇ ਜੋਸ਼ ਨੂੰ ਉਸਦੇ ਬੁਢੇਪੇ ਵਿਚ ਵੀ ਰੋਹ ਭਰਪੂਰ ਬਣਾਉਣ ਵਾਲੇ ਉਸਦੇ ਹੀ ਸਿਰਨਾਵੀਏਂ ਬਾਬੂ ਮੰਗ ਰਾਮ 'ਜਸਪਾਲ' ਦਾ ਭਰਪੂਰ ਯੋਗਦਾਨ ਹੈ। ਬਾਬੂ ਮੰਗੂ ਰਾਮ 'ਜਸਪਾਲ' ਦੇ ਆਦਿ ਧਰਮ ਪ੍ਰਤੀ ਮਿਸ਼ਨਰੀ ਕੰਮਾਂ ਅਤੇ ਭਾਵਨਾਵਾਂ ਸਦਕਾ ਅੱਜ ਵੀ ਆਦਿ ਧਰਮ ਦੀ ਵਿਚਾਰਧਾਰਾ ਜੀਵਤ ਹੈ ਜਿਸਨੂੰ ਬਲਬੀਰ ਮਾਧੋਪੁਰੀ ਨੇ ਪਾਠਕਾਂ ਸਾਹਵੇਂ ਲਿਆ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ।

-ਚੰਦਰ ਮੋਹਨ

## ਇਹ ਸ਼ਬਦ-ਮੇਰੇ ਹਮਦਰਦ [ਜਗਦੀਸ਼ ਕੌਰ]

ਜਗਦੀਸ਼ ਕੌਰ ਬੁਨਿਆਦੀ ਤੌਜ 'ਤੇ ਇਕ ਬੌਧਿਕ ਪ੍ਰਾਣੀ ਹੈ ਅਤੇ ਪਹਿਲਾਂ ਪ੍ਰਕਾਸ਼ਤ ਆਪਣੀਆਂ ਦੋ ਪੁਸਤਕਾਂ 'ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ' ਅਤੇ 'ਪੰਜਾਬੀ ਲੋਕ ਕਹਾਣੀ: ਵਿਹਾਰ ਅਤੇ ਸੰਕਲਪ' ਰਾਹੀਂ ਪਾਠਕਾਂ ਨਾਲ ਆਲੋਚਨਾਤਮਕ ਸੰਵਾਦ ਰਚਾ ਚੁੱਕੀ ਹੈ। ਸਿਰਜਣਾਤਮਕ ਸਾਹਿਤ ਦੀ ਉਸਦੀ ਇਹ ਪਲੇਠੀ ਪਰ ਪ੍ਰੌਢ ਕਿਰਤ ਹੈ। ਪੂੰਜੀਵਾਦ ਦੀ ਚੜ੍ਹਤ ਦੇ ਪ੍ਰਤੀਕ ਵਿਸ਼ਵੀਕਰਨ ਨੇ ਹਰ ਦੇਸ਼ ਵਿਚ ਔਰਤ ਦੀ ਸਥਿਤੀ ਨੂੰ ਰੁਪਾਂਤਰਤ ਕੀਤਾ ਹੈ। ਇਸ ਵਰਤਾਰੇ ਤੋਂ ਉਸਦੀ ਜ਼ਿੰਦਗੀ ਦਾ ਹਰ ਪੱਖ ਪ੍ਰਭਾਵਤ ਹੋਇਆ ਹੈ। ਹਰ ਪੱਧਰ 'ਤੇ ਵਿਚਰਦੀ ਔਰਤ ਵਿਚ ਚੇਤਨਾ ਆਈ ਹੈ, ਜਿਸ ਨੇ ਸਾਡੇ ਸਾਹਿਤ ਦੀ ਵੱਥ ਨੂੰ ਵੀ ਪ੍ਰਭਾਵਤ ਕੀਤਾ ਹੈ। ਨਾਰੀ ਦੀ ਇਸੇ ਚੇਤੰਨਤਾ ਨੂੰ ਬੌਧਿਕਤਾ ਅਤੇ ਤਾਰਕਿਕਤਾ ਸਹਿਤ ਡਾ. ਜਗਦੀਸ਼ ਕੌਰ ਨੇ ਆਪਣੀ ਕਾਵਿ ਪੁਸਤਕ 'ਇਹ ਸ਼ਬਦ-ਮੇਰੇ ਹਮਦਰਦ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 174, ਮੁੱਲ 175 ਰੁਪਏ)

ਵਿਚ ਪੇਸ਼ ਕੀਤਾ ਹੈ।

ਡਾ. ਜਗਦੀਸ਼ ਕੌਰ ਦੀ ਸਿਰਜਣਾਤਮਕ ਕੁੱਖੋਂ ਜੰਮੇ ਸ਼ਬਦ ਉਸਦਾ ਮਨ ਅੰਤਰ ਠਾਰਦੇ ਹੋਏ ਸਿਰਜਣਾਤਮਕ ਜਗਤ ਨਾਲ ਨਾਤਾ ਜੋੜਦੇ ਹਨ:

*ਦਰਦਾਂ ਦੇ ਤ੍ਰਿਹਾਏ, ਇਨ੍ਹਾਂ ਬੰਨ੍ਹ ਕਤਾਰਾਂ*
*ਬਣ ਕੇ ਲੜੀਆਂ, ਦਰਦ ਮੇਰੇ ਸਹਿਲਾਏ।*
*ਬਣ ਕਵਿਤਾ ਮੇਰੀ ਝੋਲੀ ਆਏ, ਹੂਕ ਦੇ ਸੰਖ ਵਜਾਏ।*

ਹੂਕ ਦੇ ਸੰਖ ਉਸਦੇ ਅਹਿਸਾਸਾਂ ਨੂੰ ਜਗਾਉਂਦੇ ਹਨ। ਸ਼ਬਦਾਂ ਦੀਆਂ ਲੜੀਆਂ ਦੀ ਜੜਤ ਵਿਚ ਅਰਥਾਂ ਦੀਆਂ ਵੱਖ ਵੱਖ ਪਰਤਾਂ ਹਨ, ਜਿਹਨਾਂ ਦੇ ਤਲਿਸਮ ਨੂੰ ਉਹ ਪਛਾਣਦੀ ਹੈ। ਕਵਿੱਤਰੀ ਦੇ ਸ਼ਬਦਾਂ ਦੀ ਤਹਿ ਤਕ ਜਾਣ ਲਈ ਪਾਠਕਾਂ ਵਾਸਤੇ ਉਚੇਰੀ ਪੱਧਰ ਦੀ ਬੌਧਿਕਤਾ, ਤਾਰਕਿਕਤਾ ਤੇ ਦਾਰਸ਼ਨਿਕਤਾ ਦੀ ਲੋੜ ਤਾਂ ਹੈ ਪਰ ਉਸ ਦੀ ਵਿਚਾਰਧਾਰਾ ਬਹੁਤ ਸਪਸ਼ਟ ਹੈ। ਸ਼ਬਦਾਂ ਦੀ ਉਧੇੜ ਬੁਣ ਵਿਚ ਉਹ ਉਲਝਦੀ ਨਹੀਂ ਅਤੇ ਨਾ ਹੀ ਭਾਵਕਤਾ ਉਸਦੇ ਮਨ ਵਿਚ ਖੌਰੂ ਪਾਉਂਦੀ ਹੈ। ਬਲਕਿ ਆਪਣੀ ਚੇਤੰਨ ਬੌਧਿਕਤਾ ਸਦਕਾ ਉਹ ਸਿੱਧੀ ਨਿਸ਼ਾਨਾ ਮਿੱਥਦੀ ਹੈ:

*ਮੈਂ ਮੋਢਿਆਂ ਤੋਂ ਰੱਬ ਉਤਾਰ*
*ਸਿੱਧੀ ਖਲੋ ਗਈ ਹਾਂ...*
*ਟੁੱਟ ਰਹੀਆਂ ਨੇ ਆਸਥਾ ਦੀਆਂ ਲੜੀਆਂ*
*ਵਗਾਹ ਮਾਰੀ ਹੈ, ਸ਼ਰਧਾ ਦੀ ਅਫੀਮ*
*ਤੇ ਹੁਣ ਤੂੰ ਵੀ ਮੇਰੇ ਨਿਸ਼ਾਨੇ 'ਤੇ ਹੈਂ।*

ਬਦਲਦੇ ਸਮਾਜਕ ਆਰਥਿਕ ਸਰੋਕਾਰਾਂ ਦੇ ਸੰਦਰਭ ਵਿਚ ਜਗਦੀਸ਼ ਨੇ ਘਰ ਦੇ ਬਦਲਦੇ ਸੰਕਲਪ ਨੂੰ ਵੀ ਪੇਸ਼ ਕੀਤਾ ਹੈ। ਜਿੱਥੇ ਅੱਜ ਵੀ ਘਰ ਦਾ ਮਾਲਕ ਮਰਦ ਹੈ, ਨਾਰੀ ਤਾਂ ਸਿਰਫ ਉਸਦੀ ਕੇਅਰ ਟੇਕਰ ਹੈ। ਉਹ ਘਰ ਤੇ ਘਰ ਵਾਲੇ ਦੀ ਮਲਕੀਅਤ ਤੋਂ ਵਾਂਝੀ ਹੈ:

*ਇਹ ਘਰ, ਇਹ ਮਲਕੀਅਤਾਂ*
*ਆਪਣੇ ਆਪ ਵਿਚ ਕੁਝ ਨਹੀਂ,*
*ਬਸ ਅਰਥਾਂ ਦੀ ਸ਼ਤਰੰਜ ਹਨ।*

ਇਸ ਸ਼ਤਰੰਜ ਵਿਚ ਮਰਦ ਦਾ ਪਾਸਾ ਹੀ ਹਾਵੀ ਰਹਿੰਦਾ ਹੈ। ਕਵਿੱਤਰੀ ਨੂੰ ਆਪਣੇ ਮਰਦ ਨਾਲ ਭਾਵੇਂ ਕੋਈ ਸ਼ਿਕਾਇਤ ਨਹੀਂ ਪਰ ਮਰਦ ਦੀ ਸਰਦਾਰੀ ਵਾਲੀ ਵਿਵਸਥਾ ਉੱਤੇ ਇਤਰਾਜ਼ ਅਵੱਸ਼ ਹੈ:

*ਮੈਨੂੰ ਤੇਰੇ ਖਿਲਾਫ ਸ਼ਿਕਾਇਤ ਨਹੀ*
*ਮੈਨੂੰ ਤਾਂ ਇਤਰਾਜ਼ ਹੈ*
*ਤੇਰੇ ਪਿੱਛੇ ਬੈਠੇ ਉਸ ਪ੍ਰਪੰਚ ਉੱਤੇ*
*ਜਿਸਦੀ ਟ੍ਰੇਨਿੰਗ ਸਿਖਾਉਂਦੀ ਹੈ ਗੁਰ ਤੈਨੂੰ*
*ਹਰ ਹੀਲੇ ਛਾ ਜਾਣ ਦੇ*

ਬੌਧਿਕ ਤੌਰ 'ਤੇ ਚੇਤੰਨ ਅਤੇ ਜਾਗਰੂਕ ਨਾਰੀ ਮਰਦ ਦੀ ਹਉਂ ਦੇ ਬਹਿਰੂਪੀਆ ਸਰੂਪ ਤੋਂ ਭਲੀਭਾਂਤ ਜਾਣੂ ਹੈ, ਜੋ ਹਮੇਸ਼ਾ ਉਸਦੇ ਮੱਥੇ 'ਤੇ ਗੁਨਾਹ ਲਿਖਕੇ ਆਪ ਫਾਰਗ ਹੁੰਦਾ ਹੈ ਅਤੇ 'ਮੈਂ' ਦੀ ਲੀਲ੍ਹਾ ਰਚਾਉਂਦਾ ਹੈ। ਪਦਾਰਥਕ ਸੁੱਖਾਂ ਤੇ ਸਮਰਿੱਧੀਆਂ ਦੇ ਬਾਵਜੂਦ ਬੌਧਿਕਤਾ ਤੇ ਭਾਵੁਕਤਾ ਦਾ ਸੱਖਣਾਪਣ ਨਾਰੀ 'ਤੇ ਸਦਾ ਹਾਵੀ ਰਹਿੰਦਾ ਹੈ। ਨਿੱਤ ਟੁੱਟਦੇ ਭਰੋਸਿਆਂ ਤੋਂ ਉਹ ਤ੍ਰਹਿੰਦੀ ਹੈ:

*ਸ਼ੀਸ਼ੇ ਦੀ ਇਕ ਦੀਵਾਰ ਹੋ ਕੇ ਚਕਨਾਚੂਰ*
*ਤੇ ਲੱਗ ਜਾਵੇ ਢੇਰ, ਕੱਚ ਦਾ ਕਿਰਚਾਂ ਦਾ*
*ਸੱਚਮੁੱਚ ਭਿਆਨਕ ਹੁੰਦੈ ਅਚਾਨਕ, ਰਿਸ਼ਤਿਆਂ ਦਾ ਤਿੜਕ ਜਾਣਾ*

ਰਿਸ਼ਤਿਆਂ ਦੇ ਪਿੱਛੇ 'ਮੈਂ ਦੀ ਲੀਲ੍ਹਾ' ਹੈ। ਹਰ ਕੋਈ ਮੈਂ ਦੇ ਨੁਕਤੇ ਤੋਂ ਆਪਣੇ ਆਪ ਨੂੰ ਜਸਟੀਫਾਈ ਕਰਦਾ ਹੈ। ਮੈਂ ਸਦਕਾ ਹੀ ਆਂਤਰਿਕ ਯੁੱਧ ਚਲਦਾ ਰਹਿੰਦਾ ਹੈ। ਜ਼ਿੰਦਗੀ ਦੀਆਂ



ਹਾਰਾਂ ਤੋਂ ਘਬਰਾਏ ਬਗ਼ੈਰ ਉਹ ਅਡੋਲ ਵਿਸ਼ਵਾਸ ਨਾਲ ਭਾਵੇਂ ਆਤਮ ਸਮਰਪਣ ਵੀ ਕਰਦੀ ਹੈ ਪਰ 'ਸਮੁੰਦਰ' ਦੀ ਗਹਿਰਾਈ ਸਹਿਜਤਾ ਨਾਲ ਉਸਨੂੰ ਆਪਣੇ ਵਿਚ ਸਮੋਂਦੀ ਨਹੀਂ ਸਗੋਂ ਲਾਸ਼ ਬਣਾਕੇ ਉੱਪਰ ਤੈਰਨ ਲਾ ਦਿੰਦੀ ਹੈ। ਇਸ ਤਰ੍ਹਾਂ ਸੰਸਾਰਕ ਤੇ ਮਾਨਸਿਕ ਦੁੱਖਾਂ ਤੋਂ ਘਬਰਾਈ, ਗਹਿਰਾਈਆਂ ਤੋਂ ਡਰਦੀ, 'ਸਭ ਅੱਛਾ' ਦਾ ਨਕਾਬ ਪਹਿਨਦੀ ਹੋਈ ਉਹ ਸਹਿਜ ਹੋਣਾ ਲੋਚਦੀ ਹੈ, ਜਿਸ ਵਿਚ ਤੜਪ ਤੇ ਤ੍ਰੇਹ ਤੋਂ ਮੁਕਤੀ ਹੋਵੇ।

ਆਧੁਨਿਕਤਾ ਵੱਲ ਤੇਜ਼ੀ ਨਾਲ ਪੁਲਾਂਘਾਂ ਪੁੱਟਦੀ ਅੱਜ ਦੀ ਸੰਵੇਦਨਸ਼ੀਲ ਨਾਰੀ ਕਿੰਨੇ ਹੀ ਮੁਹਾਜ਼ਾਂ 'ਤੇ ਇਕੱਲਿਆਂ ਲੜਦੀ ਹੈ। ਉਸ ਦੇ ਸ਼ਾਨਾਂ ਮੱਤੇ ਮਾਣਮੱਤੇ ਵਿਕਾਸ ਦੇ ਪ੍ਰਮਾਣ ਕਾਗਜ਼ੀ ਸਰਟੀਫਿਕੇਟਾਂ ਦੇ ਨਾਲ ਨਾਲ ਉਸਦੇ ਮਨ ਦੇ ਰਖਨਿਆਂ ਵਿਚ ਰੱਖੇ ਹੋਏ ਸਰਟੀਫਿਕੇਟ ਹੋ ਨਿੱਬੜਦੇ ਹਨ, ਜਿਹਨਾਂ ਨਾਲ ਉਸਨੂੰ ਘਰ ਦੀ ਚਾਰ ਦੀਵਾਰੀ ਅੰਦਰ ਮਰਦ ਹਉਂ ਸਹਿਜੇ ਹੀ ਨਿਵਾਜ਼ਦੀ ਹੈ। ਅਜਿਹੇ ਸਰਟੀਫਿਕੇਟ ਸੰਵੇਦਨਸ਼ੀਲ ਨਾਰੀ ਨੂੰ ਅੰਤਾਂ ਦਾ ਮਾਨਸਿਕ ਕਸ਼ਟ ਦਿੰਦੇ ਹਨ।

ਜਗਦੀਸ਼ ਦੀ ਕਲਮ ਸਰਵਨ ਪੁੱਤ ਦੀ ਮਹਾਨਤਾ ਨੂੰ ਚੈਲੰਜ ਕਰਦੀ ਮਹਾਨ ਉਸਦੀ ਨਾਰੀ ਨੂੰ ਮੰਨਦੀ ਹੈ:

*ਅੱਠਸੱਠ ਤੀਰਥਾਂ ਦੇ ਪੁੰਨ ਖੱਟਦਾ*
*ਮਹਾਨਤਾ ਦੀਆਂ ਪਉੜੀਆਂ ਚੜ੍ਹਦਾ*
*ਉਹ ਮਹਾਨ ਸਰਵਣ ਕੁਮਾਰ ਹੋ ਗਿਆ*
*ਤੇ ਮੈਂ ਲੋਕਾਂ ਦੇ ਘਰੋਂ ਅੱਗ ਮੰਗਦੀ*
*ਆਪਣੀਆਂ ਭੁੱਖਾਂ ਨੂੰ ਮਾਰ*
*ਉਸ ਭੁੱਖ ਦਾ ਜੁਗਾੜ ਕਰਦੀ ਰਹੀ*
*ਜਿਹੜੀ ਗਰੰਥ ਵਾਚਣ ਵਿਚ ਵਿਘਨਕਾਰੀ ਹੋ ਸਕਦੀ ਸੀ।*

ਔਰਤ ਦੀ ਸਥਿਤੀ ਇਹ ਹੈ ਕਿ ਉਹ ਸੱਪ ਵਾਂਗ ਮੁਰਦਾ ਕੁੰਜ ਵੀ ਨਹੀਂ ਉਤਾਰ ਸਕਦੀ, ਕਿਉਂਕਿ ਅਜਿਹਾ ਕਰਦਿਆਂ ਵੀ ਕੁਝ ਮਰਦਾ ਹੈ, ਕੁਝ ਭੁਰਦਾ ਹੈ। ਮਰਨਾ, ਭੁਰਨਾ, ਖੁਰਨਾ, ਹਾਰਨਾ ਆਦਿ ਸ਼ਬਦ ਔਰਤ ਦੀ ਹੋਣੀ ਦਾ ਹਿੱਸਾ ਹਨ।

ਜਗਦੀਸ਼ ਦੀ ਆਸਵੰਦ ਕਲਮ ਆਪਣੀ ਪੀੜ੍ਹੀ ਦੀ ਇਹ ਹੋਣੀ ਅਗਲੀ ਪੀੜ੍ਹੀ ਤਕ ਨਹੀਂ ਪਹੁੰਚਣ ਦੇਣਾ ਚਾਹੁੰਦੀ ਅਤੇ ਆਪਣੇ ਤਕ ਹੀ ਹਿਸਾਬ ਕਿਤਾਬ ਕਰਕੇ ਮੁਕਤੀ ਚਾਹੁੰਦੀ ਹੈ। ਇੰਝ ਪਹਿਲੀ ਤੇ ਆਖਰੀ ਚੂਲੀ ਨਾਲ ਪੁਰਾਤਨ ਸਿਸਟਮ ਨੂੰ ਤਿਲਾਂਜਲੀ ਦੇ ਉਹ ਆਪਣੀ ਹੋਂਦ ਦੀ ਨਵੀਂ ਪਰਿਭਾਸ਼ਾ ਉਲੀਕਣੀ ਚਾਹੁੰਦੀ ਹੈ:

*ਮੇਰੇ ਲਈ ਔਖਾ ਹੈ ਮਰਨਾ*
*ਪਰ ਮੌਤ ਨਾਲੋਂ ਵੀ ਵੱਡੀ ਹੁੰਦੀ ਹੈ ਮੁਕਤੀ*
*ਜੂਨ ਖਲਾਸੀ ਲਈ ਲਾਜ਼ਮੀ ਹੈ ਮੁਕਤੀ*

ਸਮਾਜ ਦੇ ਬਦਲ ਰਹੇ ਰਿਸ਼ਤਿਆਂ ਨੂੰ ਵੀ ਉਸਦੀ ਕਲਮ ਛੂੰਹਦੀ ਹੈ। ਇਸ ਤਰ੍ਹਾਂ ਅੱਜ ਦੇ 'ਲਿਵ ਇਨ ਰਿਲੇਸ਼ਨਸ਼ਿਪ' ਅਤੇ 'ਸਟੱਡੀ ਵੀਜ਼ੇ' ਦੇ ਦੁਆਲੇ ਘੁੰਮਦੀ ਵਿਆਹੁਤਾ ਜ਼ਿੰਦਗੀ ਦੀ ਅਸਲੀਅਤ ਵੀ ਉਸਨੇ ਉਜਾਗਰ ਕੀਤੀ ਹੈ। ਉਸਦੀ ਪ੍ਰਤੀਕਾਤਮਕ ਬਿੰਬਾਵਲੀ ਬੌਧਿਕਤਾ ਤੇ ਤਾਰਕਿਕਤਾ ਦਾ ਪੱਲਾ ਫੜਕੇ ਸਮਝੀ ਜਾ ਸਕਦੀ ਹੈ। ਹਰ ਕਵਿਤਾ ਦਾ ਸਿਰਲੇਖ ਵੀ ਆਪਣੇ ਅੰਦਰ ਗਹਿਰੇ ਅਰਥ ਸਮੋਈ ਬੈਠਾ ਹੈ।

ਡਾ. ਜਗਦੀਸ਼ ਕੌਰ ਦੀ ਇਸ ਪਲੇਠੀ ਕਿਰਤ ਨੂੰ ਵਾਚਦਿਆਂ ਉਸ ਤੋਂ ਭਵਿੱਖ ਵਿਚ ਹੋਰ ਵੀ ਚੰਗੀ ਕਾਵਿ-ਰਚਨਾ ਦੀ ਆਸ ਰੱਖੀ ਜਾ ਸਕਦੀ ਹੈ। -ਪੁਸ਼ਵਿੰਦਰ ਕੌਰ

## ਕੋਈ ਨਾਲ ਨਾਲ [ਸਤਪਾਲ ਭੀਖੀ]

'ਕੋਈ ਨਾਲ-ਨਾਲ' ਸਤਪਾਲ ਭੀਖੀ ਰਚਿਤ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ

ਪਹਿਲਾਂ 'ਪਲਕਾਂ ਹੇਠ ਦਰਿਆ' ਦੁਆਰਾ ਉਹ ਪਾਠਕਾਂ ਨਾਲ ਆਪਣੀ ਜਾਣ ਪਛਾਣ ਕਰਵਾ ਚੁੱਕਾ ਹੈ। ਪੁਸਤਕ 'ਕੋਈ ਨਾਲ ਨਾਲ' ਵਿਚ ਛਿਆਲੀ ਕਵਿਤਾਵਾਂ ਸੰਕਲਤ ਹਨ ਜੋ ਸਾਧਾਰਨ ਵਿਅਕਤੀ ਦੇ ਸਾਧਾਰਨ ਜੀਵਨ ਵਿਚੋਂ ਪ੍ਰਾਪਤ ਅਨੁਭਵ ਨੂੰ ਪੇਸ਼ ਕਰਦੀਆਂ ਹਨ। ਪਰ ਇਹ ਪ੍ਰਾਪਤ ਅਨੁਭਵ ਸਾਧਾਰਨ ਨਹੀਂ ਹੈ ਸਗੋਂ ਸੂਖਸ਼ਮ ਅਤੇ ਡੂੰਘਾ ਹੈ। ਸ਼ਾਇਦ ਇਸੇ ਕਰਕੇ ਭੂਮਿਕਾ ਲੇਖਕ ਡਾ. ਸਰਬਜੀਤ ਸਿੰਘ ਨੇ ਇਸਨੂੰ 'ਸਾਧਾਰਨਤਾ 'ਚੋਂ ਅਸਾਧਾਰਨਤਾ ਦੀ ਤਲਾਸ਼' ਕਿਹਾ ਹੈ।

ਸਤਪਾਲ ਭੀਖੀ ਆਪਣੀਆਂ ਕਵਿਤਾਵਾਂ ਵਿਚ ਕਲਪਤ ਮਹੱਲ ਨਹੀਂ ਉਸਾਰਦਾ ਸਗੋਂ ਨਿੱਤ ਜੀਵਨ ਵਿਚ ਘਟਦੀਆਂ ਘਟਨਾਵਾਂ, ਵਿਅਕਤੀ ਦੇ ਜੀਵਨ ਮਾਰਗ 'ਤੇ ਆਉਂਦੇ ਪੜਾਵਾਂ ਅਤੇ ਸੰਸਾਰਕ ਰਿਸ਼ਤਿਆਂ ਦੇ ਪਰਸਪਰ ਸੰਬੰਧਾਂ ਅਤੇ ਉਹਨਾਂ ਦੇ ਪ੍ਰਭਾਵ ਵਿਚੋਂ ਆਪਣੀ ਕਾਵਿ ਸਮੱਗਰੀ ਲੱਭਦਾ ਹੈ। ਉਸ ਸਮੱਗਰੀ ਅਥਵਾ ਅਨੁਭਵ ਨੂੰ ਬੜੇ ਸਾਧਾਰਨ ਸ਼ਬਦਾਂ ਅਤੇ ਸੁਭਾਵਕ ਪ੍ਰਗਟਾਅ ਢੰਗ ਰਾਹੀਂ ਕਾਵਿ ਵਿਚ ਢਾਲਣਾ ਤੇ ਬਿਆਨਣਾ ਉਸਦਾ ਗੁਣ ਹੈ। 'ਟਹਿਣੀ ਉੱਤੇ ਪੰਛੀ', 'ਦਾਦੀ ਤੇ ਨੰਨ੍ਹੀ ਸੀਰਤ', 'ਗੌਡੀਆ', 'ਦਾਣਾ', 'ਛਤਰੀਆਂ', 'ਪਾਣੀ', 'ਲੁਕਾ-ਛਿਪੀ', 'ਬਟੂਆ', 'ਤੀਸਰੀ ਟਿਕਟ', 'ਪਤਨੀਆਂ', 'ਲੋਹਾ', 'ਘਾਅ ਬੋਲਦਾ ਹੈ', 'ਖਾਲ 'ਤੇ ਬੈਠਿਆਂ' ਅਤੇ 'ਮਾਵਾਂ' ਆਦਿ ਕਵਿਤਾਵਾਂ ਦੇ ਪਾਠ ਤੋਂ ਉਪਰੋਕਤ ਕਥਨ ਦੀ ਪ੍ਰੋੜਤਾ ਹੋ ਜਾਂਦੀ ਹੈ।

'ਕੋਈ ਨਾਲ ਨਾਲ' ਸੰਗ੍ਰਹਿ ਦੇ ਅਧਿਅਨ ਤੋਂ ਸਤਪਾਲ ਭੀਖੀ ਇਕ ਵਿਅੰਗਕਾਰ ਦੇ ਰੂਪ ਵਿਚ ਵੀ ਉਭਰਦਾ ਹੈ। ਉਸਦਾ ਵਿਅੰਗ ਤਿੱਖਾ ਹੈ, ਕਾਟਵਾਂ ਹੈ ਤੇ ਬੌਧਿਕ ਵੀ। ਆਧੁਨਿਕ ਪੂੰਜੀਵਾਦੀ ਯੁੱਗ ਵਿਚ ਬੁੱਧੀ ਦੇ ਮੁਕਾਬਲੇ ਪੂੰਜੀ ਜਾਂ ਧਨ ਦੀ ਮਹੱਤਤਾ ਕਿਤੇ ਵੱਧ ਹੈ। ਇਸ ਕੌੜੇ ਸੱਚ ਨੂੰ ਉਜਾਗਰ ਕਰਦੀ ਕਵਿਤਾ 'ਬਟੂਆ' ਇਕ ਸ਼ਕਤੀਸ਼ਾਲੀ ਰਚਨਾ ਹੈ। ਇਸ ਰਚਨਾ ਦੀਆਂ ਅੰਤਲੀਆਂ ਸਤਰਾਂ ਵਿਚ ਅਤਿ ਚੁਭਵਾਂ ਪਰ ਸੂਖਮ ਵਿਅੰਗ ਹੈ:

*ਬਟੂਆ*
*ਮੇਰੇ ਦਿਮਾਗ਼ ਦੀ*
*ਰਖਵਾਲੀ ਕਰਦਾ ਹੈ*

ਸਾਡੇ ਦੇਸ਼ ਦੇ ਕਿਰਤੀ ਵਰਗ ਅਤੇ ਨਿਮਨ ਵਰਗ ਦੀ ਜ਼ਿੰਦਗੀ ਦੇ ਇਕ ਅਹਿਮ ਦੁਖਾਂਤ ਦਾ ਪ੍ਰਗਟਾਅ ਕਰਦੀ ਕਵਿਤਾ 'ਗੌਡੀਆ' ਵਿਸ਼ੇਸ਼ ਧਿਆਨ ਦੀ ਪਾਤਰ ਹੈ। ਬੈਂਡ ਵਾਲੀ ਟੋਲੀ ਵਿਚ ਇਕ ਮੋਹਰੀ ਜਾਂ ਆਗੂ 'ਗੌਡੀਆ' ਦਾ ਸ਼ਬਦ ਚਿੱਤਰ ਉਲੀਕ ਕੇ, ਪੂੰਜੀਵਾਦੀ ਯੁਗ ਵਿਚ ਵੱਡੇ ਵੱਡੇ 'ਫੌਜੀ ਬੈਂਡ' ਆ ਜਾਣ ਕਾਰਨ ਗੌਡੀਏ ਦੀ ਟੋਲੀ ਦੀ ਪੁੱਛ ਪ੍ਰਤੀਤ ਘਟ ਜਾਂਦੀ ਹੈ ਅਤੇ ਗੌਡੀਆ ਨਿਰਾਸ਼ ਹੋ ਕੇ ਮੰਜਾ ਮੱਲ ਲੈਂਦਾ ਹੈ:

*ਬੈਂਡ ਵਿਰਲਾਂ ਵਾਲੀ ਅਲਮਾਰੀ 'ਚ ਕੈਦ*
*ਤੇ ਵਰਦੀ ਕਿੱਲੀ ਦਾ ਹਿੱਸਾ ਬਣ ਗਈ*

ਗੌਡੀਆਂ, ਮਰ ਗਿਆ। ਉਹਦੇ ਮਰਨ ਪਿੱਛੋਂ ਗੌਡੀਏ ਦਾ ਪੁੱਤਰ 'ਬੁੱਧੂ' ਆਪਣਾ ਪਿਤਾ ਪੁਰਖੀ ਕੰਮ ਅਪਣਾ ਲੈਂਦਾ ਹੈ। ਗੌਡੀਏ ਨੇ ਵੀ ਸ਼ਾਇਦ ਆਪਣੇ ਪਿਤਾ ਦਾ ਕੰਮ ਸੰਭਾਲਿਆ ਸੀ। ਕਵਿਤਾ ਦੇ ਅੰਤ ਵਿਚ ਕਵੀ ਅਨੁਭਵ ਕਰਦਾ ਹੈ ਕਿ ਗੌਡੀਆ ਮਰਿਆ ਨਹੀਂ ਕਿਉਂਕਿ

*ਬੁੱਧੂ 'ਚੋਂ ਬੋਲਣ ਲੱਗ ਪਿਆ ਹੈ ਗੌਡੀਆ*
*ਕਾਸ਼ ਗੌਡੀਆ ਮਰ ਹੀ ਜਾਂਦਾ।*

ਬੁੱਧੂ 'ਚੋਂ ਗੌਡੀਆ ਦਾ ਝਲਕਾਰਾ ਪੈਣਾ ਤਾਂ ਸੁਭਾਵਕ ਹੈ-ਪਰ ਅੰਤਲੀ ਸਤਰ ਇਕ ਸ਼ਕਤੀਸ਼ਾਲੀ ਵਿਅੰਗ ਅਤੇ ਅਤਿ ਭਾਵਪੂਰਤ ਸਤਰ ਹੈ ਜੋ ਕਿ ਮੰਨੂੰ ਦੀ ਸ਼੍ਰੇਣੀ ਆਧਾਰਤ ਜਾਤੀ-ਵੰਡ 'ਤੇ ਕਰਾਰੀ ਚੋਟ ਕਰਦੀ ਹੈ।

ਪਰ ਕਈ ਥਾਵਾਂ 'ਤੇ ਕਵੀ ਦੀ ਸ਼ਬਦਾਵਲੀ ਅਸਪੱਸ਼ਟ ਹੈ ਤੇ ਕਈ ਪੰਕਤੀਆਂ ਵਿਚ ਅਸ਼ੁਧ ਵੀ। ਉਸਦੀ ਸ਼ਕਤੀਸ਼ਾਲੀ ਕਵਿਤਾ 'ਗੌਡੀਆ' ਵਿਚ ਵੀ ਇਹ ਉਕਾਈ ਦਿਸ ਪੈਂਦੀ ਹੈ।



ਕਵਿਤਾ ਦੇ ਬੋਲ ਹਨ:

*ਹਿਜਰ ਵਿਚ ਉਹ ਮੰਜੀ ਨਾਲ ਲੱਗ ਗਿਆ*
*ਬੈਂਡ ਵਿਰਲਾਂ ਵਾਲੀ ਅਲਮਾਰੀ ਵਿਚ ਕੈਦ*
*ਤੇ ਵਰਦੀ ਕਿੱਲੀ ਦਾ ਹਿੱਸਾ ਬਣ ਗਈ*

ਇਸੇ ਕਵਿਤਾ ਵਿਚ ਪਹਿਲਾਂ ਆਉਂਦਾ ਹੈ:

*ਨੌਂ ਜਣਿਆਂ ਦੀ ਟੋਲੀ ਵਿਚ*
*ਸਭ ਤੋਂ ਅੱਗੇ, ਮਧਰਾ ਕੱਦ*
*ਹੱਥਾਂ ਵਿਚ ਸ਼ੋਭਾ ਦਿੰਦਾ ਬੈਂਡ*

ਮੇਰੇ ਵਿਚਕਾਰ ਵਿਚ ਇਹਨਾਂ ਦੋਹਾਂ ਬੰਦਾਂ ਵਿਚ ਸ਼ਬਦ 'ਬੈਂਡ' ਵਰਤਣਾ ਸਹੀ ਨਹੀਂ ਕਿਉਂਕਿ ਬੈਂਡ ਕਿਸੇ ਇਕ ਸਾਜ਼ ਦਾ ਨਾਂ ਨਹੀਂ ਹੈ। 'ਬੈਂਡ' ਤਾਂ ਵੱਖ ਵੱਖ ਸਾਜ਼ ਵਜਾਉਣ ਵਾਲਿਆਂ ਦੇ ਸਮੂਹ ਜਾਂ ਟੋਲੀ ਤੋਂ ਬਣਦਾ ਹੈ। ਇਸੇ ਤਰ੍ਹਾਂ ਵਿਰਲਾਂ ਵਾਲੀ ਅਲਮਾਰੀ ਵਿਚ ਬੈਂਡ ਨਹੀਂ ਕੋਈ ਇਕ ਸਾਜ਼ ਵਿਸ਼ੇਸ਼ ਚਾਹੀਦਾ ਹੈ।

ਇਕ ਗੱਲ ਪੁਸਤਕ ਦੀ ਭੂਮਿਕਾ ਜਾਂ ਮੁਖਬੰਧ ਬਾਰੇ। ਭੂਮਿਕ ਲੇਖਕ ਡਾ. ਸਰਬਜੀਤ ਸਿੰਘ ਨੇ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਦਾ ਯੋਗ ਮੁਲਾਂਕਣ ਅਤੇ ਪ੍ਰਸ਼ੰਸਾ ਕੀਤੀ ਹੈ। ਪ੍ਰਸ਼ੰਸਾਤਮਕ ਰੌਂਅ ਵਿਚ ਲਿਖਦਿਆਂ ਕੁਝ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਅਤੇ ਉਹ ਅੰਗਰੇਜ਼ੀ ਸ਼ਬਦ ਜਿਉਂ ਦੇ ਤਿਉਂ ਜੜ ਦਿੱਤੇ ਹਨ ਜਿਵੇਂ: 'ਆਰਟੀਜਨਜ਼' (ਪੰਜ ਵਾਰ), 'ਕੰਪਟੀਸ਼ਨ ਜ਼ੋਨ', 'ਫਿਊਡਲੀ' ਆਦਿ। ਵਿਦਵਾਨ ਆਲੋਚਕ ਥੋੜ੍ਹੀ ਜਿੰਨੀ ਮਿਹਨਤ ਨਾਲ ਹੀ ਉਪਰੋਕਤ ਸ਼ਬਦਾਂ ਦੇ ਪੰਜਾਬੀ ਰੂਪ ਵੀ ਲਿਖ ਸਕਦਾ ਸੀ। ਪਰ ਭੂਮਿਕਾ ਵਿਚ ਵਰਤੇ ਉਪਰੋਕਤ ਸ਼ਬਦਾਂ ਦਾ ਇਸ ਸੰਗ੍ਰਹਿ ਵਿਚ ਸੰਕਲਤ ਕਵਿਤਾਵਾਂ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਉਹ ਆਪਣੇ ਪੂਰੇ ਜਲੌਅ ਵਿਚ ਪ੍ਰਸਤੁਤ ਹੁੰਦੀਆਂ ਹਨ। 'ਕੋਈ ਨਾਲ ਨਾਲ' ਦੇ ਪ੍ਰਕਾਸ਼ਨ ਦੀ ਸਤਪਾਲ ਭੀਖੀ ਨੂੰ ਵਧਾਈ। ਵਧੀਆ ਕਾਗ਼ਜ਼ ਤੇ ਸੁੰਦਰ ਪ੍ਰਕਾਸ਼ਤ 104 ਪੰਨਿਆਂ ਦੀ ਪੁਸਤਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦਾ ਪ੍ਰਕਾਸ਼ਨ ਹੈ।

-ਸੁਰਿੰਦਰ ਗਿੱਲ

## ਪ੍ਰਾਪਤ ਪੁਸਤਕਾਂ

**ਗਹਿਰ ਚੜ੍ਹੀ ਅਸਮਾਨ** (ਨਾਵਲ) ਬਲਬੀਰ ਪਰਵਾਨਾ
ਪੰਨੇ 144, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ

**ਆਸ ਪਿਆਸੀ** (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 344, ਮੁੱਲ 390 ਰੁਪਏ, ਨੈਸ਼ਨਲ ਬੁੱਕ ਸ਼ਾਪ,ਚਾਂਦਨੀ ਚੌਕ,ਦਿੱਲੀ

**ਸਮਾਂ** (ਨਾਵਲ) ਸਵਰਨ ਚੰਦਨ
ਪੰਨੇ 285, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਜਾਲ** (ਨਾਵਲ) ਬਲਬੀਰ ਕੌਰ ਸੰਘੇੜਾ
ਪੰਨੇ 285, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਮੈਨੂੰ ਇਕ ਸੁਫਨਾ ਆਇਆ** (ਜੀਵਨੀ -ਆਧਾਰਿਤ ਨਾਵਲ) ਸੰਤੋਖ ਸਿੰਘ ਧੀਰ
ਪੰਨੇ 287, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਮੈਂ ਅਜੇ ਨਾ ਵਿਹਲੀ** (ਨਾਵਲ) ਜ਼ੋਰਾ ਸਿੰਘ ਸੰਧੂ
ਪੰਨੇ 156, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ

**ਸ਼ਹਿਰ ਭੰਬੋਰ 'ਚ ਵਸਦੀਓ ਕੁੜੀਓ** (ਨਾਵਲ) ਹਰਭਜਨ ਹਾਂਸ
ਪੰਨੇ 117, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਰਾਵੀ ਲਿਖਦਾ ਹੈ** (ਨਾਵਲ) ਡਾ.ਅਬਦੁਲ ਬਿਸਮਿੱਲਾਹ,ਹਿੰਦੀ ਤੋਂ ਅਨੁਵਾਦ: ਪ੍ਰੋ.ਨਵਸੰਗੀਤ ਸਿੰਘ
ਪੰਨੇ 112, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**Dusk to Dawn (Novel) Barjinder Dhillon**
Pp 260,Price Rupees 395,$20,Chetna Parkashan,Ludhiana

**ਗਵਾਚੀ ਝਾਂਜਰ ਦੀ ਚੀਕ** (ਤਾਮਿਲ ਨਾਵਲਿਟ) ਆਂਗਲੂ ਵਾਰੰਗਲ, ਅਨੁਵਾਦ: ਖਾਲਿਦ ਹੁਸੈਨ
ਪੰਨੇ 109 ਗੁਰਮੁਖੀ ਤੇ ਉਰਦੂ ਲਿੱਪੀ, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਮਿਸ਼ਨ ਗੰਗੋਤਰੀ** (ਨਾਵਲ) ਰਾਜਿੰਦਰ ਬਿਬਰਾ
ਪੰਨੇ 216 ਮੁੱਲ 250 ਰੁਪਏ, ਉਡਾਨ ਪਬਲੀਕੇਸ਼ਨਜ਼,ਮਾਨਸਾ

**ਭਾਗੂ** (ਨਾਵਲ) ਪਰਗਟ ਸਿੰਘ ਸਤੌਜ
ਪੰਨੇ 147, ਮੁੱਲ 160 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਮੇਰੀਆਂ ਸ੍ਰੇਸ਼ਟ ਕਹਾਣੀਆਂ** (ਕਹਾਣੀ ਸੰਗ੍ਰਹਿ) ਸੰਤੋਖ ਸਿੰਘ ਧੀਰ
ਪੰਨੇ 208, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਸ਼ਬਨਮ** (ਕਹਾਣੀਆਂ) ਗੁਰਬਖਸ਼ ਸਿੰਘ
ਪੰਨੇ 112 ਮੁੱਲ 75 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਚੱਕਰਵਿਊ** (ਕਹਾਣੀ ਸੰਗ੍ਰਹਿ) ਬਲਦੇਵ ਸਿੰਘ ਢੀਂਡਸਾ
ਪੰਨੇ 136, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਬਿਗਾਨਾ ਘਰ** (ਕਹਾਣੀ ਸੰਗ੍ਰਹਿ) ਜ਼ੋਰਾ ਸਿੰਘ ਸੰਧੂ
ਪੰਨੇ 168, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ

**ਤੇ ਕਾਨੂ ਮਰ ਗਿਆ** (ਕਹਾਣੀ ਸੰਗ੍ਰਹਿ) ਸੰਤੋਖ ਧਾਲੀਵਾਲ
ਪੰਨੇ 120, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਪਾਕਿਸਤਾਨੀ ਕਹਾਣੀ** (ਕਹਾਣੀ ਸੰਗ੍ਰਹਿ) ਅਨੁਵਾਦ: ਰਾਬਿੰਦਰ ਸਿੰਘ ਬਾਠ
ਪੰਨੇ 128, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਇਕ ਚਿੱਠੀ ਆਪਣਿਆਂ ਦੇ ਨਾਂ** (ਕਹਾਣੀ ਸੰਗ੍ਰਹਿ) ਜਸਮੀਤ ਕੌਰ
ਪੰਨੇ 88, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਕੁੜਿੱਕੀ** (ਨਾਟਕ) ਡਾ. ਜਗਜੀਤ ਸਿੰਘ ਕੋਮਲ
ਪੰਨੇ 80, ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਕੋਧਰੇ ਦੀ ਰੋਟੀ** (ਇਕਾਂਗੀ ਸੰਗ੍ਰਹਿ) ਗੁਰਬਖਸ਼ ਸਿੰਘ
ਪੰਨੇ 108 ਮੁੱਲ 50 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਦੁਨੀਆ ਮੇਰਾ ਦੇਸ** (ਕਾਵਿ ਸੰਗ੍ਰਹਿ) ਜਸਵੰਤ ਸਿੰਘ ਨੇਕੀ
ਪੰਨੇ 200 ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਮੋਰ ਪੰਖ** (ਗ਼ਜ਼ਲ ਸੰਗ੍ਰਹਿ) ਗੁਰਭਜਨ ਗਿੱਲ
ਪੰਨੇ 120, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਆਪਣਾ ਆਪਣਾ ਅਕਾਸ਼** (ਕਾਵਿ ਸੰਗ੍ਰਹਿ) ਅਜਾਇਬ ਕਮਲ
ਪੰਨੇ 120, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਰੁਸਵਾਈਆਂ** (ਗ਼ਜ਼ਲ ਸੰਗ੍ਰਹਿ) ਮੁਸ਼ਤਾਕ
ਪੰਨੇ 164, ਮੁੱਲ 150 ਰੁਪਏ, 5 ਪੌਂਡ, $10, ਐਸਥੈਟਿਕਸ ਪਬਲੀਕੇਸ਼ਨਜ਼,ਲੁਧਿਆਣਾ

**ਸੁਖਨ ਨਿਸ਼ਾਨੀ** (ਕਾਵਿ ਸੰਗ੍ਰਹਿ) ਮੁਸ਼ਤਾਕ
ਪੰਨੇ 150, ਮੁੱਲ 150 ਰੁਪਏ, ਐਸਥੈਟਿਕਸ ਪਬਲੀਕੇਸ਼ਨਜ਼,ਲੁਧਿਆਣਾ

**ਇਹ ਬੰਦਾ ਕੀ ਹੁੰਦਾ** (ਕਾਵਿ ਸੰਗ੍ਰਹਿ) ਜਸਵੰਤ ਜ਼ਫਰ
ਪੰਨੇ 104 ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਦੂਜੇ ਸ਼ਬਦਾਂ 'ਚ** (ਕਾਵਿ ਸੰਗ੍ਰਹਿ) ਮਨਮੋਹਨ
ਪੰਨੇ 111 ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਆਪੇ ਨਾਲ ਤੁਰਦਿਆਂ** (ਕਾਵਿ ਸੰਗ੍ਰਹਿ) ਅਮਰੀਕ ਸਿੰਘ ਪੂਨੀ
ਪੰਨੇ 134, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਰੰਗ ਮਹਿਕ ਹਰਫ** (ਕਾਵਿ ਸੰਗ੍ਰਹਿ) ਹਰਜੋਤ ਗਿੱਲ
ਪੰਨੇ 112, ਮੁੱਲ 250 ਰੁਪਏ, ਰੂਪੀ ਪ੍ਰਕਾਸ਼ਨ,ਅੰਮ੍ਰਿਤਸਰ

**ਸ਼ੀਸ਼ੇ ਦੀ ਜੂਨ** (ਕਾਵਿ ਸੰਗ੍ਰਹਿ) ਅਰਤਿੰਦਰ ਸੰਧੂ
ਪੰਨੇ 112, ਮੁੱਲ 160 ਰੁਪਏ, ਰੂਪੀ ਪ੍ਰਕਾਸ਼ਨ,ਅੰਮ੍ਰਿਤਸਰ

**ਉਸ ਨੇ ਕਿਹਾ** (ਕਾਵਿ ਸੰਗ੍ਰਹਿ) ਭੁਪਿੰਦਰ ਸਿੰਘ ਸੱਗੂ
ਪੰਨੇ 80, ਮੁੱਲ 100 ਰੁਪਏ, ਪ੍ਰਤੀਕ ਪਬਲੀਕੇਸ਼ਨਜ਼,ਪਟਿਆਲਾ

**ਬੋਲ ਰਿਹਾ ਪੈਗ਼ੰਬਰ** (ਸੰਤੋਖ ਸਿੰਘ ਧੀਰ ਦੀ ਚੋਣਵੀਂ ਕਵਿਤਾ) ਚੋਣ ਤੇ ਸੰਪਾਦਨ: ਜਸਪਾਲ ਜੱਸੀ
ਪੰਨੇ 88, ਮੁੱਲ ਪੇਪਬੈਕ 35 ਰੁਪਏ, ਸਲਾਮ ਪ੍ਰਕਾਸ਼ਨ, ਕੁੱਸਾ (ਮੋਗਾ)

**ਹਸਤਨਾਪੁਰ!ਸਾਵਧਾਨ** (ਸੰਤੋਖ ਸਿੰਘ ਧੀਰ ਦੀ ਚੋਣਵੀਂ ਕਵਿਤਾ) ਚੋਣ ਤੇ ਸੰਪਾਦਨ: ਜਸਪਾਲ ਜੱਸੀ
ਪੰਨੇ 72, ਮੁੱਲ ਪੇਪਬੈਕ 35 ਰੁਪਏ, ਸਲਾਮ ਪ੍ਰਕਾਸ਼ਨ, ਕੁੱਸਾ (ਮੋਗਾ)

**ਲਹੂ ਦੀ ਵਿਰਾਸਤ** (ਕਾਵਿ ਸੰਗ੍ਰਹਿ) ਮੋਹਨ ਤਿਆਗੀ
ਪੰਨੇ 127, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਦੇਸ਼ ਪਿਆਰ ਦੇ ਗੀਤ** (ਕਾਵਿ ਸੰਗ੍ਰਹਿ) ਹਰਭਜਨ ਸਿੰਘ ਮਾਂਗਟ
ਪੰਨੇ 80, ਮੁੱਲ 125 ਰੁਪਏ, ਨੈਸ਼ਨਲ ਬੁੱਕ ਸ਼ਾਪ,ਚਾਂਦਨੀ ਚੌਕ,ਦਿੱਲੀ

**ਮਖੌਟਿਆਂ ਦੇ ਆਰ ਪਾਰ** (ਕਾਵਿ ਸੰਗ੍ਰਹਿ) ਪਰਮਿੰਦਰ ਕੌਰ ਸਵੈਚ
ਪੰਨੇ 152, ਮੁੱਲ 100 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ,ਬਠਿੰਡਾ



**ਕਣਕਾਂ ਦਰਗਾਹ ਚੱਲੀਆਂ** (ਕਾਵਿ ਸੰਗ੍ਰਹਿ) ਬਲਬੀਰ ਬਗੀਚਾ ਸਿੰਘ ਧਾਲੀਵਾਲ
ਪੰਨੇ 71, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਰਾਹੀ ਥਾਰਾਂ ਦੇ** (ਕਾਵਿ ਸੰਗ੍ਰਹਿ) ਦਲਜੀਤ ਗਿੱਲ
ਪੰਨੇ 120, ਮੁੱਲ 75 ਰੁਪਏ, ਨਵਜੋਤ ਸਾਹਿਤ ਸੰਸਥਾ,ਔੜ (ਨਵਾਂਸ਼ਹਿਰ)

**ਮੇਰੀ ਸੁਣੋ ਪੁਕਾਰ** (ਕਾਵਿ ਸੰਗ੍ਰਹਿ) ਸੁਰਿੰਦਰ ਕੌਰ
ਪੰਨੇ 100, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਵਿਲਕਦਾ ਰੁੱਖ** (ਕਾਵਿ ਸੰਗ੍ਰਹਿ) ਮਲਕੀਤ ਜੌੜਾ
ਪੰਨੇ 96, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਅੱਗ,ਧੂੰਆਂ ਤੇ ਮੈਂ** (ਕਾਵਿ ਸੰਗ੍ਰਹਿ) ਮਹਿੰਦਰਦੀਪ ਗਰੇਵਾਲ
ਪੰਨੇ 127, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਆਪਣੇ ਆਪਣੇ ਸੱਚ** (ਕਾਵਿ ਸੰਗ੍ਰਹਿ) ਤਰਲੋਕ ਬੀਰ
ਪੰਨੇ 152, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਅੰਦਰਲੀ ਪੱਤਝੜ** (ਕਾਵਿ ਸੰਗ੍ਰਹਿ) ਨੀਟਾ ਬਲਵਿੰਦਰ
ਪੰਨੇ 103 ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਖੰਨਿਓਂ ਤਿੱਖਾ ਸਫਰ** (ਕਾਵਿ ਸੰਗ੍ਰਹਿ) ਪਾਲ ਢਿੱਲੋਂ
ਪੰਨੇ 87 ਮੁੱਲ 100 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਆਖਰੀ ਵਸੀਹਤ** (ਕਾਵਿ ਸੰਗ੍ਰਹਿ) ਇੰਦਰਜੀਤ ਕੌਰ ਸਿੱਧੂ
ਪੰਨੇ 93, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਬਿਰਹਾ ਦਾ ਸਾਥੀ** (ਕਾਵਿ ਸੰਗ੍ਰਹਿ) ਸੰਤੋਖ ਛੀਨਾ
ਪੰਨੇ 78, ਮੁੱਲ 80 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਹਾਸ਼ੀਆ ਤੇ ਜ਼ਿੰਦਗੀ** (ਕਾਵਿ ਸੰਗ੍ਰਹਿ) ਨਰਿੰਦਰਪਾਲ ਕੌਰ ਬਰਾੜ
ਪੰਨੇ 84, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਛਾਂ ਕਿੱਕਰਾਂ ਦੀ** (ਗ਼ਜ਼ਲ ਸੰਗ੍ਰਹਿ) ਕਸ਼ਮੀਰ ਸਿੰਘ ਨੀਰ
ਪੰਨੇ 104 ਮੁੱਲ 150 ਰੁਪਏ, ਆਰਸੀ ਪਬਲਿਸ਼ਰਜ਼,ਚਾਂਦਨੀ ਚੌਕ,ਦਿੱਲੀ

**ਤੇਰੀ ਨਹੀਂ ਉੱਡਣੀ ਫੁਲਕਾਰੀ** (ਬੋਲੀਆਂ) ਮੁਹਿੰਦਰ ਸੂਮਲ
ਪੰਨੇ 71, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਸ਼ੋਰ ਸੁੱਕੇ ਦਰਿਆਵਾਂ ਦੇ** (ਗ਼ਜ਼ਲ ਸੰਗ੍ਰਹਿ) ਰੂਪਇੰਦਰ ਸਿੰਘ ਮਾਹਲ
ਪੰਨੇ 80, ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਬਿਰਹਾ ਦੇ ਖੱਖਰ** (ਗ਼ਜ਼ਲ ਸੰਗ੍ਰਹਿ) ਨੂਰ ਮੁਹੰਮਦ ਨੂਰ
ਪੰਨੇ 150, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਜ਼ਿੰਦਗੀ ਦੀ ਗ਼ਜ਼ਲ** (ਗ਼ਜ਼ਲ ਸੰਗ੍ਰਹਿ) ਹਰਭਜਨ ਸਿੰਘ ਕੋਮਲ
ਪੰਨੇ 96, ਮੁੱਲ 140 ਰੁਪਏ, ਸਤਵੰਤ ਬੁੱਕ ਏਜੰਸੀ, ਚਾਂਦਨੀ ਚੌਕ ਦਿੱਲੀ

**ਨੀਲਾ ਅੰਬਰ ਗੂੰਜ ਰਿਹਾ** (ਹਾਇਕੂ:ਅੰਗਰੇਜ਼ੀ,ਹਿੰਦੀ) ਪੰਜਾਬੀ ਅਨੁਵਾਦ: ਅਮਰਜੀਤ ਸਾਥੀ
ਪੰਨੇ 256, ਮੁੱਲ 225 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਖਿਵਣ** (ਹਾਇਕੂ) ਗੁਰਮੀਤ ਸੰਧੂ
ਪੰਨੇ 120, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਪਲ-ਛਿਣ** (ਹਾਇਕੂ) ਪ੍ਰੋ. ਦਰਬਾਰਾ ਸਿੰਘ
ਪੰਨੇ 112, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ

**ਹਰੇ ਭਰੇ ਤਾਰੇ** (ਵਿਸ਼ਵ ਦੇ ਬੱਚਿਆਂ ਦੇ ਹਾਇਕੂ) ਅਨੁਵਾਦ ਤੇ ਸੰਪਾਦਨ:ਅਮਰਜੀਤ ਸਾਥੀ,ਗੁਰਪ੍ਰੀਤ
ਪੰਨੇ 256, ਮੁੱਲ 225 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਪੰਜਾਬੀ ਬੋਲੀ ਦੀ ਵਿਰਾਸਤ** (ਵਾਰਤਕ) ਡਾ.ਸਾਧੂ ਸਿੰਘ
ਪੰਨੇ 174, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਸਿੱਖ ਵਿਰਾਸਤ: ਸਿਧਾਂਤ ਤੇ ਵਿਹਾਰ** (ਵਾਰਤਕ) ਡਾ. ਜਸਪਾਲ ਸਿੰਘ
ਪੰਨੇ 254 ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਪੰਜਾਬੀ ਸਭਿਆਚਾਰ ਦੀ ਆਰਸੀ- ਸੋਮੇ ਤੇ ਪਰੰਪਰਾ** (ਵਾਰਤਕ) ਸੁਖਦੇਵ ਮਾਦਪੁਰੀ
ਪੰਨੇ 188 ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34 ਏ, ਚੰਡੀਗੜ੍ਹ

**ਮੇਰਾ ਜੀਵਨ ਮੇਰਾ ਸਾਹਿਤ** (ਸਾਹਿਤਕ ਸਵੈ ਜੀਵਨੀ) ਰਵਿੰਦਰ ਰਵੀ
ਪੰਨੇ 309, ਮੁੱਲ 300 ਰੁਪਏ,ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,ਪਟਿਆਲਾ

**ਮੇਰਾ ਬਚਪਨ** (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ:ਗੁਰਦਿਆਲ ਸਿੰਘ
ਪੰਨੇ 383 ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਮੇਰੇ ਵਿਸ਼ਵ-ਵਿਦਿਆਲੇ** (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ: ਡਾ. ਹਰਿਭਜਨ ਸਿੰਘ
ਪੰਨੇ 278 ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਮੇਰੇ ਸ਼ਾਗਿਰਦੀ ਦੇ ਦਿਨ** (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ: ਦਰਸ਼ਨ ਸਿੰਘ
ਪੰਨੇ 584 ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਪ੍ਰੀਤ ਮਾਰਗ** (ਵਾਰਤਕ) ਗੁਰਬਖਸ਼ ਸਿੰਘ
ਪੰਨੇ 120 ਮੁੱਲ 60 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਸੁਪਨੇ** (ਵਾਰਤਕ) ਆਲਿਵ ਸ਼ਰੀਨਰ, ਅਨੁਵਾਦਕ: ਗੁਰਬਖਸ਼ ਸਿੰਘ
ਪੰਨੇ 104 ਮੁੱਲ 75 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਸਿੱਧੀਆਂ ਸਪਸ਼ਟ ਗੱਲਾਂ** (ਵਾਰਤਕ) ਸੁਖਿੰਦਰ
ਪੰਨੇ 248, ਮੁੱਲ 200 ਰੁਪਏ,$20,ਤਰਕਭਾਰਤੀ ਪ੍ਰਕਾਸ਼ਨ,ਬਰਨਾਲਾ

**ਜਗਦੇਵ ਸਿੰਘ ਜੱਸੋਵਾਲ** (ਜੀਵਨ ਤੇ ਸ਼ਖਸੀਅਤ) ਸੰਪਾਦਕ:ਨਿੰਦਰ ਘੁਗਿਆਣਵੀ
ਪੰਨੇ 239 ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਮੇਰੇ ਹਿੱਸੇ ਦਾ ਪੀਰ** (ਵਾਰਤਕ) ਨਿੰਦਰ ਘੁਗਿਆਣਵੀ
ਪੰਨੇ 110, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਵਿਚਾਰਾਂ ਭਰੀ ਪਟਾਰੀ** (ਵਾਰਤਕ) ਸੰਪਾਦਕ:ਪ੍ਰੋ.ਦਿਆਲ ਸਿੰਘ ਸੰਧੂ
ਪੰਨੇ 87 ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਸਤਲੁਜ ਤੋਂ ਨਿਆਗਰਾ ਤਕ** (ਸਫਰਨਾਮਾ) ਦਵਿੰਦਰ ਸਿੰਘ ਸੇਖਾ
ਪੰਨੇ 96, ਮੁੱਲ 120 ਰੁਪਏ, ਲਾਹੌਰ ਬੁਕਸ,ਲਾਜਪਤ ਰਾਏ ਮਾਰਕੀਟ,ਲੁਧਿਆਣਾ

**ਲੋਕ-ਮਨ ਮੰਥਨ** (ਲੇਖ ਸੰਗ੍ਰਹਿ) ਦਲਵੀਰ ਸਿੰਘ ਲੁਧਿਆਣਵੀ
ਪੰਨੇ 111, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਦਾਗੀ ਰਾਜਨੀਤੀ ਦੇ ਨਾਇਕ** (ਲੇਖ ਸੰਗ੍ਰਹਿ) ਡਾ. ਅਜੀਤਪਾਲ ਸਿੰਘ ਐਮ.ਡੀ.
ਪੰਨੇ 176, ਮੁੱਲ 100 ਰੁਪਏ, ਤਰਕ ਭਾਰਤੀ ਪ੍ਰਕਾਸ਼ਨ,ਬਰਨਾਲਾ

**ਆਲਮੀ ਤਪਸ਼ ਮਹਿੰਗਾਈ ਤੇ ਗ਼ਰੀਬੀ** (ਲੇਖ ਸੰਗ੍ਰਹਿ) ਡਾ. ਅਜੀਤਪਾਲ ਸਿੰਘ ਐਮ.ਡੀ.
ਪੰਨੇ 176, ਮੁੱਲ 100 ਰੁਪਏ, ਤਰਕ ਭਾਰਤੀ ਪ੍ਰਕਾਸ਼ਨ,ਬਰਨਾਲਾ

**ਸਦੁ ਵਿਚਾਰ ਮੁਕਤੀ ਦੁਆਰ** (ਲੇਖ ਸੰਗ੍ਰਹਿ) ਡਾ. ਜੀ.ਐੱਸ, ਮਾਨ
ਪੰਨੇ 108, ਮੁੱਲ ਕੋਈ ਨਹੀਂ,ਦਿਵਸ਼੍ਰੀ ਫਾਊਂਡੇਸ਼ਨ,ਲੁਧਿਆਣਾ

**ਗੁਲਾਬੋ** (ਬਾਲ ਸਾਹਿਤ) ਗੁਰਬਖਸ਼ ਸਿੰਘ
ਪੰਨੇ 76, ਮੁੱਲ 50 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਰੀਝਾਂ ਦੀ ਖੱਡੀ** (ਬਾਲ ਸਾਹਿਤ) ਗੁਰਬਖਸ਼ ਸਿੰਘ
ਪੰਨੇ 113, ਮੁੱਲ 75 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਬੰਮ ਬਹਾਦਰ** (ਬਾਲ ਸਾਹਿਤ) ਗੁਰਬਖਸ਼ ਸਿੰਘ
ਪੰਨੇ 68, ਮੁੱਲ 50 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਪਰੀਆਂ ਦਾ ਮੋਚੀ** (ਬਾਲ ਸਾਹਿਤ) ਗੁਰਬਖਸ਼ ਸਿੰਘ
ਪੰਨੇ 80, ਮੁੱਲ 50 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

**ਪੰਜਾਬੀ ਨਾਵਲ:ਵਿਹਾਰਕ ਪਰਿਪੇਖ** (ਆਲੋਚਨਾ) ਡਾ.ਟੀ.ਆਰ.ਵਿਨੋਦ
ਪੰਨੇ 280 ਮੁੱਲ 300 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਕੈਨੇਡੀਅਨ ਪੰਜਾਬੀ ਸਾਹਿਤ** (ਆਲੋਚਨਾ) ਸੁਖਿੰਦਰ
ਪੰਨੇ 504, ਮੁੱਲ 350 ਰੁਪਏ,$25,ਵਿਸ਼ਵ ਭਾਰਤੀ ਪ੍ਰਕਾਸ਼ਨ,ਬਰਨਾਲਾ

**ਸੁਖਬੀਰ ਕਾਵਿ ਨੁਹਾਰ** (ਆਲੋਚਨਾ) ਚੰਦਰ ਮੋਹਨ (ਡਾ.)
ਪੰਨੇ 208, ਮੁੱਲ 225 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਲੜੀ ਦਾ ਰਾਗ** (ਸੰਪਾਦਨ ਤੇ ਸਮੀਖਿਆ) ਡਾ.ਹਰਨੇਕ ਸਿੰਘ ਹੇਅਰ
ਪੰਨੇ 190, ਮੁੱਲ ਪੇਪਬੈਕ 150 ਰੁਪਏ, ਪੰਜ-ਨਦ ਪ੍ਰਕਾਸ਼ਨ,ਲਾਂਬੜਾ-ਜਲੰਧਰ

**ਪੰਜਾਬੀ ਸਾਹਿਤ ਚਿੰਤਨ** (ਆਲੋਚਨਾ) ਰਜਨੀਸ਼ ਬਹਾਦਰ ਸਿੰਘ
ਪੰਨੇ 223, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਪੰਜਾਬੀ ਨਾਟਕ:ਸਿਧਾਂਤ ਤੇ ਸਮੀਖਿਆ** (ਆਲੋਚਨਾ) ਡਾ. ਰਸ਼ਪਾਲ ਸਿੰਘ
ਪੰਨੇ 156, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਅਜੀਤ ਕੌਰ ਦਾ ਗਲਪ ਬੋਧ** (ਆਲੋਚਨਾ) ਡਾ. ਬੇਅੰਤ ਕੌਰ
ਪੰਨੇ 136, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਪੰਜਾਬੀ ਸੂਫੀ ਕਾਵਿ** (ਆਲੋਚਨਾ) ਡਾ.ਹਰਪ੍ਰੀਤ ਰੂਬੀ
ਪੰਨੇ 120 ਮੁੱਲ 140 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

**ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ ਸ਼ਾਸਤਰ** (ਆਲੋਚਨਾ) ਡਾ. ਯੋਗਰਾਜ
ਪੰਨੇ 267, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

**ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ** (ਆਲੋਚਨਾ) ਮੁਨੀਸ਼ ਕੁਮਾਰ
ਪੰਨੇ 120, ਮੁੱਲ 175 ਰੁਪਏ, ਨੈਸ਼ਨਲ ਬੁੱਕ ਸ਼ਾਪ,ਚਾਂਦਨੀ ਚੌਕ,ਦਿੱਲੀ

---

**ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।**
**ਸੰਪਾਦਕ : ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ : 1 ਜਨਵਰੀ, 2011



## *ਪੱਤਰ*

ਮੈਂ ਇਸ ਵਾਰ ਦੇ ਅੰਕ ਦਾ ਸੰਪਾਦਕੀ ਪੜ੍ਹ ਕੇ ਪ੍ਰਭਾਵਤ ਵੀ ਹੋਇਆਂ ਹਾਂ ਤੇ ਨਾਲ ਹੀ ਅੰਤ 'ਤੇ ਪ੍ਰਗਟਾਏ ਪ੍ਰਸ਼ਨ ਵੱਲ ਵੱਧ ਪ੍ਰੇਰਤ ਹੋਇਆ ਹਾਂ। ਇਸ ਸੰਪਾਦਕੀ ਅੰਦਰ 'ਸਿਰਜਣਾ' ਦੇ ਜਨਮ ਤੋਂ ਲੈ ਕੇ ਹੁਣ ਤਕ ਦੇ ਸਫ਼ਰ ਤੇ ਇਸ ਵਿਚ ਆਈਆਂ ਸੁਭਾਵਕ ਤਬਦੀਲੀਆਂ ਅਤੇ ਇਸ ਵੱਲੋਂ ਕੀਤੀਆਂ ਪ੍ਰਾਪਤੀਆਂ ਦੇ ਉਲੇਖ ਪੜ੍ਹ ਕੇ ਮੇਰੇ ਅੰਦਰ ਪ੍ਰੰਸ਼ਸਾਮਈ ਸੰਤੁਸ਼ਟੀ ਦੀ ਭਾਵਨਾ ਪੈਦਾ ਹੋਈ ਹੈ। ਇਸ ਸਾਰੀ ਲੰਮੀ ਅਤੇ ਔਝੜ ਘਾਲ ਦਾ ਸਿਹਰਾ ਨਿਰਸੰਦੇਹ ਰਘਬੀਰ ਦੇ, ਤੇ ਸਿਰਫ਼ ਰਘਬੀਰ ਦੇ ਸਿਰ ਸੋਂਹਦਾ ਹੈ; ਵੱਖਰੀ ਗੱਲ ਹੈ ਕਿ ਸੱਜਣਾਂ ਮਿੱਤਰਾਂ ਨੇ ਇਸ ਨੂੰ ਮਾਨਸਿਕ, ਇਖ਼ਲਾਕੀ ਅਤੇ ਭਾਵੁਕ ਠੁੰਮਣਾ ਦੇਣ ਵਿਚ ਕਸਰ ਨਹੀਂ ਛੱਡੀ। ਮੈਨੂੰ ਚੇਤਾ ਹੈ ਕਿ ਪਹਿਲੇ ਜਾਂ ਦੂਜੇ ਅੰਕ ਸਮੇਂ ਤੁਸੀਂ ਮੈਨੂੰ ਸਮਰਸੈੱਟ ਮਆਹਮ ਦੀ ਮੌਤ ਸਮੇਂ ਕੁਝ ਸਤਰਾਂ ਲਿਖਣ ਲਈ ਕਿਹਾ ਸੀ ਜਿੰਨ੍ਹਾਂ ਨੂੰ ਤੁਸਾਂ ਛਾਪਿਆ ਸੀ।

ਚਾਰ ਦਹਾਕੇ ਨਾਲੋਂ 40 ਸਾਲ ਕਹਿਣ ਨਾਲ ਅਸਲ ਸਮੇਂ ਦੀ ਸਹੀ ਪੈਂਦੀ ਹੈ। ਭਾਸ਼ਾ ਦਾ ਹਰ ਸ਼ਬਦ ਇਕ ਅਨੋਖਾ ਅਰਥ ਸੰਭਾਲੀ ਬੈਠਾ ਹੁੰਦਾ ਹੈ ਜਿਸ ਦੀਆਂ ਅੰਤਰੀਵ ਸੰਭਾਵਨਾਵਾਂ ਨੂੰ ਵਰਤਣਾ, exploit ਕਰਨਾ ਉੱਤਮ ਕਵੀ/ਲੇਖਕ ਦਾ ਕਰਤਵ ਹੁੰਦਾ ਹੈ। ਇਸ ਨਿਰੋਲ ਸਾਹਿਤਕ ਪਰਚੇ ਨੂੰ ਚਲਾਉਣਾ ਅਤੇ ਸਫ਼ਲਤਾ ਨਾਲ ਏਨਾ ਲੰਮਾ ਸਮਾਂ ਚੱਲਦਾ ਰੱਖਣਾ ਬਹੁਤ ਸਾਹਸ ਤੇ ਸਿਰੜ ਵਾਲੀ ਗੱਲ ਹੈ। ਪਰ 40 ਸਾਲ ਦੇ ਲੰਮੇਂ ਸਮੇਂ ਪਿੱਛੋਂ ਇਸ ਦੇ ਭਵਿੱਖ ਬਾਰੇ ਪ੍ਰਸ਼ਨ ਕਰਨਾ ਵੀ ਜਾਇਜ਼ ਨੁਕਤਾ ਹੈ। ਆਖ਼ਰ 'ਫੁਲਵਾੜੀ', 'ਪੰਜ ਦਰਿਆ', 'ਲੋਕ ਸਾਹਿਤ', 'ਨਾਗਮਣੀ', ਤੇ 'ਆਰਸੀ' ਦੇ ਹਸ਼ਰ ਤੋਂ ਹਰ ਸੰਜੀਦਾ ਪਾਠਕ ਜਾਣੂ ਹੈ ਕਿ ਮੋਢੀ ਸੰਚਾਲਕ/ਸੰਪਾਦਕ ਦਾ ਅੰਤ ਹੋਣ ਨਾਲ ਪਰਚੇ ਦਾ ਵੀ ਅੰਤ ਹੋ ਗਿਆ। ਇਹ ਬਦਕਿਸਮਤੀ ਵੀ ਹੈ ਪਰ ਇਹ ਵਰਤਾਰਾ ਬਹੁਤ ਅਹਿਮ ਪ੍ਰਸ਼ਨ ਵੀ ਖੜ੍ਹਾ ਕਰਦਾ ਹੈ। ਕੀ ਰਘਬੀਰ ਸਮੇਂ ਦੀ ਮਾਰ ਤੋਂ ਮੁਕਤ ਰਹੇਗਾ? ਜੇ ਨਹੀਂ ਤਾਂ ਫ਼ਿਰ 'ਸਿਰਜਣਾ' ਦੇ ਭਵਿੱਖ ਬਾਰੇ ਭਾਵ ਰਘਬੀਰ ਤੋਂ ਪਿੱਛੋਂ 'ਸਿਰਜਣਾ' ਦੇ ਪ੍ਰਸ਼ਨ 'ਤੇ ਵਿਚਾਰ ਕਰਨਾ ਅਣਉਚਤ ਗੱਲ ਨਹੀਂ ਹੋਵੇਗੀ। ਤੁਹਾਡੀ ਸੰਪਾਦਕੀ ਦਾ ਅੰਤਲੀਆਂ ਦੋ ਸਤਰਾਂ ਕੋਈ ਠੋਸ ਹੱਲ ਨਹੀਂ ਦੱਸਦੀਆਂ ਸਗੋਂ ਕੁਝ ਸਮੇਂ ਤੋਂ ਤੁਰੀ ਆਉਂਦੀ ਉਲਝਣ ਨੂੰ ਅਣਛੋਹੇ ਹੀ ਛੱਡ ਜਾਂਦੀਆਂ ਹਨ।

ਮੇਰੀ ਤੁੱਛ ਰਾਏ ਹੈ ਕਿ ਪੰਜਾਬੀ ਦੇ ਪਰਚਿਆਂ ਦੀ ਹੋਣੀ ਇਕ ਸੰਪਾਦਕ ਜਾਂ ਸੰਚਾਲਕ ਦੀ ਹੋਣੀ ਨਾਲ ਬੱਝੀ ਰਹੀ ਤਾਂ ਹੀ ਸਾਨੂੰ ਉਨ੍ਹਾਂ ਪਰਚਿਆਂ ਦਾ ਇਹ ਅੰਤ ਵੇਖਣਾ ਪਿਆ, ਜਿੰਨ੍ਹਾਂ ਵੱਲ ਪਹਿਲਾਂ ਸੰਕੇਤ ਦਿੱਤਾ ਗਿਆ ਹੈ। ਅਸੀਂ ਚੇਤੰਨ ਪੱਧਰ 'ਤੇ 'ਸਿਰਜਣਾ' ਅਤੇ ਇਸ ਦੇ ਚਲਾਉਣ ਅਤੇ ਸੰਚਾਲਣ ਨੂੰ ਇਕ ਵਿਅਕਤੀ ਨਾਲ ਬੰਨ੍ਹ ਕੇ ਰੱਖਣ ਦੀ ਥਾਂ ਜੇ ਕੋਈ ਨਵਾਂ ਢਾਂਚਾ ਕਾਇਮ ਕਰ ਸਕੀਏ ਤਾਂ ਇਸ ਦੀ ਉਮਰ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਮੇਰੀ ਤਜਵੀਜ਼ ਕਿਸੇ ਮੁੱਖ ਧਾਰਾ ਦੇ ਲੇਖਕ ਦੀ ਹੈਸੀਅਤ ਵਿਚ ਨਹੀਂ ਸਗੋਂ ਇਕ ਸਾਧਾਰਨ ਪਾਠਕ ਵਜੋਂ ਹੈ ਕਿ ਇਸ ਨੂੰ ਚਲਾਉਣ ਦੀ ਜ਼ੁੰਮੇਵਾਰੀ 3-5 ਸਿਆਣੇ, ਪ੍ਰਤੀਬੱਧ ਤੇ ਪ੍ਰਤਿਭਾਵਾਨ ਵਿਅਕਤੀਆਂ ਨੂੰ ਸੰਭਾਲੀ ਜਾਵੇ ਜਿਸ ਵਿਚ ਰਘਬੀਰ ਸਿੰਘ ਦੀ ਹਾਜ਼ਰੀ ਤੇ ਹੋਂਦ ਅਹਿਮ ਸਥਾਨ ਰੱਖਦੀ ਹੋਵੇ। ਮੈਂ ਇਸ ਬਾਰੇ ਕੋਈ ਸੰਵਿਧਾਨ ਤਾਂ ਨਹੀ ਪੇਸ਼ ਕਰ ਰਿਹਾ ਸਗੋਂ ਮੋਟੇ ਤੌਰ 'ਤੇ ਇਕ ਨਜ਼ਰੀਆ ਰੱਖ ਰਿਹਾ ਹਾਂ ਜਿਸ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਵਿਚ ਵਧੀਆ ਤੇ ਸਾਰਥਕ ਨੁਕਤੇ ਜਮ੍ਹਾ ਕੀਤੇ ਜਾ ਸਕਦੇ ਹਨ। ਇਸ ਦੇ ਬਦਲ ਵਜੋਂ ਬਿਲਕੁਲ ਨਵੀ ਤਜਵੀਜ਼ ਵੀ ਰੱਖੀ ਤੇ ਵਿਚਾਰੀ ਜਾ ਸਕਦੀ ਹੈ।

ਚੰਗਾ ਹੋਵੇ ਜੇ ਇਸ ਪਾਸੇ ਕੋਈ ਸੁਝਾਅ ਕਿਸੇ ਵੀ ਢੰਗ ਰਾਹੀਂ ਪਾਠਕਾਂ/ਮਿੱਤਰਾਂ ਦੇ ਖੁੱਲ੍ਹੇ ਪਿੜ ਵਿੱਚ ਰੱਖਿਆ ਜਾਵੇ ਤੇ ਵਿਚਾਰਿਆ ਜਾਵੇ; ਇੰਝ ਕਰਨਾ ਈਮੇਲ ਦੀ ਉਪਲਬਧ ਸਹੂਲਤ ਵਰਤ ਕੇ ਵੀ ਸੰਭਵ ਹੈ। ਇਸ ਗੇਂਦ ਨੂੰ ਰੇੜ੍ਹ ਕੇ ਵੇਖੋ ਸ਼ਾਇਦ ਕੋਈ ਸਵੱਲੀ ਕਿਰਨ ਨਜ਼ਰੀ ਪੈ ਜਾਵੇ।

-ਬਲਰਾਜ ਚੀਮਾ, ਮਿਸੀਸਾਗਾ, ਓਂਟਾਰੀਓ, ਕੈਨੇਡਾ

ਸਿਰਜਣਾ-158 ਦੀ ਸੰਪਾਦਕੀ ਕਈ ਪੱਖਾਂ ਤੋਂ ਸਹਾਰਨਯੋਗ ਹੈ। ਸਿਰਜਣਾ ਦੇ ਸੰਪਾਦਕ ਵਜੋਂ ਤੁਸੀਂ ਕਿਵੇਂ ਪਿਛਲੇ ਚਾਰ ਦਹਾਕਿਆਂ ਤੋਂ ਇਸ ਨਿਰੋਲ ਸਾਹਿਤਕ-ਆਲੋਚਨਾਤਮ ਪੱਤਰਿਕਾ ਨੂੰ ਬਗ਼ੈਰ ਕਿਸੇ ਸਰਕਾਰੀ ਇਸ਼ਤਿਹਾਰ ਤੋਂ ਸਿਰਫ ਆਪਣੇ ਅਤੇ ਪਾਠਕਾਂ ਦੇ ਬਲਬੂਤੇ ਕੱਢਦੇ ਆਏ ਹੋ-ਇਹ ਤੱਥ ਗ਼ੌਲਣਯੋਗ ਹੈ। ਹਰੇਕ ਤਿਮਾਹੀ ਇਕ ਆਲੋਚਨਾਤਮਕ ਪੁਸਤਕ ਛਾਪਣੀ ਅਤੇ ਉਸਦਾ ਸਾਹਿਤਕ ਪੱਧਰ ਵੀ ਬਰਕਰਾਰ ਰੱਖਣਾ-ਇਹ ਗੱਲ ਆਪਣੀ ਹੋਂਦ ਲਈ ਨੰਗੇ ਧੜ ਜੂਝਣ ਵਾਲੇ ਰਸਾਲਿਆਂ ਦੇ ਸੰਪਾਦਕ ਹੀ ਮਹਿਸੂਸ ਕਰ ਸਕਦੇ ਹਨ, ਆਮ ਲੇਖਕ-ਪਾਠਕ ਨਹੀਂ। ਸੰਪਾਦਕ ਵਿਚ ਪ੍ਰਗਟਾਏ ਸਿਰਣਾ ਦੇ ਇਸ ਆਸ਼ੇ ਜਾਂ ਉਦੇਸ਼ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਬਣਦਾ ਹੈ-"ਸਾਹਿਤਕ ਰਚਨਾ ਦੀਆਂ ਬਾਰੀਕੀ ਵਾਲੀਆਂ ਕਲਾਤਮਕ ਲੋੜਾਂ ਨੂੰ ਪਛਾਣਨ ਅਤੇ ਉਹਨਾਂ ਨੂੰ ਪ੍ਰਵਾਨਗੀ ਦੇਣ ਦੇ ਨਾਲ ਨਾਲ ਸਾਡੀ ਇਹ ਪਹੁੰਚ ਬਣੀ ਰਹੀ ਹੈ ਕਿ ਸਾਹਿਤ ਇਕ ਸਮਾਜਕ ਕਾਰਜ ਵੀ ਨਿਭਾਉਂਦਾ ਹੈ ਜੋ ਬਿਲਾ ਸ਼ੱਕ ਸਾਰਥਕ ਹੋਣਾ ਚਾਹੀਦਾ ਹੈ। ਸਾਡੀ ਇਸ ਪਹੁੰਚ ਨੇ ਸਵੱਛ ਸੋਚ ਵਾਲੇ ਪ੍ਰਤਿਭਾਸ਼ੀਲ ਸਿਰਜਕਾਂ ਤੇ ਚਿੰਤਕਾਂ ਦੇ ਇਕ ਵੱਡੇ ਸਮੂਹ ਨੂੰ ਲਾਮਬੰਦ ਕਰਕੇ ਠੀਕ ਸੇਧ ਵਿਚ ਸਾਹਿਤ ਸਿਰਜਣਾ ਦੇ ਰਾਹ ਤੋਰਿਆ।

ਮੈਂ ਸੰਨ 1992 ਤੋਂ ਇਸ ਪੱਤਰਿਕਾ ਨਾਲ ਜੁੜਿਆ ਹਾਂ। ਮੇਰੇ ਦੇਖਦੇ ਵੀ ਸਿਰਜਣਾ ਨੇ ਕਦੇ ਸਨਸਨੀਖੇਜ਼ ਲਿਖਤਾਂ ਨਹੀਂ ਪਰੋਸੀਆਂ, ਨਾ ਹੀ ਕਦੇ ਕਿਸੇ ਲੇਖਕ/ਪਾਠਕ ਦਾ ਚਰਿੱਤਰਹਰਨ ਹੀ ਕੀਤਾ ਹੈ। ਮਾਨਵਤਾਵਾਦੀ ਵਿਚਾਰਾਂ ਨੂੰ ਪਰਨਾਏ ਇਸ ਮੈਗਜ਼ੀਨ ਦਾ ਮਨੋਰਥ-Art for Life's sake ਹੀ ਜਾਪਦਾ ਹੈ ਨਾ ਕਿ Art for Art's Sake-ਅਜਿਹੀ ਨਿਰੋਲ ਸਾਹਿਤਕ ਪੱਤਰਕਾ ਦੇ ਸੰਪਾਦਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੱਤਰਕਾਰੀ ਵਿਚ ਪਹਿਲਾ ਸ਼੍ਰੋਮਣੀ ਸਾਹਿਤਕ ਪੁਰਸਕਾਰ ਐਵਾਰਡ ਮਿਲਣਾ ਜਿੱਥੇ ਡਾ. ਰਘਬੀਰ ਸਿੰਘ ਸਿਰਜਣਾ ਦੀ ਪ੍ਰਾਪਤੀ ਹੈ ਉਥੇ ਇਸ ਨਾਲ ਭਾਸ਼ਾ ਵਿਭਾਗ ਪੰਜਾਬ ਦੇ ਇਨਾਮਾਂ-ਸਨਮਾਨਾਂ ਦਾ ਪੱਧਰ ਵੀ ਉਚੇਰਾ ਅਤੇ ਹੋਰ ਸਲਾਹੁਣਯੋਗ ਹੋਇਆ ਹੈ। ਰੱਬ ਕਰੇ, ਭਾਸ਼ਾ ਵਿਭਾਗ ਆਪਣਾ ਉਹ ਮਿਆਰ ਬਣਾਈ ਰੱਖੇ ਜਿਸ ਲਈ ਦੋਵੇਂ ਸੰਸਥਾਵਾਂ-ਭਾਸ਼ਾ ਵਿਭਾਗ ਅਤੇ ਸਿਰਜਣਾ ਵਧਾਈ ਦੇ ਹੱਕਦਾਰ ਹਨ।

ਅੰਕ 158 ਵਿਚ ਡਾ. ਸਾਧੂ ਸਿੰਘ ਦੀ ਮੁਲਾਕਾਤ ਜੋ ਸਤਨਾਮ ਸਿੰਘ ਢਾਹ ਵੱਲੋਂ ਕੀਤੀ ਗਈ ਬਹੁਤ ਚੰਗੀ ਲੱਗੀ। ਨਵੇਂ ਆਰੰਭੇ ਇਸ ਕਾਲਮ ਦਾ ਸੁਆਗਤ ਹੈ।

ਅੰਕ 157 ਵਿਚ ਗੁਰਦਿਆਲ ਦਲਾਲ ਦੀ ਕਹਾਣੀ 'ਸਨਮਾਨ' ਬੜੀ ਰੌਚਕ ਅਤੇ ਯਥਾਰਥਕ ਰਚਨਾ ਸਾਬਤ ਹੋਈ ਹੈ। ਬਾਬਾ ਨਾਨਕ ਦੇ ਸਰਬ ਸਾਂਝੇ ਧਰਮ ਸਥਾਨਾਂ ਵਿਖੇ ਕਿਵੇਂ ਜਾਤ ਪਾਤ ਆਧਾਰਤ ਵੰਡੀਆਂ ਅਜੇ ਵੀ ਬਰਕਰਾਰ ਹਨ, ਕਹਾਣੀਕਾਰ ਨੇ ਬੜੇ ਸੰਕੋਚ ਅਤੇ ਸੂਝ ਬੂਝ ਨਾਲ ਸੁਝਾਇਆ ਹੈ। ਧਰਮ ਕੇਂਦਰ ਭਾਵੇਂ ਉਹ ਕਿਸੇ ਵੀ ਧਰਮ ਜਾਂ ਫਿਰਕੇ ਨਾਲ ਸੰਬੰਧਤ ਹੋਣ, ਕੇਵਲ ਚੌਧਰ ਚਮਕਾਉਣ ਦੇ ਸਾਧਨ ਬਣ ਕੇ ਰਹਿ ਗਏ ਹਨ। ਕਰਤਾਰ ਚੰਦ ਵਰਗੇ ਸਾਂਝੇ ਅਤੇ ਸਹਿਣਸ਼ੀਲ ਬੰਦਿਆਂ ਦੀ ਘਾਟ ਹੈ।

-ਅਵਤਾਰ ਸਿੰਘ ਬਿਲਿੰਗ,ਸੇਹ,ਲੁਧਿਆਣਾ

ਸਿਰਜਣਾ-157 ਅੰਦਰਲੀਆਂ ਤਿੰਨ ਰਚਨਾਵਾਂ ਕਾਫੀ ਦੇਰ ਤਕ ਮਨ-ਮਸਤਕ ਦੀ ਰੀਲ 'ਤੇ ਚੜ੍ਹੀਆਂ ਰਹੀਆਂ ।ਇਹ ਹਨ , ਡਾ. ਪ੍ਰਿਥਵੀ ਰਾਜ ਥਾਪਰ ਦਾ ਰਿਵਿਊ ਨਿਬੰਧ-"ਡਾ. ਕਰਮਜੀਤ ਸਿੰਘ ਦੀ ਸਵੈ - ਜੀਵਨੀ - ਇਕ ਨਵਾਂ ਤਜਰਬਾ", ਗੁਰਦਿਆਲ ਦਲਾਲ ਦੀ ਕਹਾਣੀ 'ਸਨਮਾਨ' ਅਤੇ ਤੁਹਾਡੀ ਸੰਪਾਦਕੀ-'ਲਕੀਰ,ਪ੍ਰੇਮ ਪ੍ਰਕਾਸ਼ ਤੇ ਨਰੋਆ ਸਾਹਿਤ'।ਨਿਬੰਧ, ਡਾ. ਕਰਮਜੀਤ ਸਿੰਘ ਦੇ ਜੀਵਨ ਵਰ੍ਹਿਆਂ ਨਾਲ ਇਕ-ਮਿੱਕ ਉੱਤਰਾਵਾਂ-ਚੜ੍ਹਾਵਾਂ ਦੇ ਵਿਵੇਕਮਈ ਪਾਸਾਰ ਕਾਰਨ, ਕਹਾਣੀ ਭੂਪਵਾਦੀ ਰਹਿੰਦ-ਖੂੰਹਦ ਅੰਦਰ ਹੁਣ ਤਕ ਘਰ ਬਣਾਈ ਬੈਠੀ ਜਾਤੀ-ਉੱਚਤਾ ਦੇ ਹਉਂਵਾਦੀ ਛਲਾਵੇ ਕਾਰਨ ਜਿਸ ਨੂੰ ਪੱਥਰ-ਚੱਟ ਕੇ ਮੁੜ ਥਾਂ-ਸਿਰ ਆ ਟਿਕੀ ਮੱਛੀ ਵਾਂਗ ਆਖਰ ਮਾਸਟਰ ਕਰਤਾਰ ਚੰਦ ਦੀ ਹੁਨਰੀ ਪਰਿਪੱਕਤਾ ਨੂੰ ਸਵੀਕਾਰਨਾ ਹੀ ਪੈਂਦਾ ਹੈ। ਅਤੇ ਸੰਪਾਦਕੀ, ਘੁਣਤਰੀ ਕਿਸਮ ਦੇ ਮਨੁੱਖ, ਲੇਖਕ, ਸੰਪਾਦਕ ਪ੍ਰੇਮ ਪ੍ਰਕਾਸ਼ ਦੀ 'ਲਕੀਰ' ਦੇ ਲਕੀਰੀ ਰੋਲ ਨੂੰ ਸਾਹਿਤਕ ਮਾਨਤਾਵਾਂ ਦੀ ਪਰਿਪੱਕ ਕਸਵੱਟੀ ਤੋਂ ਵਾਚਿਆ ਹੋਣ ਕਰਕੇ। ਮੰਨਿਆ ਕਿ ਪ੍ਰੇਮ ਪ੍ਰਕਾਸ਼ ਪ੍ਰੋੜ-ਅਵਸਥੀ ਮਾਨਵ ਦੀਆਂ ਵਿਚਲਤ ਅਕਾਂਖਿਆਵਾਂ ਨੂੰ ਕਹਾਣੀ ਰੂਪ ਦੇਣ ਦਾ ਸਮਰੱਥਾਵਾਨ ਹਸਤਾਖਰ ਹੈ, ਐਸੀ ਗੱਲ ਵੀ ਨਹੀ ਕਿ ਉਸਨੂੰ ਕਾਰਪੋਰੇਟ ਜਗਤ ਤੇ ਸੱਭਿਆਚਾਰਕ ਤਾਣੇ-ਬਾਣੇ ਦੇ ਨੰਗੇਜੀ ਤੱਤਾਂ ਦੀ ਸਮਝ ਨਹੀਂ ,ਪਰ ਉਸਦਾ ਜਾਣ-ਬੁੱਝ ਕੇ ਉਸ ਤਾਣੇ-ਬਾਣੇ ਦੇ ਛਲ-ਫਰੇਬ ਦਾ ਆਪਣੇ ਪਰਚੇ 'ਲਕੀਰ' ਨੂੰ ਝੰਡਾ-ਬਰਦਾਰ ਬਣਾਈ ਰੱਖਣਾ ਸੱਚਮੁੱਚ ਹੀ ਚਿੰਤਾ ਦਾ ਕਾਰਨ ਰਿਹਾ ਹੈ। ਉਹ ਇਹ ਗੱਲ ਵੀ ਭਲੀ-ਭਾਂਤ ਜਾਣਦਾ ਹੈ ਕਿ ਆਦਿ ਕਾਲ ਤੋਂ ਲੈ ਕੇ ਹੁਣ ਤਕ ਦੇ ਸੱਭਿਆਚਾਰਕ ਵਰਤਾਰੇ ਵਿਚ ਕੁਝ ਵੀ ਸਵੰਡਰ ਨਹੀਂ ਰਿਹਾ, ਫਿਰ ਵੀ ਪ੍ਰਗਤੀਵਾਦ ਦਾ ਵਿਰੋਧ ਕਰਕੇ ਉਸ ਨੇ ਆਪਣੇ ਆਪ ਨੂੰ ਹਾਸੋ-ਹੀਣੀ ਸਥਿਤੀ ਵਿਚ ਫਸਾਈ ਰੱਖਿਆ। ਚੰਗਾ ਹੁੰਦਾ ਤੁਹਾਡੀ ਸੰਪਾਦਕੀ ਉਸਦੇ 'ਸੇਵਾ-ਮੁਕਤ' ਹੋਣ ਤੋਂ ਪਹਿਲਾਂ ਲਿਖੀ ਗਈ ਹੁੰਦੀ ਤਾਂ ਸ਼ਾਇਦ ਉਸ ਨੂੰ ਆਪਣੇ ਆਪੇ 'ਤੇ ਜਾਂ ਆਪਣੀ 'ਲਕੀਰ' 'ਤੇ ਤਰਸ ਆ ਹੀ ਜਾਂਦਾ ।

-ਲਾਲ ਸਿੰਘ,ਦਸੂਹਾ

After going through Sirjana-157, I feel I need to write to you about two items: First, congratulations on winning the Bhasha Vibagh award; it's an honour that you richly deserve. Second, congratulations again to you on writing an outstanding editorial. It's honest, candid and bold. The person who is the subject of your editorial needed to know all that you wrote quite artfully, with taste as well as tact. He needs to know perhaps even more about himself, but that's a different matter. For much too long our scholars, even readers, have put this person on a pedestal. Someone needed to make him stand on level ground. Someone needed to hold him by the neck and force him to look into the mirror. Your editorial did just that. Moreover, it is a reminder to all writers that they have an obligation to remain true to their roots.

**-Jagjit Brar, Rio Vista, California, U.S.A.**

ਸਿਰਜਣਾ-157 ਅਤੇ ਸਿਰਜਣਾ-158 ਦੀਆਂ ਸੰਪਾਦਕੀਆਂ ਨੂੰ ਮੈਂ ਇਕੋ ਲੜੀ ਵਿਚ ਪਰੋ ਕੇ ਦੇਖਦਾ ਹਾਂ। ਪਹਿਲੀ ਸੰਪਾਦਕੀ 'ਲਕੀਰ, ਪ੍ਰੇਮ ਪ੍ਰਕਾਸ਼ ਅਤੇ ਨਰੋਆ ਸਾਹਿਤ' ਦੇ ਸਿਰਲੇਖ ਨੇ ਬੜਾ ਕੁਝ ਕਹਿ ਦਿੱਤਾ ਹੈ। ਇਸ ਵਿਚ ਤੁਸੀਂ ਠੀਕ ਹੀ ਜਿਨ੍ਹਾਂ ਨੁਕਤਿਆਂ ਵੱਲ ਧਿਆਨ ਦਿਵਾਇਆ ਹੈ, ਉਨ੍ਹਾਂ ਬਾਰੇ ਚਰਚਾ ਚੱਲਣੀ ਚਾਹੀਦੀ ਹੈ। ਪ੍ਰੇਮ ਪ੍ਰਕਾਸ਼ ਅਤੇ ਉਨ੍ਹਾਂ ਦੇ ਜੋਟੀਦਾਰਾਂ ਦੀ ਪ੍ਰਗਤੀਵਾਦ ਬਾਰੇ ਉਲਾਰ ਅਤੇ ਵਿਤਕਰੇ ਵਾਲੀ ਜੋ ਪਹੁੰਚ ਰਹੀ ਹੈ, ਉਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਬੇਹੱਦ ਜ਼ਰੂਰੀ ਹੈ। ਅਜਿਹਾ ਇਸ ਕਰਕੇ ਵੀ ਕਿਉਂਕਿ ਪ੍ਰਗਤੀਵਾਦ ਦੇ ਇਨ੍ਹਾਂ ਆਪੇ ਸਜੇ ਆਲੋਚਕਾਂ ਅਤੇ ਔਰਤ-ਮਰਦ ਦੇ ਸੁੱਚੇ ਰਿਸ਼ਤਿਆਂ ਨੂੰ ਗਲਾਜ਼ਤ ਦੀ ਹੱਦ ਤੋਂ ਵੀ ਹੇਠਾਂ ਲਿਜਾਉਣ ਵਾਲਿਆਂ ਇਨ੍ਹਾਂ ਦੇਹੀਨਾਦਕਾਂ ਨੂੰ ਵੀ ਆਪਣੀ ਗੱਲ ਕਹਿਣ ਦਾ ਉਤਨਾ ਹੀ ਮੌਕਾ ਮਿਲਿਆ ਜਿੰਨਾ ਕਿਸੇ ਹੋਰ ਨੂੰ। ਗੱਲ ਵਿਚੋਂ ਇਹ ਹੁੰਦੀ ਹੈ ਕਿ ਲੋਕ ਉਸ ਨੂੰ ਕਿਵੇਂ ਲੈ ਰਹੇ ਹਨ! ਪਿਛਲੇ ਦੋ ਦਹਾਕਿਆਂ ਦੌਰਾਨ ਇਨ੍ਹਾਂ ਦੀ ਕਾਰਕਰਦਗੀ ਦੀ ਜੇ ਪੜਚੋਲ ਕੀਤੀ ਜਾਵੇ ਤਾਂ ਇਨ੍ਹਾਂ ਦੀ ਕਮਾਈ ਦਾ ਪਤਾ ਲੱਗ ਜਾਵੇਗਾ। ਇਸ ਸਮੇਂ ਦੌਰਾਨ ਤਾਂ ਇਹ ਕਿਸੇ 'ਪ੍ਰਗਤੀਵਾਦੀ ਧੌਂਸ' ਤੋਂ ਪੀੜਤ ਨਹੀਂ ਸਨ! ਇਨ੍ਹਾਂ ਨੇ ਕਿਹੜਾ ਤੀਰ ਮਾਰ ਲਿਆ?

ਦੂਜੀ ਸੰਪਾਦਕੀ ਇਕ ਤਰ੍ਹਾਂ ਨਾਲ ਇਸੇ ਬਹਿਸ ਦੀ ਲਗਾਤਾਰਤਾ ਹੈ ਜੋ ਤੁਸੀ ਸ਼੍ਰੋਮਣੀ ਸਾਹਿਤਕ ਪੱਤਰਕਾਰ ਪੁਰਸਕਾਰ ਮਿਲਣ ਦੇ ਬਹਾਨੇ ਲਿਖੀ ਹੈ। ਪ੍ਰੇਮ ਪ੍ਰਕਾਸ਼ੀ ਸਨਸਨੀਆਂ ਅਤੇ ਉਲਾਰ ਮਾਨਸਿਕਤਾ

ਦੇ ਚਿਤਰਨਾਂ ਨੇ ਲੋਕਾਂ ਦਾ ਅਤੇ ਸਾਹਿਤ ਦਾ ਬਥੇਰਾ ਨੁਕਸਾਨ ਕਰ ਲਿਆ ਹੈ। ਗੱਲ ਤਾਂ ਇਸ ਤੋਂ ਅਗਾਂਹ ਦੀ
ਹੋਣੀ ਹੈ। ਇਸ ਪ੍ਰਸੰਗ ਵਿਚ ਮੈਂ ਸਿਰਜਣਾ-157 ਵਿਚ ਛਪੀ ਗੁਰਦਿਆਲ ਦਲਾਲ ਦੀ ਕਹਾਣੀ 'ਸਨਮਾਨ'
ਦਾ ਉਚੇਚਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਕਹਾਣੀ ਅੱਜ ਨੂੰ ਸਮਝਣ ਅਤੇ ਭਵਿੱਖ ਨੂੰ ਤੈਅ ਕਰਨ ਦਾ
ਜ਼ਰੀਆ ਬਣ ਸਕਦੀ ਹੈ। ਇਸ ਵਲ਼ਦਾਰ ਸਮਾਜ ਵਿਚ ਬੰਦੇ ਨਾਲ ਕੀ ਕੀ ਬੀਤ ਸਕਦੀ ਹੈ, ਇਸ ਕਹਾਣੀ
ਵਿਚ ਬਹੁਤ ਵਧੀਆ ਢੰਗ ਪੇਸ਼ ਕੀਤਾ ਗਿਆ ਹੈ। ਮੇਰੀ ਜਾਚੇ ਇਹ ਆਸਾਧਾਰਨ ਕਹਾਣੀ ਹੈ। ਜੇ ਇਸ
ਕਹਾਣੀ ਵੱਲ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਨਹੀਂ ਗਿਆ ਤਾਂ ਮੈਨੂੰ ਸੋਚ ਵਿਚ ਕਿਤੇ ਵੱਡੀ ਗੜਬੜ
ਜਾਪਦੀ ਹੈ। ਇਸ ਕਹਾਣੀ ਵਿਚ ਸਾਡੇ ਭੂਤ ਅਤੇ ਵਰਤਮਾਨ ਦੇ ਬਹੁਤ ਸਾਰੇ ਮਸਲੇ ਡੀਕੋਡ ਹੋ ਸਕਦੇ ਹਨ।
ਜੇ ਕੋਈ ਇਸ ਕਹਾਣੀ ਵਿਚ ਕੀਤੀਆਂ ਗੱਲਾਂ ਡੀਕੋਡ ਕਰਕੇ ਵੀ ਚੁੱਪ ਹੈ ਤਾਂ ਇਸ ਤੋਂ ਵੱਡੀ ਤ੍ਰਾਸਦੀ ਪੰਜਾਬ
ਲਈ ਹੋਰ ਕੋਈ ਨਹੀਂ ਹੋ ਸਕਦੀ। ਵੱਖ-ਵੱਖ ਮਸਲਿਆਂ-ਮੁੱਦਿਆਂ ਨੂੰ ਜਿਸ ਢੰਗ ਨਾਲ ਲੇਖਕ ਨੇ ਕਹਾਣੀ
ਵਿਚ ਲਿਆਂਦਾ ਹੈ, ਉਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ, ਘੱਟ ਹੈ। ਲੇਖਕ ਦਾ ਜ਼ਬਤ ਤੇ ਪਕੜ ਵੀ
ਬਾਕਮਾਲ ਹੈ। ਇੱਦਾਂ ਦੀ ਕਹਾਣੀ ਕਦੀ-ਕਦਾਈਂ ਹੀ ਲਿਖੀ ਜਾਂਦੀ ਹੁੰਦੀ ਹੈ। ਇਹ ਕਹਾਣੀ ਛਾਪਣ ਲਈ
-ਤੀਰਥ ਸਿੰਘ ਖੇਲਾ, ਸਜਾਵਲਪੁਰ, ਨਵਾਂ ਸ਼ਹਿਰ
'ਸਿਰਜਣਾ' ਨੂੰ ਵੀ ਵਧਾਈ।

ਸਿਰਜਣਾ-155 ਅੰਕ ਬਾਰੇ ਕੁਝ ਪ੍ਰਭਾਵ ਅੰਕਿਤ ਕਰ ਰਿਹਾ ਹਾਂ। ਸੰਪਾਦਕੀ 'ਸੁਜਾਨ
ਸਿੰਘ ਨੂੰ ਚੇਤੇ ਕਰਦਿਆਂ' ਪ੍ਰਤੀਨਿਧ ਪ੍ਰਗਤੀਵਾਦੀ ਲੇਖਕ ਨੂੰ ਸੱਚੀ ਸ਼ਰਧਾਂਜਲੀ ਹੈ ਤੇ ਸੰਪਾਦਕ ਦੇ
ਆਪਣੇ ਨਜ਼ਰੀਏ ਦਾ ਦਰਪਨ ਵੀ ਹੈ। ਮੇਜਰ ਮਾਂਗਟ ਦੀ ਕਹਾਣੀ 'ਭਗਤ ਸਿੰਘ, ਭਾਰਤ, ਭਤੀਜ
ਤੇ ਮੈਂ' ਗਰਕ ਰਹੇ ਪੰਜਾਬ, ਪੰਜਾਬੀਅਤ ਤੇ ਮਨੁੱਖੀ ਰਿਸ਼ਤਿਆਂ ਦੀ ਕਰੂਰਤਾ ਨੂੰ ਪੇਸ਼ ਕਰਦੀ ਹੈ।
ਭਗਤ ਸਿੰਘ ਦੇ ਦੇਸ਼ ਵਿਚ ਲੋਕਾਂ ਦਾ ਮੁੱਖ ਮਕਸਦ ਸਿਰਫ ਪੈਸਾ ਬਣ ਚੁੱਕਾ ਹੈ। ਸੱਚਾਈ ਹੈ।
ਮੇਜਰ ਮਾਂਗਟ ਨੂੰ ਵਧੀਆ ਕਹਾਣੀ ਤੇ ਬਿਆਨ ਕੀਤੇ ਯਥਾਰਥ ਅਤੇ ਵਿਅੰਗ 'ਤੇ ਬਹੁਤ ਬਹੁਤ
ਵਧਾਈ। 'ਅਗਨ ਕਥਾ ਜਾਰੀ ਹੈ' ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ ਵੀ ਨਵੀਂ ਨਕੋਰ ਅੱਜੋਕੇ
ਜੁਗ ਦੀ ਤਸਵੀਰ ਹੈ। ਸ: ਦਰਸ਼ਨ ਸਿੰਘ ਦਾ ਲਿਖਿਆ ਰੇਖਾ ਚਿਤਰ 'ਪਹਿਲਾ ਪਾਂਧੀ ਗੁਲਜ਼ਾਰ
ਸਿੰਘ ਸੰਧੂ' ਜਾਣਕਾਰੀ ਭਰਪੂਰ ਰਚਨਾ ਹੈ ਅਤੇ ਸੰਧੂ ਜੀ ਦੀ ਬਹੁ ਸ਼ਖਸੀਅਤ ਨੂੰ ਵੀ ਪਾਠਕਾਂ
ਸਾਹਮਣੇ ਸਪਸ਼ਟ ਕਰਦਾ ਹੈ। ਸੰਧੂ ਪੱਕੇ ਪੁਲ ਉਸਾਰਣ ਦਾ ਮਾਹਰ ਰਿਹਾ ਹੈ। ਉਸ ਦੀਆਂ
ਦੋਸਤੀਆਂ ਤੇ ਪ੍ਰਾਪਤੀਆਂ ਇਹਨਾਂ ਪੁਲਾਂ ਨਾਲ ਜੁੜੀਆਂ ਰਹੀਆਂ ਹਨ। ਲੇਖਕ ਅਨੁਸਾਰ "ਸੰਤ
ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ ਵਾਲੇ ਪੁਲ ਵੀ ਬੜੇ ਮਜ਼ਬੂਤ ਰਹੇ ਹਨ। ਉਹਨਾਂ 'ਚ ਜੱਟ
ਹੋਣ ਦਾ ਸਰੀਆ ਵੀ ਪਿਆ ਹੋਇਆ ਸੀ। ਇਹ ਲਿਖਤ ਲੇਖਕ ਗੁਲਜ਼ਾਰ ਸਿੰਘ ਸੰਧੂ ਦੇ ਪ੍ਰਤੀ
ਪਿਆਰ, ਅਣਪੱਤ ਨੂੰ ਰੂਪਮਾਨ ਕਰਦੀ ਹੈ। ਵਧੀਆ ਰੇਖਾ ਚਿਤਰ ਲਈ ਦਰਸ਼ਨ ਸਿੰਘ ਨੂੰ
-ਰਘਬੀਰ ਸਿੰਘ ਭਰਤ, ਮਾਛੀਵਾੜਾ
ਮੁਬਾਰਕਬਾਦ।

ਕਿਸੇ ਨਵੇਂ ਲੇਖਕ ਤੋਂ ਭਾਸ਼ਾ ਦੀਆਂ ਗ਼ਲਤੀਆਂ ਹੋਣੀਆਂ ਤਾਂ ਸੁਵਾਵਕ ਕਰਮ ਹੋ ਸਕਦਾ
ਹੈ। ਪਰ ਜੇ ਪ੍ਰੌੜ ਤੇ ਮੰਨੇ-ਪ੍ਰਮੰਨੇ ਲੇਖਕਾਂ ਦੀਆਂ ਲਿਖਤਾਂ ਵਿਚ ਵੀ ਵਾਕ-ਬਨਤਰ ਨਾਕਸ ਤਾਂ ਚਿੰਤਾ
ਵਾਲੀ ਗੱਲ ਹੈ। ਸਿਰਜਣਾ-157 ਵਿਚ ਗੁਰਦਿਆਲ ਦਲਾਲ ਦੀ ਕਹਾਣੀ 'ਸਨਮਾਨ' ਬਹੁਤ ਵਧੀਆ
ਸਨਮਾਨਯੋਗ ਲਿਖਤ ਹੈ। ਪਰ ਕਹਾਣੀ ਵਿਚ ਕੁਝ ਸ਼ਬਦ ਅਜਿਹੇ ਹਨ ਜੋ ਇਸ ਦੀ ਰਵਾਨੀ ਵਿਚ
ਵਿਘਨ ਪਾਉਂਦੇ ਹਨ ਅਤੇ ਵਿਆਕਰਣ ਦੇ ਪੱਖ ਤੋਂ ਵੀ ਗ਼ਲਤ ਹਨ। 'ਮੌਕੇ 'ਤੇ ਹੀ ਲਿਆਂਗੀ', 'ਪ੍ਰੋਫੈਸਰ
ਸਾਹਿਬ ਮੈਂ ਚਲਦਾ ਏਂ', 'ਅੱਛਾ ਹੁਣ ਤੂੰ ਚਲਦੈਂ', 'ਤੂੰ ਕੱਟਦੇ, ਮੈਂ ਫੋਨ ਕਰਦਾ ਏਂ', 'ਮੈਂ ਤਾਂ ਮੰਨਦਾ
ਏਂ ਜੀ', 'ਅਸੀਂ ਤਾਂ ਨਿੱਤ ਗੁਰਦੁਆਰੇ ਜਾਣ ਵਾਲੇ ਬੰਦਾ ਹਨ ਜੀ' ਆਦਿ ਵਾਕਅੰਸ਼ ਗ਼ਲਤੀਆਂ ਨਾਲ
ਭਰੇ ਹੋਏ ਹਨ। ਇੰਨੀ ਵਧੀਆ ਕਹਾਣੀ ਵਿਚ ਇਸ ਤਰ੍ਹਾਂ ਦੇ ਉਲਟੇ ਪੁਲਟੇ ਵਾਕ ਕਹਾਣੀ ਦੇ ਮੱਥੇ
'ਤੇ ਨਜ਼ਰਬੱਟੂ ਹਨ। ਕੁਝ ਏਸੇ ਤਰ੍ਹਾਂ ਦੀ ਗੜਬੜ ਪਿਆਰਾ ਸਿੰਘ ਭੋਗਲ ਦੀ ਕਹਾਣੀ 'ਖੁਦਕੁਸ਼ੀ'
-ਬਿੱਕਰ ਸਿੰਘ ਆਜ਼ਾਦ, ਤੂਤ, ਫਿਰੋਜ਼ਪੁਰ
ਵਿਚ ਵੀ ਵੇਖਣ ਨੂੰ ਮਿਲੀ ਹੈ।




## ਨਵਯੁਗ ਪਬਲਿਸ਼ਰਜ਼ ਦੀਆਂ ਨਵੀਆਂ ਪ੍ਰਕਾਸ਼ਨਾਵਾਂ

### ਅਨੁਵਾਦਤ ਕਲਾਸਕੀ ਸਾਹਿਤ

| | |
|---|---|
| ਮੇਰਾ ਬਚਪਨ (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ: ਗੁਰਦਿਆਲ ਸਿੰਘ | ਮੁੱਲ 200 ਰੁਪਏ |
| ਮੇਰੇ ਵਿਸ਼ਵ-ਵਿਦਿਆਲੇ (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ: ਡਾ. ਹਰਿਭਜਨ ਸਿੰਘ | ਮੁੱਲ 200 ਰੁਪਏ |
| ਮੇਰੇ ਸ਼ਾਗਿਰਦੀ ਦੇ ਦਿਨ (ਸਵੈ ਜੀਵਨੀ) ਮੈਕਸਿਮ ਗੋਰਕੀ, ਅਨੁਵਾਦਕ: ਦਰਸ਼ਨ ਸਿੰਘ | ਮੁੱਲ 350 ਰੁਪਏ |
| ਤਿੰਨ ਵਰ੍ਹੇ (ਨਾਵਲ) ਅੰਤੋਨ ਚੈਖੋਵ, ਅਨੁਵਾਦਕ: ਦਰਸ਼ਨ ਸਿੰਘ | ਮੁੱਲ 120 ਰੁਪਏ |
| ਅਨਤੋਨ ਚੈਖੋਵ ਦੀਆਂ ਕਹਾਣੀਆਂ (ਕਹਾਣੀ ਸੰਗ੍ਰਹਿ) ਅਨੁਵਾਦਕ: ਡਾ. ਕਰਨਜੀਤ ਸਿੰਘ | ਮੁੱਲ 125 ਰੁਪਏ |
| ਨਰਕ ਕੁੰਡ (ਨਾਵਲ) ਵਾਲਤੇਅਰ, ਅਨੁਵਾਦਕ: ਐੱਮ.ਐੱਸ.ਸੇਠੀ | ਮੁੱਲ 75 ਰੁਪਏ |
| ਦੁਰਗੇਸ਼ ਨੰਦਨੀ (ਨਾਵਲ) ਬੰਕਿਮਚੰਦਰ ਚਟੋਪਾਧਿਆਏ, ਅਨੁਵਾਦਕ: ਡਾ. ਬਲਦੇਵ ਸਿੰਘ ਬੱਦਨ | ਮੁੱਲ 150 ਰੁਪਏ |
| ਭੈਣਾਂ (ਨਾਵਲ) ਅਸਕਦ ਮੁਖਤਾਰ, ਅਨੁਵਾਦਕ: ਸੁਖਬੀਰ | ਮੁੱਲ 150 ਰੁਪਏ |
| ਪੁਸ਼ਕਿਨ ਦੀਆਂ ਕਹਾਣੀਆਂ (ਕਹਾਣੀ ਸੰਗ੍ਰਹਿ) ਏ. ਪੁਸ਼ਕਿਨ, ਅਨੁਵਾਦਕ: ਐੱਮ.ਐੱਸ.ਸੇਠੀ | ਮੁੱਲ 100 ਰੁਪਏ |
| ਤ੍ਰਿਸ਼ਨਾ (ਨਾਵਲ) ਲਿਉ ਤਾਲਸਤਾਏ,ਅਨੁਵਾਦਕ: ਜੁਗਿੰਦਰ ਸਿੰਘ | ਮੁੱਲ 50 ਰੁਪਏ |
| ਸੁਪਨੇ (ਵਾਰਤਕ) ਆਲਿਵ ਸ਼ਰੀਨਰ, ਅਨੁਵਾਦਕ: ਗੁਰਬਖਸ਼ ਸਿੰਘ | ਮੁੱਲ 75 ਰੁਪਏ |

### ਨਵੀਆਂ ਮੌਲਿਕ ਰਚਨਾਵਾਂ

| | |
|---|---|
| ਸਿਫਤ ਸਲਾਹ (ਕਾਵਿ ਸੰਗ੍ਰਹਿ) ਕਰਤਾਰ ਸਿੰਘ ਦੱਗਲ | ਮੁੱਲ 500 ਰੁਪਏ |
| ਦੁਨੀਆ ਮੇਰਾ ਦੇਸ (ਕਾਵਿ ਸੰਗ੍ਰਹਿ) ਜਸਵੰਤ ਸਿੰਘ ਨੇਕੀ | ਮੁੱਲ 200 ਰੁਪਏ |
| ਜਿਨ੍ਹਾਂ ਦਿਸੰਦੜਿਆਂ ਦੁਰਮਤਿ ਵੰਞੇ (ਅਨੁਗਾਥਾਵਾਂ) ਜਸਵੰਤ ਸਿੰਘ ਨੇਕੀ | ਮੁੱਲ 250 ਰੁਪਏ |
| ਮੰਤਰ ਮੁਗਦ (ਕਾਵਿ ਸੰਗ੍ਰਹਿ) ਪ੍ਰਭਜੋਤ ਕੌਰ | ਮੁੱਲ 85 ਰੁਪਏ |
| ਸ਼ਕੁੰਤਲਾ (ਲੰਮੀ ਕਵਿਤਾ) ਪਿਆਰਾ ਸਿੰਘ ਸਹਿਰਾਈ | ਮੁੱਲ 60 ਰੁਪਏ |
| ਹੱਡਬੀਤੀਆਂ (ਯਾਦਾਂ) ਦੀਵਾਨ ਸਿੰਘ ਮਫਤੂਨ | ਮੁੱਲ 90 ਰੁਪਏ |
| ਚੋਣਵੀਂ ਕਹਾਣੀ (ਕਹਾਣੀ ਸੰਗ੍ਰਹਿ) ਖੁਸ਼ਵੰਤ ਸਿੰਘ | ਮੁੱਲ 75 ਰੁਪਏ |
| ਭਗਤ ਸਿੰਘ ਵਿਚਾਰਵਾਨ ਇਨਕਲਾਬੀ (ਵਾਰਤਕ) ਚਮਨ ਲਾਲ | ਮੁੱਲ 450 ਰੁਪਏ |

### ਗੁਰਬਖਸ਼ ਸਿੰਘ ਦੀਆਂ ਰਚਨਾਵਾਂ

| | |
|---|---|
| ਸ਼ਬਨਮ (ਕਹਾਣੀਆਂ) ਗੁਰਬਖਸ਼ ਸਿੰਘ | ਮੁੱਲ 75 ਰੁਪਏ |
| ਕੋਧਰੇ ਦੀ ਰੋਟੀ (ਇਕਾਂਗੀ ਸੰਗ੍ਰਹਿ) ਗੁਰਬਖਸ਼ ਸਿੰਘ | ਮੁੱਲ 50 ਰੁਪਏ |
| ਪ੍ਰੀਤ ਮਾਰਗ (ਵਾਰਤਕ) ਗੁਰਬਖਸ਼ ਸਿੰਘ | ਮੁੱਲ 60 ਰੁਪਏ |
| ਗੁਲਾਬੋ (ਬਾਲ ਸਾਹਿਤ) ਗੁਰਬਖਸ਼ ਸਿੰਘ | ਮੁੱਲ 50 ਰੁਪਏ |
| ਰੀਝਾਂ ਦੀ ਖੱਡੀ (ਬਾਲ ਸਾਹਿਤ) ਗੁਰਬਖਸ਼ ਸਿੰਘ | ਮੁੱਲ 75 ਰੁਪਏ |
| ਬੰਮ ਬਹਾਦਰ (ਬਾਲ ਸਾਹਿਤ) ਗੁਰਬਖਸ਼ ਸਿੰਘ | ਮੁੱਲ 50 ਰੁਪਏ, |
| ਪਰੀਆਂ ਦਾ ਮੋਚੀ (ਬਾਲ ਸਾਹਿਤ) ਗੁਰਬਖਸ਼ ਸਿੰਘ | ਮੁੱਲ 50 ਰੁਪਏ, |

ਨਵਯੁਗ ਪਬਲਿਸ਼ਰਜ਼, K-24, ਹੌਜ਼ ਖਾਸ, ਨਵੀਂ ਦਿੱਲੀ 110 016

**SIRJANA** Literary Punjabi Quarterly Chandigarh

No. 159 January-March 2011

Registered with the Registrar of Newspapers for India vide R.N. 10215/65

'ਸ਼੍ਰੋਮਣੀ ਪਰਵਾਸੀ ਪੰਜਾਬੀ ਸਾਹਿਤਕਾਰ' ਪੁਰਸਕਾਰ ਨਾਲ ਸਨਮਾਨਤ
ਪ੍ਰਗਤੀਵਾਦੀ-ਮਾਨਵਵਾਦੀ ਦਿੱਖ ਵਾਲੇ ਕੈਨੇਡੀਅਨ ਕਵੀ

# ਡਾ. ਦਰਸ਼ਨ ਗਿੱਲ ਦੀਆਂ ਕਾਵਿ ਪੁਸਤਕਾਂ




ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ